# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਤੀਜਾ | ਪੰਜਾਬੀ ਚੋਣਵਾਂ ਵਿਸ਼ਾ

ਸਮੈਸਟਰ ਛੇਵਾਂ

ਮੀਡੀਅਮ : ਪੰਜਾਬੀ | ਯੂਨਿਟ : 1

## ਪਾਠ ਨੰ.

**ਪੰਜਾਬੀ ਸਾਹਿੱਤ ਦਾ ਇਤਿਹਾਸ (ਆਦਿ ਕਾਲ ਤੋਂ 1700 ਈ. ਤੱਕ) – ਡਾ. ਪਰਮਿੰਦਰ ਸਿੰਘ**


**ਪਾਠ ਨੰਬਰ :**

I- 1.1 : ਪੰਜਾਬ, ਪੰਜਾਬੀ ਅਤੇ ਪੰਜਾਬੀ ਸਾਹਿੱਤ ਦਾ ਪੂਰਵ-ਨਾਨਕ ਕਾਲ

1.2 : ਆਦਿਕਾਲੀਨ ਪੰਜਾਬੀ ਸਾਹਿੱਤ : ਪ੍ਰਮੁੱਖ ਧਾਰਾਵਾਂ ਅਤੇ ਮੂਲ ਪ੍ਰਵਿਰਤੀਆਂ

1.3 : ਨਾਥ-ਜੋਗੀਆਂ ਦੀ ਪੰਜਾਬੀ ਸਾਹਿੱਤ ਨੂੰ ਦੇਣ

1.4 : ਪੂਰਵ-ਨਾਨਕ ਕਾਲ : ਲੋਕ-ਸਾਹਿੱਤ ਅਤੇ ਲੋਕ-ਵਾਰਾਂ

1.5 : ਗੁਰੂ ਨਾਨਕ ਕਾਲ ਦੇ ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਧਾਰਾਵਾਂ ਅਤੇ ਪ੍ਰਵਿਰਤੀਆਂ (1501-1700 ਈ.)

1.6 : ਆਦਿ ਕਾਲ ਅਤੇ ਗੁਰੂ ਨਾਨਕ ਕਾਲ ਦਾ ਪੰਜਾਬੀ ਸੂਫ਼ੀ ਕਾਵਿ

1.7 : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿੱਤਕ ਵਿਸ਼ੇਸ਼ਤਾ

1.8 : ਗੁਰੂ ਨਾਨਕ ਕਾਲ ਦੀ ਪੰਜਾਬੀ ਕਿੱਸਾ ਕਾਵਿ-ਧਾਰਾ

1.9 : ਗੁਰੂ ਨਾਨਕ ਕਾਲ ਦੀ ਪੰਜਾਬੀ ਵਾਰਤਕ

1.10 : 1700 ਈ. ਤੱਕ ਦਾ ਪੰਜਾਬੀ ਸਾਹਿੱਤ : ਸਮੁੱਚਾ ਯੋਗਦਾਨ

II- 1.11 : ਸਾਹਿੱਤ ਦੀ ਪਰਿਭਾਸ਼ਾ ਅਤੇ ਪ੍ਰਯੋਜਨ, ਸਾਹਿਤ ਦੇ ਤੱਤ

1.12 : ਸਾਹਿੱਤ ਅਤੇ ਹੋਰ ਗਿਆਨ-ਵਿਗਿਆਨ, (ਸਮਾਜ, ਮਨੋਵਿਗਿਆਨ, ਇਤਿਹਾਸ)

1.13 : ਸਾਹਿੱਤ ਅਤੇ ਹੋਰ ਅਨੁਸ਼ਾਸਨ (ਧਰਮ, ਸ਼ਖ਼ਸੀਅਤ, ਰਾਜਨੀਤੀ)

1.14 : (ੳ) ਸਾਹਿੱਤ ਅਤੇ ਵਿਚਾਰਧਾਰਾ

(ਅ) ਸਾਹਿੱਤ ਅਤੇ ਸਭਿਆਚਾਰ


**Department website : www.pbidde.org**

**ਪਾਠ ਨੰ: 1.1** **- ਪ੍ਰੋ. ਬ੍ਰਹਮਜਗਦੀਸ਼ ਸਿੰਘ**

## ਪੰਜਾਬ, ਪੰਜਾਬੀ ਅਤੇ ਪੰਜਾਬੀ ਸਾਹਿੱਤ ਦਾ ਪੂਰਵ-ਨਾਨਕ ਕਾਲ

ਪਿਆਰੇ ਵਿਦਿਆਰਥੀ,

ਬੀ.ਏ. ਭਾਗ ਤੀਜਾ (ਸਮੈਸਟਰ ਛੇਵਾਂ) ਦੇ ਪੰਜਾਬੀ ਚੋਣਵਾਂ ਵਿਸ਼ਾ ਦੇ ਸਿਲੇਬਸ ਅਨੁਸਾਰ 'ੳ' ਭਾਗ ਲਈ ਡਾ. ਪਰਮਿੰਦਰ ਸਿੰਘ ਰਚਿਤ ਪੁਸਤਕ **ਪੰਜਾਬੀ ਸਾਹਿੱਤ ਦਾ ਇਤਿਹਾਸ** ਨਿਰਧਾਰਤ ਕੀਤੀ ਗਈ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਇਸ ਪੁਸਤਕ ਵਿਚ 1700 ਈ. ਤੱਕ ਦੇ ਪੰਜਾਬੀ ਭਾਸ਼ਾ ਤੇ ਸਾਹਿੱਤ ਦੇ ਇਤਿਹਾਸਕ ਅਤੇ ਸਭਿਆਚਾਰਕ ਪਿਛੋਕੜ ਬਾਰੇ ਚਰਚਾ ਕਰਦੇ ਹੋਏ, ਇਸ ਸਮੇਂ ਦੇ ਪੰਜਾਬੀ ਲੋਕ ਸਾਹਿੱਤ, ਨਾਥ ਜੋਗੀਆਂ ਦਾ ਸਾਹਿੱਤ, ਗੁਰਮਤਿ ਕਾਵਿ-ਧਾਰਾ ਤੋਂ ਇਲਾਵਾ ਪੰਜਾਬੀ ਸੂਫ਼ੀ, ਕਿੱਸਾ, ਬੀਰ-ਕਾਵਿ ਅਤੇ ਵਾਰਤਕ ਸਾਹਿੱਤ ਬਾਰੇ ਚਰਚਾ ਕੀਤੀ ਗਈ ਹੈ। ਹਥਲੇ ਯੂਨਿਟ ਵਿਚ ਇਸ ਪੁਸਤਕ ਦੇ ਆਧਾਰ 'ਤੇ ਪੰਜਾਬੀ ਸਾਹਿੱਤ ਦੀਆਂ ਇਨ੍ਹਾਂ ਵਿਭਿੰਨ ਕਾਵਿ-ਧਾਰਾਵਾਂ ਬਾਰੇ ਸਰਲ ਤੇ ਸੰਖੇਪ ਰੂਪ ਵਿਚ ਜਾਣਕਾਰੀ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਹੈ।

### 1.1 ਰੂਪ ਰੇਖਾ

ਇਸ ਪਾਠ ਵਿਚ ਪੰਜਾਬੀ ਸਾਹਿੱਤ ਦੇ ਪੂਰਵ-ਨਾਨਕ ਕਾਲ ਦੀਆਂ ਦਿਸ਼ਾਵਾਂ ਨੂੰ ਨਿਰਧਾਰਿਤ ਕੀਤਾ ਗਿਆ ਹੈ। ਭਾਰਤ ਦੇ ਉੱਤਰ-ਪੱਛਮੀ ਭਾਗ ਦੇ ਖੇਤਰ ਦਾ ਨਾਮ ਕਦੋਂ ਅਤੇ ਕਿਵੇਂ ਪਿਆ, ਇਸ ਖੇਤਰ ਵਿਚ ਰਹਿਣ ਵਾਲੇ ਲੋਕਾਂ ਵਿਚ ਸਾਹਿਤਿਕ ਪ੍ਰਵਿਰਤੀਆਂ ਕਿਵੇਂ ਉਤਪੰਨ ਹੋਈਆਂ ਅਤੇ ਇਹ ਪ੍ਰਵਿਰਤੀਆਂ ਕਿਹੜੇ-ਕਿਹੜੇ ਰੂਪਾਕਾਰਾਂ ਵਿਚ ਪ੍ਰਗਟ ਹੋਈਆਂ, ਆਦਿਕ ਸਰੋਕਾਰ ਇਸ ਪਾਠ ਵਿਚ ਸਮਝਾਏ ਜਾ ਰਹੇ ਹਨ। ਪੰਜਾਬੀ ਸਾਹਿੱਤ ਦੇ ਉਸ ਕਾਲ ਨੂੰ ਜਿਹੜਾ ਗੁਰੂ ਨਾਨਕ ਦੇਣ ਜੀ ਤੋਂ ਪਹਿਲਾਂ ਦਾ ਕਾਲ ਸੀ, ਸਾਹਿੱਤ ਦੇ ਇਤਿਹਾਸਕਾਰਾਂ ਨੇ ਪੂਰਵ-ਨਾਨਕ ਕਾਲ ਦਾ ਨਾਮ ਦਿੱਤਾ ਹੈ। ਕੁਝ ਇਤਿਹਾਸਕਾਰਾਂ ਨੇ ਇਸ ਨੂੰ ਆਦਿ ਕਾਲ ਦਾ ਨਾਮ ਵੀ ਦਿੱਤਾ ਪਰੰਤੂ ਆਦਿ ਕਾਲ ਇਤਿਹਾਸਕ ਤੌਰ 'ਤੇ ਉਸ ਕਾਲ ਨੂੰ ਕਿਹਾ ਜਾਂਦਾ ਹੈ ਜਦੋਂ ਮਨੁੱਖ ਅਜੇ ਕਬੀਲਿਆਂ ਵਿਚ ਰਹਿੰਦਾ ਸੀ; ਉਸ ਨੂੰ ਖੇਤੀਬਾੜੀ ਦੀ ਕਲਾ ਬਾਰੇ ਜਾਣਕਾਰੀ ਨਹੀਂ ਸੀ ਅਤੇ ਉਹ ਖਾਧ-ਖ਼ੁਰਾਕ ਦੀ ਤਲਾਸ਼ ਲਈ ਇੱਧਰ-ਉੱਧਰ ਭਟਕਦਾ ਰਹਿੰਦਾ ਸੀ। ਇਸ ਕਾਲ ਵਿਚ ਰਚੇ ਗਏ ਸਾਹਿੱਤ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਮਿਲਦੀ। ਉਸ ਕਾਲ ਵਿਚ ਪੰਜਾਬੀ ਭਾਸ਼ਾ ਦਾ ਵਿਕਾਸ ਵੀ ਨਹੀਂ ਸੀ ਹੋਇਆ। ਪੰਜਾਬੀ ਭਾਸ਼ਾ ਦਾ ਵਿਕਾਸ ਨੌਵੀਂ-ਦਸਵੀਂ ਸਦੀ ਵਿਚ ਹੋਇਆ। ਗੁਰੂ ਨਾਨਕ ਦੇਵ ਜੀ ਪੰਦਰ੍ਹਵੀਂ ਸਦੀ ਵਿਚ ਪ੍ਰਗਟ ਹੋਏ। ਨੌਵੀਂ-ਦਸਵੀਂ ਸਦੀ ਤੋਂ ਲੈ ਕੇ ਪੰਦਰ੍ਹਵੀਂ ਸਦੀ ਤੱਕ ਰਚੇ ਗਏ ਸਾਹਿੱਤ ਨੂੰ 'ਪੂਰਵ-ਨਾਨਕ ਕਾਲ ਦਾ ਪੰਜਾਬੀ ਸਾਹਿੱਤ' ਕਿਹਾ ਜਾਂਦਾ ਹੈ।

### 1.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਪੰਜਾਬੀ ਲੇਖਕਾਂ ਵੱਲੋਂ ਰਚੇ ਗਏ ਸਾਹਿੱਤ ਬਾਰੇ ਗਰੈਜੂਏਟ ਪੱਧਰ ਦੇ ਵਿਦਿਆਰਥੀਆਂ ਨੂੰ ਸਹੀ ਅਤੇ ਸੰਤੁਲਿਤ ਜਾਣਕਾਰੀ ਪ੍ਰਦਾਨ ਕਰਨਾ ਹੈ। ਪੰਜਾਬੀ ਸਾਹਿੱਤ ਦੇ ਇਸ ਕਾਲ ਬਾਰੇ ਮੁੱਢਲੀ ਜਾਣਕਾਰੀ ਬਾਵਾ ਬੁੱਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ ਅਤੇ ਡਾ. ਸੁਰਿੰਦਰ ਸਿੰਘ ਕੋਹਲੀ ਵਰਗੇ ਵਿਦਵਾਨਾਂ ਨੇ ਇਕੱਤਰ ਕੀਤੀ ਸੀ। ਡਾ. ਮੋਹਨ ਸਿੰਘ ਦੀਵਾਨਾ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪੰਜਾਬੀ ਸਾਹਿੱਤ ਦਾ ਪਹਿਲਾ ਪ੍ਰੋਫ਼ੈਸਰ ਸੀ। ਉਸ ਨੇ ਹੀ ਸਭ ਤੋਂ ਪਹਿਲਾਂ ਪੰਜਾਬੀ ਸਾਹਿੱਤ ਦਾ ਵਿਧੀਵਤ ਇਤਿਹਾਸ 'ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ' (1933) ਲਿਖਿਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਿਹੜੇ ਇਤਿਹਾਸ ਲਿਖੇ ਗਏ, ਉਨ੍ਹਾਂ ਦੇ ਲੇਖਕਾਂ ਵਿਚ ਡਾ. ਪਰਮਿੰਦਰ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਜੀਤ ਸਿੰਘ ਸੀਤਲ, ਡਾ. ਰਤਨ ਸਿੰਘ ਜੱਗੀ, ਡਾ. ਧਰਮਪਾਲ ਸਿੰਗਲਾ ਅਤੇ ਪ੍ਰੋ. ਬ੍ਰਹਮਜਗਦੀਸ਼ ਸਿੰਘ ਆਦਿ ਦੇ ਨਾਮ ਲਏ ਜਾ ਸਕਦੇ ਹਨ। ਇਸ ਪਾਠ ਵਿਚ ਅਸੀਂ ਉਕਤ ਸਾਰੇ ਇਤਿਹਾਸਕਾਰਾਂ ਦੀਆਂ ਲਿਖਤਾਂ ਦੀ ਰੌਸ਼ਨੀ ਵਿਚ ਆਪਣੇ ਵਿਦਿਆਰਥੀਆਂ ਨੂੰ ਸਟੀਕ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ।

**1.3.1 ਪੰਜਾਬ ਦੀ ਸਥਿਤੀ ਅਤੇ ਹਦਬੰਨੇ**

ਪੰਜਾਬ ਭਾਰਤ ਦੇ ਉੱਤਰ-ਪੱਛਮ ਵਿਚ ਸਥਿਤ ਉਸ ਖੇਤਰ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਪੰਜ ਦਰਿਆ ਵਗਦੇ ਸਨ: ਸਤਲੁਜ, ਬਿਆਸ, ਰਾਵੀ, ਚਨਾਬ (ਝਨਾਂ) ਅਤੇ ਜਿਹਲਮ। 1947 ਈ. ਵਿਚ ਦੇਸ਼ ਦੀ ਵੰਡ ਹੋ ਜਾਣ ਕਾਰਨ ਚਨਾਬ ਅਤੇ ਜਿਹਲਮ ਦਰਿਆਵਾਂ ਨਾਲ ਸੰਬੰਧਿਤ ਇਲਾਕਾ ਪਾਕਿਸਤਾਨ ਵਿਚ ਚਲਿਆ ਗਿਆ ਅਤੇ ਵਰਤਮਾਨ ਪੰਜਾਬ ਸਿਰਫ਼ ਤਿੰਨ ਦਰਿਆਵਾਂ (ਤ੍ਰੈਆਬ) ਵਾਲਾ ਦੇਸ਼ ਹੀ ਰਹਿ ਗਿਆ ਹੈ। ਪਰੰਤੂ ਕਿਉਂਕਿ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਰਹਿਣ ਵਾਲੇ ਲੋਕ ਵੀ ਪੰਜਾਬੀ ਭਾਸ਼ਾ ਹੀ ਬੋਲਦੇ ਅਤੇ ਲਿਖਦੇ ਸਨ ਅਤੇ ਅੱਜ ਵੀ ਉਸ ਖੇਤਰ ਵਿਚ ਰਹਿਣ ਵਾਲੇ ਲੋਕ ਇਸੇ ਬੋਲੀ ਦਾ ਪ੍ਰਯੋਗ ਕਰ ਰਹੇ ਹਨ, ਇਸ ਲਈ ਪੰਜਾਬੀ ਸਾਹਿੱਤ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਨਾਲ ਜੋੜੀ ਰੱਖਣ ਵਿਚ ਕੋਈ ਹਰਜ ਨਹੀਂ ਹੈ। 'ਪੰਜਾਬ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਅਤੇ ਇਹ ਨਾਮ ਇਸ ਧਰਮੀ ਨੂੰ ਮੁਸਲਮਾਨ ਹਾਕਮਾਂ ਨੇ ਦਿੱਤਾ ਜਾਪਦਾ ਹੈ। ਇਸ ਨਾਮ ਦੇ ਪ੍ਰਚਲਿਤ ਹੋਣ ਤੋਂ ਪਹਿਲਾਂ ਪੰਜਾਬ ਨੂੰ 'ਸਪਤ ਸਿੰਧੂ' (ਸੱਤ ਦਰਿਆਵਾ ਦਾ ਦੇਸ਼) ਜਾਂ 'ਪੰਚਨਦ' ਵੀ ਕਿਹਾ ਜਾਂਦਾ ਰਿਹਾ ਹੈ। ਸੰਸਕ੍ਰਿਤ ਗ੍ਰੰਥਾਂ ਵਿਚ ਪੰਜਾਬ ਲਈ ਇਹੀ ਸ਼ਬਦ ਵਰਤੇ ਜਾਂਦੇ ਸਨ। 'ਪੰਜਾਬ', ਜਿਸ ਨੂੰ ਇਕ ਦੇਸ਼ ਵੀ ਕਿਹਾ ਜਾਂਦਾ ਹੈ, ਵਿਸ਼ਵ ਦੇ ਉਨ੍ਹਾਂ ਥੋੜੇ ਜਿਹੇ ਦੇਸ਼ਾਂ ਵਿਚੋਂ ਹੈ, ਜਿਨ੍ਹਾਂ ਨੂੰ ਆਪਣੇ ਸਭਿਆਚਾਰਕ ਵਿਰਸੇ ਉਪਰ ਬੜਾ ਯੋਗ ਮਾਨ ਹੈ। ਇਥੇ ਆਰੀਆ ਲੋਕਾਂ ਦੇ ਆਗਮਨ ਤੋਂ ਪਹਿਲਾਂ ਹੀ ਇਕ ਬੜਾ ਗੌਰਵਮਈ ਸਭਿਆਚਾਰ ਵਿਕਸਿਤ ਹੋ ਚੁੱਕਾ ਸੀ, ਜਿਸਦਾ ਕੁੱਝ ਅਨੁਮਾਨ ਹੜੱਪਾ ਅਤੇ ਸੰਘੋਲ ਦੀਆਂ ਖੁਦਾਈਆਂ ਤੋਂ ਲਗਾਇਆ ਜਾ ਸਕਦਾ ਹੈ। ਹੜੱਪਾ (ਜ਼ਿਲਾ ਮਿੰਟਗੁਮਰੀ) ਅਤੇ ਮੋਹਿੰਜੋਦੜੋ (ਸਿੰਧ) ਦੀ ਸਾਂਝੀ ਸੰਸਕ੍ਰਿਤੀ ਨੂੰ ਵੇਖ ਕੇ ਇਹ ਗਿਆਤ ਹੋ ਜਾਂਦਾ ਹੈ ਕਿ ਉਸ ਸਮੇਂ ਪੰਜਾਬ ਅਤੇ ਸਿੰਧ ਇਕੱਠੇ ਹੁੰਦੇ ਸਨ। ਆਰੀਆ ਲੋਕਾਂ ਨੇ ਇਸੇ ਪੰਜਾਬ ਨੂੰ ਆਪਣਾ ਪਹਿਲਾ ਟਿਕਾਣਾ ਬਣਾਇਆ। ਵਿਦਵਾਨ ਲੋਕ ਇਸ ਗੱਲ ਉਤੇ ਸਹਿਮਤ ਹਨ ਕਿ ਰਿਗਵੇਦ ਦਾ ਸੰਪਾਦਨ ਪੰਜਾਬ ਵਿਚ ਹੋਇਆ। ਵੇਦਕ ਸਾਹਿੱਤ ਵਿਚ ਸਪਤਸਿੰਧੂ ਦਾ ਨਾਮ ਬਹੁਤ ਵਾਰ ਆਇਆ ਹੈ। ਰਿਗਵੇਦ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸਪਤਸਿੰਧੂ ਪੰਜਾਬ ਦਾ ਹੀ ਪੁਰਾਣਾ ਨਾਮ ਸੀ। ਇਸ ਸਪਤਸਿੰਧੂ ਦੇ ਇਕ ਭਾਗ ਦਾ ਨਾਮ ਸਾਰਸਵਤ ਜਾਂ ਬ੍ਰਹਮਾਵਰਤ ਸੀ। ਮਾਰਕੰਡੇਯ ਅਤੇ ਚਵਨ ਆਦਿਕ ਰਿਸ਼ੀ ਇਸੇ ਦੇਸ਼ ਦੇ ਵਸਨੀਕ ਸਨ। ਇਥੇ ਹੀ ਵਿਆਸ ਨੇ ਵੇਦਾਂ ਨੂੰ ਸੰਗ੍ਰਹਿਤ ਕੀਤਾ ਸੀ।

1.3.2 ਪੰਜਾਬ ਸੈਂਕੜੇ ਨਸਲਾਂ ਅਤੇ ਜਾਤੀਆਂ ਦਾ ਦੇਸ਼ ਹੈ। ਕਦੇ ਇਥੇ ਦ੍ਰਾਵੜ ਲੋਕ ਵੱਸਦੇ ਸਨ। ਖੈਟੜ, ਗੈਖੜ ਅਤੇ ਖੋਖਰ ਪੁਰਾਣੀਆਂ ਜਾਤੀਆਂ ਹਨ। ਫਿਰ ਆਰੀਆ ਲੋਕ ਆਏ। ਈਰਾਨੀ, ਪਾਰਸੀ, ਮਿਸਰੀ, ਯੂਨਾਨੀ ਅਤੇ ਬਾਖਤਰੀ ਲੋਕ ਵੀ ਪੰਜਾਬ ਵਿਚ ਰਚ-ਮਿਚ ਗਏ। ਇਨ੍ਹਾਂ ਤੋਂ ਪਿਛੋਂ ਚੀਨੀ, ਕੁਸ਼ਾਨ ਅਤੇ ਸ਼ਕ ਜਾਤੀਆਂ ਦੇ ਲੋਕ ਆਏ। ਅੱਠਵੀਂ-ਨੌਂਵੀਂ ਸਦੀ ਤੋਂ ਮੁਸਲਮਾਨ ਜਾਤੀਆਂ ਵੀ ਪੰਜਾਬ ਵਿਚ ਆਉਣੀਆਂ ਸ਼ੁਰੂ ਹੋ ਗਈਆਂ। ਪੰਜਾਬ ਵਿਚ ਜਾਤ-ਪਾਤ ਦੀ ਕੱਟੜਤਾ ਕਦੇ ਵੀ ਨਹੀਂ ਰਹੀ। ਇਸੇ ਤਰ੍ਹਾਂ ਧਾਰਮਿਕ ਸਹਿਣਸ਼ੀਲਤਾ ਵੀ ਪੰਜਾਬ ਦੀ ਵਿਸ਼ੇਸ਼ਤਾ ਰਹੀ ਹੈ। ਇਥੇ ਅਨੇਕ ਧਰਮਾਂ ਅਤੇ ਸੰਪਰਦਾਵਾਂ ਦੇ ਲੋਕ ਰਲ-ਮਿਲ ਕੇ ਨਿਵਾਸ ਕਰਦੇ ਰਹੇ ਹਨ। ਧਾਰਮਿਕ ਉਦਾਰਤਾ ਦਾ ਇਸ ਤੋਂ ਵੱਡਾ ਪ੍ਰਮਾਣ ਹੋਰ ਕੀ ਹੋ ਸਕਦਾ ਹੈ ਕਿ ਇਥੋਂ ਦੇ ਮੁਸਲਮਾਨ, ਹਿੰਦੂ ਸਾਧੂ-ਸੰਤਾਂ ਨੂੰ ਅਤੇ ਹਿੰਦੂ ਲੋਕ, ਮੁਸਲਮਾਨ ਪੀਰਾਂ-ਫ਼ਕੀਰਾਂ ਨੂੰ ਬਰਾਬਰ ਮੰਨਦੇ ਚੱਲੇ ਆ ਰਹੇ ਹਨ। ਇਕ-ਦੂਜੇ ਧਰਮ ਦੀ ਸੰਸਕ੍ਰਿਤੀ ਨੂੰ ਜਿਤਨਾ ਪੰਜਾਬ ਦੇ ਲੋਕਾਂ ਨੇ ਅਪਣਾਇਆ ਹੈ, ਇਤਨਾ ਹੋਰ ਕਿਸੇ ਨੇ ਨਹੀਂ ਅਪਣਾਇਆ ਹੋਵੇਗਾ।

**1.4.1 ਪੰਜਾਬੀ ਬੋਲੀ ਦਾ ਜਨਮ ਅਤੇ ਵਿਕਾਸ**

ਪੰਦ੍ਰਵੀਂ-ਸੋਲ੍ਹਵੀਂ ਸਦੀ ਤਕ ਪੰਜਾਬੀ ਭਾਸ਼ਾ ਲਈ 'ਹਿੰਦੀ' ਜਾਂ 'ਹਿੰਦਵੀ' ਸ਼ਬਦ ਦਾ ਪ੍ਰਯੋਗ ਵਰਤਿਆ ਜਾਂਦਾ ਰਿਹਾ। ਬਾਅਦ ਵਿੱਚ ਵੀ ਅਬਦੁਲ ਕਰੀਮ (1675 ਈ.), ਹਾਫ਼ਿਜ਼ ਮੁਅਜ਼ਜ਼ ਦੀਨ (1677 ਈ.), ਮੌਲਵੀ ਮੁਹੰਮਦ ਮੁਸਲਿਮ (1839 ਈ.) ਅਤੇ ਈਮਾਮਦੀਨ (1878 ਈ.) ਆਦਿ ਨੇ ਪੰਜਾਬੀ ਭਾਸ਼ਾ ਵਾਸਤੇ ਇਨ੍ਹਾਂ ਸ਼ਬਦਾਂ ਦਾ ਹੀ ਪ੍ਰਯੋਗ ਕੀਤਾ ਹੈ। ਇਸ ਭਾਸ਼ਾ ਵਾਸਤੇ 'ਪੰਜਾਬੀ' ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਹਾਫ਼ਿਜ਼ ਬਰਖ਼ੁਰਦਾਰ ਨੇ 1670 ਈ. ਵਿਚ ਕੀਤਾ। ਉਹ ਲਿਖਦਾ ਹੈ :

ਹਜ਼ਰਤ ਮੋਮਨ ਦਾ ਫੁਰਮਾਇਆ ਇਸ ਵਿਚ ਇਹ ਮਸਾਇਲ।
ਤੁਰਤ 'ਪੰਜਾਬੀ' ਆਖ ਸੁਣਾਈਂ, ਜੇ ਕੋ ਹੋਵੇ ਮਾਇਲ।

1.4.2 ਐਲਬੇਰੂਨੀ ਵਰਗੇ ਵਿਦੇਸ਼ੀ ਯਾਤਰੀਆਂ ਨੇ ਪੰਜਾਬ ਵਿਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਇਥੋਂ ਦੇ ਪ੍ਰਦੇਸ਼ਾਂ ਦੇ

ਨਾਮ ਉਤੇ 'ਲਾਹੌਰੀ' ਜਾਂ 'ਮੁਲਤਾਨੀ' ਆਦਿਕ ਦੱਸਿਆ ਗਿਆ ਹੈ। 'ਪੁਰਾਤਨ ਜਨਮਸਾਖੀ' ਵਿਚ ਪੰਜਾਬ ਸ਼ਬਦ ਦੀ ਵਰਤੋਂ ਹੋਈ ਮਿਲਦੀ ਹੈ। ਭਾਈ ਮਨਸੁਖ ਦਾਸ, ਗੁਰੂ ਨਾਨਕ ਦੇਵ ਜੀ ਬਾਰੇ ਜਾਣਕਾਰੀ ਦਿੰਦਾ ਹੋਇਆ ਕਹਿੰਦਾ ਹੈ, "ਲਾਹੌਰ ਤੋਂ ਪੰਦਰਾਂ ਕੋਸ (ਕੋਹ) ਕਰਤਾਰਪੁਰ ਬੰਨ੍ਹਿਆ ਹੈ, ਪੰਜਾਬ ਦੀ ਧਰਤੀ ਮਾਂਹਿ।" ਇਸ ਜਨਮਸਾਖੀ ਦੇ ਲਿਖੇ ਜਾਣ ਦਾ ਸਮਾਂ 1635 ਈ. ਸਿੱਧ ਹੁੰਦਾ ਹੈ।

1.4.3 ਪੰਜਾਬੀ ਭਾਸ਼ਾ ਵੈਦਿਕ ਤੋਂ ਪ੍ਰਾਕਿਰਤਾਂ ਅਤੇ ਅਪਭ੍ਰੰਸ਼ਾਂ ਰਾਹੀਂ ਹੁੰਦੀ ਹੋਈ ਆਪਣੇ ਵਰਤਮਾਨ ਸਰੂਪ ਤਕ ਪਹੁੰਚੀ ਹੈ। ਪੰਜਾਬੀ ਵਿਚ ਵਰਤੇ ਜਾ ਰਹੇ ਅਨੇਕ ਸ਼ਬਦਾਂ ਦਾ ਉੱਚਾਰਣ ਪੂਰਬੀ ਭਾਸ਼ਾਵਾਂ (ਅਵਧੀ, ਬ੍ਰਜੀ ਆਦਿ) ਦੇ ਮੁਕਾਬਲੇ ਵਿਚ ਬਿਲਕੁਲ ਉਸੇ ਤਰ੍ਹਾਂ ਦਾ ਹੈ, ਜਿਵੇਂ ਸੰਸਕ੍ਰਿਤ ਵਿਚ ਹੁੰਦਾ ਸੀ। ਪਰ ਤਾਂ ਵੀ ਬਹੁਤ ਸਾਰੇ ਵਿਦਵਾਨਾਂ ਨੂੰ ਇਹ ਭੁਲੇਖਾ ਰਿਹਾ ਕਿ ਪੰਜਾਬੀ ਕੇਵਲ ਸਿੱਖਾਂ ਦੀ ਭਾਸ਼ਾ ਹੈ। ਅਸਲ ਵਿਚ ਕੋਈ ਵੀ ਭਾਸ਼ਾ ਕਿਸੇ ਮਜ਼ਹਬ ਵਿਸ਼ੇਸ਼ ਨਾਲ ਜੁੜੀ ਨਹੀਂ ਹੋ ਸਕਦੀ। ਇਸ ਤਰ੍ਹਾਂ ਪੰਜਾਬੀ ਭਾਸ਼ਾ ਵੀ ਪੰਜਾਬ ਵਿਚ ਰਹਿਣ ਵਾਲੇ ਸਮੂਹ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੀ ਭਾਸ਼ਾ ਰਹੀ ਹੈ।

1.4.4 ਕੋਈ ਵੀ ਭਾਸ਼ਾ ਉਚਾਰਣ ਤੋਂ ਉਤਪੰਨ ਹੁੰਦੀ ਹੈ, ਜਿਸਦੇ ਸਥਾਨ ਕੰਠ, ਤਾਲੂ, ਮੂਰਧਾ (ਦੰਦਾਂ ਅਤੇ ਤਾਲੂਏ ਦੇ ਵਿਚਕਾਰਲਾ ਸਥਾਨ) ਦੰਦ, ਜੀਭ ਅਤੇ ਹੋਠ ਹਨ। ਭਿੰਨ-ਭਿੰਨ ਦੇਸ਼ਾਂ ਦੇ ਉੱਚਾਰਣ-ਢੰਗ ਵੱਖੋ-ਵੱਖਰੇ ਹੁੰਦੇ ਹਨ। ਇਥੇ ਇਕ ਹੋਰ ਗੱਲ ਵੀ ਉਲੇਖਯੋਗ ਹੈ ਕਿ ਹਿੰਦੁਸਤਾਨ ਦੀ ਹਰ ਭਾਸ਼ਾ ਫੋਨੈਟਿਕ ਹੈ, ਭਾਵ ਜਿਸ ਤਰ੍ਹਾਂ ਉੱਚਾਰਣ ਹੁੰਦਾ ਹੈ, ਉਸੇ ਤਰ੍ਹਾਂ ਸ਼ਬਦ ਲਿਖੇ ਜਾਂਦੇ ਹਨ। ਅੰਗਰੇਜ਼ੀ ਅਤੇ ਫਰਾਂਸੀਸੀ ਆਦਿ ਜ਼ਬਾਨਾਂ ਫੋਨੈਟਿਕ ਨਹੀਂ ਹਨ। ਇਸਦਾ ਕਾਰਨ ਇਹ ਹੈ ਕਿ ਇਨ੍ਹਾਂ ਭਾਸ਼ਾਵਾਂ ਵਿਚ ਬਹੁਤ ਸਾਰੇ ਵਿਦੇਸ਼ੀ ਸ਼ਬਦ ਆਏ ਹਨ। ਇਨ੍ਹਾਂ ਸ਼ਬਦਾਂ ਦਾ ਉੱਚਾਰਣ ਇੰਗਲੈਂਡ ਵਿਚ ਉਸ ਤਰ੍ਹਾਂ ਨਹੀਂ ਸੀ, ਜਿਵੇਂ ਵਿਦੇਸ਼ੀ ਲੋਕ ਕਰਦੇ ਸਨ। ਇਸ ਲਈ ਅੰਗਰੇਜ਼ੀ ਵਿਚ ਕਈ ਸ਼ਬਦ ਲਿਖੇ ਹੋਰ ਤਰ੍ਹਾਂ ਜਾਦੇ ਹਨ ਪਰ ਉਨ੍ਹਾਂ ਦਾ ਉੱਚਾਰਣ ਹੋਰ ਹੀ ਹੁੰਦਾ ਹੈ। ਜਿਵੇਂ : knowledge, neighbour, light, through ਆਦਿਕ। ਜੇ ਅੰਗਰੇਜ਼ ਆਪਣੀ ਭਾਸ਼ਾ ਨੂੰ ਫੋਨੈਟਿਕ ਬਣਾਉਣ ਦਾ ਯਤਨ ਕਰਦੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਲਿਪੀ ਬਦਲਣੀ ਪੈਣੀ ਸੀ, ਜਿਸ ਵਿਚ ਉਨ੍ਹਾਂ ਦੀ ਵਰਣਮਾਲਾ ਉਨ੍ਹਾਂ ਦੇ ਵਿਸ਼ੇਸ਼ ਪ੍ਰਕਾਰ ਦੇ ਉੱਚਾਰਣ-ਢੰਗ ਦੀ ਲਖਾਇਕ ਹੁੰਦੀ।

1.5.1 **ਵੈਦਿਕ**

ਹਿੰਦੁਸਤਾਨ ਦੀ ਆਰੀਆ ਭਾਸ਼ਾ ਦਾ ਸਭ ਤੋਂ ਪੁਰਾਣਾ ਰੂਪ 'ਰਿਗਵੇਦ' ਵਿਚ ਮਿਲਦਾ ਹੈ। ਰਿਗਵੇਦ ਦੇ ਸਾਰੇ ਸੂਕਤ (ਮੰਤਰ) ਕਿਸੇ ਇਕ ਸਮੇਂ ਜਾਂ ਸਥਾਨ ਉਤੇ ਬੈਠ ਕੇ ਨਹੀਂ ਰਚੇ ਗਏ। ਇਸ ਕਾਰਨ ਸਾਰੇ ਰਿਗਵੇਦ ਦੀ ਭਾਸ਼ਾ ਇਕੋ ਜਿਹੀ ਨਹੀਂ ਹੈ। ਵੈਦਿਕ ਭਾਸ਼ਾ ਭਾਰਤ-ਯੂਰਪੀ ਭਾਸ਼ਾਵਾਂ ਨਾਲੋਂ ਕਈ ਗੱਲਾਂ ਵਿਚ ਭਿੰਨ ਹੈ। ਇਸ ਕਾਰਨ ਸਾਰੇ ਰਿਗਵੇਦ ਦੀ ਭਾਸ਼ਾ ਇਕੋ ਜਿਹੀ ਨਹੀਂ। ਭਾਰਤ-ਯੂਰਪੀ ਭਾਸ਼ਾਵਾਂ ਵਿਚ ਸੂਰਾਂ ਦੀ ਗਿਣਤੀ ਘਟ ਗਈ ਹੈ। ਇਨ੍ਹਾਂ ਵਿਚ ਪੁਰਾਣੇ ਤਿੰਨ ਕਵਰਗਾਂ (ਕ, ਖ, ਗ, ਘ, ਙ) ਦੀ ਥਾਂ ਇਕੋ ਕਵਰਗ ਰਹਿ ਗਿਆ ਹੈ। ਇਨ੍ਹਾਂ ਚਵਰਗ (ਚ, ਛ, ਜ, ਝ, ਞ) ਅਤੇ ਟਵਰਗ (ਟ, ਠ, ਡ, ਢ, ਣ) ਦੀਆਂ ਨਵੀਆਂ ਧੁਨੀਆਂ ਆ ਗਈਆਂ ਹਨ। ਹਰ ਇਕ ਵਰਗ ਨਾਲ ਇਕ-ਇਕ ਅਨੁਨਾਸਿਕ ਧੁਨੀ (ਙ, ਞ, ਣ, ਨ, ਮ) ਮਿਲਾਈ ਗਈ ਹੈ। ਵੇਦਕ ਭਾਸ਼ਾ ਵਿਚ ਤਿੰਨ ਲਿੰਗ (ਪੁਲਿੰਗ, ਇਸਤ੍ਰੀਲਿੰਗ, ਨਪੁੰਸਕ ਲਿੰਗ), ਤਿੰਨ ਵਚਨ (ਇਕ ਵਚਨ, ਦ੍ਵਿਵਚਨ, ਬਹੁਵਅਤੇ ਅੱਠ ਕਾਰਕ ਸਨ। ਕ੍ਰਿਆ ਦੇ ਰੂਪ ਵੀ ਵੱਧ ਸਨ। (ਦੁਨੀ ਚੰਦ੍ਰ, **ਪੰਜਾਬੀ ਭਾਸ਼ਾ ਦਾ ਵਿਕਾਸ**, ਪੰਨਾ 9) ਆਧੁਨਿਕ ਭਾਸ਼ਾਵਾਂ ਵਿਚ ਦੋ ਲਿੰਗ ਅਤੇ ਦੋ ਵਚਨ ਰਹਿ ਗਏ ਹਨ।

1.5.2 **ਸੰਸਕ੍ਰਿਤ**

ਬ੍ਰਾਹਮਣ-ਗ੍ਰੰਥਾਂ ਦੇ ਅਖੀਰਲੇ ਭਾਗਾਂ ਵਿਚ, ਉਪਨਿਸ਼ਦਾਂ ਅਤੇ ਸੂਤਰਾਂ ਵਿਚ ਲੌਕਿਕ ਸੰਸਕ੍ਰਿਤ ਨਾਲ ਮਿਲਦੀ-ਜੁਲਦੀ ਭਾਸ਼ਾ ਵਰਤੀ ਗਈ ਹੈ। ਇਸ ਭਾਸ਼ਾ ਨੂੰ ਆਚਾਰੀਆ ਪਾਨਿਨੀ (ਪੰਜਵੀਂ ਸਦੀ ਪੂਰਵ ਈਸਵੀ) ਨੇ ਵਿਆਕਰਣ ਰਾਹੀਂ ਨਿਯਮਬੱਧ ਕਰ ਦਿੱਤਾ ਸੀ। ਆਚਾਰੀਆ ਯਾਸਕ ਲੌਕਿਕ ਸੰਸਕ੍ਰਿਤ ਨੂੰ 'ਭਾਸ਼ਾ' ਕਹਿੰਦਾ ਹੈ। ਇਸ ਭਾਸ਼ਾ ਵਿਚ ਪੜ੍ਹੇ-ਲਿਖੇ ਪਰੋਹਿਤ ਲੋਕ ਹੀ ਗੱਲਾਂ ਕਰਦੇ ਸਨ। ਪਾਨਿਨੀ ਵੇਦਾਂ ਦੀ ਭਾਸ਼ਾ ਨੂੰ 'ਛੰਦਸ' ਅਤੇ ਲੌਕਿਕ ਸੰਸਕ੍ਰਿਤ ਨੂੰ 'ਭਾਸ਼ਾ' ਆਖਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਸੰਸਕ੍ਰਿਤ, ਜਨਤਾ ਦੀ ਭਾਸ਼ਾ ਦਾ ਸੋਧਿਆ ਹੋਇਆ ਰੂਪ ਸੀ। ਜਿਵੇਂ ਅੰਗਰੇਜ਼ੀ ਵਿਚ ਹੋਰ ਕਈ ਭਾਸ਼ਾਵਾਂ ਦੇ ਸ਼ਬਦ ਆਏ ਹਨ, ਉਸੇ ਤਰ੍ਹਾਂ ਸੰਸਕ੍ਰਿਤ ਵਿਚ ਵੀ ਦ੍ਰਾਵੜ ਭਾਸ਼ਾ,

ਯੂਨਾਨੀ ਅਤੇ ਈਰਾਨੀ ਦੇ ਕਾਫ਼ੀ ਸ਼ਬਦ ਮਿਲਦੇ ਹਨ।

### 1.5.3 ਪਾਲੀ ਅਤੇ ਪ੍ਰਾਕਿਰਤ ਭਾਸ਼ਾਵਾਂ

ਸੰਸਕ੍ਰਿਤ ਭਾਸ਼ਾ ਵਿਚੋਂ, ਸਥਾਨਕ ਭੇਦਾਂ ਅਤੇ ਬਾਹਰੀ ਪ੍ਰਭਾਵਾਂ ਦੇ ਕਾਰਨ ਪ੍ਰਾਕਿਰਤਾਂ ਦਾ ਜਨਮ ਹੋਇਆ। ਪ੍ਰਾਕਿਰਤਾਂ ਦਾ ਸਭ ਤੋਂ ਪੁਰਾਣਾ ਰੂਪ 'ਪਾਲੀ' ਹੈ। ਬੋਧਾਂ ਦੇ ਧਾਰਮਿਕ ਗ੍ਰੰਥ ਅਤੇ ਅਸ਼ੋਕ ਦੇ ਸ਼ਿਲਾਲੇਖ ਇਸੇ ਭਾਸ਼ਾ ਵਿਚ ਹਨ। ਮਹਾਤਮਾ ਬੁੱਧ ਨੇ ਸੰਸਕ੍ਰਿਤ ਭਾਸ਼ਾ ਨੂੰ ਛੱਡ ਕੇ ਆਪਣੇ ਉਪਦੇਸ਼ ਇਸੇ ਭਾਸ਼ਾ ਵਿਚ ਦਿੱਤੇ ਸਨ ਕਿਉਂਕਿ ਉਸ ਵਕਤ ਦੇ ਆਮ ਲੋਕਾਂ ਦੀ ਭਾਸ਼ਾ ਪਾਲੀ ਬਣ ਗਈ ਸੀ। ਪਾਲੀ ਦਾ ਆਧਾਰ ਮਾਗਧੀ ਨੂੰ ਮੰਨਿਆ ਜਾਂਦਾ ਹੈ ਜੋ ਮਗਧ (ਵਰਤਮਾਨ ਬਿਹਾਰ) ਦੀ ਭਾਸ਼ਾ ਹੁੰਦੀ ਸੀ। ਪਰ ਕੁਝ ਵਿਦਵਾਨ ਇਸ ਨੂੰ ਉੜੀਸਾ ਜਾਂ ਮਾਲਵੇ (ਉਜੈਨ ਦੇ ਆਸ-ਪਾਸ) ਦੀ ਭਾਸ਼ਾ ਮੰਨਦੇ ਹਨ। ਪਾਲੀ ਤੋਂ ਕੁਝ ਸਮਾਂ ਪਿਛੋਂ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਕੁਝ ਹੋਰ ਪ੍ਰਾਕਿਰਤਾਂ ਵੀ ਪੈਦਾ ਹੋਈਆਂ, ਜਿਨ੍ਹਾਂ ਵਿਚ ਮੱਧ ਕਾਲ ਦੇ ਕਾਵਿ ਰੂਪ ਅਤੇ ਨਾਟਕ ਰਚੇ ਗਏ। ਆਚਾਰੀਆ ਵਰਰੁਚੀ ਚਾਰ ਪ੍ਰਾਕਿਰਤਾਂ ਦੇ ਨਾਵਾਂ ਦਾ ਜ਼ਿਕਰ ਕਰਦਾ ਹੈ : ਮਹਾਰਾਸ਼ਟਰੀ, ਪੈਸ਼ਾਚੀ, ਮਾਗਧੀ ਅਤੇ ਸ਼ੋਰਸੈਨੀ। ਇਸ ਪ੍ਰਸੰਗ ਵਿਚ ਆਚਾਰੀਆ ਹੇਮਚੰਦਰ ਦਾ ਇਕ ਕਥਨ ਉਲੇਖਯੋਗ ਹੈ : ਪ੍ਰਕ੍ਰਿਤੀ ਸੰਸਕ੍ਰਿਤਮ। ਤਤ੍ਰਭਵੰ ਤਤ ਆਗਤੰ ਵਾ ਪ੍ਰਾਕ੍ਰਿਤਮ। ਅਰਥਾਤ, ਸੰਸਕ੍ਰਿਤ ਮੂਲ ਭਾਸ਼ਾ ਹੈ। ਉਸ ਵਿਚੋਂ ਨਿੱਕਲੀਆਂ ਭਾਸ਼ਾਵਾਂ ਨੂੰ ਪ੍ਰਾਕਿਰਤ ਭਾਸ਼ਾਵਾਂ ਮੰਨਿਆ ਗਿਆ।

### 1.5.4 ਅਪਭ੍ਰੰਸ਼ ਭਾਸ਼ਾਵਾਂ

ਮੱਧਕਾਲੀਨ ਭਾਸ਼ਾਵਾਂ ਦਾ ਅਖ਼ੀਰਲਾ ਪੁਰਾਤਨ ਰੂਪ ਅਪਭ੍ਰੰਸ਼ ਹੈ। ਪ੍ਰਾਕਿਰਤਾਂ ਅਤੇ ਆਧੁਨਿਕ ਭਾਰਤੀ ਭਾਸ਼ਾਵਾਂ (ਜਿਵੇਂ ਪੰਜਾਬੀ, ਮਰਾਠੀ, ਬੰਗਾਲੀ, ਗੁਜਰਾਤੀ ਆਦਿ) ਦਾ ਵਿਚਕਾਰਲਾ ਰੂਪ ਹੀ ਅਪਭ੍ਰੰਸ਼ ਹੈ। ਇਨ੍ਹਾਂ ਅਪਭ੍ਰੰਸ਼ਾਂ ਦਾ ਸਮਾਂ 300 ਈ. ਤੋਂ 1000 ਈ. ਤਕ ਮੰਨਿਆ ਜਾਂਦਾ ਹੈ। 1000 ਈ. ਤੋਂ ਬਾਅਦ ਪੰਜਾਬੀ ਅਤੇ ਭਾਰਤ ਦੀਆਂ ਹੋਰ ਬਹੁਤ ਸਾਰੀਆਂ ਆਧੁਨਿਕ ਭਾਸ਼ਾਵਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਅਪਭ੍ਰੰਸ਼ ਭਾਸ਼ਾ ਬਾਰੇ ਸਭ ਤੋਂ ਮੁਢਲੇ ਸੰਕੇਤ ਆਚਾਰੀਆ ਭਰਤਮੁਨੀ ਦੇ ਗ੍ਰੰਥ 'ਨਾਟਯ ਸ਼ਾਸਤ੍ਰ' ਵਿਚ ਮਿਲਦੇ ਹਨ। ਉਹ ਇਸ ਨੂੰ 'ਵਿਭ੍ਰਿਸ਼ਟ-ਭਾਸ਼ਾ' ਕਹਿੰਦਾ ਹੈ ਅਰਥਾਤ ਭ੍ਰਸ਼ਟ ਜਾਂ ਵਿਗੜੀ ਹੋਈ ਭਾਸ਼ਾ। ਇਸ ਕਾਲ ਵਿਚ ਭਾਰਤੀ ਭਾਸ਼ਾਵਾਂ ਉਪਰ ਅਰਬੀ, ਫ਼ਾਰਸੀ ਅਤੇ ਈਰਾਨੀ ਵਰਗੀਆਂ ਵਿਦੇਸ਼ੀ ਭਾਸ਼ਾਵਾਂ ਦੇ ਪ੍ਰਭਾਵ ਪੈਣੇ ਸ਼ੁਰੂ ਹੋ ਗਏ ਸਨ ਕਿਉਂਕਿ ਮੁਸਲਮਾਨ ਹਮਲਾਵਰ ਇਨ੍ਹਾਂ ਭਾਸ਼ਾਵਾਂ ਦਾ ਪ੍ਰਯੋਗ ਕਰਦੇ ਸਨ। ਭਾਰਤ ਦਾ ਇਕ ਹੋਰ ਆਚਾਰੀਆ ਰੁਦਰਟ (ਨੌਵੀਂ ਸਦੀ ਈਸਵੀ) ਅਪਭ੍ਰੰਸ਼ਾਂ ਨੂੰ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ ਦੀਆਂ ਬੋਲੀਆਂ ਦਾ ਨਾਮ ਦਿੰਦਾ ਹੈ। ਇਉਂ ਜਾਪਦਾ ਹੈ ਕਿ ਕਿਸੇ ਸਮੇਂ ਸ਼ੌਰਸੈਨੀ, ਮਾਗਧੀ ਅਤੇ ਮਹਾਰਾਸ਼ਟਰੀ ਆਦਿ ਅਪਭ੍ਰੰਸ਼ਾਂ ਭਿੰਨ-ਭਿੰਨ ਪ੍ਰਦੇਸ਼ਾਂ ਵਿਚ ਪ੍ਰਚਲਿਤ ਸਨ ਅਤੇ ਇਨ੍ਹਾਂ ਵਿਚ ਕੁਝ ਸਾਹਿੱਤ ਵਿਚ ਵੀ ਵਰਤੀਆਂ ਜਾਣ ਲੱਗੀਆਂ ਸਨ, ਜਿਵੇਂ : ਨਾਗਰ, ਉਪਨਾਗਰ ਅਤੇ ਵ੍ਰਾਚਡ ਅਪਭ੍ਰੰਸ਼ ਆਦਿਕ। 1000 ਈ. ਦੇ ਆਸ-ਪਾਸ ਸ਼ੌਰਸੈਨੀ ਅਪਭ੍ਰੰਸ਼ ਗੁਜਰਾਤ ਅਤੇ ਪੰਜਾਬ ਤੋਂ ਲੈ ਕੇ ਬੰਗਾਲ ਤਕ ਪੂਰੇ ਆਰਯਵ੍ਰਤ ਵਿਚ ਚਾਲੂ ਸੀ। ਜੈਨਮੱਤ ਵਾਲਿਆਂ ਨੇ ਆਪਣੇ ਗ੍ਰੰਥ ਇਸੇ ਭਾਸ਼ਾ ਵਿਚ ਲਿਖੇ। ਗੋਰਖਪੰਥੀਆਂ ਨੇ ਇਸ ਨੂੰ ਪੰਜਾਬ ਵਿਚ ਪ੍ਰਚਲਿਤ ਕੀਤਾ। ਕਈ ਭਾਸ਼ਾ ਵਿਗਿਆਨੀਆਂ ਦਾ ਮਤਿ ਹੈ ਕਿ ਸ਼ੌਰਸੈਨੀ ਜਾਂ ਨਾਗਰ ਅਪਭ੍ਰੰਸ਼ ਵਿਚੋਂ ਚੜ੍ਹਦੀ (ਪੂਰਬੀ) ਪੰਜਾਬੀ ਅਤੇ ਉਤਰ-ਪੱਛਮੀ ਅਪਭ੍ਰੰਸ਼ ਵਿਚ ਲਹਿੰਦੀ ਪੰਜਾਬੀ ਦਾ ਜਨਮ ਹੋਇਆ ਹੈ।

### 1.6.1 ਪੰਜਾਬੀ ਭਾਸ਼ਾ ਅਤੇ ਸਾਹਿੱਤ ਦਾ ਵਿਕਾਸ

ਪੰਜਾਬੀ ਭਾਸ਼ਾ ਦਾ ਵਿਕਾਸ 1000 ਈ. ਤੋਂ ਮੰਨਿਆ ਜਾਦਾ ਹੈ ਪਰ ਅਜਿਹਾ ਵਿਕਾਸ ਇਕਦਮ ਹੀ ਨਹੀਂ ਹੋ ਗਿਆ। ਭਾਸ਼ਾਈ ਵਿਕਾਸ ਦੀ ਪ੍ਰਕਿਰਿਆਂ ਸੈਂਕੜੇ ਵਰ੍ਹਿਆਂ ਵਿਚ ਫੈਲੀ ਹੁੰਦੀ ਹੈ। ਭਾਵੇਂ ਵਿਕਾਸ ਦੀ ਪ੍ਰਕਿਰਿਆ ਹਰ ਸਮੇਂ ਗਤੀਸ਼ੀਲ ਰਹਿੰਦੀ ਹੈ ਪਰੰਤੂ ਇਸਦੀ ਰਫ਼ਤਾਰ ਇਤਨੀ ਹੌਲੀ ਹੁੰਦੀ ਹੈ ਕਿ ਕਿਸੇ ਭਾਸ਼ਾ ਦੇ ਪਰਿਵੇਸ਼ ਵਿਚ ਰਹਿਣ ਵਾਲੇ ਲੋਕਾਂ ਨੂੰ ਇਹ ਮਾਲੂਮ ਹੀ ਨਹੀਂ ਹੁੰਦਾ ਕਿ ਉਨ੍ਹਾਂ ਦੀ ਭਾਸ਼ਾ ਬਦਲ ਜਾਂ ਵਿਕਸਿਤ ਹੋ ਰਹੀ ਹੈ। ਪੂਰਵ-ਨਾਨਕ ਕਾਲ ਅਤੇ ਗੁਰੂ ਨਾਨਕ ਕਾਲ ਦੀ ਭਾਸ਼ਾ ਨੂੰ ਸਮਝਣ ਲਈ ਇਸ ਨੂੰ ਦੋ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ : ਮੁੱਢਲਾ ਦੌਰ ਅਤੇ ਵਿਕਾਸ ਦਾ ਦੌਰ।

### 1.6.2 ਮੁੱਢਲਾ ਦੌਰ (1400 ਈ. ਤੱਕ)

ਇਸ ਕਾਲ ਵਿਚ ਭਾਸ਼ਾ ਮੁੱਢਲੇ ਰੂਪ ਵਾਲੀ ਸੀ। ਭਾਵੇਂ ਪੰਜਾਬੀ ਵਾਲੇ ਬਹੁਤ ਸਾਰੇ ਲੱਛਣ ਉਜਾਗਰ ਹੋ ਗਏ

ਸਨ ਪਰ ਪੁਰਾਣੀ ਭਾਸ਼ਾ (ਅਪਭ੍ਰੰਸ਼) ਦੇ ਵੀ ਕਈ ਲੱਛਣ ਅਜੇ ਬਾਕੀ ਸਨ। ਇਸ ਦੌਰ ਦੀ ਭਾਸ਼ਾ ਅਜੋਕੇ ਰੂਪ ਨਾਲੋਂ ਵਧੇਰੇ ਸੰਜੋਗਾਤਮਕ ਸੀ। ਕਾਰਕੀ ਪਿਛੇਤਰ ਆਮ ਵਰਤੇ ਜਾਂਦੇ ਸਨ। ਸੰਬੰਧਕਾਂ (ਨੂੰ, ਨੇ, ਨੀ, ਦਾ, ਦੇ, ਦੀ) ਦੀ ਵਰਤੋਂ ਹੋਣ ਲੱਗੀ ਸੀ ਪਰ ਬੜੀ ਸੀਮਿਤ ਜਿਹੀ। ਸਹਾਇਕ-ਕ੍ਰਿਆਵਾਂ ਦਾ ਪ੍ਰਯੋਗ ਬਹੁਤ ਘੱਟ ਹੁੰਦਾ ਸੀ। ਬਹੁਤ ਸਾਰੇ ਨਾਂਵ ਉ-ਅੰਤਿਕ ਜਾਂ ਓ-ਅੰਤਿਕ ਸਨ। ਹ੍ਰਸਵ-ਸ੍ਵਰ ਸ਼ਬਦਾਂ ਦੇ ਅੰਤ ਵਿਚ ਆਮ ਆਉਂਦੇ ਸਨ। /ਸ਼, ਜ਼ ਤੇ ਯ/ ਧੁਨੀਆਂ ਇਸ ਸਮੇਂ ਦੀ ਭਾਸ਼ਾ ਵਿਚ ਮੌਜੂਦ ਨਹੀਂ ਸਨ। ਇਸ ਕਾਲ ਦੀ ਪੰਜਾਬੀ ਭਾਸ਼ਾ ਦੇ ਕੁਝ ਰੂਪ ਦੇਖੋ :

ਦਾਮਿ ਕਾਢ ਬਾਘਨਿ ਲੈ ਆਇਆ॥
ਮਾਉ ਕਹੇ ਮੇਰਾ ਪੂਤ ਬਿਆਹਿਆ॥
ਗੀਲੀ ਲਕੜੀ ਕਉ ਘੁਨ ਲਾਇਆ॥
ਤਿਨ ਡਾਲ ਮੂਲ ਸਣਿ ਖਾਇਆ॥
(ਗੋਰਖ ਨਾਥ)

ਸੁਨ ਸਿਖਵੰਤਾ ਸੁਨ ਪਤਵੰਤਾ, ਇਸ ਜਗ ਮੈਂ ਕੈਸੇ ਰਹਿਨਾ॥
ਅਖੀਂ ਦੇਖਣਾ ਕੰਨੀ ਸੁਣਨਾ, ਮੁਖ ਸੇ ਕਛੂ ਨ ਕਹਿਨਾ॥
ਬਕਤੇ ਆਗੇ ਸਰੋਤਾ ਹੋਇਬਾ, ਰਹੁ ਧੌਂਸ ਆਗੈ ਮਸਕੀਨਾ॥
ਗੁਰੂ ਆਗੈ ਚੇਲਾ ਹੋਇਬਾ, ਇਹੋ ਬਾਤ ਪਰਬੀਨਾ॥
(ਚਰਪਟ ਨਾਥ)

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥੧॥ਰਹਾਉ॥
(ਸ਼ੇਖ਼ ਫ਼ਰੀਦ)

### 1.6.3 ਵਿਕਾਸ ਦਾ ਦੌਰ (1401-1700 ਈ. ਤਕ)

ਪੰਜਾਬੀ ਸਾਹਿੱਤ ਦੇ ਕੁਝ ਇਤਿਹਾਸਾਂ ਵਿਚ ਇਸ ਕਾਲ ਨੂੰ ਗੁਰੂ ਨਾਨਕ ਕਾਲ ਦਾ ਨਾਮ ਦਿੱਤਾ ਗਿਆ ਹੈ। ਇਸ ਕਾਲ ਦੇ ਸ਼ੁਰੂ ਹੋਣ ਤਕ ਪੰਜਾਬ ਵਿਚ ਮੁਸਲਮਾਨ-ਰਾਜ ਪੱਕੇ ਤੌਰ ਤੇ ਸਥਾਪਿਤ ਹੋ ਗਿਆ ਸੀ। ਇਸ ਕਾਲ ਦੇ ਪਹਿਲੇ ਸੌ-ਸਵਾ ਸੌ ਵਰ੍ਹਿਆਂ ਵਿਚ ਪੰਜਾਬ ਉੱਤੇ ਲੋਧੀ ਖ਼ਾਨਦਾਨ ਦੀ ਹਕੂਮਤ ਰਹੀ ਅਤੇ ਬਾਅਦ ਵਿਚ ਮੁਗ਼ਲ ਹਕੂਮਤ ਕਾਇਮ ਹੋ ਗਈ, ਜੋ ਇਸ ਕਾਲ ਦੇ ਅੰਤ ਤਕ ਚਲਦੀ ਰਹੀ। ਇਸ ਦੌਰਾਨ ਪੰਜਾਬੀ ਦੇ ਸ਼ਬਦ-ਭੰਡਾਰ ਵਿਚ ਅਰਬੀ ਅਤੇ ਫ਼ਾਰਸੀ ਦੇ ਅਨੇਕ ਸ਼ਬਦ ਪ੍ਰਵੇਸ਼ ਕਰ ਗਏ। ਸੂਫ਼ੀ ਕਾਵਿ ਅਤੇ ਕਿੱਸਾ ਕਾਵਿ ਧਾਰਾ ਵਿਚ ਅਰਬੀ, ਫ਼ਾਰਸੀ, ਸੰਸਕ੍ਰਿਤ ਪ੍ਰਾਕਿਰਤਾਂ ਅਤੇ ਅਪਭ੍ਰੰਸ਼ਾਂ ਦੀ ਸ਼ਬਦਾਵਲੀ ਵਿਸ਼ੇ-ਵਸਤੂ ਦੇ ਅਨੁਰੂਪ ਵਰਤੀ ਗਈ ਹੈ। ਸੂਫ਼ੀ ਕਾਵਿ ਧਾਰਾ ਅਤੇ ਕਿੱਸਾ ਕਾਵਿ ਪਰੰਪਰਾ ਦੀਆਂ ਬਹੁਤੀਆਂ ਰਚਨਾਵਾਂ ਆਪਣੇ ਸ਼ੁੱਧ ਰੂਪ ਵਿਚ ਸਾਡੇ ਤਕ ਨਹੀਂ ਪਹੁੰਚੀਆਂ। ਮੌਖਿਕ ਪਰੰਪਰਾਵਾਂ ਹੋਣ ਦੇ ਕਾਰਨ ਹਰ ਪੀੜ੍ਹੀ ਇਨ੍ਹਾਂ ਦੀ ਭਾਸ਼ਾ ਅਤੇ ਵਿਆਕਰਣਿਕ ਸੰਰਚਨਾ ਵਿਚ ਤਬਦੀਲੀਆਂ ਕਰਦੀ ਰਹੀ ਹੈ। ਇਸ ਕਾਰਨ ਇਸ ਕਾਲ ਦੇ ਭਾਸ਼ਾਈ-ਸਰੂਪ ਨੂੰ ਸਮਝਣ ਲਈ ਸਭ ਤੋਂ ਪ੍ਰਮਾਣਿਕ ਸਮੱਗਰੀ ਗੁਰਬਾਣੀ ਜੁਟਾਉਂਦੀ ਹੈ। ਇਸ ਕਾਲ ਦੀ ਭਾਸ਼ਾ ਦੇ ਕੁਝ ਪ੍ਰਮੁਖ ਲੱਛਣ ਇਸ ਪ੍ਰਕਾਰ ਹਨ :

1.6.4 ਸ੍ਵਰਾਂ ਵਿਚੋਂ /ਔ/ ਦਾ ਪ੍ਰਯੋਗ ਬਹੁਤ ਘੱਟ ਦਿਖਾਈ ਦਿੰਦਾ ਹੈ, ਜਦੋਂ ਕਿ /ਐ/ ਦੀ ਵਰਤੋਂ ਅੱਜ ਨਾਲੋਂ ਵੀ ਜ਼ਿਆਦਾ ਕੀਤੀ ਜਾਂਦੀ ਸੀ। ਇਥੇ, ਜਿਥੇ, ਨੇੜੇ, ਲਾਗੇ ਆਦਿ ਦੀ ਥਾ ਇਥੈ, ਜਿਥੈ, ਨੇੜੈ, ਲਾਗੈ ਆਦਿ ਦਾ ਪ੍ਰਯੋਗ ਹੁੰਦਾ ਸੀ। ਹ੍ਰਸਵ ਸ੍ਵਰ ਸ਼ਬਦਾਂ ਦੇ ਅੰਤ ਵਿਚ ਆਮ ਆਉਂਦੇ ਸਨ ਅਤੇ ਇਹ ਅਰਥ-ਨਿਰਧਾਰਨ ਵਿਚ ਮਹਤੱਵਪੂਰਨ ਭੂਮਿਕਾ ਨਿਭਾਉਂਦੇ ਸਨ। ਜਿਵੇਂ 'ਹਥਿ' ਦਾ ਅਰਥ ਸੀ, ਹੱਥ ਨਾਲ ਜਾਂ ਹੱਥ ਵਿਚ।

1.6.5 ਗੁਰੂ ਕਾਲ ਦੀ ਪੰਜਾਬੀ ਵਿਚ ਨਾਸਿਕਤਾ ਅਜ ਨਾਲੋਂ ਕੁਝ ਘੱਟ ਸੀ। ਕਈ ਵਿਆਕਰਣਿਕ-ਰੂਪ ਅਜਿਹੇ ਹਨ, ਜੋ ਅੱਜ ਨਾਸਿਕਤਾ ਸਹਿਤ ਹਨ ਪਰੰਤੂ ਉਸ ਸਮੇਂ ਨਾਸਿਕਤਾਮੁਕਤ ਸਨ। ਦੇਖੋ :

**ਅਜੋਕਾ ਕਾਲ** **ਗੁਰੂ ਕਾਲ**

| | | |
|---|---|---|
| ਚੰਗਿਆਈਆਂ | ... | ਚੰਗਿਆਈਆ |
| ਬੁਰਿਆਈਆਂ | ... | ਬੁਰਿਆਈਆ |
| ਜੀਆਂ | ... | ਜੀਆ |
| ਨਦਰੀਂ | ... | ਨਦਰੀ |
| ਮੈਂ | ... | ਮੈ |
| ਅਸੀਂ | ... | ਅਸੀ |
| ਤੁਸੀਂ | ... | ਤੁਸੀ |

1.6.6 ਬਹੁਤੇ ਕ੍ਰਿਆ-ਰੂਪ ਸੰਜੋਗਾਤਮਕ ਸਨ ਅਤੇ ਸਹਾਇਕ ਕ੍ਰਿਆਵਾਂ ਬਹੁਤ ਘੱਟ ਵਰਤੀਆਂ ਜਾਂਦੀਆਂ ਸਨ। 'ਕੀਤੈ' ਦਾ ਅਰਥ ਸੀ, ਕਰਨ ਨਾਲ ਅਤੇ ਵੇਖੈ ਦਾ ਭਾਵ ਸੀ, ਵੇਖਦਾ ਹੈ। ਕ੍ਰਿਆ ਦੇ ਕੁਝ ਹੋਰ ਰੂਪ ਇਸ ਪ੍ਰਕਾਰ ਹਨ। ਇਨ੍ਹਾਂ ਕ੍ਰਿਆ ਰੂਪਾਂ ਨਾਲ ਸਹਾਇਕ ਕ੍ਰਿਆ ਨਹੀਂ ਆਈ :

| **ਗੁਰੂ ਕਾਲ** | | **ਅਜੋਕਾ ਕਾਲ** |
|---|---|---|
| ਸੁਣਿ | ... | ਸੁਣ ਕੇ, ਸੁਣਨ ਨਾਲ |
| ਆਖਹਿ | ... | ਆਖਦੇ ਹਨ |
| ਗਾਵਹਿ | ... | ਗਾਉਂਦੇ ਹਨ |
| ਜਾਣੀਐ | ... | ਜਾਣਿਆ ਜਾਂਦਾ ਹੈ |

1.6.7 ਆ-ਅੰਤਿਕ ਪੁਲਿੰਗ ਨਾਂਵ ਅਤੇ ਈ-ਅੰਤਿਕ ਇਸਤ੍ਰੀਲਿੰਗ ਨਾਂਵ ਪੂਰੀ ਤਰ੍ਹਾਂ ਸਥਿਰ ਹੋ ਚੁੱਕੇ ਹਨ। ਕੁਝ ਉਦਾਹਰਨਾਂ ਦੇਖੋ :

| **ਪੁਲਿੰਗ** | | **ਇਸਤ੍ਰੀਲਿੰਗ** |
|---|---|---|
| ਘੋੜਾ | ... | ਘੋੜੀ |
| ਕੋਠਾ | ... | ਕੋਠੀ |
| ਸੋਟਾ | ... | ਸੋਟੀ |
| ਦਾਦਾ | ... | ਦਾਦੀ |
| ਨਾਨਾ | ... | ਨਾਨੀ |

1.6.8 ਇਸਤ੍ਰੀਲਿੰਗ ਨਾਵਾਂ ਦਾ ਬਹੁਵਚਨ /ਈ/ ਲਗਾ ਕੇ ਬਣਾਇਆ ਜਾਂਦਾ ਸੀ। ਜਿਵੇਂ :

| **ਇਕਵਚਨ** | | **ਬਹੁਵਚਨ** |
|---|---|---|
| ਗਲ | ... | ਗਲੀ |
| ਰਾਤ | ... | ਰਾਤੀ |
| ਰੁਤ | ... | ਰੁਤੀ |
| ਥਿਤ | ... | ਥਿਤੀ |

1.6.9 ਉਪਰੋਕਤ ਵਿਸ਼ੇਸ਼ਤਾਵਾਂ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਦੀਆਂ ਹਨ। ਗੁਰੂ ਗੋਬਿੰਦ ਸਿੰਘ (ਦਸਮ ਗ੍ਰੰਥ) ਦੀ ਭਾਸ਼ਾ ਘੱਟ ਸੰਜੋਗਾਤਮਕ ਹੈ। ਇਸ ਵਿਚ ਕਾਰਕੀ ਪਿਛੇਤਰ ਵੀ ਥੋੜੇ ਰਹਿ ਗਏ ਹਨ। ਸਹਾਇਕ-ਕ੍ਰਿਆਵਾਂ ਵਰਤੀਆਂ ਜਾਣ ਲੱਗ ਪਈਆਂ ਸਨ। ਸੰਬੰਧਕਾਂ ਦੀ ਵਰਤੋਂ ਵੀ ਵਧਣ ਲੱਗੀ ਸੀ। ਸੰਬੰਧਕ /ਨੇ, ਨੂੰ/ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਘੱਟ ਆਏ ਹਨ ਪਰੰਤੂ 'ਚੰਡੀ ਦੀ ਵਾਰ' ਵਿਚ ਕਾਫ਼ੀ ਵਰਤੇ ਗਏ ਹਨ।

### 1.7.1. **ਗੁਰਮੁਖੀ ਲਿੱਪੀ**

ਹਰ ਭਾਸ਼ਾ ਨੂੰ ਅੰਕਿਤ ਕਰਨ ਲਈ ਇਕ ਵਿਸ਼ੇਸ਼ ਲਿਪੀ ਦੀ ਜ਼ਰੂਰਤ ਹੁੰਦੀ ਹੈ। ਪੰਜਾਬੀ ਭਾਸ਼ਾ ਗੁਰਮੁਖੀ ਲਿਪੀ ਦੇ ਮਾਧਿਅਮ ਦੁਆਰਾ ਲਿਖੀ ਜਾਂਦੀ ਹੈ। 'ਗੁਰਮੁਖੀ' ਨਾਮ ਤੋਂ ਕਈ ਵਾਰ ਇਹ ਭੁਲੇਖਾ ਲੱਗ ਜਾਂਦਾ ਹੈ ਕਿ ਇਸ ਲਿਪੀ ਨੂੰ ਕਿਸੇ ਗੁਰੂ ਸਾਹਿਬ ਨੇ ਬਣਾਇਆ ਹੋਵੇਗਾ ਪਰੰਤੂ ਇਹ ਗੱਲ ਠੀਕ ਨਹੀਂ ਹੈ। ਗੁਰਮੁਖੀ ਲਿਪੀ ਵੀ ਭਾਰਤ ਦੀਆਂ ਬਹੁਤ ਸਾਰੀਆਂ ਲਿਪੀਆਂ ਵਾਂਗ 'ਬ੍ਰਹਮੀ ਲਿਪੀ' ਵਿਚੋਂ ਸਹਿਜੇ-ਸਹਿਜੇ ਵਿਕਸਿਤ ਹੋਈ ਹੈ। ਸਿੱਖ ਗੁਰੂ

ਸਾਹਿਬਾਨ ਨੇ ਆਪਣੀ ਪਵਿੱਤਰ ਬਾਣੀ ਨੂੰ ਇਸ ਲਿਪੀ ਵਿਚ ਅੰਕਿਤ ਕੀਤਾ। ਇਸ ਕਾਰਨ ਇਸ ਲਿਪੀ ਦਾ ਨਾਮ ਗੁਰਮੁਖੀ ਪੈ ਗਿਆ। ਗੁਰਮੁਖੀ ਵਿਚ ਸ੍ਵਰਾਂ ਨੂੰ ਅੰਕਿਤ ਕਰਨ ਲਈ ਤਿੰਨ ਅਤੇ ਵਿਅੰਜਨਾਂ ਨੂੰ ਅੰਕਿਤ ਕਰਨ ਲਈ ਬੱਤੀ (32) ਚਿੰਨ੍ਹ ਹਨ। ਇਸ ਪ੍ਰਕਾਰ ਗੁਰਮੁਖੀ ਵਿਚ 35 ਲਿੱਪੀ-ਚਿੰਨ੍ਹ ਹਨ। ਇਸ ਕਾਰਨ ਗੁਰਮੁਖੀ ਲਿਪੀ ਨੂੰ ਪੈਂਤੀ-ਅੱਖਰੀ ਵੀ ਕਿਹਾ ਜਾਂਦਾ ਹੈ। ਭਾਰਤ ਦੀ ਪ੍ਰਸਿੱਧ ਭਾਸ਼ਾ ਹਿੰਦੀ ਨਾਗਰੀ (ਦੇਵਨਾਗਰੀ) ਲਿਪੀ ਵਿਚ ਲਿਖੀ ਜਾਂਦੀ ਹੈ। ਗੁਰਮੁਖੀ ਅਤੇ ਨਾਗਰੀ ਦੇ ਦੋ ਅੱਖਰ (ਟ, ਠ) ਆਪਸ ਵਿਚ ਸਾਂਝੇ ਹਨ। ਚੌਦਾਂ ਅੱਖਰ (ੲ, ਕ, ਘ, ਙ, ਚ, ਛ, ਥ, ਦ, ਪ, ਮ, ਯ, ਰ, ਸ, ਅ) ਕੁਝ-ਕੁਝ ਮਿਲਦੇ ਹਨ ਅਤੇ ਚੌਦਾਂ ਹੋਰ ਅੱਖਰ (ੜ, ਵ, ਡ, ਣ, ਤ, ਧ, ਨ, ਫ, ਬ, ਪ, ਲ, ੜ, ਹ, ਵ) ਬਿਲਕੁਲ ਨਹੀਂ ਮਿਲਦੇ। ਗੁਰਮੁਖੀ ਅਤੇ ਟਾਕਰੀ, ਗੁਰਮੁਖੀ ਅਤੇ ਸ਼ਾਰਦਾ ਲਿਪੀਆਂ ਵਿਚ ਵੀ ਕਾਫ਼ੀ ਸਾਂਝ ਹੈ। ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਸੱਤ ਪੰਕਤੀਆਂ (ਹਰ ਪੰਕਤੀ ਵਿਚ ਪੰਜ-ਪੰਜ ਅੱਖਰ) ਵਿਚ ਰੱਖਿਆ ਗਿਆ ਹੈ। ਇਹ ਤਰਤੀਬ ਸਿੱਖ ਗੁਰੂ ਸਾਹਿਬਾਨ ਨੇ ਦਿੱਤੀ ਜਾਪਦੀ ਹੈ। ਆਧੁਨਿਕ ਕਾਲ ਵਿਚ ਅਰਬੀ-ਫ਼ਾਰਸੀ ਸ਼ਬਦਾਵਲੀ ਨੂੰ ਪ੍ਰਮਾਣਿਕ ਰੂਪ ਵਿਚ ਲਿਖਣ ਲਈ ਕੁਝ ਨਵੇਂ ਅੱਖਰ ਵੀ ਬਣਾ ਲਏ ਗਏ। ਇਹ ਨਵੇਂ ਅੱਖਰ ਪੁਰਾਣੇ ਪ੍ਰਚਲਿਤ ਅੱਖਰਾਂ ਦੇ ਪੈਰਾਂ ਹੇਠ ਬਿੰਦੀਆਂ ਲਗਾ ਕੇ ਬਣਾਏ ਗਏ ਹਨ। ਵਰਤਮਾਨ ਦੌਰ ਵਿਚ ਗੁਰਮੁਖੀ ਅੱਖਰਮਾਲਾ (ਵਰਣਮਾਲਾ) ਦੀ ਤਰਤੀਬ ਇਸ ਪ੍ਰਕਾਰ ਹੈ :

| | | | | | | |
|---|---|---|---|---|---|---|
| **ਪ੍ਰਥਮ ਵਰਗ** | ੳ | ਅ | ੲ | ਸ | ਹ | |
| **ਕਵਰਗ** | ਕ | ਖ | ਗ | ਘ | ਙ | |
| **ਚਵਰਗ** | ਚ | ਛ | ਜ | ਝ | ਞ | |
| **ਟਵਰਗ** | ਟ | ਠ | ਡ | ਢ | ਣ | |
| **ਤਵਰਗ** | ਤ | ਥ | ਦ | ਧ | ਨ | |
| **ਪਵਰਗ** | ਪ | ਫ | ਬ | ਭ | ਮ | |
| **ਅੰਮਿਤ ਵਰਗ** | ਯ | ਰ | ਲ | ਵ | ੜ | |
| **ਨਵੀਨ ਵਰਗ** | ਸ਼ | ਖ਼ | ਗ਼ | ਜ਼ | ਫ਼ | ਲ਼ |

1.7.2 ਗੁਰਮੁਖੀ ਲਿਪੀ ਕੁਝ ਹੋਰ ਲਿਪਾਂਕ ਵੀ ਹਨ। ਜਿਵੇਂ : ਕੰਨਾ, ਬਿਹਾਰੀ, ਸਿਹਾਰੀ, ਔਂਕੜ, ਦੁਲੈਂਕੜ, ਹੋੜਾ, ਕਨੌੜਾ, ਲਾਂ, ਦੁਲਾਂ, ਬਿੰਦੀ, ਟਿੱਪੀ ਅਤੇ ਅੱਧਕ ਆਦਿਕ। ਇਨ੍ਹਾਂ ਵਿਚੋਂ ਪਹਿਲੇ ਨੌਂ ਲਿਪਾਂਕਾਂ (ਕੰਨੇ ਤੋਂ ਦੁਲਾਂ ਤਕ) ਨੂੰ ਲਗ-ਲਿਪਾਂਕ ਅਤੇ ਪਿਛਲੇ ਤਿੰਨ (ਬਿੰਦੀ, ਟਿੱਪੀ ਅਤੇ ਅਧਕ) ਲਿਪਾਂਕਾਂ ਨੂੰ ਅਖੰਡੀ ਲਿਪਾਂਕ ਕਿਹਾ ਗਿਆ ਹੈ। ਭਾਵੇਂ ਸਮੇਂ-ਸਮੇਂ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕੁਝ ਹੋਰ ਲਿਪੀਆਂ ਵਰਤਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਪਰ ਇਹ ਕੋਸ਼ਿਸ਼ਾਂ ਸਫ਼ਲ ਨਾ ਹੋਈਆਂ। ਇਸ ਤੋਂ ਸਪਸ਼ਟ ਹੋ ਗਿਆ ਕਿ ਗੁਰਮੁਖੀ ਲਿਪੀ ਹੀ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਸਮਰੱਥ ਅਤੇ ਉਚਿਤ ਹੈ।

### 1.8.1 ਪੂਰਵ-ਨਾਨਕ ਕਾਲ : ਪਿਛੋਕੜ ਅਤੇ ਪ੍ਰਾਪਤੀਆਂ

ਇਸ ਕਾਲ ਵਿਚ ਪੱਛਮੀ ਅਤੇ ਮਧ-ਏਸ਼ੀਆ ਦੇ ਨਾਲ-ਨਾਲ ਉੱਤਰੀ ਭਾਰਤ ਵਿਚ ਵੀ ਬਹੁਤ ਸਾਰੇ ਪਰਿਵਰਤਨ ਆਏ। ਇਹ ਪਰਿਵਰਤਨ ਉੱਤਰੀ ਭਾਰਤ ਵਿਚ ਤੁਰਕਾਂ ਦੀ ਹਕੂਮਤ ਸਥਾਪਿਤ ਕਰਨ ਦੇ ਕਾਰਨ ਬਣੇ। ਨੌਵੀਂ ਸਦੀ ਦੇ ਅੰਤ ਤਕ ਤੁਰਕ, ਅੱਬਾਸੀ-ਸਾਮਰਾਜ ਵਿਚ ਅੰਗ-ਰਖਿਅਕਾਂ ਅਤੇ ਭਾੜੇ ਦੇ ਸਿਪਾਹੀਆਂ ਦੇ ਰੂਪ ਵਿਚ ਪ੍ਰਵੇਸ਼ ਕਰ ਗਏ ਸਨ। ਛੇਤੀ ਹੀ ਉਹ ਬਹੁਤ ਤਾਕਤਵਰ ਬਣ ਗਏ। ਜਿਵੇਂ-ਜਿਵੇਂ ਅੱਬਾਸੀ ਸਲਤਨਤ ਕਮਜ਼ੋਰ ਹੁੰਦੀ ਗਈ ਤਾਂ ਸੂਬਿਆਂ ਦੇ ਗਵਰਨਰਾਂ ਨੇ ਖ਼ੁਦਮੁਖ਼ਤਿਆਰੀ ਘੋਸ਼ਿਤ ਕਰ ਦਿੱਤੀ। ਇਸ ਤਰ੍ਹਾਂ ਇਨ੍ਹਾਂ ਤੁਰਕਾਂ ਨੇ ਪਹਿਲਾਂ 'ਅਮੀਰ' ਦੀ ਪਦਵੀ ਗ੍ਰਹਿਣ ਕੀਤੀ ਅਤੇ ਬਾਅਦ ਵਿਚ ਇਹ ਸੁਲਤਾਨ ਬਣ ਗਏ। ਇਨ੍ਹਾਂ ਤੁਰਕਾਂ ਵਿਚੋਂ ਹੀ ਇਕ ਯੋਧੇ ਅਲਪਦੀਨ ਨੇ ਗ਼ਜ਼ਨੀ ਵਿਚ ਆਪਣਾ ਸੁਤੰਤਰ ਰਾਜ ਕਾਇਮ ਕਰ ਲਿਆ। ਬਾਅਦ ਵਿਚ ਇਸੇ ਰਾਜੇ ਦੇ ਤਖ਼ਤ ਉਪਰ ਮਹਿਮੂਦ ਗ਼ਜ਼ਨਵੀ ਬੈਠਾ। ਉਸਨੇ ਭਾਰਤ ਉਪਰ ਸਤਾਰ੍ਹਾਂ ਹਮਲੇ ਕੀਤੇ ਅਤੇ ਇਸਲਾਮ ਨੂੰ ਫੈਲਾਉਣ ਵਿਚ ਬੜਾ ਮਹਤਵਪੂਰਨ ਕਾਰਜ ਕੀਤਾ। ਮਹਿਮੂਦ ਨੇ 1001 ਵਿਚ ਹਿੰਦੂਸ਼ਾਹੀ ਰਾਜੇ ਜੈਪਾਲ ਉਪਰ ਹਮਲਾ ਕਰ ਕੇ ਉਸਨੂੰ ਕਰਾਰੀ ਹਾਰ ਦਿੱਤੀ। ਇਸ ਤਰ੍ਹਾਂ ਪੰਜਾਬ ਉਤੇ ਗ਼ਜ਼ਨਵੀ ਰਾਜ ਸਥਾਪਿਤ ਹੋ ਗਿਆ। ਮਹਿਮੂਦ ਦੇ ਉੱਤਰਾਧਿਕਾਰੀ ਯੋਗ ਰਾਜੇ ਸਿੱਧ ਨਾ ਹੋਏ। ਗ਼ਜ਼ਨੀ ਉਪਰ ਗ਼ੌਰੀਆਂ ਦਾ ਰਾਜ ਹੋ ਗਿਆ। ਮੁਹੰਮਦ ਗੌਰੀ ਨੇ ਪੰਜਾਬ ਵਿਚੋਂ

ਗ਼ਜ਼ਨਵੀਆਂ ਨੂੰ ਕੱਢ ਕੇ ਪਿਸ਼ਾਵਰ, ਲਾਹੌਰ ਅਤੇ ਸਿਆਲਕੋਟ ਉਪਰ ਕਬਜ਼ਾ ਕਰ ਲਿਆ। 1192 ਈ. ਵਿਚ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਗ਼ੌਰੀ ਨੇ ਦਿੱਲੀ ਅਤੇ ਰਾਜਸਥਾਨ ਉਪਰ ਵੀ ਆਪਣੀ ਹਕੂਮਤ ਕਾਇਮ ਕਰ ਲਈ। ਦਿੱਲੀ ਉਪਰ ਵੱਖ-ਵੱਖ ਸੁਲਤਾਨਾਂ ਦਾ ਰਾਜ 1200 ਈ. ਤੋਂ ਲੈ ਕੇ 1400 ਈ. ਤਕ ਕਾਇਮ ਰਿਹਾ ਹੈ। ਪੰਜਾਬੀ ਸਾਹਿੱਤ ਵਿਚ ਇਸ ਯੁੱਗ ਨੂੰ ਆਦਿ ਕਾਲ ਦਾ ਨਾਮ ਦਿੱਤਾ ਗਿਆ ਹੈ। ਇਸ ਕਾਲ ਵਿਚ ਨਾਥ-ਜੋਗੀਆਂ ਦੇ ਸਾਹਿੱਤ ਦੇ ਨਾਲ-ਨਾਲ ਲੋਕ ਸਾਹਿੱਤ ਦੀ ਸਿਰਜਣਾ ਵੀ ਹੁੰਦੀ ਰਹੀ। ਪੰਜਾਬੀ ਸੂਫ਼ੀ ਕਾਵਿ ਦੇ ਸ਼ਿਰੋਮਣੀ ਕਵੀ ਸ਼ੇਖ਼ ਬਾਬਾ ਫ਼ਰੀਦ (1173-1266 ਈ.) ਵੀ ਇਸੇ ਕਾਲ ਵਿਚ ਹੋਏ ਸਨ। ਇਸ ਪ੍ਰਕਾਰ ਭਗਤ ਨਾਮਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਆਦਿਕ ਕਵੀ ਇਸ ਕਾਲ ਦੀ ਸ਼ੋਭਾ ਦੇ ਲਖਾਇਕ ਹਨ।

### 1.9.1 ਪੂਰਵ ਨਾਨਕ ਕਾਲ : ਨਿਸ਼ਕਰਸ਼ ਅਤੇ ਪ੍ਰਾਪਤੀਆਂ

ਇਸ ਕਾਲ ਵਿਚ ਪੰਜਾਬੀ ਸਾਹਿੱਤ ਦਾ ਮੁੱਢ ਨਾਥ-ਜੋਗੀਆਂ ਦੀਆਂ ਰਚਨਾਵਾਂ ਨਾਲ ਬੱਝਾ। ਇਨ੍ਹਾਂ ਜੋਗੀਆਂ ਤੋਂ ਪਹਿਲਾਂ ਪੰਜਾਬ ਵਿਚ ਅਪਭ੍ਰੰਸ਼ ਭਾਸ਼ਾਵਾਂ ਦਾ ਜ਼ੋਰ ਸੀ। ਇਹੀ ਕਾਰਨ ਹੈ ਕਿ ਨਾਥ-ਜੋਗੀਆਂ ਦੀ ਸ਼ੈਲੀ ਅਤੇ ਸ਼ਬਦਾਵਲੀ ਉਪਰ ਵੀ ਅਪਭ੍ਰੰਸ਼ ਭਾਸ਼ਾਵਾਂ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਨਾਥ-ਜੋਗੀਆਂ ਬੁੱਧ ਧਰਮ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਦੇ ਸਨ। ਉਹ ਪੰਜਾਬੀ ਲੋਕਾਂ ਨੂੰ ਆਚਰਣ ਸ਼ੁੱਧ ਰੱਖਣ, ਮਾਇਆ ਤੋਂ ਨਿਰਲੇਪ ਰਹਿਣ ਅਤੇ ਪ੍ਰਭੂ-ਭਗਤੀ ਦਾ ਉਪਦੇਸ਼ ਦਿੰਦੇ ਸਨ। ਇਨ੍ਹਾਂ ਨੇ ਪੰਜਾਬੀ ਕਾਵਿ ਦੇ ਰੂਪਾਕਾਰਕ ਲੱਛਣ ਨਿਰਧਾਰਿਤ ਕੀਤੇ ਅਤੇ ਪੰਜਾਬੀ ਵਿਚ ਇਕ ਨਰੋਈ ਕਾਵਿ ਪਰੰਪਰਾ ਨੂੰ ਸਥਾਪਿਤ ਕੀਤਾ।

1.9.2 ਇਸੇ ਕਾਲ ਵਿਚ ਪੰਜਾਬੀ ਸਾਹਿੱਤ ਦੀਆਂ ਪਹਿਲੀਆਂ ਵਾਰਾਂ ਰਚੀਆਂ ਗਈਆਂ। ਬੇਸ਼ਕ ਇਹ ਵਾਰਾਂ ਸਾਡੇ ਤੱਕ ਮੁਕੰਮਲ ਰੂਪ ਵਿਚ ਨਹੀਂ ਪਹੁੰਚੀਆਂ ਪਰ ਫਿਰ ਵੀ ਇਨ੍ਹਾਂ ਨੇ ਬੀਰਰਸੀ ਵਾਰਾਂ ਦੀ ਪਰੰਪਰਾ ਨੂੰ ਪਰਿਪੱਕ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

1.9.3 ਪੰਜਾਬ ਦੀ ਲੋਕ-ਬੋਲੀ ਠੇਠ ਪੰਜਾਬੀ ਵਿਚ ਲਿਖਣ ਵਾਲਾ ਪਹਿਲਾ ਮਹਾਨ ਕਵੀ ਸ਼ੇਖ਼ ਫ਼ਰੀਦ ਸੀ, ਜੋ ਇਸੇ ਕਾਲ ਵਿਚ ਪੈਦਾ ਹੋਇਆ। ਉਸ ਨੇ ਪੰਜਾਬੀ ਵਿਚ ਸੂਫ਼ੀ ਕਾਵਿ ਪਰੰਪਰਾ ਦੀ ਅਮੀਰ ਧਾਰਾ ਨੂੰ ਜਨਮ ਦਿੱਤਾ। ਬਾਅਦ ਵਿਚ ਇਹ ਪਰੰਪਰਾ ਮਧਕਾਲੀਨ ਪੰਜਾਬੀ ਕਾਵਿ ਦੀ ਇਕ ਸ਼ਿਰੋਮਣੀ ਧਾਰਾ ਦੇ ਰੂਪ ਵਿਚ ਸਾਹਮਣੇ ਆਈ।

1.9.4 ਇਸੇ ਕਾਲ ਵਿਚ ਭਗਤੀ ਕਾਵਿ ਧਾਰਾ ਪ੍ਰਫੁਲਿਤ ਹੋਈ। ਭਗਤ ਨਾਮਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਵਰਗੇ ਭਗਤ ਕਵੀਆਂ ਨੇ ਪੰਜਾਬੀਆਂ ਨੂੰ ਅਧਿਆਤਮਕ ਪ੍ਰੇਮ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਸਮਾਜ ਨੂੰ ਨਰੋਈ, ਪ੍ਰਗਤੀਸ਼ੀਲ ਅਤੇ ਮਾਨਵਤਾਵਾਦੀ ਸੇਧ ਦਿੱਤੀ।

1.9.5 ਪੰਜਾਬੀ ਸਾਹਿੱਤ ਦਾ ਪੂਰਵ-ਨਾਨਕ ਕਾਲ ਇਕ ਅਜਿਹੇ ਮਜ਼ਬੂਤ ਮੰਚ ਦੀ ਭੂਮਿਕਾ ਨਿਭਾਉਂਦਾ ਹੈ, ਜਿਸ ਉਪਰ ਸਾਡੇ ਸਾਹਿੱਤ ਦੀ ਅਮੀਰ ਪਰੰਪਰਾ ਸਥਾਪਿਤ ਹੋਈ। ਪਿਛਲੇ ਹਜ਼ਾਰ ਕੁ ਵਰ੍ਹਿਆਂ ਵਿਚ ਪੰਜਾਬੀ ਸਾਹਿੱਤ ਅਤੇ ਸਾਹਿੱਤਕਾਰਾਂ ਨੇ ਜੋ ਪ੍ਰਾਪਤੀਆਂ ਕੀਤੀਆਂ ਹਨ, ਉਹ ਸਭ ਪੂਰਵ-ਨਾਨਕ ਕਾਲ ਦੀਆਂ ਸ਼ਾਨਦਾਰ ਨੀਹਾਂ ਉਪਰ ਉਸਰੀਆਂ ਹਨ। ਇਸ ਪ੍ਰਕਾਰ ਪੂਰਵ-ਨਾਨਕ ਕਾਲ ਪੰਜਾਬੀ ਸਾਹਿੱਤ ਦਾ ਇਕ ਗੌਰਵਮਈ ਦੌਰ ਹੈ। ਅਸੀਂ ਇਸ ਦੌਰ ਉਪਰ ਜਿਤਨਾ ਵੀ ਮਾਨ ਕਰੀਏ, ਥੋੜ੍ਹਾ ਹੈ।

------

**ਪ੍ਰਸ਼ਨ**

ਦਿੱਤੇ ਗਏ ਪਾਠ ਦੀ ਸਮੱਗਰੀ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

1. ਪੰਜਾਬੀ ਭਾਸ਼ਾ ਦੇ ਜਨਮ ਅਤੇ ਵਿਕਾਸ ਬਾਰੇ ਤੁਸੀਂ ਕੀ ਜਾਣਦੇ ਹੋ ?
2. ਪੂਰਵ-ਨਾਨਕ ਕਾਲ ਵਿਚ ਰਚੇ ਗਏ ਸਾਹਿੱਤ ਵਿਚ ਪੰਜਾਬੀ ਸਮਾਜ ਅਤੇ ਸਭਿਆਚਾਰ ਦੀ ਕਿਹੋ ਜਿਹੀ ਤਸਵੀਰ ਉੱਭਰਦੀ ਹੈ ?
3. ਗੁਰਮੁਖੀ ਲਿੱਪੀ ਬਾਰੇ ਇਕ ਸੰਖੇਪ ਨੋਟ ਲਿਖੋ।

ਪਾਠ ਨੰ: 1.2 - ਪ੍ਰੋ. ਬ੍ਰਹਮਜਗਦੀਸ਼ ਸਿੰਘ

## ਆਦਿਕਾਲੀਨ ਪੰਜਾਬੀ ਸਾਹਿੱਤ : ਪ੍ਰਮੁੱਖ ਧਾਰਾਵਾਂ ਅਤੇ ਮੂਲ ਪ੍ਰਵਿਰਤੀਆਂ

### 2.1.1 ਰੂਪ ਰੇਖਾ

ਇਸ ਪਾਠ ਵਿਚ ਵਿਦਿਆਰਥੀਆਂ ਨੂੰ ਆਦਿਕਾਲੀਨ ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਧਾਰਾਵਾਂ ਅਤੇ ਪ੍ਰਵਿਰਤੀਆਂ ਬਾਰੇ ਗਿਆਨ ਪ੍ਰਦਾਨ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਸਾਡੇ ਵਿਸ਼ਵ ਦਾ ਹਰ ਵਰਤਾਰਾ ਪਰਿਵਰਤਨਸ਼ੀਲ ਹੈ। ਕੁਝ ਵੀ ਸਥਿਰ ਜਾਂ ਅਬਦਲ ਨਹੀਂ ਹੈ। ਮਨੁੱਖ ਦੀ ਸੋਚ, ਸੰਵੇਦਨਾ, ਜੀਵਨ-ਸ਼ੈਲੀ, ਸਾਹਿੱਤ ਅਤੇ ਸਭਿਆਚਾਰ ਆਦਿਕ ਸਭ ਕੁਝ ਨਿਰੰਤਰ ਬਦਲ ਰਿਹਾ ਹੈ। ਭਾਵੇਂ ਇਨ੍ਹਾਂ ਪੱਖਾਂ ਵਿਚ ਆ ਰਹੀ ਤਬਦੀਲੀ ਦੀ ਰਫ਼ਤਾਰ ਕਾਫ਼ੀ ਧੀਮੀ ਹੁੰਦੀ ਹੈ ਪਰ ਤਾਂ ਵੀ ਅਸੀਂ ਆਪਣੀ ਜੀਵ-ਸ਼ੈਲੀ ਦਾ ਪਿਛਲੇ ਦਸ-ਬਾਰ੍ਹਾਂ ਨਾਲ ਮੁਕਾਬਲਾ ਕਰ ਕੇ ਅਨੁਭਵ ਕਰ ਸਕਦੇ ਹਾਂ ਕਿ ਸਭ ਕੁਝ ਬਦਲਦਾ ਜਾ ਰਿਹਾ ਹੈ। ਇਹ ਤੱਥ ਸਾਹਿੱਤ ਉਪਰ ਵੀ ਲਾਗੂ ਹੁੰਦਾ ਹੈ। ਆਦਿਕਾਲੀਨ ਪੰਜਾਬੀ ਸਾਹਿੱਤ, ਵਰਤਮਾਨ ਦੌਰ ਵਿਚ ਰਚੇ ਜਾ ਰਹੇ ਸਾਹਿੱਤ ਨਾਲੋਂ ਕਾਫ਼ੀ ਵੱਖਰਾ ਹੈ ਕਿਉਂਕਿ ਆਦਿ ਕਾਲ ਵਿਚ ਰਹਿਣ ਵਾਲੇ ਮਨੁੱਖ ਦੀਆਂ ਜ਼ਮੀਨੀ ਹਕੀਕਤਾਂ ਵੱਖਰੀਆਂ ਸਨ, ਉਸ ਦੀਆਂ ਸੋਚਾਂ ਅਤੇ ਸੁਪਨੇ ਵੱਖਰੇ ਸਨ।

2.1.2 ਆਦਿਕਾਲੀਨ ਪੰਜਾਬੀ ਸਾਹਿੱਤ (850 ਈ. ਤੋਂ 1500 ਈ.) ਲਗਪਗ ਛੇ-ਸੱਤ ਸੌ ਸਾਲ ਦੇ ਅਰਸੇ ਵਿਚ ਫੈਲਿਆ ਹੋਇਆ ਹੈ। ਬੇਸ਼ੱਕ ਇਕ ਦੌਰ ਤੋਂ ਪਹਿਲਾਂ ਵੀ ਪੰਜਾਬ ਵਿਚ ਸਾਹਿੱਤ ਰਚਿਆ ਅਤੇ ਸੁਣਿਆ ਜਾਂਦਾ ਸੀ (ਉਸ ਸਮੇਂ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਬਹੁਤ ਘੱਟ ਸੀ ਅਤੇ ਪੁਸਤਕਾਂ ਦੇ ਪ੍ਰਕਾਸ਼ਨ ਦਾ ਕੰਮ ਵੀ ਅਜੇ ਤਕ ਸ਼ੁਰੂ ਨਹੀਂ ਸੀ ਹੋਇਆ।) ਪਰੰਤੂ ਉਹ ਸਾਹਿੱਤ ਅਪਭ੍ਰੰਸ਼ ਭਾਸ਼ਾਵਾਂ ਵਿਚ ਲਿਖਿਆ ਜਾਂਦਾ ਸੀ, ਜੋ ਸੰਸਕ੍ਰਿਤ ਵਿਚੋਂ ਪ੍ਰਾਕਿਰਤ ਭਾਸ਼ਾਵਾਂ ਦੇ ਮਾਧਿਅਮ ਦੁਆਰਾ ਪੈਦਾ ਹੋਈਆਂ ਸਨ। ਪੰਜਾਬੀ ਭਾਸ਼ਾ ਦੀ ਉਤਪੱਤੀ ਅੱਠਵੀਂ-ਨੌਵੀਂ ਸਦੀ ਤੋਂ ਹੀ ਸ਼ੁਰੂ ਹੋਈ, ਇਸ ਕਾਰਨ ਪੰਜਾਬੀ ਸਾਹਿੱਤ ਦਾ ਆਦਿ-ਬਿੰਦੂ ਵੀ ਇਨ੍ਹਾਂ ਸਦੀਆਂ ਨੂੰ ਮੰਨਿਆ ਜਾਦਾ ਹੈ। ਇਸ ਕਾਲ ਖੰਡ ਵਿਚ ਨਾਥ ਜੋਗੀਆਂ ਦਾ ਸਾਹਿੱਤ, ਲੋਕ-ਵਾਰਾਂ ਅਤੇ ਲੋਕ ਸਾਹਿੱਤ ਦੇ ਕੁਝ ਹੋਰ ਰੂਪ, ਸ਼ੇਖ਼ ਫ਼ਰੀਦ ਦੀ ਸੂਫ਼ੀ ਬਾਣੀ ਅਤੇ ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵਿਦਾਸ ਆਦਿਕ ਭਗਤਾਂ ਦੀਆਂ ਬਾਣੀਆਂ ਦੇ ਪ੍ਰਮਾਣਿਕ ਰੂਪ ਸਾਡੇ ਤਕ ਪਹੁੰਚੇ ਹਨ। ਇਸ ਕਾਰਨ ਆਦਿਕਾਲੀਨ ਪੰਜਾਬੀ ਸਾਹਿੱਤ ਦੀ ਨੁਹਾਰ ਜਾਂ ਪ੍ਰਕਿਰਤੀ ਨੂੰ ਪਹਿਚਾਣਨ ਲਈ ਅਸੀਂ ਇਸੇ ਸਮੱਗਰੀ ਨੂੰ ਆਪਣੇ ਸਨਮੁਖ ਰਖਾਂਗੇ।

### 2.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਵਿਦਿਆਰਥੀਆਂ ਨੂੰ ਪੰਜਾਬੀ ਸਾਹਿੱਤ ਦੇ ਆਦਿ ਕਾਲ ਵਿਚ ਰਚੇ ਗਏ ਸਾਹਿੱਤ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਆਦਿ ਕਾਲ ਦੇ ਲੋਕ ਪੜ੍ਹੇ-ਲਿਖੇ ਨਹੀਂ ਸਨ। ਇਸ ਕਾਰਨ ਉਹ ਸਾਹਿੱਤ ਦੀ ਰਚਨਾ ਕਰਦੇ ਤਾਂ ਹੋਣਗੇ ਪਰ ਇਸ ਸਾਹਿੱਤ ਨੂੰ ਸੰਭਾਲ ਕੇ ਨਹੀਂ ਰੱਖ ਸਕਦੇ ਸਨ। ਲਿਖਤ ਵਿਚ ਆਉਣ ਨਾਲ ਹੀ ਸਾਹਿੱਤ ਦੀ ਸੰਭਾਲ ਹੋ ਸਕਦੀ ਹੈ ਅਤੇ ਲਿਖਿਆ ਹੋਇਆ ਸਾਹਿੱਤ ਹੀ ਅਗਲੇਰੀਆਂ ਪੀੜ੍ਹੀਆਂ ਤਕ ਪਹੁੰਚ ਕੇ ਉਨ੍ਹਾਂ ਦਾ ਦਿਸ਼ਾ-ਨਿਰਦੇਸ਼ਨ ਕਰ ਸਕਦਾ ਹੈ। ਜੇ ਸਿੱਖ ਗੁਰੂ ਸਾਹਿਬਾਨ ਨੇ ਆਪਣੀ ਅਤੇ ਭਾਰਤ ਦੇ ਕੁਝ ਹੋਰ ਸ਼ਿਰੋਮਣੀ ਭਗਤਾਂ ਦੀ ਬਾਣੀ ਨੂੰ ਲਿਖ ਕੇ ਸੰਭਾਲ ਨਾ ਲਿਆ ਹੁੰਦਾ ਤਾਂ ਅਸੀਂ ਕਿਵੇਂ ਉਸ ਬਾਣੀ ਤੋਂ ਆਪਣਾ ਲੋਕ-ਪਰਲੋਕ ਸੰਵਾਰ ਸਕਦੇ। ਆਦਿ ਕਾਲ ਦੇ ਸਾਹਿੱਤਕਾਰ ਲਿਖਣ-ਪੜ੍ਹਨ ਦੀ ਕਲਾ ਤੋਂ ਅਪਰਿਚਿਤ ਸਨ, ਇਸ ਕਾਰਨ ਉਨ੍ਹਾਂ ਦੁਆਰਾ ਰਚੇ ਗਏ ਸਾਹਿੱਤ ਦਾ ਅੰਸ਼ ਮਾਤਰ ਹੀ ਲੋਕ-ਸਾਹਿੱਤ ਦੇ ਰੂਪ ਵਿਚ ਸਾਡੇ ਤਕ ਪਹੁੰਚਿਆ ਹੈ ਅਤੇ ਉਹ ਵੀ ਪ੍ਰਮਾਣਿਕ ਜਾਂ ਸ਼ੁੱਧ ਰੂਪ ਵਿਚ ਨਹੀਂ ਹੈ। ਨਾਥਾਂ ਜੋਗੀਆਂ ਦੀ ਬਾਣੀ ਦੇ ਖਰੜੇ ਉਨ੍ਹਾਂ ਦੇ ਟਿੱਲਿਆਂ ਜਾਂ ਡੇਰਿਆਂ ਤੋਂ ਮਿਲੇ ਅਤੇ ਸ਼ੇਖ਼ ਫ਼ਰੀਦ ਜੀ ਤੇ ਹੋਰ ਭਗਤਾਂ ਦੀ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੇ ਦੌਰਾਨ ਇਕੱਤਰ ਕਰ ਲਿਆ ਸੀ; ਇਸ ਪ੍ਰਕਾਰ ਆਦਿਕਾਲੀਨ ਪੰਜਾਬੀ ਸਾਹਿੱਤ ਵਿਚ, ਕੇਵਲ ਇਹ ਗਿਣੇ-ਚੁਣੇ ਰੂਪ

ਹੀ ਉਪਲਬਧ ਹਨ। ਹਥਲੇ ਪਾਠ ਵਿਚ ਸਾਡਾ ਪ੍ਰਯੋਜਨ ਆਪਣੇ ਵਿਦਿਆਰਥੀਆਂ ਨੂੰ ਇਨ੍ਹਾਂ ਰੂਪਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਕਾਲ ਦੀਆਂ ਪ੍ਰਮੁੱਖ ਧਾਰਾਵਾਂ ਅਤੇ ਮੂਲ ਪ੍ਰਵਿਰਤੀਆਂ ਇਸ ਪ੍ਰਕਾਰ ਹਨ :

2.3 **ਨਾਥ-ਜੋਗੀਆਂ ਦਾ ਸਾਹਿੱਤ**

2.3.1 ਪੰਜਾਬੀ ਸਾਹਿੱਤ ਦੀ ਸਭ ਤੋਂ ਪ੍ਰਾਚੀਨ ਧਾਰਾ ਨਾਥ-ਜੋਗੀਆਂ ਦਾ ਸਾਹਿੱਤ ਹੈ। ਪੰਜਾਬ ਦੇ ਸਭਿਆਚਾਰਕ ਜੀਵਨ ਉੱਤੇ ਨਾਥ-ਜੋਗੀਆਂ ਦਾ ਕਾਫ਼ੀ ਪ੍ਰਭਾਵ ਰਿਹਾ ਹੈ। ਫ਼ਾਹੀਆਨ, ਜੋ ਇਕ ਚੀਨੀ ਯਾਤਰੀ ਸੀ ਅਤੇ ਜੋ ਚੌਥੀ ਸਦੀ ਈਸਵੀਂ ਵਿਚ ਪੰਜਾਬ ਆਇਆ, ਲਿਖਦਾ ਹੈ ਕਿ ਉਸ ਸਮੇਂ ਦੇ ਲੋਕ ਬੁੱਧ ਧਰਮ ਵਿਚ ਆਸਥਾ ਰੱਖਦੇ ਸਨ। ਇਹੀ ਕਾਰਨ ਹੈ ਕਿ ਬੋਧ ਮਾਨਤਾਵਾਂ ਦਾ ਪ੍ਰਚਾਰ ਕਰਨ ਵਾਸਤੇ ਇਹ ਲੋਕ ਪੰਜਾਬ ਵਿਚ ਬਹੁਤ ਸਰਗਰਮ ਸਨ। ਗੋਰਖ ਨਾਥ, ਚਰਪਟ ਨਾਥ ਅਤੇ ਰਤਨ ਨਾਥ ਵਰਗੇ ਪ੍ਰਸਿੱਧ ਨਾਥਾਂ ਦਾ ਪੰਜਾਬ ਨਾਲ ਬਹੁਤ ਸੰਬੰਧ ਰਿਹਾ ਹੈ। ਇਨ੍ਹਾਂ ਵਿਚੋਂ ਕਈਆਂ ਦਾ ਜਨਮ ਵੀ ਪੰਜਾਬ ਵਿਚ ਹੋਇਆ। ਇਹੀ ਕਾਰਨ ਹੈ ਕਿ ਇਨ੍ਹਾਂ ਨੂੰ ਪੰਜਾਬੀ ਸਾਹਿੱਤ ਨਾਲ ਸੰਬੰਧਿਤ ਕਰਨਾ ਅਨੁਚਿਤ ਨਹੀਂ ਹੈ। ਹਿੰਦੀ ਸਾਹਿੱਤ ਦੇ ਪ੍ਰਸਿੱਧ ਵਿਦਵਾਨ ਆਚਾਰੀਆ ਰਾਮ ਚੰਦ੍ਰ ਸ਼ੁਕਲ, ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਅਤੇ ਪੀਤਾਂਬਰ ਦੱਤ ਬੜਥਵਾਲ ਵੀ ਨਾਥ ਸਾਹਿੱਤ ਵਿਚ ਪੰਜਾਬੀ ਰੰਗ ਦੀ ਗਵਾਹੀ ਦਿੰਦੇ ਹਨ। ਡਾ. ਮੋਹਨ ਸਿੰਘ ਦੀਵਾਨਾ ਨੇ ਪੂਰੇ ਨਿਸ਼ਚੇ ਨਾਲ ਨਾਥ-ਜੋਗੀਆਂ ਨੂੰ ਪੰਜਾਬੀ ਸਾਹਿੱਤ ਨਾਲ ਸੰਬੰਧਿਤ ਕੀਤਾ ਹੈ। ਉਸ ਅਨੁਸਾਰ ਨੌਵੀਂ-ਦਸਵੀਂ ਈਸਵੀ ਵਿਚ ਹੋਏ ਇਨ੍ਹਾਂ ਨਾਥਾਂ ਦੀ ਭਾਸ਼ਾ ਅਪਭ੍ਰੰਸ਼ ਅਤੇ ਆਧੁਨਿਕ ਭਾਸ਼ਾਵਾਂ ਦੇ ਸੰਧੀ-ਕਾਲ ਦਾ ਪ੍ਰਮਾਣ ਪੇਸ਼ ਕਰਦੀ ਹੈ। ਇਹ ਭਾਸ਼ਾ ਪੰਜਾਬ, ਰਾਜਸਥਾਨ ਅਤੇ ਉੱਤਰੀ ਭਾਰਤ ਦੇ ਇਲਾਕਿਆਂ ਵਿਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦਾ ਮਿਸ਼ਰਣ ਹੈ। ਇਸਦਾ ਮੂਲ ਕਾਰਨ ਇਹ ਸੀ ਕਿ ਨਾਥ-ਜੋਗੀ ਇਸ ਸਾਰੇ ਖੇਤਰ ਵਿਚ ਪ੍ਰਚਾਰ ਕਰਦੇ ਰਹਿੰਦੇ ਸਨ।

2.3.2 ਪਹਿਲੇ-ਪਹਿਲ ਬਹੁਤ ਸਾਰੇ ਵਿਦਵਾਨ ਨਾਥ ਜੋਗੀਆਂ ਦੀ ਬਾਣੀ ਨੂੰ ਪੰਜਾਬੀ ਸਾਹਿੱਤ ਨਾਲ ਸੰਬੰਧਿਤ ਤੋਂ ਇਨਕਾਰੀ ਸਨ। ਪਰ ਡਾ. ਮੋਹਨ ਸਿੰਘ ਦੀਵਾਨਾ ਨੇ ਬਹੁਤ ਸਾਰੀਆਂ ਦਲੀਲਾਂ ਦੇ ਕੇ ਨਾਥ ਬਾਣੀ ਨੂੰ ਪੰਜਾਬੀ ਸਾਹਿੱਤ ਦਾ ਅੰਗ ਬਣਾਇਆ ਹੈ। ਉਸ ਅਨੁਸਾਰ ਇਨ੍ਹਾਂ ਨਾਥਾਂ ਦੇ ਅਨੇਕ ਟਿਕਾਣੇ ਪੰਜਾਬ ਵਿਚ ਬਣੇ ਹੋਏ ਹਨ, ਜਿਨ੍ਹਾਂ ਤੋਂ ਨਾਥਾਂ ਦੇ ਪੰਜਾਬੀ ਹੋਣ ਬਾਰੇ ਪਤਾ ਚਲਦਾ ਹੈ। ਉਸ ਸਮੇਂ ਹਿੰਦੁਸਤਾਨ ਵੱਖ-ਵੱਖ ਖੇਤਰਾਂ ਵਿਚ ਵੰਡਿਆ ਹੋਇਆ ਨਹੀਂ ਸੀ ਅਤੇ ਧਾਰਮਿਕ ਆਗੂ ਪੂਰੇ ਦੇਸ਼ ਵਿਚ ਆਪਣੇ ਵਿਚਾਰ ਦਾ ਪ੍ਰਚਾਰ ਕਰਨ ਲਈ ਘੁੰਮਦੇ ਰਹਿੰਦੇ ਸਨ। ਪੂਰੇ ਪੰਜਾਬ (ਜਿਸ ਵਿਚ ਪੱਛਮੀ ਪੰਜਾਬ ਵੀ ਸੀ, ਜੋ ਹੁਣ ਪਾਕਿਸਤਾਨ ਵਿਚ ਚਲਾ ਗਿਆ ਹੈ, ਰਾਜਸਥਾਨ ਅਤੇ ਉੱਤਰ ਪ੍ਰਦੇਸ਼) ਵਿਚ ਸਾਂਝੀ ਭਾਸ਼ਾ ਪ੍ਰਚਲਿਤ ਸੀ, ਜਿਸ ਨੂੰ ਸਾਧ-ਭਾਸ਼ਾ ਵੀ ਕਿਹਾ ਜਾਂਦਾ ਹੈ। ਪੰਜਾਬ ਦੇ ਸਾਧੂ-ਸੰਤ ਅਤੇ ਭਗਤ-ਜਨ ਵੀ ਇਸੇ ਸਾਧ-ਭਾਸ਼ਾ ਵਿਚ ਆਪਣੇ ਉਪਦੇਸ਼ ਦਿੰਦੇ ਸਨ। ਇਸ ਕਾਰਨ ਨਾਥ-ਜੋਗੀਆਂ ਵਲੋਂ ਵਰਤੀ ਗਈ ਇਸ ਭਾਸ਼ਾ ਦੇ ਕਾਰਨ ਉਨ੍ਹਾਂ ਨੂੰ ਪੰਜਾਬੀ ਸਾਹਿੱਤ ਵਿਚੋਂ ਬਾਹਰ ਕੱਢ ਦੇਣਾ ਉਚਿਤ ਨਹੀਂ ਹੋਵੇਗਾ। ਡਾ. ਦੀਵਾਨਾ ਅਨੁਸਾਰ ਨਾਥ-ਜੋਗੀਆਂ ਦੇ ਬਹੁਤ ਸਾਰੇ ਟਿੱਲੇ ਅਤੇ ਮੱਠ ਪੰਜਾਬ ਵਿਚ ਨਜ਼ਰ ਆ ਜਾਂਦੇ ਹਨ। ਗੋਰਖ ਨਾਥ ਦਾ ਜਨਮ ਗੋਰਖਪੁਰ (ਤਹਿਸੀਲ ਗੁੱਜਰਖਾਨ, ਜ਼ਿਲਾ ਰਾਵਲਪਿੰਡੀ ਵਿਚ ਹੋਇਆ ਸੀ। ਪਿਸ਼ਾਵਰ ਵਿਚ 'ਗੋਰਖ ਹਟੜੀ' ਅਤੇ ਸਿਆਲਕੋਟ ਵਿਚ 'ਪੂਰਨ ਦਾ ਖੂਹ' ਪ੍ਰਸਿੱਧ ਹਨ। ਰਤਨ ਨਾਥ ਦਾ ਇਕ ਟਿਕਾਣਾ ਵੀ ਪਿਸ਼ਾਵਰ ਵਿਚ ਮਿਲਦਾ ਹੈ। ਚੌਰੰਗੀ ਨਾਥ ਦੀ ਧੂਣੀ ਅਬੋਹਰ ਵਿਚ ਹੈ। ਚਰਪਟ ਨਾਥ ਨੂੰ ਚੰਬੇ ਦੀ ਰਿਆਸਤ ਦਾ ਰਾਜ ਗੁਰੂ ਮੰਨਿਆ ਜਾਂਦਾ ਹੈ। 1947 ਈ. ਤੋਂ ਪਹਿਲਾਂ ਇਹ ਸਾਰੇ ਟਿਕਾਣੇ ਪੰਜਾਬ ਵਿਚ ਸਨ। ਇਸ ਲਈ ਨਾਥ-ਜੋਗੀਆਂ ਨੂੰ ਪੰਜਾਬੀ ਸਾਹਿੱਤ ਨਾਲ ਸੰਬੰਧਿਤ ਕਰਨ ਵਿਚ ਕਿਸੇ ਪ੍ਰਕਾਰ ਦੀ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਪੰਜਾਬੀ ਸਾਹਿੱਤ ਦੀ ਸਿਰਜਣਾ ਨਾਲ ਸੰਬੰਧਿਤ ਕੁਝ ਇਕ ਪ੍ਰਮੁਖ ਨਾਥ-ਜੋਗੀਆਂ ਦੀ ਵਿਵਰਣਾਤਮਕ ਸੂਚੀ ਇਸ ਪ੍ਰਕਾਰ ਹੈ :

2.4.1 **ਗੋਰਖ ਨਾਥ**

ਗੋਰਖ ਨਾਥ, ਜੋਗ ਪੰਥ ਵਿਚ ਸਭ ਤੋਂ ਸ਼ਿਰੋਮਣੀ ਨਾਮ ਹੈ। ਪੰਜਾਬੀ ਸਾਹਿੱਤ ਵਿਚ ਉਸਦਾ ਜ਼ਿਕਰ ਅਨੇਕ ਥਾਵਾਂ ਉਤੇ ਹੋਇਆ ਹੈ। ਰਾਹੁਲ ਸਾਂਕਰਤਾਇਨ ਅਨੁਸਾਰ ਉਸਦਾ ਸਮਾਂ 809 ਈ. ਤੋਂ 949 ਈ. ਦੇ ਦਰਮਿਆਨ ਹੈ ਪਰੰਤੂ ਡਾ. ਦੀਵਾਨਾ ਉਸ ਦੇ ਕਾਲ ਨੂੰ 940 ਈ. ਤੋਂ 1040 ਈ. ਤਕ ਸਿੱਧ ਕਰਦਾ ਹੈ। ਉਹ ਮਛੰਦਰ ਨਾਥ ਦਾ ਸ਼ਿਸ਼ ਸੀ ਪਰ ਆਪਣੀ ਸਾਧਨਾ ਦੇ ਕਾਰਨ ਉਸ ਨਾਲੋਂ ਵਧੇਰੇ ਪ੍ਰਸਿੱਧ ਹੋ ਗਿਆ। ਉਸ ਨੇ ਆਪਣਾ ਪੰਥ ਮੁਸਲਮਾਨਾਂ ਲਈ ਵੀ ਖੋਲ੍ਹ ਦਿੱਤਾ ਸੀ। ਉਸ ਨੇ ਸਭ ਜੋਗੀਆਂ ਨੂੰ ਲੰਗਰ ਵਿਚ ਬੈਠ ਕੇ ਇਕੱਠਿਆਂ ਭੋਜਨ ਕਰਨਾ ਸਿਖਾਇਆ।

ਉਹ ਲੋਕਾਂ ਨੂੰ ਕਾਮ, ਕ੍ਰੋਧ ਅਤੇ ਭੋਗ-ਬਿਲਾਸ ਤੋਂ ਵਰਜਦਾ ਸੀ। ਉਸ ਨੇ ਜੋਗ ਮਤਿ ਦੇ ਪ੍ਰਚਾਰ ਲਈ ਥਾਂ-ਥਾਂ ਉਤੇ ਮੱਠ ਸਥਾਪਿਤ ਕੀਤੇ, ਮੂਰਤੀ-ਪੂਜਾ ਦੀ ਨਿਖੇਧੀ ਕੀਤੀ ਅਤੇ ਨਿਰੰਕਾਰ-ਪ੍ਰਭੂ ਦੀ ਭਗਤੀ ਦਾ ਉਪਦੇਸ਼ ਦਿੱਤਾ। ਕਈ ਵਿਦਵਾਨ ਗੋਰਖ ਨਾਥ ਦੀ ਇਸ ਕਾਰਨ ਨਿਖੇਧੀ ਕਰਦੇ ਹਨ ਕਿ ਉਸ ਨੇ ਇਸਤ੍ਰੀ ਨੂੰ ਬਾਘਨਿ ਕਹਿ ਕੇ ਉਸਦੀ ਨਿੰਦਾ ਕੀਤੀ ਹੈ। ਪਰ ਗੋਰਖ ਨਾਥ ਇਕ ਵਿਸ਼ੇਸ਼ ਪ੍ਰਸੰਗ ਵਿਚ ਨਾਰੀ ਦੀ ਨਿੰਦਾ ਕਰਦਾ ਹੈ। ਉਸ ਨੂੰ ਡਰ ਸੀ ਕਿ ਨਾਥ ਜੋਗੀ ਇਸਤ੍ਰੀ ਨਾਲ ਭੋਗ-ਬਿਲਾਸ ਦੇ ਚੱਕਰ ਵਿਚ ਫਸ ਕੇ ਆਪਣੇ ਲਕਸ਼ ਤੋਂ ਭਟਕ ਜਾਣਗੇ। ਇਸੇ ਡਰ ਦੇ ਕਾਰਨ ਹੀ ਉਹ ਲਿਖਦਾ ਹੈ :

ਦਾਮਿ ਕਾਢਿ ਬਾਘਨਿ ਲੇ ਆਇਆ। ਮਾਉਂ ਕਹੈ ਮੇਰਾ ਪੂਤ ਬਿਆਹਿਆ॥
ਗੀਲੀ ਲਕੜੀ ਕੋ ਘੁਣਿ ਲਾਇਆ। ਤਿਨ ਡਾਲ ਮੂਲਿ ਸਣਿ ਖਾਇਆ॥
ਬਾਘਨਿ ਜਿੰਦ ਲੇਇ ਬਾਘਨਿ ਬਿੰਦ ਲੇਇ ਬਾਘਨਿ ਹਮਰੀ ਕਾਇਆ॥
ਇਨ ਬਾਘਨਿ ਤ੍ਰੈਲੋਕੀ ਖਾਈ ਬਦਤਿ ਗੋਰਖ ਰਾਇਆ॥
(ਰਾਗ ਭੈਰੋਂ)

2.4.2 ਗੋਰਖ ਨਾਥ ਨੇ ਆਪਣੀਆਂ ਚੌਪਈਆਂ ਵਿਚ ਨਾਥ ਮਤਿ ਦਾ ਦਾਰਸ਼ਨਿਕ ਪਰਿਪੇਖ ਪੇਸ਼ ਕੀਤਾ ਹੈ। ਉਸਦਾ ਕਥਨ ਹੈ ਕਿ ਨਾ ਤਾਂ ਹਰ ਘਰ-ਬਾਰ ਤਿਆਗਣ ਵਾਲਾ ਵਿਅਕਤੀ 'ਜੋਗੀ' ਅਖਵਾ ਸਕਦਾ ਹੈ ਅਤੇ ਨਾ ਘਰ ਵਿਚ ਰਹਿਣ ਵਾਲਾ ਵਿਅਕਤੀ 'ਭੋਗੀ' ਹੁੰਦਾ ਹੈ। ਇਸ ਤਰ੍ਹਾਂ ਉਸਨੇ ਮਾਇਆ ਜੋੜਨ, ਬਰਬਾਦ ਕਰਨ ਅਤੇ ਤਿਆਗਣ ਵਾਲੇ ਵਿਅਕਤੀ ਨੂੰ ਅਗਿਆਨੀ ਆਖਿਆ ਹੈ। ਦੇਖੋ :

ਜੋ ਘਰ ਤਿਆਗ ਕਹਾਵੈ ਜੋਗੀ।
ਘਰ ਵਾਸੀ ਕੋ ਕਹੈ ਜੁ ਭੋਗੀ।
ਅੰਤਰ ਭਾਵ ਨਾ ਪਰਖੈ ਜੋਗੀ।
ਗੋਰਖ ਬੋਲੈ ਮੂਰਖ ਸੋਈ।

ਮਾਯਾ ਜੋੜ ਕਹੈ ਮੈਂ ਠਾਕਰ।
ਮਾਯਾ ਗਯੇ ਕਹਾਵੈ ਚਾਕਰ।
ਮਾਯਾ ਤਯਾਗ ਹੋਯ ਜੋ ਦਾਨੀ।
ਕਹਿ ਗੋਰਖ ਤੀਨੋ ਅਗਿਆਨੀ।
(ਚੌਪਈ)

2.5.1 **ਚਰਪਟ ਨਾਥ**

ਡਾ. ਮੋਹਨ ਸਿੰਘ ਦੀਵਾਨਾ ਨੇ ਚਰਪਟ ਨਾਥ ਦਾ ਸਮਾਂ 890 ਈ. ਤੰ 990 ਈ. ਤਕ ਮੰਨਿਆ ਹੈ। ਚੰਬਾ ਰਿਆਸਤ ਦਾ ਰਾਜਾ ਸਾਹਿਲ ਵਰਮਾ 920 ਈ. ਦੇ ਆਸ-ਪਾਸ ਚਰਪਟ ਨਾਥ ਦਾ ਸ਼ਿਸ਼ ਬਣ ਗਿਆ ਸੀ। ਇਸੇ ਰਿਆਸਤ ਵਿਚ 1040 ਈ. ਦੇ ਕਰੀਬ ਰਾਜਾ ਸਾਲਬਾਹਨ (ਸਲਵਾਨ) ਹੋਇਆ ਸੀ। ਪੂਰਨ ਭਗਤ ਅਤੇ ਰਾਜਾ ਰਸਾਲੂ ਇਸੇ ਦੇ ਪੁੱਤਰ ਦੱਸੇ ਜਾਂਦੇ ਹਨ। ਡਾ. ਦੀਵਾਨਾ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਇਕ ਹਵਾਲਾ ਦੇ ਕੇ ਸਿੱਧ ਕੀਤਾ ਹੈ ਕਿ ਚਰਪਟ 'ਪਾ-ਖੰਡੀ ਸੰਪਰਦਾਇ' ਦਾ ਜੋਗੀ ਸੀ। ਗੁਰੂ ਸਾਹਿਬ ਫੁਰਮਾਉਂਦੇ ਹਨ :

ਸੋ ਪਾਖੰਡੀ ਜਿ ਕਾਇਆ ਪਖਾਲੇ ॥
ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥
ਸੁਪਨੇ ਬਿੰਦ ਨਾ ਦੇਈ ਝਰਣਾ ॥
ਤਿਸ ਪਾਖੰਡੀ ਜਰਾ ਨਾ ਮਰਣਾ ॥
ਬੋਲੈ ਚਰਪਟੁ ਸਤਿ ਸਰੂਪੁ ॥
ਪਰਮ ਤੰਤ ਮਹਿ ਰੇਖ ਨ ਰੂਪੁ ॥
(ਆਦਿ ਗ੍ਰੰਥ, ਪੰਨਾ 952)

2.5.2 ਡਾ. ਦੀਵਾਨਾ ਦੇ ਕਥਨ ਅਨੁਸਾਰ ਚਰਪਟ ਦੇ ਵਿਚਾਰ ਗੋਰਖ ਨਾਥ ਅਤੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਨਾਲ ਮਿਲਦੇ-ਜੁਲਦੇ ਹਨ। ਆਪ ਭੇਖ (ਵਿਖਾਵੇ) ਦੇ ਜੋਗੀਆਂ ਅਤੇ ਭੋਗ-ਬਿਲਾਸੀਆਂ ਦੀ ਸਖ਼ਤ ਆਲੋਚਨਾ ਕਰਦੇ ਹਨ। ਚਰਪਟ ਨਾਥ ਆਤਮਿਕ ਤੌਰ ਤੇ ਜੋਗੀ ਬਣਨ ਦਾ ਉਪਦੇਸ਼ ਦਿੰਦਾ ਹੈ। ਦੇਖੋ :

ਭੇਖ ਕਾ ਜੋਗੀ ਨਾ ਮੈਂ ਕਹਾਉਂ।
ਆਤਮਾ ਕਾ ਜੋਗੀ ਚਰਪਟ ਨਾਉਂ।
ਦਿਹੈਂ ਭਿਖਿਆ ਰਾਤੀਂ ਰਸੁ ਭੋਗ।
ਚਰਪਟ ਕਹੈ ਗਵਾਇਆ ਜੋਗ।

2.6.1 **ਚੌਰੰਗੀ ਨਾਥ**

ਚੌਰੰਗੀ ਨਾਥ ਅਤੇ ਪੂਰਨ ਭਗਤ ਇਕ ਹੀ ਸ਼ਖਸੀਅਤ ਦੇ ਦੋ ਨਾਮ ਹਨ। ਪੰਜਾਬ ਦੇ ਲੋਕ-ਸਾਹਿੱਤ ਵਿਚ ਉਸਨੂੰ ਗੋਰਖ ਨਾਥ ਦਾ ਸ਼ਿਸ਼ ਮੰਨਿਆ ਗਿਆ ਹੈ। ਉਹ ਮੌਜੂਦਾ ਸਿਆਲਕੋਟ, ਸਕਲਾ ਜਾਂ ਸੰਗਲਦੀਪ ਦੇ ਰਾਜੇ ਸਲਵਾਨ ਦਾ ਪੁੱਤਰ ਸੀ, ਜਿਸ ਬਾਰੇ ਲੋਕ-ਸਾਹਿੱਤ ਅਤੇ ਕਿੱਸਾ ਕਾਵਿ ਵਿਚ ਬਹੁਤ ਸਾਰੇ ਹਵਾਲੇ ਮਿਲਦੇ ਹਨ। ਸ੍ਰੀ ਅਯੋਧਿਆ ਸਿੰਹ ਉਪਾਧਿਆਇ ਉਸ ਨੂੰ ਪੂਰਨ ਭਗਤ ਦਾ ਵੱਡਾ ਭਰਾ ਮੰਨਦਾ ਹੈ। (ਹਿੰਦੀ ਭਾਸ਼ਾ ਔਰ ਸਾਹਿੱਤ ਕਾ ਇਤਿਹਾਸ) ਤਿੱਬਤੀ ਪਰੰਪਰਾ ਅਨੁਸਾਰ ਚੌਰੰਗੀ ਨਾਥ (ਚਤੁਰੰਗ ਨਾਥ) ਗੋਰਖ ਦਾ ਗੁਰਭਾਈ ਸੀ। ਚੌਰੰਗੀ ਨਾਥ ਦੀ ਕਹੀ ਜਾਣ ਵਾਲੀ ਇਕ ਕਾਵਿ-ਰਚਨਾ ਜੋ ਪੱਟੀ (ਅੰਮ੍ਰਿਤਸਰ) ਦੇ ਇਕ ਜੈਨ ਮੰਦਰ ਤੋਂ ਪ੍ਰਾਪਤ ਹੋਈ ਹੈ, ਅਨੁਸਾਰ ਚੌਰੰਗੀ ਨਾਥ, ਰਾਜੇ ਸਲਵਾਨ ਦਾ ਪੁੱਤਰ ਸੀ, ਗੋਰਖ ਨਾਥ ਦਾ ਗੁਰਭਾਈ ਸੀ ਅਤੇ ਮਛੰਦਰ ਨਾਥ ਦਾ ਸ਼ਿਸ਼ ਸੀ। ਇਸ ਰਚਨਾ ਵਿਚ ਪੂਰਨ ਭਗਤ ਦੀ ਕਹਾਣੀ ਵੀ ਅੰਕਿਤ ਹੈ, ਜਿਸ ਅਨੁਸਾਰ ਮਤਰੇਈ ਮਾਂ ਦੀ ਵਧੀਕੀ ਕਾਰਨ ਪੂਰਨ ਦੇ ਹੱਥ-ਪੈਰ ਕੱਟ ਕੇ ਉਸ ਨੂੰ ਖੂਹ ਵਿਚ ਸੁੱਟ ਦਿੱਤਾ ਗਿਆ ਸੀ ਅਤੇ ਮਛੰਦਰ ਨਾਥ ਦੀ ਕ੍ਰਿਪਾ ਸਦਕਾ ਉਸਦੇ ਹੱਥ-ਪੈਰ ਸਲਾਮਤ ਹੋ ਗਏ ਸਨ। ਚੌਰੰਗੀ ਨਾਥ ਦੀ ਬਾਣੀ ਵਿਚ ਕੁਝ ਸਲੋਕ ਜਾਂ ਸ਼ਬਦ ਪ੍ਰਾਪਤ ਹੁੰਦੇ ਹਨ। ਉਦਾਹਰਣ ਲਈ ਦੇਖੋ :

ਮਾਰਿਬਾ ਤੋ ਮਨ ਮਾਰਿਬਾ ਲੂਟਿਬਾ ਪਵਨ ਭੰਡਾਰ।
ਸਾਧਿਬਾ ਤੋ ਪੰਚ ਤਤ ਸਾਧਿਬਾ ਸੋਇਬਾ ਤੋ ਨਿਰੰਜਨ ਨਿਰੰਕਾਰ।
ਮਾਲੀ ਲੌ ਮਲ ਮਾਲੀ ਲੌ ਸੀਂਚੇ ਸਹਜ ਕਿਆਰੀ।
ਉਨਮਨਿ ਕਲਾ ਏਕ ਪਹੂਪਨਿ ਪਾਇਲੇ ਆਵਾਗਵਨ ਨਿਆਰੀ।

2.7.1 **ਰਤਨ ਨਾਥ**

ਰਤਨ ਨਾਥ ਦਾ ਜੀਵਨ ਕਾਲ ਦਸਵੀਂ ਤੋਂ ਬਾਰ੍ਹਵੀਂ ਸਦੀ ਦੇ ਦਰਮਿਆਨ ਮੰਨਿਆ ਗਿਆ ਹੈ। ਉਸ ਦੇ ਜਨਮ ਸਥਾਨ ਬਾਰੇ ਕਈ ਮਤਿ ਪ੍ਰਚਲਿਤ ਹਨ। ਕੁਝ ਵਿਦਵਾਨਾ ਅਨੁਸਾਰ ਉਹ ਬਠਿੰਡਾ ਦਾ ਵਸਨੀਕ ਸੀ। ਕੁਝ ਹੋਰ ਵਿਦਵਾਨ ਉਸ ਨੂੰ ਨੇਪਾਲ ਦਾ ਕਸ਼ੱਤਰੀ ਰਾਜਕੁਮਾਰ ਮੰਨਦੇ ਹਨ। ਰਤਨ ਨਾਥ ਨਾਲ ਸੰਬੰਧਿਤ ਕੁਝ ਯਾਦਗਾਰਾਂ ਪਿਸ਼ਾਵਰ, ਜਲਾਲਾਬਾਦ, ਕੰਧਾਰ ਅਤੇ ਕਾਬਲ ਵਿਚ ਵੀ ਮੌਜੂਦ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਉਸ ਨੇ ਉੱਥੇ ਜਾ ਕੇ ਵੀ ਪ੍ਰਚਾਰ ਕੀਤਾ ਹੋਵੇਗਾ। ਉਸ ਨੂੰ ਹਾਜੀ ਪੀਰ ਬਾਬਾ ਰਤਨ ਨਾਥ ਕਿਹਾ ਜਾਂਦਾ ਹੈ। ਬਠਿੰਡੇ ਵਿਚ ਵੀ ਉਸਦਾ ਇਹੀ ਨਾਮ ਪ੍ਰਸਿੱਧ ਹੈ। ਉਹ ਹਿੰਦੂ ਅਤੇ ਮੁਸਲਮਾਨ, ਦੋਹਾਂ ਧਰਮਾਂ ਵਿਚ ਹਰਮਨ ਪਿਆਰਾ ਸੀ। ਉਸ ਦੁਆਰਾ ਰਚੇ ਗਏ ਗ੍ਰੰਥਾਂ ਵਿਚ 'ਕਾਫ਼ਰ ਬੋਧ' ਅਤੇ 'ਅਵਲਿ ਸਲੂਕ' ਦਾ ਜ਼ਿਕਰ ਆਉਂਦਾ ਹੈ। ਕਿਹਾ ਜਾਂਦਾ ਹੈ ਕਿ ਕਾਬਲ ਦਾ ਬਾਦਸ਼ਾਹ ਉਸਦਾ ਸ਼ਿਸ਼ ਹੋ ਗਿਆ ਸੀ। ਉਸ ਨੂੰ ਪ੍ਰੇਰਨਾ ਦੇ ਕੇ ਰਤਨ ਨਾਥ ਨੇ ਕਾਬਲ ਅਤੇ ਜਲਾਲਾਬਾਦ ਵਿਚ ਸ਼ਿਵਾਲਿਆਂ ਦੀ ਸਥਾਪਨਾ ਕਰਵਾਈ। ਰਤਨ ਨਾਥ ਦੀ ਰਚਨਾ ਦਾ ਇਕ ਨਮੂਨਾ ਦੇਖੋ :

ਰੂਪਾ ਮੁਹੰਮਦ ਸੋਨਾ ਖੁਦਾਈ।
ਦੁਹੂੰ ਵਿਚ ਦੁਨੀਆਂ ਗੋਤਾ ਖਾਈ।
ਹਮ ਤੌ ਨਿਰਾਲੰਭ ਬੈਠ ਦੇਖਤ ਰਹੈਂ।
ਐਸਾ ਏਕ ਸੁਖਨ ਬਾਬਾ ਰਤਨ ਹਾਜੀ ਕਹੈਂ।
ਹਮ ਤੋ ਧਨ ਤੈਂ ਨਿਆਰਾ ਰਹੈਂ।

2.7.2 ਰਤਨ ਨਾਥ ਤੋਂ ਬਾਅਦ ਨਾਥ ਸੰਪਰਦਾਇ ਵਿਚ ਕੋਈ ਅਜਿਹਾ ਸਿੱਧ-ਜੋਗੀ ਨਹੀਂ ਹੋਇਆ, ਜਿਸਨੇ ਪੰਜਾਬੀ ਸਾਹਿੱਤ ਨੂੰ ਕੋਈ ਵਿਸ਼ੇਸ਼ ਦੇਣ ਦਿੱਤੀ ਹੋਵੇ। ਉਂਜ ਭਰਥਰੀ ਨਾਥ, ਗੋਪੀ ਚੰਦ ਅਤੇ ਮੈਨਾਮਤੀ ਦਾ ਜ਼ਿਕਰ ਪੰਜਾਬੀ ਸਾਹਿੱਤ ਵਿਚ ਕਾਫ਼ੀ ਮਿਲਦਾ ਹੈ।

2.8.1 **ਬਾਬਾ ਫ਼ਰੀਦ ਸ਼ਕਰ-ਗੰਜ (1173-1266 ਈ.)**

ਬਾਬਾ ਸ਼ੇਖ਼ ਫ਼ਰੀਦ ਨੂੰ ਪੰਜਾਬੀ ਸਾਹਿੱਤ ਦਾ ਆਦਿ ਕਵੀ ਮੰਨਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਤੋਂ ਪੁਰਾਣੇ ਕਿਸੇ ਪੰਜਾਬੀ ਕਵੀ ਦੀ ਰਚਨਾ ਪ੍ਰਮਾਣਿਕ ਰੂਪ ਵਿਚ ਸਾਡੇ ਤੱਕ ਨਹੀਂ ਪਹੁੰਚੀ। ਫ਼ਰੀਦ ਜੀ ਦੀ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ, ਪਾਕਪਟਨ ਦੀ ਗੱਦੀ ਉਪਰ ਬੈਠੇ ਉਨ੍ਹਾਂ ਦੇ ਇਕ ਮੁਰੀਦ ਅਤੇ ਚਿਸ਼ਤੀ ਸੰਪਰਦਾਇ ਦੇ ਸੰਚਾਲਕ ਹਜ਼ਰਤ ਇਬਰਾਹੀਮ (ਸ਼ੇਖ਼ ਬ੍ਰਹਮ) ਪਾਸੋਂ ਇਕੱਤਰ ਕਰ ਲਿਆ ਸੀ ਅਤੇ ਬਾਅਦ ਵਿਚ ਇਸ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਆਦਿ ਬੀੜ' (1604 ਈ.) ਵਿਚ ਸੰਗ੍ਰਹਿਤ ਕਰ ਦਿੱਤਾ ਸੀ। ਇਸ ਬਾਣੀ ਵਿਚ ਕੁਲ 130 ਸਲੋਕ ਅਤੇ ਚਾਰ ਸ਼ਬਦ ਹਨ। 130 ਸਲੋਕਾਂ ਵਿਚੋਂ 18 ਸਲੋਕ ਵੱਖ-ਵੱਖ ਸਿੱਖ ਗੁਰੂ ਸਾਹਿਬਾਨ ਦੀ ਰਚਨਾ ਹਨ। ਇਸ ਪ੍ਰਕਾਰ 'ਆਦਿ ਬੀੜ' ਵਿਚ ਆਪਦੇ ਕੁਲ 112 ਸਲੋਕ ਅਤੇ 4 ਸ਼ਬਦ ਸੰਗ੍ਰਹਿਤ ਹਨ।

2.8.2 ਬਾਬਾ ਸ਼ੇਖ ਫ਼ਰੀਦ ਦੇ ਪੂਰਵਜ਼ ਬਾਰ੍ਹਵੀਂ ਸਦੀ ਦੇ ਮੱਧ ਵਿਚ ਕਾਬਲ ਤੋਂ ਪੰਜਾਬ ਆਏ ਸਨ ਕਿਉਂਕਿ ਤੁਰਕਾਂ ਦੇ ਨਿਰੰਤਰ ਹੋਣ ਵਾਲੇ ਹਮਲਿਆਂ ਦੇ ਕਾਰਨ ਕਾਬਲ ਦਾ ਖੇਤਰ ਕਾਫੀ ਗੜਬੜ ਵਾਲਾ ਹੋ ਗਿਆ ਸੀ। ਫ਼ਰੀਦ ਦੇ ਦਾਦਾ ਕਾਜ਼ੀ ਸ਼ੁਐਬ ਲਾਹੌਰ ਤੋਂ ਕਸੂਰ ਰਾਹੀਂ ਪਿੰਡ ਕੋਠੇਵਾਲ ਪਹੁੰਚੇ ਅਤੇ ਫ਼ਿਰ ਇੱਥੇ ਹੀ ਟਿਕ ਗਏ। ਇੱਥੇ ਹੀ 1173 ਈ. ਵਿਚ ਫ਼ਰੀਦ ਜੀ ਦਾ ਜਨਮ ਹੋਇਆ। ਆਪ ਦੇ ਪਿਤਾ ਦਾ ਨਾਮ ਜਮਾਲੁਦੀਨ ਸੁਲੇਮਾਨ ਅਤੇ ਮਾਤਾ ਦਾ ਨਾਮ ਬੀਬੀ ਮਰੀਅਮ ਸੀ। ਮਾਤਾ ਜੀ ਦੀ ਪ੍ਰੇਰਨਾ ਨਾਲ ਆਪ ਨੇ ਛੋਟੀ ਉਮਰ ਵਿਚ ਹੀ ਪਵਿੱਤਰ ਕੁਰਾਨ ਹਿਫ਼ਜ਼ ਕਰ ਲਿਆ ਸੀ। ਇਸ ਤੋਂ ਬਾਅਦ ਆਪ ਨੇ ਮੁਲਤਾਨ ਦੇ ਇਕ ਧਾਰਮਿਕ ਮਦਰੱਸੇ ਤੋਂ ਸਿੱਖਿਆ ਪ੍ਰਾਪਤ ਕੀਤੀ। ਉਨ੍ਹਾਂ ਦਿਨਾਂ ਵਿਚ ਮੁਲਤਾਨ ਉੱਤਰ-ਪੱਛਮੀ ਭਾਰਤ ਦੀ ਰਾਜਨੀਤੀ ਅਤੇ ਸਭਿਆਚਾਰ ਦਾ ਬਹੁਤ ਵੱਡਾ ਕੇਂਦਰ ਸੀ। ਅਰਬ, ਈਰਾਨ, ਈਰਾਕ ਅਤੇ ਅਫ਼ਗਾਨਿਸਤਾਨ ਵਿਚ ਮੌਲਵੀ ਅਤੇ ਸੂਫ਼ੀ ਦਰਵੇਸ਼ ਹੁਮ-ਹੁਮਾ ਕੇ ਉੱਥੇ ਪਹੁੰਚਦੇ ਸਨ। ਮੁਲਤਾਨ ਵਿਚ ਫ਼ਰੀਦ ਜੀ ਨੂੰ ਚਿਸ਼ਤੀ ਸਿਲਸਿਲੇ ਦੇ ਪ੍ਰਸਿੱਧ ਸੂਫ਼ੀ ਫ਼ਕੀਰ ਖ਼ੁਆਜਾ ਕੁਤਬੁੱਦੀਨ ਬਖ਼ਤਯਾਰ ਕਾਕੀ ਦੇ ਦਰਸ਼ਨ ਨਸੀਬ ਹੋਏ। ਆਪ ਕਾਕੀ ਜੀ ਦੇ ਸ਼ਾਗਿਰਦ ਬਣ ਗਏ। ਕਾਕੀਜੀ ਨੇ ਆਪ ਨੂੰ ਸਿੱਖਿਆ ਮੁਕੰਮਲ ਕਰਨ ਤੋਂ ਬਾਅਦ ਦਿੱਲੀ ਪਹੁੰਚਣ ਦਾ ਆਦੇਸ਼ ਦਿੱਤਾ ਕਿਉਂਕਿ ਕਾਕੀ ਜੀ ਦਾ ਟਿਕਾਣਾ ਦਿੱਲੀ ਵਿਚ ਸੀ।

2.8.2 ਦਿੱਲੀ ਪਹੁੰਚ ਕੇ ਆਪ ਕਾਕੀ ਜੀ ਦੇ ਜਮਾਅਤਖਾਨੇ (ਸੂਫ਼ੀ ਦਰਗਾਹ) ਦੇ ਇਕ ਪ੍ਰਸਿੱਧ ਸੂਫ਼ੀ ਦਰਵੇਸ਼ ਵਜੋਂ ਵਿਚਰਣ ਲੱਗੇ। ਇੱਥੇ ਰਹਿੰਦਿਆਂ ਹੋਇਆਂ ਆਪ ਨੇ ਹਠਯੋਗੀਆਂ ਵਾਂਗ ਕਠਿਨ ਸਾਧਨਾਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਿਸ ਕਾਰਨ ਆਪ ਦੀ ਪ੍ਰਸਿੱਧੀ ਦੂਰ-ਦੂਰ ਤਕ ਫ਼ੈਲ ਗਈ। 'ਸੀਅਰੁਲ ਔਲੀਆ' ਅਨੁਸਾਰ ਆਪ ਨੇ ਕਾਕੀ ਜੀ ਤੋਂ ਆਗਿਆ ਲੈ ਕੇ ਚਿੱਲਾ-ਏ-ਮਾਕੂਸ (ਖੂਹ ਵਿਚ ਚਾਲੀ ਦਿਨ ਪੁੱਠੇ ਲਟਕ ਕੇ ਤਪੱਸਿਆ ਕਰਨੀ) ਵੀ ਕੱਟਿਆ। ਜਦੋਂ ਫ਼ਰੀਦ ਜੀ ਨੇ ਮਹਿਸੂਸ ਕੀਤਾ ਕਿ ਦਿੱਲੀ ਵਿਖੇ ਉਨ੍ਹਾਂ ਦੀ ਲੋਕਪ੍ਰਿਅਤਾ ਬੰਦਗੀ ਅਤੇ ਸਾਧਨਾ ਦੇ ਰਸਤੇ ਵਿਚ ਰੁਕਾਵਟ ਪਾਉਂਦੀ ਹੈ ਤਾਂ ਆਪ ਹਾਂਸੀ ਚਲੇ ਗਏ। 1235 ਈ. ਵਿਚ ਕਾਕੀ ਜੀ ਸੁਰਗਵਾਸ ਹੋ ਗਏ। ਕਾਕੀ ਜੀ ਦੀ ਅੰਤਿਮ ਇੱਛਾ ਅਨੁਸਾਰ ਫ਼ਰੀਦ ਜੀ ਚਿਸ਼ਤੀ ਸਿਲਸਿਲੇ ਦੇ ਪੀਰ ਅਤੇ ਆਗੂ ਬਣ ਗਏ। ਪਰ ਆਪ ਦਿੱਲੀ ਵਿਚ ਨਹੀਂ ਰਹਿਣਾ ਚਾਹੁੰਦੇ ਸਨ। ਇਸ ਲਈ ਦਿੱਲੀ ਕੇਂਦਰ ਸ਼ੇਖ਼ ਬਦਰੁੱਦੀਨ ਨੂੰ ਸੌਂਪ ਕੇ ਅਜੋਧਨ (ਹੁਣ ਪਾਕਪਟਨ) ਵਿਖੇ ਆ ਟਿਕੇ ਅਤੇ ਆਪਣੇ ਅੰਤਿਮ ਸਮੇਂ ਤਕ ਇੱਥੇ ਹੀ ਨਿਵਾਸ ਕਰਦੇ ਰਹੇ। ਅਜੋਧਨ ਵਿਖੇ ਆਪ ਜਾਮੀ ਮਸਜਿਦ ਦੇ ਨੇੜੇ ਇਕ ਛੋਟੀ ਜਿਹੀ ਝੌਂਪੜੀ ਵਿਚ ਗੁਜ਼ਾਰਾ ਕਰਦੇ ਰਹੇ ਕਿਉਂਕਿ ਚਿਸ਼ਤੀ ਸਿਲਸਿਲੇ ਅਨੁਸਾਰ ਕਿਸੇ ਸੂਫ਼ੀ ਦਰਵੇਸ਼ ਦਾ ਇੱਟਾਂ-ਪਥਰਾਂ ਦੇ ਮਕਾਨ ਵਿਚ ਰਹਿਣਾ ਵਰਜਿਤ ਸੀ। 'ਫ਼ਵਾਇਦੁਲ ਫ਼ੁਆਦ' ਅਨੁਸਾਰ ਆਪ ਪਾਸ ਇਕ ਛੋਟੀ ਜਿਹੀ ਕੰਬਲੀ ਸੀ, ਜਿਹੜੀ ਰਾਤ ਸਮੇਂ ਮਸਾਂ ਹੀ ਆਪ ਦਾ ਸਰੀਰ ਢਕਦੀ ਸੀ। ਖ਼ੁਆਜਾ ਕੁਤਬੁੱਦੀਨ ਦੀ ਦਿੱਤੀ ਹੋਈ ਛੜੀ ਨੂੰ ਆਪ ਸਿਰਹਾਣੇ ਵਜੋਂ ਇਸਤੇਮਾਲ ਕਰਦੇ ਸਨ।

2.8.3 ਫ਼ਰੀਦ ਜੀ ਦੀ ਬਾਣੀ ਵਿਚ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੱਤਾ ਗਿਆ ਹੈ। ਆਪ ਇਸ ਦੁਨੀਆਂ ਦੇ ਕਾਰ-ਵਿਹਾਰ ਨੂੰ ਝੂਠਾ ਅਤੇ ਅਰਥਹੀਣ ਕਹਿੰਦੇ ਸਨ। ਆਪ ਫੁਰਮਾਉਂਦੇ ਸਨ ਕਿ ਮਨੁੱਖ ਨੂੰ ਆਪਣਾ

ਜੀਵਨ ਪ੍ਰਭੂ ਦੀ ਬੰਦਗੀ ਦੁਆਰਾ ਸਾਰਥਕ ਕਰ ਲੈਣਾ ਚਾਹੀਦਾ ਹੈ। ਆਪ ਪਰਮਾਤਮਾ ਨੂੰ ਸੱਚੀ ਮੁਹੱਬਤ ਕਰਨ ਦੀ ਪ੍ਰੇਰਨਾ ਦਿੰਦੇ ਸਨ। ਸੱਚੀ ਮੁਹੱਬਤ ਮਨੁੱਖ ਨੂੰ ' ਸਚਿਆਰ' ਬਣਾ ਦਿੰਦੀ ਹੈ। ਪਰ ਇਸ ਦੇ ਉਲਟ ਚਲਦੇ ਹੋਏ ਦੁਨੀਆਂ ਦਾਰ ਕਿਸਮ ਦੇ ਲੋਕ ਕੋਠੀਆਂ, ਮੰਡਪ-ਮਾੜੀਆਂ ਅਤੇ ਧਨ-ਦੌਲਤ ਨਾਲ ਚਿੱਤ ਲਾ ਬੈਠਦੇ ਹਨ। ਅਜਿਹੇ ਲੋਕ ਕੂੜਾ ਸੌਦਾ ਕਰਦੇ ਹਨ। ਅੰਤ ਵਿਚ ਪਰਮਾਤਮਾ ਦੀ ਦਰਗਾਹ ਵਿਚ ਜਾ ਕੇ ਉਨ੍ਹਾਂ ਨੂੰ ਪਛਤਾਉਂਣਾ ਪੈਂਦਾ ਹੈ। ਸੱਚੀ ਮੁਹੱਬਤ ਦੀ ਪਰਿਭਾਸ਼ਾ ਦਿੰਦੇ ਹੋਏ ਆਪ ਫੁਰਮਾਉਂਦੇ ਹਨ :

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥੧॥ਰਹਾਉ॥

2.8.4 ਬਾਬਾ ਫ਼ਰੀਦ ਜੀ ਵਿਅਕਤੀ ਨੂੰ ਸਮਝਾਉਂਦੇ ਹਨ ਕਿ ਉਸ ਦੇ ਜੀਵਨ ਦੀਆਂ ਘੜੀਆਂ ਗਿਣੀਆਂ-ਮਿਥੀਆਂ ਹਨ। ਕੋਈ ਵੀ ਆਦਮੀ ਸਦਾ ਲਈ ਇਸ ਦੁਨੀਆਂ ਵਿਚ ਨਹੀਂ ਰਹਿ ਸਕਦਾ। ਰੱਬ ਨੇ ਬੰਦੇ ਦੇ ਇਸ ਦੁਨੀਆਂ ਵਿਚੋਂ ਚਲੇ ਜਾਣ (ਮਰ ਜਾਣ) ਦਾ ਦਿਨ ਪਹਿਲਾਂ ਹੀ ਮਿਥ ਰੱਖਿਆ ਹੈ : ਜਿਤੁ ਦਿਹਾੜੇ ਧਨ ਵਰੀ ਸਾਹੇ ਲਏ ਲਿਖਾਇ ॥ ਇਸ ਦਿਨ ਨੂੰ ਅੱਗੇ ਪਿੱਛੇ ਨਹੀਂ ਕੀਤਾ ਜਾ ਸਕਦਾ। ਜਿਹੜਾ ਬੰਦਾ ਇਸ ਦੁਨੀਆਂ ਵਿਚ ਆ ਕੇ ਰੱਬ ਦੀ ਬੰਦਗੀ ਨਹੀਂ ਕਰਦਾ, ਸ਼ੁਭ ਅਮਲਾਂ ਉਪਰ ਨਹੀਂ ਚਲਦਾ, ਅੰਤਿਮ ਸਮੇਂ ਉਸ ਨੂੰ ਪਛਤਾਉਣਾ ਪੈਂਦਾ ਹੈ ਪਰ ਉਸ ਵਕਤ ਕੁਝ ਨਹੀਂ ਹੋ ਸਕਦਾ। ਇਸ ਲਈ ਬੰਦੇ ਨੂੰ ਚਾਹੀਦਾ ਹੈ ਕਿ ਉਹ ਜਵਾਨੀ ਵਿਚ ਹੀ ਰੱਬ ਦੀ ਬੰਦਗੀ ਕਰਨ ਲੱਗ ਜਾਵੇ। ਆਪ ਬਾਰ-ਬੰਦੇ ਨੂੰ ਮੌਤ ਦਾ ਡਰ ਦੇ ਕੇ ਭਗਤੀ ਦੇ ਮਾਰਗ ਉਪਰ ਚੱਲਣ ਦਾ ਸੰਦੇਸ਼ ਦਿੰਦੇ ਹਨ। ਆਪ ਦੇ ਸਲੋਕਾਂ ਵਿਚ ਮੌਤ ਦੀ ਭਿਆਨਕਤਾ ਅਤੇ ਰੱਬ ਵਲੋਂ ਦਿੱਤੀਆ ਜਾਣ ਵਾਲੀਆਂ ਸਜ਼ਾਵਾਂ ਬਾਰੇ ਬੜੇ ਵਿਸਤਾਰ ਨਾਲ ਹਦਾਇਤ ਕੀਤੀ ਗਈ ਹੈ। ਦੇਖੋ :

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰ ਗਵਾਇਆ ਸੰਮਿ॥
ਲੇਖਾ ਰਬ ਮੰਗੇਸੀਆ ਤੂ ਆਹੋ ਕੇਰੇ ਕੰਮਿ॥੩੮॥
ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
ਮੰਦੇ ਅਮਲ ਕਰੇਦਿਆਂ ਏਹ ਸਜਾਇ ਤਿਨਾਹ॥੪੯॥
ਫਰੀਦਾ ਮੰਡਪ ਮਾਲ ਨ ਲਾਇ ਮਰਗ ਸਤਾਣੀ ਚਿਤਿ ਧਾਰਿ॥
ਸਾਈ ਜਾਇ ਸਮਾਲਿ ਜਿਥੇ ਹੀ ਤੈ ਵੰਞਣਾ॥੫੮॥

2.8.5 ਫ਼ਰੀਦ ਜੀ ਦੀ ਬਾਣੀ ਵਿਚ ਪੰਜਾਬੀ ਸਭਿਆਚਾਰ ਦੀ ਬੜੀ ਸੱਚੀ-ਸੁੱਚੀ ਤਸਵੀਰ ਅੰਕਿਤ ਹੋਈ ਹੈ। ਆਪ ਨੇ ਆਪਣੇ ਸਮਕਾਲੀ ਪੰਜਾਬ ਦੀਆਂ ਫ਼ਸਲਾਂ, ਕੰਮ-ਧੰਦਿਆਂ ਅਤੇ ਰਹਿਣ-ਸਹਿਣ ਦਾ ਵਿਸਤਾਰ ਨਾਲ ਉਲੇਖ ਕੀਤਾ ਹੈ। ਆਪ ਨੇ ਤਿਲ, ਕਪਾਹ, ਕਮਾਦ ਅਤੇ ਕੋਧਰੇ ਦੀਆਂ ਫਸਲਾਂ ਦਾ ਜ਼ਿਕਰ ਕੀਤਾ ਹੈ। ਜੱਟ ਅਤੇ ਲੁਹਾਰ ਦੇ ਜੀਵਨ ਨਾਲ ਸੰਬੰਧਿਤ ਅਨੇਕ ਵੇਰਵੇ ਆਪ ਦੀ ਬਾਣੀ ਵਿਚ ਪੇਸ਼ ਹੋਏ ਹਨ। ਕੋਠੇ, ਮੰਡਪ ਅਤੇ ਮਾੜੀਆਂ ਦੇ ਨਾਲ-ਨਾਲ ਟੁੱਟੇ ਛੱਪਰਾਂ ਦਾ ਜ਼ਿਕਰ ਵੀ ਆਇਆ ਹੈ। ਵਾਣ ਦੇ ਮੰਜਿਆਂ ਬਾਰੇ ਜਾਣਕਾਰੀ ਮਿਲਦੀ ਹੈ, ਜਿਨ੍ਹਾਂ ਉਪਰ ਲੇਫ਼ ਵਿਛਾ ਕੇ ਪੰਜਾਬ ਦੇ ਲੋਕ ਸਰਦੀਆਂ ਦਾ ਮੌਸਮ ਗੁਜ਼ਾਰਦੇ ਸਨ। ਖਾਣ-ਪੀਣ ਨਾਲ ਸੰਬੰਧਿਤ ਸਮੱਗਰੀ ਵਿਚ ਸ਼ੱਕਰ, ਖੰਡ, ਘਿਉ, ਦੁੱਧ, ਸ਼ਹਿਦ, ਖਜੂਰ ਅਤੇ ਮਿਸਰੀ ਦਾ ਜ਼ਿਕਰ ਆਇਆ ਹੈ। ਪੰਜਾਬੀਆਂ ਦੇ ਪਹਿਰਾਵੇ ਅਤੇ ਹਾਰ-ਸ਼ਿੰਗਾਰ ਸੰਬੰਧੀ ਵੀ ਮਹੱਤਵਪੂਰਨ ਸੂਚਨਾਵਾਂ ਮਿਲਦੀਆਂ ਹਨ। ਉਸ ਸਮੇਂ ਇਸਤ੍ਰੀਆਂ ਕੱਜਲੇ ਦੀ ਧਾਰੀ ਨਾਲ ਆਪਣੇ ਨੈਣਾਂ ਦਾ ਸ਼ਿੰਗਾਰ ਕਰਦੀਆਂ ਸਨ। ਸਾਧਾਰਣ ਲੋਕ ਅਤੇ ਫ਼ਕੀਰ ਉੱਨ ਦੇ ਕਪੜੇ ਪਹਿਨਦੇ ਸਨ ਅਤੇ ਕੋਈ-ਕੋਈ ਧਨਾਢ ਵਿਅਕਤੀ ਪੱਟ (ਰੇਸ਼ਮ) ਵੀ ਪਹਿਨ ਲੈਂਦਾ ਸੀ। ਸਰਦੀਆਂ ਵਿਚ ਲੋਕ ਕੰਬਲ ਦੀਆਂ ਬੁੱਕਲਾਂ ਮਾਰ ਕੇ ਆਪਣੇ ਆਪ ਨੂੰ ਸਰਦੀ ਤੋਂ ਬਚਾਉਂਦੇ ਸਨ। ਮਰਦ ਲੋਕ ਪਗੜੀ ਨੂੰ ਆਪਣੀ ਸ਼ਾਨ ਸਮਝਦੇ ਸਨ ਅਤੇ ਇਸ ਨੂੰ ਮੈਲੀ ਨਹੀਂ ਸਨ ਹੋਣ ਦਿੰਦੇ। ਆਪ ਨੇ ਪੰਜਾਬ ਦੇ ਸਰੋਵਰਾਂ, ਛੱਪੜਾਂ, ਖੂਹਾਂ ਅਤੇ ਦਰਿਆਵਾਂ ਸੰਬੰਧੀ ਵੀ ਕਾਫ਼ੀ ਕੁਝ ਲਿਖਿਆ ਹੈ। ਬਾਰਿਸ਼ ਦੇ ਦਿਨਾਂ ਵਿਚ ਗਲੀਆਂ ਵਿਚ ਚਿੱਕੜ ਹੋ ਜਾਂਦਾ ਸੀ। ਫ਼ਰੀਦ ਜੀ ਨੇ ਪੰਜਾਬ ਦੇ ਪਸ਼ੂ-ਪੰਛੀਆਂ ਵਿਚ ਮੱਝ, ਕੁੱਤੇ, ਕੋਇਲ,

ਕੂੰਜ, ਕਾਂ, ਹੰਸ, ਬਗਲੇ ਅਤੇ ਬਾਜ਼ ਬਾਰੇ ਜਾਣਕਾਰੀ ਦਿੱਤੀ ਹੈ।

2.8.6 ਫ਼ਰੀਦ ਜੀ ਨੇ ਪੰਜਾਬੀ ਸਾਹਿੱਤ, ਸਮਾਜ ਅਤੇ ਸਭਿਆਚਾਰ ਉਪਰ ਬੜਾ ਨਿਰਣੈਕਾਰੀ ਪ੍ਰਭਾਵ ਪਾਇਆ। ਪੰਜਾਬੀ ਸਭਿਆਚਾਰ ਨੂੰ ਸਰਬ-ਸਾਂਝਾ, ਉਦਾਰ ਅਤੇ ਮਾਨਵਤਾਵਾਦੀ ਬਣਾਉਣ ਵਿਚ ਆਪ ਦੀ ਬਾਣੀ ਨੇ ਅਹਿਮ ਦੇਣ ਦਿੱਤੀ ਹੈ। ਸੱਚ ਤਾਂ ਇਹ ਹੈ ਕਿ ਉੱਤਰ-ਫ਼ਰੀਦ ਯੁਗ ਦੀ ਕੋਈ ਸਭਿਆਚਾਰ-ਸੰਸਥਾ ਅਤੇ ਸਾਹਿਤਿਕ ਰੂੜ੍ਹੀ ਫ਼ਰੀਦ ਜੀ ਦੇ ਪ੍ਰਭਾਵ ਤੋਂ ਨਿਰਲੇਪ ਨਹੀਂ ਹੈ। ਆਪ ਪੰਜਾਬੀ ਸਾਹਿੱਤ ਦੇ ਇਕ ਮਹਾਨ ਕਵੀ ਅਤੇ ਸ਼ਿਰੋਮਣੀ ਦਰਵੇਸ਼ ਸਨ।

### 2.9.1 ਲੋਕ-ਸਾਹਿੱਤ

ਪੂਰਵ ਨਾਨਕ ਕਾਲ ਦੇ ਲੋਕ ਪੜ੍ਹਨ-ਲਿਖਣ ਦੀ ਕਲਾ ਤੋਂ ਅਪਰਿਚਿਤ ਸਨ। ਉਸ ਵਕਤ ਪੜ੍ਹਾਈ-ਲਿਖਾਈ ਰਿਸ਼ੀਆਂ-ਮੁਨੀਆਂ ਦੇ ਆਸ਼ਰਮਾਂ ਅਤੇ ਮੰਦਰਾਂ-ਮਸੀਤਾਂ ਵਿਚ ਦਿੱਤੀ ਜਾਂਦੀ ਸੀ। ਸਿੱਖ ਧਰਮ ਅਜੇ ਤਕ ਪੈਦਾ ਨਹੀਂ ਸੀ ਹੋਇਆ, ਇਸ ਕਾਰਨ ਗੁਰਦੁਆਰੇ ਨਹੀਂ ਸਨ ਬਣੇ। ਪਰ ਪੜ੍ਹਾਈ-ਲਿਖਾਈ ਦੀ ਵਿਵਸਥਾ ਆਮ ਲੋਕਾਂ ਲਈ ਨਹੀਂ ਸੀ। ਉਹ ਲੋਕ ਹੀ ਪੜ੍ਹਾਈ ਕਰਦੇ ਸਨ, ਜਿਨ੍ਹਾਂ ਨੇ ਵੱਡੇ ਹੋ ਕੇ ਪ੍ਰੋਹਿਤ, ਕਾਜ਼ੀ ਜਾਂ ਮੁੱਲਾਂ ਆਦਿਕ ਬਣਨਾ ਹੁੰਦਾ ਸੀ। ਰਾਜਿਆਂ ਅਤੇ ਜਾਗੀਰਦਾਰਾਂ ਦੇ ਬੱਚੇ ਵੀ ਪੜ੍ਹ ਲੈਂਦੇ ਸਨ ਕਿਉਂਕਿ ਉਨ੍ਹਾਂ ਲਈ ਪੜ੍ਹਾਈ ਦਾ ਵਿਸ਼ੇਸ਼ ਪ੍ਰਬੰਧ ਹੁੰਦਾ ਸੀ। ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਨੂੰ ਸ਼ਸਤਰ-ਵਿੱਦਿਆ ਵੀ ਸਿਖਾਈ ਜਾਂਦੀ ਸੀ, ਜੋ ਅੱਗੇ ਜਾ ਕੇ ਯੁੱਧ ਕਰਨ ਅਤੇ ਰਾਜਗੱਦੀ ਸੰਭਾਲਣ ਲਈ ਉਨ੍ਹਾਂ ਦੇ ਕੰਮ ਆਉਂਦੀ ਸੀ। ਕਿਸਾਨਾਂ ਅਤੇ ਕਾਮਿਆਂ ਲਈ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ। ਉਹ ਜਿਵੇਂ ਹੀ ਸੁਰਤ ਸੰਭਾਲਦੇ ਸਨ, ਪਸ਼ੂਆਂ ਦੀ ਦੇਖ-ਭਾਲ ਕਰਨ ਲੱਗਦੇ ਸਨ ਅਤੇ ਵੱਡੇ ਹੋ ਕੇ ਖੇਤੀਬਾੜੀ ਜਾਂ ਹੋਰ ਪਿਤਾਪੁਰਖੀ ਧੰਦੇ ਕਰ ਕੇ ਆਪਣੇ ਲਈ ਰੋਜ਼ੀ-ਰੋਟੀ ਕਮਾਉਣ ਲਗਦੇ ਸਨ। ਇਸ ਕਾਰਨ ਉਨ੍ਹਾਂ ਦਿਨਾਂ ਵਿਚ ਸਾਹਿੱਤ-ਰਚਨਾ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਸੀ।

2.9.2 ਪਰੰਤੂ ਆਰਥਿਕ ਦਬਾਵਾਂ ਦੇ ਬਾਵਜੂਦ ਲੋਕ ਆਪਣੇ-ਆਪਣੇ ਤਿਉਹਾਰ ਅਤੇ ਵਿਆਹ-ਸ਼ਾਦੀਆਂ ਦੇ ਸੰਸਕਾਰ ਬੜੇ ਚਾਵਾਂ-ਮਲਾਰਾਂ ਨਾਲ ਮਨਾਉਂਦੇ ਸਨ। ਇਨ੍ਹਾਂ ਤਿਉਹਾਰਾਂ ਅਤੇ ਸੰਸਕਾਰਾਂ ਸਮੇਂ ਧਾਰਮਿਕ ਮੰਤਰਾਂ ਦੇ ਨਾਲ-ਨਾਲ ਲੋਕ ਗੀਤ ਵੀ ਗਾਏ ਜਾਂਦੇ ਸਨ। ਇਨ੍ਹਾਂ ਗੀਤਾ ਦੀ ਰਚਨਾ ਖੇਤਾਂ ਵਿਚ ਪਸ਼ੂ ਚਾਰਨ ਵਾਲੇ ਆਜੜੀ ਮੁੰਡੇ ਅਤੇ ਕਿਸਾਨ ਆਪਣੇ ਨੀਰਸ ਜੀਵਨ ਵਿਚ ਰੰਗ ਭਰਨ ਲਈ ਕਰ ਲੈਂਦੇ ਸਨ। ਘਰਾਂ ਵਿਚ ਕੰਮ ਕਰਦੀਆਂ ਹੋਈਆਂ ਕੁੜੀਆਂ-ਚਿੜੀਆਂ ਅਤੇ ਹੋਰ ਸੁਆਣੀਆਂ ਵੀ ਛੋਟੇ-ਛੋਟੇ ਗੀਤ ਰਚ ਕੇ ਆਪਣਾ ਮਨੋਰੰਜਨ ਕਰ ਲੈਂਦੀਆਂ ਸਨ। ਪੰਜਾਬ ਵਿਚ ਮਿਰਾਸੀ ਅਤੇ ਡੂਮ ਜਾਤੀ ਦੇ ਲੋਕ ਆਪਣੇ ਜਜਮਾਨਾਂ ਦੀ ਉਸਤਤਿ ਵਿਚ ਗੀਤ ਗਾ ਕੇ ਉਨ੍ਹਾਂ ਤੋਂ ਇਨਾਮ ਲੈਂਦੇ ਸਨ। ਇਨ੍ਹਾਂ ਲੋਕਾਂ ਨੇ ਵੀ ਸਾਹਿੱਤ ਰਚਨਾ ਵਿਚ ਵੱਡਾ ਯੋਗਦਾਨ ਪਾਇਆ ਸੀ। ਪਰ ਇਹ ਲੋਕਗੀਤ ਕਿਸੇ ਇਕ ਵਿਅਕਤੀ ਦੀ ਸੰਪਤੀ ਨਹੀਂ ਸਨ ਹੁੰਦੇ। ਪੀੜ੍ਹੀ-ਦਰ-ਪੀੜ੍ਹੀ ਇਹ ਆਮ ਲੋਕਾਂ ਵਿਚ ਗਾਏ ਜਾਂਦੇ ਸਨ। ਹਰ ਪੀੜ੍ਹੀ ਆਪਣੀ ਲੋੜ ਅਨੁਸਾਰ ਇਨ੍ਹਾਂ ਨੂੰ ਬਦਲ ਲੈਂਦੀ ਸੀ ਕਿਉਂਕਿ ਇਹ ਕਿਸੇ ਵੀ ਪੀੜ੍ਹੀ ਵਲੋਂ ਲਿਖ ਕੇ ਨਹੀਂ ਸਨ ਰੱਖੇ ਜਾਂਦੇ। ਇਸੇ ਕਾਰਨ ਸਾਹਿੱਤ ਦੇ ਇਸ ਰੂਪ ਨੂੰ ਲੋਕ-ਸਾਹਿੱਤ ਦੀ ਵੰਨਗੀ ਵਿਚ ਰੱਖਿਆ ਜਾਂਦਾ ਹੈ। ਇਸ ਵੰਨਗੀ ਦੇ ਸਾਹਿੱਤ ਵਿਚ ਲੋਕਗੀਤ, ਲੋਰੀਆਂ, ਬੁਝਾਰਤਾਂ, ਅਖਾਉਤਾਂ, ਵੈਣ (ਅਲਾਹਣੀਆਂ) ਅਤੇ ਲੋਕ-ਵਾਰਾਂ ਨੂੰ ਰੱਖਿਆ ਜਾਂਦਾ ਹੈ।

### 2.9.3 ਲੋਕਗੀਤ

ਪੰਜਾਬੀ ਵਿਚ ਲੋਕਗੀਤਾਂ ਦੀ ਇਕ ਬੜੀ ਅਮੀਰ ਅਤੇ ਵੰਨਸੁਵੰਨੀ ਪਰੰਪਰਾ ਹੈ। ਪੰਜਾਬ ਵਿਚ ਹਰ ਸਥਿਤੀ ਅਤੇ ਸੰਸਕਾਰ ਲਈ ਬੇਸ਼ੁਮਾਰ ਗੀਤ ਪ੍ਰਚਲਿਤ ਹਨ। ਲੋਕਗੀਤਾਂ ਦੀ ਇਹ ਪਰੰਪਰਾ ਬੱਚੇ ਦੇ ਜਨਮ ਲੈਣ ਨਾਲ ਸ਼ੁਰੂ ਹੋ ਜਾਂਦੀ ਹੈ। ਬੱਚੇ ਨੂੰ ਖਿਡਾਉਣ ਲਈ ਲੋਰੀਆਂ ਆਦਿ ਦਿੱਤੀਆਂ ਜਾਂਦੀਆਂ ਸਨ। ਜਿਵੇਂ :

ਸੌਂ ਜਾ ਕਾਕਾ ਤੂੰ,
ਤੇਰੇ ਕੇਸੀ ਪੈ ਗਈ ਜੂੰ।
ਕੱਢਣ ਵਾਲੀਆਂ ਮਾਸੀਆਂ,
ਕਢਾਉਣ ਵਾਲਾ ਤੂੰ।

2.9.4 ਛੋਟੀਆਂ-ਛੋਟੀਆਂ ਕੁੜੀਆਂ ਖੇਡਣ ਸਮੇਂ ਆਪਣੀਆਂ ਖੇਡਾਂ ਨੂੰ ਰੋਚਕ ਬਣਾਉਣ ਲਈ ਕੁਝ ਗੀਤ ਵੀ ਜੋੜ ਲੈਂਦੀਆਂ ਸਨ। ਦੇਖੋ :

ਗਈ ਸਾਂ ਮੈਂ ਗੰਗਾ,

ਚੜ੍ਹਾ ਲਿਆਈ ਵੰਗਾਂ।
ਅਸਮਾਨੀ ਮੇਰਾ ਘੱਗਰਾ
ਮੈਂ ਕਿਹੜੀ ਕਿੱਲੀ ਟੰਗਾਂ।
ਨੀ ਮੈਂ ਐਸ ਕਿੱਲੀ ਟੰਗਾਂ,
ਨੀ ਮੈਂ ਔਸ ਕਿੱਲੀ ਟੰਗਾਂ।

**2.9.5. ਕਹਿ ਮੁਕਰਨੀਆਂ**

ਡਾ. ਪਰਮਿੰਦਰ ਸਿੰਘ ਨੇ ਲੋਕ-ਸਾਹਿੱਤ ਵਿਚ ਕਹਿ-ਮੁਕਰਨੀਆਂ ਨੂੰ ਵੀ ਸ਼ੁਮਾਰ ਕੀਤਾ ਹੈ। ਕਹਿ-ਮੁਕਰਨੀਆਂ ਇਸ ਵੰਨਗੀ ਦੀਆਂ ਬੁਝਾਰਤਾਂ ਹੁੰਦੀਆਂ ਹਨ, ਜਿਨ੍ਹਾਂ ਵਿਚ ਜਵਾਬ ਵੀ ਵਿਚ ਹੀ ਪਿਆ ਹੁੰਦਾ ਹੈ। (ਪੰਜਾਬੀ ਸਾਹਿੱਤ ਦਾ ਇਤਿਹਾਸ, ਪੰਨਾ 21) ਆਦਿ ਕਾਲ ਦੀਆਂ ਬਹੁਤ ਸਾਰੀਆਂ ਬੁਝਾਰਤਾਂ ਅਮੀਰ ਖੁਸਰੋ ਦੇ ਨਾਮ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਦੇ ਕੁਝ ਨਮੂਨੇ ਵੇਖੋ :

ਇਕ ਸੁਘੜ ਮੈਂ ਡਿੱਠੀ ਨਾਰੀ।
ਪੰਡਤਾਂ ਨੂੰ ਲੱਗੇ ਬਹੁਤ ਪਿਆਰੀ।
ਬੱਚੇ ਉਹਦੇ ਸੁੱਚੇ ਮੋਤੀ।
ਮਿੱਤਰ ਪਿਆਰੇ ਦੱਸ ਪੜ੍ਹ ਕੇ ਪੋਥੀ।

ਸ਼ਾਮ ਰਗ ਤੇ ਮਸਤਕ ਬੱਗਾ।
ਜਿਉ ਕ੍ਰਿਸ਼ਨ ਜੀ ਟਿੱਕਾ ਲੱਗਾ।
ਪਾਕ ਘਰ ਖੇਡਣ ਐਸੇ ਸ਼ਾਮ।
ਮਨ ਮਾਂਹ ਵਿਚਾਰੋ ਉਨ ਕਾ ਨਾਮ।

**2.9.6 ਬੁਝਾਰਤਾਂ**

ਬੁਝਾਰਤਾਂ ਵਿਚ ਕੋਈ ਅੜਾਉਣੀ ਜਾਂ ਪਹੇਲੀ ਪਾਈ ਜਾਂਦੀ ਹੈ। ਇਸ ਦਾ ਹੱਲ ਸਰੋਤੇ ਨੇ ਆਪ ਢੂੰਡਣਾ ਹੁੰਦਾ ਹੈ। ਬੁਝਾਰਤਾਂ ਬੱਚਿਆਂ ਦੀ ਬੁੱਧੀ ਨੂੰ ਤੇਜ਼ ਕਰਨ ਲਈ ਪੁੱਛੀਆਂ ਜਾਂਦੀਆਂ ਹਨ। ਜਿਵੇਂ :

(i) ਇਲੀ ਕੁ ਘੜੀ,
ਰਾਜਾ ਵੀ ਨਹਾਤਾ, ਰਾਣੀ ਵੀ ਨਹਾਤੀ
ਫਿਰ ਵੀ ਭਰੀ ਦੀ ਭਰੀ। (ਸੁਰਮੇਦਾਨੀ)

(ii) ਐਧਰ ਕਾਠ, ਓਧਰ ਕਾਠ,
ਵਿਚ ਬੈਠਾ ਜਗਨ ਨਾਥ। (ਬਦਾਮ)

(iii) ਹੱਥ ਲਾਇਆਂ ਉਹ ਮੈਲਾ ਹੋਵੇ,
ਮੂੰਹ ਲਾਇਆਂ ਉਹ ਹੱਸੇ। (ਸ਼ੀਸ਼ਾ)

**2.10.1 ਲੋਕ-ਵਾਰਾਂ**

ਵਾਰਾਂ, ਪੰਜਾਬੀ ਸਾਹਿੱਤ ਦਾ ਇਕ ਮਹੱਤਵਪੂਰਨ ਰੂਪ ਹਨ। ਇਨ੍ਹਾਂ ਵਿਚ ਵੀਰ-ਰਸ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਇਹ ਯੋਧਿਆਂ ਦੀ ਉਸਤਤਿ ਵਿਚ ਰਚੀਆਂ ਜਾਂਦੀਆਂ ਹਨ। ਪੰਜਾਬ ਦੀ ਉਪਜਾਊ ਧਰਤੀ ਉਪਰ ਪਿਛਲੇ ਸੈਂਕੜੇ ਵਰ੍ਹਿਆਂ ਤੋਂ ਹਮਲੇ ਹੁੰਦੇ ਰਹੇ ਹਨ। ਯੂਨਾਨੀ, ਹੂਣ, ਤੁਰਕ ਅਤੇ ਮੁਗ਼ਲ ਜਾਤੀਆਂ ਦੇ ਲੋਕ ਪੰਜਾਬੀ ਸੂਰਮਿਆਂ ਨਾਲ ਲੋਹਾ ਲੈਂਦੇ ਰਹੇ। ਪੰਜਾਬੀ ਸੂਰਮਿਆਂ ਦਾ ਹੌਸਲਾ ਅਤੇ ਉਤਸਾਹ ਵਧਾਉਣ ਲਈ ਆਦਿ ਕਾਲ ਤੋਂ ਲੈ ਕੇ ਆਧੁਨਿਕ ਕਾਲ ਤਕ ਇਹ ਵਾਰਾਂ ਰਚੀਆਂ ਜਾਂਦੀਆਂ ਰਹੀਆਂ ਹਨ। ਆਦਿ ਕਾਲ ਵਿਚ ਰਚੀਆਂ ਗਈਆਂ ਵਾਰਾਂ ਮੁਕੰਮਲ ਰੂਪ ਵਿਚ ਤਾਂ ਸਾਡੇ ਤਕ ਨਹੀਂ ਪਹੁੰਚੀਆਂ ਪਰ ਪੰਡਿਤ ਤਾਰਾ ਸਿੰਘ ਨਰੋਤਮ ਨੇ ਆਪਣੀ ਪੁਸਤਕ 'ਗੁਰਮਤਿ ਨਿਰਣੈ ਸਾਗਰ' ਵਿਚ ਛੇ ਵਾਰਾਂ ਦੇ ਕੁਝ ਨਮੂਨੇ ਜ਼ਰੂਰ ਦਿੱਤੇ ਹਨ। ਇਨ੍ਹਾਂ ਵਾਰਾਂ ਦੇ ਸਿਰਲੇਖ ਇਸ ਪ੍ਰਕਾਰ ਹਨ। ਸਿੱਖ ਗੁਰੂ ਸਾਹਿਬਾਨ ਨੇ ਆਪਣੀਆਂ ਅਧਿਆਤਮਕ ਵਾਰਾਂ ਦੀ ਰਚਨਾ ਇਨ੍ਹਾਂ ਵਾਰਾਂ ਦੀ ਧੁਨੀ ਉਪਰ ਕੀਤੀ ਸੀ। ਇਹ ਛੇ ਵਾਰਾਂ

ਇਸ ਪ੍ਰਕਾਰ ਹਨ :

(i) ਰਾਇ ਕਮਾਲ ਮਉਜ ਦੀ ਵਾਰ
(ii) ਟੁੰਡੇ ਅਸਰਾਜੇ ਦੀ ਵਾਰ
(iii) ਸਿਕੰਦਰ ਇਬਰਾਹੀਮ ਦੀ ਵਾਰ
(iv) ਲੱਲਾ ਬਹਿਲੀਮਾ ਦੀ ਵਾਰ
(v) ਹਸਨੇ ਮਹਿਮੇ ਦੀ ਵਾਰ
(vi) ਮੂਸੇ ਦੀ ਵਾਰ।

### 2.10.2 **ਫੁਟਕਲ ਰਚਨਾਵਾਂ**

ਇਸ ਕਾਲ ਵਿਚ ਪੰਜਾਬੀ ਸਾਹਿੱਤ ਦੇ ਕੁਝ ਹੋਰ ਰੂਪਾਂ ਨਾਲ ਸੰਬੰਧਿਤ ਫੁਟਕਲ ਰਚਨਾਵਾਂ ਵੀ ਜ਼ਰੂਰ ਹੋਈਆਂ ਹੋਣਗੀਆਂ ਪਰ ਇਨ੍ਹਾਂ ਦੇ ਨਮੂਨੇ ਸਾਡੇ ਤਕ ਨਹੀਂ ਪਹੁੰਚੇ। ਡਾ. ਮੋਹਨ ਸਿੰਘ ਦੀਵਾਨਾ ਨੇ 'ਪੁਸ਼ਯ' ਨਾਮ ਦੇ ਇਕ ਕਵੀ ਵੱਲ ਸੰਕੇਤ ਕੀਤਾ ਹੈ, ਜਿਸ ਨੇ 'ਸੱਸੀ ਪੁੰਨੂੰ' ਦਾ ਕਿੱਸਾ ਲਿਖਿਆ ਸੀ। ਇਸੇ ਪ੍ਰਕਾਰ ਉਸ ਦਾ ਖ਼ਿਆਲ ਹੈ ਕਿ ਅਮੀਰ ਖੁਸਰੋ ਨੇ ਮੁਹੰਮਦ ਤੁਗ਼ਲਕ ਦੀ ਇਕ ਵਾਰ ਲਿਖੀ ਸੀ। ਇਸ ਕਾਲ ਵਿਚ ਬਹੁਤ ਸਾਰੀਆਂ ਮਿਥਿਹਾਸਕ ਰਚਨਾਵਾਂ ਵੀ ਜ਼ਰੂਰ ਲਿਖੀਆਂ ਗਈਆਂ ਹੋਣਗੀਆਂ ਪਰ ਉਨ੍ਹਾਂ ਦੇ ਨਮੂਨੇ ਉਪਲਬਧ ਨਹੀਂ ਹਨ। ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਸ ਦੌਰ ਵਿਚ ਰਚੇ ਗਏ ਸਾਹਿੱਤ ਬਾਰੇ ਕੁਝ ਹੋਰ ਜਾਣਕਾਰੀ ਵੀ ਪ੍ਰਾਪਤ ਹੋ ਜਾਵੇ।

### 2.11 **ਨਿਸ਼ਕਰਸ਼ : ਸਮੁੱਚੀ ਝਾਤ**

* ਪੂਰਵ-ਨਾਨਕ ਕਾਲ ਵਿਚ ਪੰਜਾਬੀ ਸਾਹਿੱਤ ਦੀ ਇਕ ਨਿਸ਼ਚਿਤ ਪਰੰਪਰਾ ਹੋਂਦ ਵਿਚ ਆ ਚੁੱਕੀ ਸੀ। ਅਧਿਆਤਮਕ ਅਤੇ ਲੌਕਿਕ ਸਾਹਿੱਤ ਦੀਆਂ ਕਈ ਵੰਨਗੀਆਂ ਲਿਖੀਆਂ ਜਾ ਰਹੀਆਂ ਸਨ।
* ਨਾਥ-ਜੋਗੀਆਂ ਦਾ ਸਾਹਿੱਤ ਇਸ ਕਾਲ ਦੀ ਇਕ ਵਡਮੁੱਲੀ ਉਪਲਬਧੀ ਹੈ। ਇਸ ਵਿਚ ਭਾਰਤ ਦੀ ਦਾਰਸ਼ਨਿਕ ਪਰੰਪਰਾ ਅਤੇ ਨੈਤਿਕ ਸਿੱਖਿਆਵਾਂ ਮੂਰਤੀਮਾਨ ਹੋਈਆਂ ਹਨ।
* ਸ਼ੇਖ਼ ਫ਼ਰੀਦ ਜੀ ਨੇ ਬਾਰ੍ਹਵੀਂ ਸਦੀ ਵਿਚ ਸੂਫ਼ੀ ਕਾਵਿ ਦੀ ਰਚਨਾ ਕਰ ਕੇ ਠੇਠ ਪੰਜਾਬੀ ਵਿਚ ਕਾਵਿ-ਸਿਰਜਣਾ ਕਰਨ ਦਾ ਮੁੱਢ ਬੰਨ੍ਹ ਦਿੱਤਾ ਸੀ।
* ਪੰਜਾਬ ਦੀਆਂ ਲੋਕ-ਵਾਰਾਂ ਨੇ ਬੀਰ-ਰਸੀ ਕਾਵਿ ਦੀ ਅਮੀਰ ਪਰੰਪਰਾ ਨੂੰ ਜਨਮ ਦਿੱਤਾ। ਇਹ ਪਰੰਪਰਾ ਅਜ ਵੀ ਪੰਜਾਬੀਆਂ ਦੀ ਸਭ ਤੋਂ ਵੱਧ ਲੋਕ-ਪ੍ਰਿਅ ਪਰੰਪਰਾ ਹੈ।
* ਪੰਜਾਬੀ ਦਾ ਲੋਕ-ਸਾਹਿੱਤ ਇਸ ਕਾਲ ਦੀ ਇਕ ਹੋਰ ਵਡਮੁੱਲੀ ਪ੍ਰਾਪਤੀ ਹੈ। ਸਾਹਿੱਤ ਦੀ ਇਸ ਵੰਨਗੀ ਨੇ ਪੰਜਾਬੀ ਵਿਚ ਕਿੱਸਾ ਕਾਵਿ, ਵਾਰਾਂ, ਜੰਗਨਾਮਿਆਂ ਅਤੇ ਮਿੱਥ-ਕਥਾਵਾਂ ਨੂੰ ਜਨਮ ਦਿੱਤਾ। ਸਮੁੱਚੇ ਰੂਪ ਵਿਚ ਆਦਿ ਕਾਲ ਪੰਜਾਬੀ ਸਾਹਿੱਤ ਦਾ ਇਕ ਗੌਰਵਮਈ ਅਧਿਆਇ ਹੈ।

------

**ਪ੍ਰਸ਼ਨ**

(i) ਨਾਥ ਜੋਗੀਆਂ ਦੀ ਪਰੰਪਰਾ ਬਾਰੇ ਤੁਸੀਂ ਕੀ ਜਾਣਦੇ ਹੋ ?
(ii) ਸ਼ੇਖ਼ ਫ਼ਰੀਦ ਦੀ ਵਿਚਾਰਧਾਰਾ ਅਤੇ ਕਾਵਿ ਕਲਾ ਉਤੇ ਇਕ ਨੋਟ ਲਿਖੋ।
(iii) ਪੰਜਾਬੀ ਵਿਚ ਰਚੀਆਂ ਲੋਕ-ਵਾਰਾਂ ਬਾਰੇ ਜਾਣਕਾਰੀ ਦਿਉ।

ਪਾਠ ਨੰ: 1.3 - ਪ੍ਰੋ. ਬ੍ਰਹਮਜਗਦੀਸ਼ ਸਿੰਘ

## ਨਾਥ-ਜੋਗੀਆਂ ਦੀ ਪੰਜਾਬੀ ਸਾਹਿੱਤ ਨੂੰ ਦੇਣ

### 3.1 ਰੂਪ-ਰੇਖਾ

ਇਸ ਪਾਠ ਵਿਚ ਵਿਦਿਆਰਥੀਆਂ ਨੂੰ ਨਾਥ-ਜੋਗੀਆਂ ਦੁਆਰਾ ਰਚੇ ਸਾਹਿੱਤ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਪੰਜਾਬ ਵਿਚ ਨਾਥ ਜੋਗੀਆਂ ਦਾ ਬਹੁਤ ਪ੍ਰਭਾਵ ਰਿਹਾ ਹੈ। ਇਹ ਲੋਕ ਬੁੱਧ ਧਰਮ ਦੇ ਪ੍ਰਚਾਰਕ ਹੁੰਦੇ ਸਨ। ਭਾਰਤ ਵਿਚੋਂ ਹਿੰਦੂ ਰਾਜਿਆਂ ਦੇ ਪ੍ਰਭਾਵ ਅਧੀਨ ਬੁੱਧ ਧਰਮ ਲੋਪ ਹੋ ਗਿਆ ਸੀ ਪਰ ਅਜੇ ਵੀ ਪੰਜਾਬ, ਰਾਜਸਥਾਨ ਅਤੇ ਕੁਝ ਹੋਰ ਖੇਤਰਾਂ ਵਿਚ ਜੋਗੀ ਲੋਕ 'ਅਲੱਖ ਨਿਰੰਜਨ' ਦਾ ਪ੍ਰਚਾਰ ਕਰਦੇ ਹੋਏ ਘੁੰਮ-ਘਿਰ ਰਹੇ ਸਨ। ਇਨ੍ਹਾਂ ਜੋਗੀਆਂ ਉਪਰ ਕੁਝ ਪ੍ਰਭਾਵ ਹਿੰਦੂ ਸੰਨਿਆਸੀਆਂ ਦਾ ਵੀ ਸੀ। ਇਨ੍ਹਾਂ ਨੇ ਪੰਜਾਬ ਵਿਚ ਬਹੁਤ ਸਾਰੇ ਟਿਕਾਣੇ ਬਣਾ ਰੱਖੇ ਸਨ। ਪੰਜਾਬ ਦੇ ਲੋਕਾਂ ਵਿਚ ਇਨ੍ਹਾਂ ਦੀ ਬਹੁਤ ਮਾਨਤਾ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਥਾਂ-ਪੁਰ-ਥਾਂ ਇਨ੍ਹਾਂ ਜੋਗੀਆਂ ਬਾਰੇ ਹਵਾਲੇ ਮਿਲਦੇ ਹਨ। ਗੁਰੂ ਸਾਹਿਬ ਦੀ ਇਕ ਮਹਾਨ ਰਚਨਾ 'ਸਿਧ ਗੋਸਟਿ' ਤਾਂ ਪੂਰਨ ਰੂਪ ਵਿਚ ਇਨ੍ਹਾਂ ਜੋਗੀਆਂ ਦੇ ਕਰਮ-ਧਰਮ ਨੂੰ ਬਿਆਨ ਕਰਦੀ ਹੈ। ਇਨ੍ਹਾਂ ਜੋਗੀਆਂ ਵਿਚੋਂ ਕਈ ਸ਼ਿਰੋਮਣੀ ਨਾਥ, ਸਾਹਿੱਤ ਸਿਰਜਣਾ ਵੀ ਕਰਦੇ ਹਨ। ਇਨ੍ਹਾਂ ਸਿਰਜਣਾਵਾਂ ਦੁਆਰਾ ਪੰਜਾਬੀ ਸਾਹਿੱਤ ਦਾ ਮੁੱਢ ਬੱਝਦਾ ਹੈ। ਇਸ ਪਾਠ ਵਿਚ ਮਛੰਦਰ ਨਾਥ, ਜਲੰਧਰ ਨਾਥ, ਗੋਰਖ ਨਾਥ, ਚਰਪਟ ਨਾਥ ਅਤੇ ਚੌਰੰਗੀ ਨਾਥ ਆਦਿਕ ਜੋਗੀਆਂ ਦੀ ਵਿਚਾਰਧਾਰਾ ਅਤੇ ਬਾਣੀ ਬਾਰੇ ਜਾਣਕਾਰੀ ਦਿੱਤੀ ਗਈ ਹੈ।

### 3.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਪੰਜਾਬੀ ਸਾਹਿੱਤ ਦੇ ਆਦਿ ਕਾਲ ਨਾਲ ਸੰਬੰਧਿਤ ਨਾਥ-ਜੋਗੀਆਂ ਦੀ ਬਾਣੀ ਬਾਰੇ ਵਿਚਾਰ-ਚਰਚਾ ਕਰਨੀ ਹੈ। ਸਾਧਾਰਣ ਪਾਠਕਾਂ ਨੂੰ ਪੰਜਾਬੀ ਸਾਹਿੱਤ ਦੇ ਵਿਭਿੰਨ ਕਾਲਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਹੈ। ਉਨ੍ਹਾਂ ਨੂੰ ਪੰਜਾਬੀ ਸਾਹਿੱਤ ਦੀ ਪ੍ਰਾਚੀਨਤਾ ਬਾਰੇ ਬਹੁਤਾ ਇਲਮ ਨਹੀਂ ਹੈ। ਪਰ ਗਰੈਜੂਏਟ ਪੱਧਰ ਦੇ ਵਿਦਿਆਰਥੀਆਂ ਲਈ ਇਹ ਜਾਣਕਾਰੀ ਬੜੀ ਜ਼ਰੂਰੀ ਹੈ। ਇਸ ਜਾਣਕਾਰੀ ਨਾਲ ਉਨ੍ਹਾਂ ਨੂੰ ਆਪਣੀ ਭਾਸ਼ਾ ਦੇ ਸਾਹਿੱਤ ਦੀ ਕੀਰਤੀ ਬਾਰੇ ਬੋਧ ਹੁੰਦਾ ਹੈ। ਜਦੋਂ ਉਨ੍ਹਾਂ ਨੂੰ ਇਹ ਪਤਾ ਚਲਦਾ ਹੈ ਕਿ ਪੰਜਾਬੀ ਸਾਹਿੱਤ ਦਾ ਆਰੰਭ ਨੌਵੀਂ-ਦਸਵੀਂ ਈਸਵੀ ਵਿਚ ਹੋ ਗਿਆ ਸੀ ਅਤੇ ਇਸ ਸਮੇਂ ਤੱਕ ਵਿਸ਼ਵ ਦੀਆਂ ਬਹੁਤੀਆਂ ਆਧੁਨਿਕ ਭਾਸ਼ਾਵਾਂ ਅੰਗਰੇਜ਼ੀ ਅਤੇ ਫਰਾਂਸੀਸੀ ਆਦਿ ਵਿਚ ਸਾਹਿੱਤ-ਸਿਰਜਣਾ ਦਾ ਆਰੰਭ ਤੱਕ ਨਹੀਂ ਸੀ ਹੋਇਆ ਤਾਂ ਉਨ੍ਹਾਂ ਦੇ ਮਨ ਵਿਚ ਆਪਣੇ ਸਾਹਿੱਤ ਬਾਰੇ ਗੌਰਵਮਈ ਵਿਚਾਰ ਪੈਦਾ ਹੋ ਜਾਂਦੇ ਹਨ। ਇਸ ਤੋਂ ਬਿਨਾਂ ਨਾਥ-ਬਾਣੀ ਭਾਰਤ ਦੀ ਅਧਿਆਤਮਕ ਪਰੰਪਰਾ ਦਾ ਵੀ ਇਕ ਅਨਿੱਖੜ ਅੰਗ ਹੈ। ਸੋ ਇਸ ਬਾਰੇ ਮੁਢਲੀ ਜਾਣਕਾਰੀ ਹੋਣੀ ਬੜੀ ਜ਼ਰੂਰੀ ਹੈ। ਇਸ ਪ੍ਰਯੋਜਨ ਨੂੰ ਮੁਖ ਰੱਖ ਕੇ ਇਹ ਪਾਠ ਲਿਖਿਆ ਗਿਆ ਹੈ।

### 3.3.1 ਨਾਥ ਧਾਰਾ ਦਾ ਨਿਕਾਸ ਅਤੇ ਵਿਕਾਸ

ਨਾਥ ਧਾਰਾ ਦਾ ਨਿਕਾਸ ਭਾਵੇਂ ਬੋਧ-ਭਿਕਸ਼ੂਆਂ ਦੇ ਪ੍ਰਵਚਨਾਂ ਅਤੇ ਸਿੱਖਿਆਵਾਂ ਵਿਚੋਂ ਹੋਇਆ ਪਰ ਇਸ ਧਾਰਾ ਦਾ ਵਿਕਾਸ ਉੱਤਰੀ ਭਾਰਤ ਵਿਚੋਂ ਬੁੱਧ ਧਰਮ ਦਾ ਤਪ-ਤੇਜ ਘਟ ਜਾਣ ਪਿਛੋਂ ਹੀ ਹੋਇਆ। ਸਮਾਂ ਬੀਤਣ ਨਾਲ ਬੋਧ-ਭਿਕਸ਼ੂਆਂ ਵਿਚ ਨੈਤਿਕ ਗਿਰਾਵਟ ਆ ਗਈ ਸੀ। ਉਹ ਪਤਿਤ ਹੋ ਗਏ ਸਨ। ਉਸ ਸਮੇਂ ਬੁੱਧ ਮਤਿ ਦੀ ਮਹਾਯਾਨ ਸ਼ਾਖਾ ਦੇ ਦੋ ਰੂਪ ਹੋ ਗਏ ਸਨ : ਇਕ ਸਹਿਜਯਾਨ ਅਤੇ ਦੂਜਾ ਵਜਰਯਾਨ। ਸਹਿਜਯਾਨੀ ਬੋਧਾਂ ਦੀ ਸਾਧਨਾ, ਕਰਮ-ਕਾਂਡਾਂ ਦਾ ਵਿਰੋਧ ਕਰ ਕੇ ਸਰੀਰਕ ਸਾਧਨਾ ਜਾਂ ਪ੍ਰਾਣਾਯਾਮ ਰਾਹੀਂ ਈਸ਼ਵਰ ਦਾ ਬੋਧ ਕਰਵਾਉਂਦੀ ਸੀ ਜਦੋਂ ਕਿ ਵਜਰਯਾਨੀ ਪ੍ਰਣਾਲੀ ਯੋਗਿਕ ਕ੍ਰਿਆਵਾਂ-ਵ੍ਰਤ, ਤਪ ਅਤੇ ਜਪ ਦੇ ਨਾਲ-ਨਾਲ ਤਾਂਤ੍ਰਿਕ ਵਿਚਾਰਧਾਰਾ ਉਪਰ ਵੀ ਜ਼ੋਰ ਦਿੰਦੀ ਸੀ।


### 3.3.2 ਯੋਗ ਦਾ ਸੰਕਲਪ

ਵਿਆਕਰਣਕਾਰਾਂ ਅਨੁਸਾਰ 'ਯੋਗ' ਸ਼ਬਦ ਦੀ ਵਿਉਤਪਤੀ 'ਯੁਜ' ਧਾਤੂ ਤੋਂ ਹੋਈ ਹੈ, ਜਿਸਦੇ ਅਰਥ ਹਨ

ਜੋੜਨਾ। ਪਾਣਿਨੀ ਨੇ 'ਯੋਗ' ਸ਼ਬਦ ਦੇ ਤਿੰਨ ਅਰਥ ਦੱਸੇ ਹਨ : ਸੰਜੋਗ (ਜੁੜਨ ਦੇ ਅਰਥਾਂ ਵਿਚ), ਸੰਯਮਨ (ਬੰਨ੍ਹਣ ਦੇ ਅਰਥਾਂ ਵਿਚ) ਅਤੇ ਸਮਾਧੀ (ਇਕਸੁਰਤਾ ਦੇ ਅਰਥਾਂ ਵਿਚ)। ਇਹ ਸਾਰੇ ਅਰਥ ਵਿਅਕਤੀ ਦੀ ਹੋਂਦ ਨੂੰ ਪ੍ਰਭੂ ਵਿਚ ਅਭੇਦ ਕਰਨ ਦੀ ਪ੍ਰੇਰਨਾ ਦਿੰਦੇ ਹਨ। ਸੀਮਤ ਭਗਵਤ ਗੀਤਾ ਵਿਚ ਯੋਗ ਨੂੰ ਸਮਤਵ ਆਖਿਆ ਗਿਆ ਹੈ। ਕ੍ਰਿਸ਼ਨ ਜੀ ਅਰਜਨ ਨੂੰ ਉਪਦੇਸ਼ ਕਰਦੇ ਹੋਏ ਆਖਦੇ ਹਨ ਕਿ ਉਸਦਾ ਉਦੇਸ਼ ਨਿਰਸਵਾਰਥ ਹੋ ਕੇ ਆਪਣੇ ਕਰਤੱਵ ਦੀ ਪਾਲਣਾ ਕਰਨਾ ਹੈ। ਆਪਣੇ ਕਰਤੱਵ ਤੋਂ ਨੱਠਣਾ ਠੀਕ ਨਹੀਂ ਹੈ। ਖ਼ੁਸ਼ੀ ਅਤੇ ਗ਼ਮੀ ਵਿਚ ਇਹੋ ਸਮਤਵ ਹੀ ਯੋਗ ਹੈ। 'ਯੋਗ-ਵਸ਼ਿਸ਼ਟ' ਵਿਚ ਯੋਗ ਨੂੰ ਇੱਛਾਵਾਂ ਦੇ ਵਿਸ਼ੈਲੇ ਪ੍ਰਭਾਵ ਦਾ ਅੰਤ ਕਿਹਾ ਗਿਆ ਹੈ। ਡਾ. ਰਾਧਾ ਕ੍ਰਿਸ਼ਨਨ ਦੇ ਵਿਚਾਰ ਅਨੁਸਾਰ ਯੋਗ, ਵਿਅਕਤੀ ਨੂੰ ਪਦਾਰਥਾਂ ਦੇ ਮੋਹ ਤੋਂ ਮੁਕਤ ਕਰਦਾ ਹੈ। ਪਦਾਰਥ ਦਾ ਸਿਖਰਲਾ ਰੂਪ ਚਿੱਤ ਹੈ ਅਤੇ ਯੋਗ ਦੁਆਰਾ ਮਨੁੱਖ ਆਪਣੇ ਆਪ ਨੂੰ ਚਿੱਤ ਦੀਆਂ ਜ਼ੰਜੀਰਾਂ ਤੋਂ ਮੁਕਤ ਕਰ ਸਕਦਾ ਹੈ। ਚਿੱਤ ਨੂੰ ਇੱਛਾਵਾਂ ਤੋਂ ਮੋੜ ਕੇ ਅਸੀਂ ਦੁੱਖਾਂ ਤੋਂ ਛੁਟਕਾਰਾ ਪਾ ਸਕਦੇ ਹਾਂ। (**ਇੰਡੀਅਨ ਫਿਲਾਸਫ਼ੀ**, II, ਪੰਨਾ 344)

3.3.3 ਯੋਗ ਦੇ ਸੰਕਲਪ ਬਾਰੇ ਥਿਉਸ ਬਰਨਰਡ ਦਾ ਵਿਚਾਰ ਹੈ ਕਿ ਇਹ ਮਨੁੱਖ ਨੂੰ ਤਿੰਨ ਪ੍ਰਕਾਰ ਦੀ ਪੀੜਾ ਤੋਂ ਮੁਕਤ ਕਰਦਾ ਹੈ : 1. ਬੀਮਾਰੀ 2. ਉਹ ਕਸ਼ਟ ਜੋ ਹੋਰ ਜਿਉਂਦੇ ਜੀਵਾਂ ਤੋਂ ਉਪਜਦੇ ਹਨ, ਜਿਵੇਂ ਕੋਈ ਖੂੰਖਾਰ ਜਾਨਵਰ ਅਤੇ ਚੋਰ-ਡਾਕੂ ਆਦਿ। ਉਹ ਦੁੱਖ ਜੋ ਬਾਹਰੀ ਜਗਤ ਨਾਲ ਸੰਬੰਧਾਂ ਤੋਂ ਪੈਦਾ ਹੁੰਦੇ ਹਨ। ਇਸ ਮੰਤਵ ਲਈ ਪਹਿਲਾਂ ਤਾਂ ਸੰਸਾਰ ਤੋਂ ਵੈਰਾਗ ਧਾਰਨ ਕਰਨ ਦੀ ਲੋੜ ਹੈ। ਦੂਸਰਾ ਮਨ ਉਪਰ ਕਾਬੂ ਪਾਉਣਾ ਹੈ ਤਾਂ ਜੋ ਚੇਤਨਾ ਨੂੰ ਪਵਿੱਤਰ ਬਣਾਇਆ ਜਾ ਸਕੇ। ਅੰਤ ਵਿਚ ਵਿਅਕਤੀਗਤ ਆਤਮਾ ਦੀ ਬ੍ਰਹਮ ਨਾਲ ਸੰਪੂਰਨ ਏਕਤਾ ਆਵੱਸ਼ਕ ਹੈ। ਇਸ ਸਥਿਤੀ ਨੂੰ ਸਮਾਧੀ ਕਿਹਾ ਜਾਂਦਾ ਹੈ, ਜੋ ਯੋਗ ਦਾ ਸਹੀ ਮਨੋਰਥ ਹੈ। (**ਹਿੰਦੂ ਫ਼ਿਲਾਸਫ਼ੀ,** ਪੰਨਾ 87)

### 3.4 ਨਾਥ ਬਾਣੀ ਦੀ ਪਰੰਪਰਾ




### 3.4.1. ਮਛੰਦਰ ਨਾਥ

ਨਾਥ ਮਤਿ ਦਾ ਮੋਢੀ ਭਗਵਾਨ ਸ਼ਿਵ ਮਹਾਂਦੇਵ ਨੂੰ ਮੰਨਿਆ ਜਾਂਦਾ ਹੈ ਪਰੰਤੂ ਮਨੁੱਖੀ ਰੂਪ ਵਿਚ ਆਦਿ ਨਾਥ (ਸ਼ਿਵ ਜੀ) ਦਾ ਪ੍ਰਥਮ ਅਵਤਾਰ ਮਛੰਦਰ ਨਾਥ ਦੱਸੇ ਜਾਂਦੇ ਹਨ। ਗੋਰਖ ਨਾਥ, ਮਛੰਦਰ ਨਾਥ ਦੇ ਹੀ ਸ਼ਿਸ਼ ਸਨ। ਇਨ੍ਹਾਂ ਦੇ ਜਨਮ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਅਨੁਮਾਨ ਹੈ ਕਿ ਆਪ ਨੌਵੀਂ ਸਦੀ ਵਿਚ ਪੈਦਾ ਹੋਏ। ਆਪ ਦੇ ਵਧੇਰੇ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਮਿਲਦੇ ਹਨ। ਇਕ-ਦੋ ਸ਼ਬਦ ਹੀ ਸਾਧ-ਭਾਸ਼ਾ ਵਿਚ ਮਿਲਦੇ ਹਨ। ਇਕ ਸ਼ਬਦ ਰਾਗ ਧਨਾਸਰੀ ਵਿਚ ਮਿਲਦਾ ਹੈ। ਦੇਖੋ :

ਭੂਖੜਲੀ ਨਾਗੀ ਥਾਰਾ ਨਾਵੇ ਰੀ॥
ਮਾਨੈ ਭਾਵੈ ਭਗਵਤ ਜੀ ਰੋ ਨਾਵੇ ਮਾਰ੍ਹਾ ਬਾਲਹਾਰੇ।

### 3.5 ਜਲੰਧਰ ਨਾਥ

ਆਪ ਮਛੰਦਰ ਨਾਥ ਦੇ ਸਮਕਾਲੀ ਸਨ। ਇਨ੍ਹਾਂ ਨੂੰ ਜਵਾਲੇਂਦਰ ਨਾਥ ਵੀ ਕਿਹਾ ਜਾਂਦਾ ਹੈ। ਨਿਸ਼ਚੈ ਹੀ ਆਪ ਦਾ ਨਿਵਾਸ-ਸਥਾਨ 'ਜਲੰਧਰ' ਰਿਹਾ ਹੋਵੇਗਾ। ਜਲੰਧਰ ਨਾਥ ਅਤੇ ਮਛੰਦਰ ਨਾਥ ਨੂੰ ਗੁਰਭਾਈ ਵੀ ਕਿਹਾ ਜਾਂਦਾ ਹੈ। ਭੱਟ-ਗ੍ਰੰਥਾਂ ਵਿਚ ਆਪ ਨੂੰ ਵੀ ਆਦਿ ਨਾਥ ਦਾ ਅਵਤਾਰ ਮੰਨਿਆ ਗਿਆ ਹੈ। ਆਪ ਦੁਆਰਾ ਲਿਖਤ ਇਕ 'ਸ਼ਬਦੀ' ਪ੍ਰਾਪਤ ਹੁੰਦੀ ਹੈ। ਜਿਸ ਵਿਚ ਕੁਝ ਪੰਜਾਬੀ ਰੰਗ ਵੀ ਝਲਕਦਾ ਹੈ। ਦੇਖੋ :

ਸੁੰਨਿ ਮੰਡਲ ਮੈਂ ਮਨ ਕਾ ਬਾਸਾ॥

ਜਹਾਂ ਪ੍ਰੇਮ ਜੋਤਿ ਪ੍ਰਕਾਸਾ॥
ਆਪੈ ਪੂਛੈ ਆਪੈ ਕਹੈ॥
ਸਤਿਗੁਰੂ ਮਿਲੈ ਤੋ ਪ੍ਰੇਮ ਪਦ ਲਹੈ॥੧॥

### 3.6.1 ਗੋਰਖ ਨਾਥ

ਨਾਥ ਸੰਪਰਦਾਇ ਦੇ ਸਭ ਤੋਂ ਪ੍ਰਸਿੱਧ ਅਤੇ ਪ੍ਰਮੁੱਖ ਜੋਗੀ ਗੋਰਖ ਨਾਥ ਹੀ ਹਨ। ਚੌਰਾਸੀ ਸਹਿਜਯਾਂਨੀ ਸਿੱਧਾਂ ਵਿਚ ਵੀ ਗੁਰੂ ਗੋਰਖ ਪ੍ਰਮੁਖ ਮੰਨੇ ਗਏ ਹਨ। ਆਪ ਦੇ ਜੀਵਨ ਬਾਰੇ ਕਈ ਕਹਾਣੀਆਂ ਪ੍ਰਚਲਿਤ ਹਨ। ਆਪ ਪੰਜਾਬ ਵਿਚ ਗੋਰਖ ਟਿਲੇ (ਜ਼ਿਲਾ ਜਿਹਲਮ) ਅਤੇ ਪਿਸ਼ੌਰ ਵਿਚ ਗੋਰਖ-ਹਟੜੀ ਥਾਵਾਂ ਤੇ ਰਹੇ। ਆਪ ਬਲੋਚਸਤਾਨ ਵੀ ਗਏ, ਉੱਥੇ ਗੋਰਖ ਨਾਥ ਦੀ ਧੂਣੀ ਮੌਜੂਦ ਹੈ। ਗੋਰਖ ਦੇ ਗੁਰੂ ਮਛੰਦਰ ਨਾਥ ਸਨ। ਮਛੰਦਰ ਨਾਥ ਦੇ ਟਿਕਾਣੇ ਮਾਲਵੇ ਤੇ ਰਾਜਸਥਾਨ ਵਿਚ ਦੱਸੇ ਜਾਂਦੇ ਹਨ। ਉਜੈਨ ਦੇ ਦੁਆਲੇ ਕੁਝ ਗੁਫ਼ਾਵਾਂ ਹਨ, ਜਿੱਥੇ ਮਛੰਦਰ ਨੇ ਤਪ ਕੀਤਾ ਦੱਸਿਆ ਜਾਂਦਾ ਹੈ। ਨਾਥ-ਸੰਪਰਦਾਇ ਦਾ ਸਰੂਪ ਨਿਸ਼ਚਿਤ ਕਰਨ ਵਿਚ ਆਪ ਦਾ ਯੋਗਦਾਨ ਬਹੁਤ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਨੇ ਥਾਂ-ਥਾਂ ਸਿੱਖਿਆ ਲਈ ਮੱਠ ਕਾਇਮ ਕੀਤੇ, ਮੂਰਤੀ ਪੂਜਾ ਦੀ ਨਿਖੇਧੀ ਕੀਤੀ ਅਤੇ ਨਿਰਾਕਾਰ ਸੁੰਨ-ਸਮਾਧ ਪ੍ਰਭੂ ਦੀ ਭਗਤੀ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ।

3.6.2 ਗੋਰਖ ਨਾਥ ਆਪਣੇ ਸੇਵਕਾਂ ਅਤੇ ਸ਼ਾਗਿਰਦਾਂ ਨੂੰ ਦੁਨਿਆਵੀ ਐਸ਼-ਇਸ਼ਰਤ ਅਤੇ ਭੋਗ-ਬਿਲਾਸੀ ਰੁਚੀਆਂ ਤੋਂ ਵਰਜ ਕੇ ਪ੍ਰਭੂ-ਭਗਤੀ ਦੇ ਮਾਰਗ ਉਤੇ ਤੋਰਨਾ ਚਾਹੁੰਦੇ ਸਨ। ਆਪ ਦਾ ਵਿਸ਼ਵਾਸ ਸੀ ਕਿ ਇਸਤ੍ਰੀ ਵਿਅਕਤੀ ਨੂੰ ਸਤਿਮਾਰਗ ਤੋਂ ਭਟਕਾ ਕੇ ਵਿਕਾਰਾਂ ਦੇ ਮਾਰਗ ਉਤੇ ਲੈ ਜਾਂਦੀ ਹੈ। ਇਸੇ ਕਾਰਨ ਆਪ ਨੇ ਇਸਤ੍ਰੀ ਨੂੰ ਬਾਘਨਿ (ਬਘਿਆੜੀ) ਕਹਿ ਕੇ ਉਸਦਾ ਤ੍ਰਿਸਕਾਰ ਕੀਤਾ ਹੈ। ਆਪ ਫੁਰਮਾਉਂਦੇ ਹਨ :

ਬਾਘਨਿ ਜਿੰਦ ਲੇਇ ਬਾਘਨਿ ਬਿੰਦ ਲੇਇ ਬਾਘਿਨਿ ਹਮਰੀ ਕਾਇਆ॥
ਇਨ ਬਾਘਨਿ ਤ੍ਰੈਲੋਕੀ ਖਾਈ ਬਦਤਿ ਗੋਰਖ ਰਾਇਆ॥
(ਰਾਗ ਭੈਰੋਂ)

3.6.3 ਗੋਰਖ-ਬਾਣੀ ਵਿਚ ਨਾਥ-ਜੋਗੀਆਂ ਦੇ ਮਾਰਗ ਦਾ ਸਾਧਨਾ ਪੱਖ ਵੀ ਉਜਾਗਰ ਹੁੰਦਾ ਹੈ। ਆਪ ਪ੍ਰਾਣਾਂ ਨੂੰ ਦਸਵੇਂ ਦੁਆਰ ਵਿਚ ਲਿਜਾ ਕੇ ਚਿੱਤ ਨੂੰ ਨਿਰੰਜਨ ਨਾਲ ਜੋੜਨ ਦਾ ਉਪਦੇਸ਼ ਦਿੰਦੇ ਹਨ। ਆਪ ਮਦਿਰਾ, ਮਾਸ ਅਤੇ ਹੋਰ ਨਸ਼ਿਆਂ ਤੋਂ ਵਰਜਦੇ ਹਨ। ਇਸ ਤਰ੍ਹਾਂ ਆਪ ਦੀ ਬਾਣੀ ਵਿਚ ਸਾਤਵਿਕ ਜੀਵਨ ਜਿਉਣ ਦੀ ਪ੍ਰੇਰਨਾ ਮਿਲਦੀ ਹੈ। ਦੇਖੋ :

ਜੋਗੀ ਹੋਇ ਪਰ ਨਿੰਦਯਾ ਝਖੈ॥
ਮਦ ਮਾਸ ਘਰੁ ਭਾਂਗਿ ਜੋ ਭਖੈ॥
ਇਕੋਤਰ ਸੈ ਪੁਰਿਖਾ ਨਰਕਹਿ ਜਾਇ॥
ਸਤਿ ਸਤਿ ਭਾਖੰਤ ਸ੍ਰੀ ਗੋਰਖ ਰਾਇ॥

3.6.4 ਗੋਰਖ ਨਾਥ ਨੂੰ ਪੰਜਾਬੀ ਦਾ ਪ੍ਰਥਮ ਕਵੀ ਮੰਨਿਆ ਜਾ ਸਕਦਾ ਹੈ। ਭਾਵੇਂ ਉਨ੍ਹਾਂ ਦੀ ਭਾਸ਼ਾ ਉੱਤੇ ਅਪਭ੍ਰੰਸ਼ਾਂ ਦਾ ਕਾਫ਼ੀ ਪ੍ਰਭਾਵ ਹੈ, ਫਿਰ ਵੀ ਆਪ ਇਕ ਅਜਿਹੀ ਭਾਸ਼ਾ ਦਾ ਪ੍ਰਯੋਗ ਕਰ ਰਹੇ ਸਨ, ਜੋ ਉਸ ਸਮੇਂ ਪੰਜਾਬ ਦੇ ਆਮ ਲੋਕਾਂ ਵਿਚ ਪ੍ਰਚਲਿਤ ਸੀ। 'ਨ' ਦੀ 'ਣ', 'ਯ' ਦੀ ਥਾਂ 'ਜ', 'ਸ਼' (ष) ਲਈ 'ਖ', 'ਗਯਾਂ' ਦੀ ਕਾਂ 'ਗਿਆ', ਆਪ ਦੀ ਭਾਸ਼ਾ ਦੇ ਕੁਝ ਪ੍ਰਮੁੱਖ ਲੱਛਣ ਹਨ। ਆਪ ਦੀ ਸ਼ਬਦਾਵਲੀ ਵਿਚ ਪੰਜਾਬੀ ਦੇ ਕੁਝ ਸ਼ਬਦ ਇਸ ਪ੍ਰਕਾਰ ਹਨ : ਨਾਉਂ, ਜੋਬਨ, ਸਤਿਗੁਰੂ, ਕਹਾਣੀ, ਭਾਂਡੈ, ਪਾਣੀ, ਆਖੈ, ਦ੍ਰਿਸ਼ਟੀ, ਲੁਕਾਇਆ, ਪਰਤਖਿ, ਭਿਖਿਆ, ਆਕਾਸਿ, ਜੋਨਿ, ਆਸਣ, ਖਾਏ ਭੀ ਮਰੀਏ ਅਣਖਾਏ ਭੀ ਮਰੀਏ, ਚੂਹੜਾ, ਮੰਝੇ, ਸਹਜਿ, ਬਣਜ, ਬਲਦ, ਲੈਣ ਨ ਜਾਣੈ ਦੇਣ ਨ ਜਾਣੈ ਏਧਾ ਬਣਜ ਹਮਾਰਾ, ਹਾਲੀ, ਸਾਓਣ ਆਦਿਕ।

3.6.5 ਗੋਰਖ ਨੂੰ ਪੰਜਾਬੀ ਦਾ ਪ੍ਰਥਮ ਗੱਦ-ਲੇਖਕ ਵੀ ਮੰਨਿਆ ਜਾਦਾ ਹੈ। ਉਨ੍ਹਾਂ ਤੋਂ ਪਹਿਲਾਂ ਭਾਰਤ ਦੇ ਕਿਸੇ ਲੇਖਕ ਦੀ ਗੱਦ-ਰਚਨਾ ਨਹੀਂ ਮਿਲਦੀ (**ਪੰਜਾਬੀ ਸਾਹਿੱਤ ਦਾ ਇਤਿਹਾਸ,** ਭਾਸ਼ਾ ਵਿਭਾਗ, ਪੰਜਾਬ, ਪੰਨਾ 86) ਇਸ ਪ੍ਰਕਾਰ ਜੇ ਅਸੀਂ ਗੋਰਖ ਨਾਥ ਨੂੰ ਭਾਰਤੀ ਭਾਸ਼ਾਵਾਂ ਦਾ ਪ੍ਰਥਮ ਗੱਦ-ਲੇਖਕ ਮੰਨ ਲਈਏ ਤਾਂ ਇਸ ਵਿਚ ਅਤਿਕਥਨੀ ਵਾਲੀ ਕੋਈ ਗੱਲ ਨਹੀਂ ਜਾਪਦੀ। ਉਨ੍ਹਾਂ ਦੀ ਗੱਦ-ਰਚਨਾ ਦਾ ਇਕ ਦ੍ਰਿਸ਼ਟਾਂਤ ਵੇਖੋ :

ਸ੍ਰੀਨਾਥ ਪਰਮਾਨੰਦ ਹੈ, ਵਿਸ਼ਵ ਗੁਰੂ ਹੈ, ਨਿਰੰਜਨ ਹੈ, ਵਿਸ਼ਵ-ਵਿਆਪਕ ਹੈ। ਮਹਾ ਸਿਧਨ ਕੈ ਲਕਸ਼ਿਆ ਹੈ। ਤਿਨ ਪ੍ਰਤੀ ਹਮਾਰੇ ਆਦੇਸ ਦੇਹੁ। ਇਹਾਂ ਆਗੇ ਅਵਤਰਨ। ਏਕ ਸਮੈ ਵਿਮਲਾ ਨਾਮ ਮਹਾਦੇਵਾਂ ਕਿੰਚਿਤ ਵਿਸਮੈਜੁਕਤ ਭਈ।

(ਗੋਰਖ ਉਪਨਿਸ਼ਦ)

3.7.1 **ਚਰਪਟ ਨਾਥ**

ਡਾ. ਮੋਹਣ ਸਿੰਘ ਦੀਵਾਨਾ ਨੇ ਚਰਪਟ ਨਾਥ ਦਾ ਸਮਾਂ 890 ਈ. ਤੋਂ 990 ਈ. ਮੰਨਿਆ ਹੈ। ਉਸ ਅਨੁਸਾਰ ਕੁਝ ਪ੍ਰਮੁਖ ਨਾਥ-ਜੋਗੀਆਂ ਅਤੇ ਉਨ੍ਹਾਂ ਦੀਆਂ ਸੰਪਰਦਾਵਾਂ ਦੇ ਨਾਮ ਇਸ ਪ੍ਰਕਾਰ ਹਨ :

* ਈਸਰ ਨਾਥ : ਘਰਬਾਰੀ ਜੋਗੀ
* ਗੋਰਖ ਨਾਥ : ਅਵਧੂਤ, ਅਉਧੂ
* ਗੋਪੀ ਚੰਦ : ਉਦਾਸੀ
* ਚਰਪਟ ਨਾਥ : ਪਾਖੰਡੀ
* ਭਰਥਰੀ ਨਾਥ : ਬੈਰਾਗੀ

3.7.2 ਚਰਪਟ ਨਾਥ ਦੇ ਸੰਬੰਧ ਵਿਚ ਦੋ ਧਾਰਨਾਵਾਂ ਪ੍ਰਚਲਿਤ ਹਨ। ਇਕ ਦੇ ਅਨੁਸਾਰ ਉਹ ਗੋਰਖਨਾਥ ਦਾ ਗੁਰਭਾਈ ਸੀ ਅਤੇ ਦੂਜੀ ਅਨੁਸਾਰ ਗੋਰਖਨਾਥ ਦਾ ਸ਼ਿਸ਼ ਸੀ। ਚਰਪਟ ਨਾਥ ਦੀ ਬਾਣੀ ਦੇ ਅਧਿਐਨ ਦੁਆਰਾ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਸਦੀ ਬਾਣੀ ਗੋਰਖ-ਬਾਣੀ ਨਾਲੋਂ ਪੰਜਾਬੀ ਦੇ ਵਧੇਰੇ ਨੇੜੇ ਸੀ। ਉਨ੍ਹਾਂ ਦੀ ਬਾਣੀ ਵਿਚ 'ਨ' ਦੀ ਥਾਂ 'ਣ', 'ਰ' ਦੀ ਥਾਂ 'ਲ' ਅਤੇ 'ਲ' ਦੀ ਥਾਂ 'ਰ' ਹੋ ਜਾਂਦਾ ਹੈ। 'ੜ' ਅਤੇ 'ਢ' ਧੁਨੀਆਂ ਦੀ ਵਰਤੋਂ ਵੀ ਕਾਫ਼ੀ ਹੋਈ ਹੈ। ਅਪਭ੍ਰੰਸ਼ਾਂ ਦੇ ਤਦਭਵ ਰੂਪ ਵਰਤੇ ਗਏ ਹਨ। ਕੁਝ ਸ਼ਬਦ ਅਰਬੀ-ਫ਼ਾਰਸੀ ਦੇ ਵੀ ਆਏ ਹਨ ਜਿਵੇਂ : ਬਲਾਇ, ਬਾਹਰ, ਕਫ਼ਨੀ, ਦਰ, ਕੁਰਾਨ, ਨੀਲ, ਮਸਕੀਨ, ਮੁਹਰ ਆਦਿਕ। ਚਰਪਟ ਭੇਖ ਅਤੇ ਵਿਖਾਵੇ ਦੇ ਵਿਰੋਧੀ ਸਨ। ਉਹ ਆਤਮਿਕ ਤੌਰ ਤੇ ਸੱਚੇ ਜੋਗੀ ਬਣਨ ਦੀ ਪ੍ਰੇਰਨਾ ਕਰਦੇ ਹਨ। ਉਨ੍ਹਾਂ ਦੀ ਬਾਣੀ ਦਾ ਇਕ ਪ੍ਰਮਾਣ ਦੇਖੋ :

ਇਕ ਲਾਲ ਪਟਾ ਇਕ ਸੇਤ ਪਟਾ॥
ਇਕ ਤਿਲਕ ਜਨੇਊ ਲੰਮਕ ਜਟਾ॥
ਜਬ ਨਹੀਂ ਉਲਟੀ ਪ੍ਰਾਣ ਘਟਾ॥
ਜਬ ਮਨ ਨਹੀਂ ਦੇਖੇ ਉਲਟ ਘਟਾ॥
ਚਰਪਟੁ ਬੋਲੇ ਸਭਿ ਪੇਟ ਨਟਾ॥
ਜਬ ਆਵੇਗੀ ਕਾਲ ਘਟਾ॥

ਸੁਨ ਸਿਖਵੰਤਾ ਸੁਨ ਪਤਵੰਤਾ॥
ਇਸ ਜਗ ਮੇਂ ਕੈਸੇ ਰਹਿਣਾ॥
ਅਖੀਂ ਦੇਖਣ ਕੰਨੀਂ ਸੁਨਣਾ॥
ਮੁਖ ਸੋਂ ਕਛੂ ਨਾ ਕਹਿਣਾ॥

3.8.1 **ਚੌਰੰਗੀ ਨਾਥ**

ਪੰਜਾਬੀ ਲੋਕਯਾਨ ਅਤੇ ਕਿੱਸਾ ਕਾਵਿ ਵਿਚ ਜਿਹੜੀ ਸ਼ਖਸੀਅਤ ਪੂਰਨ ਭਗਤ ਦੇ ਨਾਮ ਨਾਲ ਜਾਣੀ ਜਾਂਦੀ ਹੈ, ਨਾਥ-ਜੋਗੀਆਂ ਦੀ ਪਰੰਪਰਾ ਵਿਚ ਉਸੇ ਨੂੰ ਚੌਰੰਗੀ ਨਾਥ ਕਿਹਾ ਜਾਂਦਾ ਹੈ। ਉਹ ਸਿਆਲਕੋਟ ਦੇ ਰਾਜੇ ਸਲਵਾਨ ਦਾ ਪੁੱਤਰ ਸੀ। ਉਸ ਦੀ ਮਤਰੇਈ ਮਾਂ ਲੂਣਾ ਨੇ ਉਸ ਉੱਪਰ ਝੂਠਾ ਇਲਜ਼ਾਮ ਲਗਾ ਕੇ ਉਸ ਦੇ ਹੱਥ-ਪੈਰ ਕਟਾ ਕੇ ਉਸ ਨੂੰ ਖੂਹ ਵਿਚ ਸੁਟਵਾ ਦਿੱਤਾ ਸੀ। ਗੋਰਖ ਨਾਥ ਨੂੰ ਪਤਾ ਚਲਿਆ ਤਾਂ ਉਸ ਨੇ ਪੂਰਨ ਨੂੰ ਖੂਹ ਵਿਚੋਂ ਬਾਹਰ ਕੱਢਿਆ, ਉਸਦਾ ਇਲਾਜ ਕੀਤਾ ਅਤੇ ਉਸ ਨੂੰ ਆਪਣਾ ਸ਼ਿਸ਼ ਬਣਾ ਲਿਆ। ਕਾਦਰ ਯਾਰ ਨੇ ਪੂਰਨ ਭਗਤ ਦੇ ਕਿੱਸੇ ਵਿਚ ਇਹ ਸਾਰਾ ਬਿਰਤਾਂਤ ਲਿਖਿਆ ਹੈ। ਆਧੁਨਿਕ ਕਾਲ ਵਿਚ ਪ੍ਰੋ. ਪੂਰਨ ਸਿੰਘ, ਸ਼ਿਵ ਕੁਮਾਰ, ਆਤਮਜੀਤ ਅਤੇ ਇਕਬਾਲ ਰਾਮੂਵਾਲੀਆ ਨੇ ਪੂਰਨ ਦੀ ਕਥਾ ਦਾ ਪੁਨਰ-ਲੇਖਣ ਕਰ ਕੇ ਇਸ ਕਥਾ ਨੂੰ ਆਧੁਨਿਕ ਪਰਿਪੇਖ ਪ੍ਰਦਾਨ ਕੀਤਾ ਹੈ।

ਰਾਜਾ ਰਸਾਲੂ, ਪੂਰਨ ਭਗਤ ਦਾ ਛੋਟਾ ਭਰਾ ਸੀ, ਜੋ ਲੂਣਾ ਦੀ ਕੁੱਖੋਂ ਪੂਰਨ ਭਗਤ ਦੇ ਆਸ਼ੀਰਵਾਦ ਨਾਲ ਪੈਦਾ ਹੋਇਆ ਦੱਸਿਆ ਜਾਦਾ ਹੈ।

3.8.2 ਤਿੱਬਤੀ ਪਰੰਪਰਾ ਅਨੁਸਾਰ ਚੌਰੰਗੀ ਨਾਥ, ਗੋਰਖ ਨਾਥ ਦਾ ਗੁਰਭਾਈ ਸੀ। ਉਸਨੂੰ ਚਤੁਰੰਗੀ ਨਾਥ ਵੀ ਕਿਹਾ ਜਾਂਦਾ ਹੈ। ਉਸ ਦੇ ਨਾਮ ਨਾਲ ਜੁੜੀ ਇਕ ਕਾਵਿ-ਰਚਨਾ ਪੱਟੀ (ਅੰਮ੍ਰਿਤਸਰ) ਦੇ ਇਕ ਜੈਨ ਮੰਦਰ ਤੋਂ ਪ੍ਰਾਪਤ ਹੋਈ ਹੈ। ਇਸ ਰਚਨਾ ਵਿਚ ਪੂਰਨ ਭਗਤ ਦੀ ਕਹਾਣੀ ਵੀ ਅੰਕਿਤ ਹੈ। 1924 ਈ. ਵਿਚ ਅਹਿਮਦਾਬਾਦ ਤੋਂ ਪ੍ਰਕਾਸ਼ਿਤ ਹੋਈ ਇਕ ਪੁਸਤਕ 'ਯੋਗੀ ਸੰਪ੍ਰਦਾਯ ਵਿਸ਼ਕ੍ਰਿਤੀ' ਵਿਚ ਵੀ ਪੂਰਨ ਭਗਤ ਦੀ ਉਕਤ ਕਥਾ ਦਿੱਤੀ ਗਈ ਹੈ। ਚੌਰੰਗੀ ਨਾਥ ਦੀ ਬਾਣੀ ਵਿਚ ਕੁਝ ਸ਼ਲੋਕ ਅਤੇ ਸ਼ਬਦ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਦੀ ਭਾਸ਼ਾ ਅਪਭ੍ਰੰਸ਼ ਮਿਸ਼ਰਿਤ ਪੂਰਬੀ ਰਾਜਸਥਾਨੀ ਅਤੇ ਪੰਜਾਬੀ ਸੀ। ਦੇਖੋ :

ਮਾਲੀ ਲੌ ਮਲ-ਮਾਲੀ ਲੌ ਸੀਂਚੇ ਸਹਜ ਕਿਆਰੀ॥
ਉਨਮਨਿ ਕਲਾ ਏਕ ਪਹੂਪਨਿ ਪਾਇਲੇ ਆਵਾਗਵਨ ਨਿਵਾਰੀ॥

### 3.9.1 **ਰਤਨ ਨਾਥ**

ਰਤਨ ਨਾਥ ਦਾ ਜੀਵਨ-ਕਾਲ ਦਸਵੀਂ ਤੋਂ ਬਾਰ੍ਹਵੀਂ ਸਦੀ ਦੇ ਦਰਮਿਆਨ ਦੱਸਿਆ ਗਿਆ ਹੈ। ਉਸ ਦੇ ਜਨਮ-ਸਥਾਨ ਬਾਰੇ ਕਈ ਮਤਿ ਪ੍ਰਚਲਿਤ ਹਨ। ਕੁਝ ਵਿਦਵਾਨਾਂ ਅਨੁਸਾਰ ਉਸ ਦਾ ਜਨਮ-ਸਥਾਨ ਬਠਿੰਡਾ (ਭਟਿੰਡਾ) ਨੂੰ ਮੰਨਦੇ ਹਨ ਅਤੇ ਕੁਝ ਹੋਰ ਵਿਦਵਾਨ ਇਨ੍ਹਾਂ ਨੂੰ ਨੇਪਾਲ ਦਾ ਕਸ਼ੱਤਰੀ ਰਾਜਕੁਮਾਰ ਦੱਸਦੇ ਹਨ। ਰਤਨ ਨਾਥ ਨਾਲ ਸੰਬੰਧਿਤ ਕੁਝ ਯਾਦਗਾਰਾਂ ਪਿਸ਼ਾਵਰ, ਜਲਾਲਾਬਾਦ, ਕੰਧਾਰ ਅਤੇ ਕਾਬਲ ਵਿਚ ਵੀ ਮੌਜੂਦ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਰਤਨ ਨਾਥ ਨੇ ਉੱਥੇ ਜਾ ਕੇ ਵੀ ਪ੍ਰਚਾਰ ਕੀਤਾ ਹੋਵੇਗਾ। ਉੱਥੇ ਉਸ ਨੂੰ ਹਾਜੀ ਪੀਰ ਬਾਬਾ ਰਤਨ ਨਾਥ ਕਿਹਾ ਜਾਦਾ ਹੈ। ਬਠਿੰਡੇ ਵਿਚ ਵੀ ਉਨ੍ਹਾਂ ਦਾ ਇਹੀ ਨਾਮ ਪ੍ਰਚਲਿਤ ਹੈ। ਆਪ ਹਿੰਦੂ ਅਤੇ ਮੁਸਲਮਾਨ, ਦੋਹਾਂ ਧਰਮਾਂ ਵਿਚ ਹਰਮਨ ਪਿਆਰੇ ਸਨ। ਰਤਨ ਨਾਥ ਦੁਆਰਾ ਰਚੇ ਗਏ ਗ੍ਰੰਥਾਂ ਵਿਚੋਂ 'ਕਾਫ਼ਰ ਬੋਧ' ਅਤੇ 'ਅਵਲਿ-ਸਲੂਕ' ਪ੍ਰਸਿੱਧ ਹਨ।

3.9.2 ਕਿਹਾ ਜਾਂਦਾ ਹੈ ਕਿ ਕਾਬਲ ਦਾ ਇਕ ਬਾਦਸ਼ਾਹ ਇਨ੍ਹਾਂ ਦਾ ਸ਼ਿਸ਼ ਹੋ ਗਿਆ ਸੀ। ਉਸ ਨੂੰ ਪ੍ਰੇਰਨਾ ਕਰ ਕੇ ਰਤਨ ਨਾਥ ਨੇ ਕਾਬਲ ਅਤੇ ਜਲਾਲਾਬਾਦ ਵਿਚ ਸ਼ਿਵਾਲਿਆਂ ਦੀ ਸਥਾਪਨਾ ਕਰਵਾਈ। ਆਪ ਨੇ ਕੁਝ ਗੋਸ਼ਟਾਂ ਦੀ ਰਚਨਾ ਵੀ ਕੀਤੀ। 'ਰਤਨ ਗਿਆਨ' ਨਾਮ ਦੀ ਇਕ ਪੁਸਤਕ ਵਿਚ ਮਛੰਦਰ ਨਾਥ ਅਤੇ ਗੋਰਖ ਨਾਥ ਦੀ ਇਕ ਗੋਸ਼ਟ ਮਿਲਦੀ ਹੈ। ਇਸ ਗੋਸ਼ਟ ਦੇ ਕੁਝ ਅੰਸ਼ ਦੇਖੋ :

ਰੂਪਾ ਮੁਹੰਮਦ ਸੋਨਾ ਖੁਦਾਈ।
ਦੁਹੂੰ ਵਿਚ ਦੁਨੀਆ ਗੋਤਾ ਖਾਈ।
ਹਮ ਤੋ ਨਿਰਾਲੰਭ ਬੈਠ ਦੇਖਤ ਰਹੈਂ।
ਐਸਾ ਇਕ ਸੁਖਨ ਬਾਬਾ ਰਤਨ ਹਾਜੀ ਕਹੈਂ।
ਹਮ ਤੈ ਧਨ ਤੈ ਨਿਆਰਾ ਰਹੈਂ।

3.9.3 ਰਤਨ ਨਾਥ ਤੋਂ ਪਿਛੋਂ ਨਾਥ ਸੰਪਰਦਾਇ ਵਿਚ ਕੋਈ ਐਸਾ ਸਿੱਧ ਨਹੀਂ ਹੋਇਆ ਜਿਸ ਨੇ ਪੰਜਾਬੀ ਸਾਹਿੱਤ ਨੂੰ ਵਿਸ਼ੇਸ਼ ਦੇਣ ਦਿੱਤੀ ਹੋਵੇ। ਉਂਜ ਭਰਥਰੀ ਹਰੀ, ਗੋਪੀ ਚੰਦ ਅਤੇ ਮੈਨਾਮਤੀ ਦਾ ਜ਼ਿਕਰ ਪੰਜਾਬੀ ਲੋਕਯਾਨ ਅਤੇ ਕਿੱਸਾ-ਸਾਹਿੱਤ ਵਿਚ ਕਾਫ਼ੀ ਮਿਲਦਾ ਹੈ। ਭਰਥਰੀ ਦੇ ਸੰਬੰਧ ਵਿਚ ਇਕ ਚੀਨੀ ਯਾਤਰੀ ਇਤਸਿੰਗ ਦਾ ਇਹ ਬਿਆਨ ਹੈ ਕਿ ਉਹ ਸੱਤ ਵਾਰ ਬੋਧ ਸੰਨਿਆਸੀ ਬਣਿਆ ਅਤੇ ਏਨੇ ਵਾਰ ਹੀ ਮੁੜ ਗ੍ਰਿਹਸਤ ਧਰਮ ਵਿਚ ਆ ਗਿਆ। ਇਕ ਲੋਕ-ਕਹਾਣੀ ਅਨੁਸਾਰ ਭਰਥਰੀ ਆਪਣੀ ਪਤੀਵ੍ਰਤਾ ਰਾਣੀ ਪ੍ਰਿੰਗਲਾ ਦੀ ਮੌਤ ਤੋਂ ਬਾਅਦ ਵੈਰਾਗੀ ਹੋ ਕੇ ਨਾਥ ਮਤਿ ਵਿਚ ਆ ਗਿਆ ਸੀ। ਉਸ ਦਾ ਜੀਵਨ-ਕਾਲ ਗਿਆਰ੍ਹਵੀਂ ਸਦੀ ਦਾ ਅੰਤ ਅਤੇ ਬਾਰ੍ਹਵੀਂ ਸਦੀ ਦਾ ਆਰੰਭ ਜਾਪਦਾ ਹੈ। ਉਸ ਨੇ ਗੋਰਖ ਨਾਥ ਤੋਂ ਸਿੱਖਿਆ ਲਈ ਸੀ ਅਤੇ ਉਸ ਦਾ ਨਿਵਾਸ ਪੰਜਾਬ ਦੇ ਸਿੰਗਲ ਜਾਂ ਸੰਕਲ ਦੇਸ਼ ਵਿਚ ਰਿਹਾ। ਉਸ ਦੀ ਇਕ ਬਾਣੀ ਸ਼ਬਦੀ ਪ੍ਰਾਪਤ ਹੁੰਦੀ ਹੈ। ਇਸ ਦੇ ਕੁਝ ਅੰਸ਼ ਦੇਖੋ :

ਦੁਖੀਆ ਰੋਵਤ ਸੁਖੀਆ ਹੰਸਤ। ਕੇਲਾ ਕਰੰਤ ਕਾਮਣੀ।
ਸੂਰਾ ਜੁਝੰਤ ਭੂੰਦੂ ਭਜੰਤ। ਸਤਿ ਸਤਿ ਭਾਖੰਤ ਰਾਜਾ ਭਰਥਰੀ।

3.9.4 ਗੋਪੀ ਚੰਦ ਅਤੇ ਮੈਨਾਮਤੀ ਦੀ ਕਥਾ ਵੀ ਪੰਜਾਬ ਵਿਚ ਬਹੁਤ ਪ੍ਰਸਿੱਧ ਹੈ। ਗੋਪੀ ਚੰਦ ਦੇ ਪਿਤਾ ਮਾਨਕ ਚੰਦ ਬੰਗਾਲ ਦੇ ਰਾਜੇ ਸਨ। ਉਨ੍ਹਾਂ ਦਾ ਸੰਬੰਧ ਪਾਲ ਵੰਸ਼ ਦੇ ਰਾਜਿਆਂ ਨਾਲ ਸੀ ਜੋ ਬੰਗਾਲ ਅਤੇ ਪੰਜਾਬ ਵਿਚ ਰਾਜ ਕਰਦੇ ਰਹੇ। ਗੋਪੀ ਚੰਦ, ਮੈਨਾਮਤੀ ਦੇ ਪੁੱਤਰ ਸਨ ਜੋ ਜਲੰਧਰ ਨਾਥ ਦੀ ਚੇਲੀ ਸੀ। ਮੈਨਾਮਤੀ ਨੇ ਗੋਪੀ ਚੰਦ ਨੂੰ ਜੋਗ ਧਾਰਨ ਲਈ ਪ੍ਰੇਰਿਆ ਅਤੇ ਆਪਣੀ ਮਾਤਾ ਦੀ ਪ੍ਰੇਰਨਾ ਨਾਲ ਉਸ ਨੇ ਗੋਰਖ ਨਾਥ ਤੋਂ ਦੀਖਿਆ ਲਈ। 'ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼' ਵਿਚ ਡਾ. ਮੋਹਨ ਸਿੰਘ ਦੀਵਾਨਾ ਨੇ 'ਉਦਾਸ ਗੋਪੀਚੰਦ, ਗਾਥਾ ਗੋਰਖ ਪਦ' ਵਿਚ ਇਕ ਸੰਵਾਦ ਦਿੱਤਾ ਹੈ ਜੋ ਗੋਪੀਚੰਦ ਅਤੇ ਉਸਦੀ ਮਾਤਾ ਮੈਨਾਪਤੀ ਦੇ ਦਰਮਿਆਨ ਹੈ :

ਤੁਮ ਪਰਸਾਦ ਹੋ ਮੈਨਾਵੰਤੀ ਮੈ ਔਧੂ ਗੜ੍ਹ ਜੀਤਾ।
ਤਬ ਮੈਨਾਵੰਤੀ ਸੀਸ ਪੂਛਦਿ ਹੈ ਤੂੰ ਮੇਰਾ ਪੂਤ ਨਾਹੀਂ।
ਜੇ ਤੂੰ ਮੇਰਾ ਪੂਤ ਗੋਪੀਚੰਦ ਤਾਂ ਦਹਿ ਨਿਸ਼ਾਨੀ ਕਾਈ।

### 3.10.1 ਨਾਥ ਜਾਂ ਸਿੱਧ ਸੰਪਰਦਾਇ ਦੇ ਪ੍ਰਮੁੱਖ ਸੰਚਾਲਕ

ਨਾਥ ਸੰਪਰਦਾਇ ਦੇ ਬਹੁਤ ਸਾਰੇ ਮਤਿ ਹਨ ਜਿਵੇਂ ਸਿੱਧ, ਜੋਗੀ, ਸਾਧੂ, ਸੰਤ, ਅਉਧੂ ਅਤੇ ਅਵਧੂਤ ਆਦਿਕ। ਇਹ ਸਾਰੇ ਮਤਿ ਆਪਣੇ ਆਪ ਨੂੰ ਆਦਿ ਨਾਥ (ਸ਼ਿਵ ਜੀ) ਦੇ ਉਪਾਸਕ ਦੱਸਦੇ ਹਨ। ਕੁਝ ਵਿਦਵਾਨ ਨਾਥ ਸੰਪਰਦਾਇ ਨੂੰ ਸਿੱਧ ਮਤਿ ਵੀ ਆਖਦੇ ਹਨ। 'ਸਿੱਧ' ਸ਼ਬਦ ਦਾ ਭਾਵ ਹੈ, ਸਿੱਧ ਕੀਤਾ ਹੋਇਆ ਜਾਂ ਨਿਰਣੈ ਕੀਤਾ ਹੋਇਆ। 'ਸਿੱਧ' ਸ਼ਬਦ ਤੋਂ ਹੀ 'ਸਿੱਧਾਂਤ' ਬਣਿਆ ਹੈ, ਜੋ ਸਿੱਧੀ ਦਾ ਅਰਥ ਦਰਸਾਉਂਦਾ ਹੈ। ਸਿੱਧ ਲੋਕ ਆਪਣੇ ਲਈ ਇਸ ਸ਼ਬਦ ਦਾ ਪ੍ਰਯੋਗ ਇਸ ਲਈ ਕਰਦੇ ਸਨ ਕਿਉਂਕਿ ਉਨ੍ਹਾਂ ਨੇ ਕੁਝ ਸਿੱਧਾਂਤਾਂ ਨੂੰ ਸਿੱਧ ਕੀਤਾ ਹੁੰਦਾ ਸੀ। ਕੁਝ ਵਿਦਵਾਨਾਂ ਦਾ ਕਥਨ ਹੈ ਕਿ ਇਨ੍ਹਾਂ ਲੋਕਾਂ ਨੇ ਕੁਝ ਸਿੱਧੀਆਂ (ਪ੍ਰਾਪਤੀਆਂ) ਹਾਸਲ ਕੀਤੀਆਂ ਹੁੰਦੀਆਂ ਸਨ, ਇਸ ਕਾਰਨ ਉਨ੍ਹਾਂ ਨੂੰ ਸਿੱਧ ਕਿਹਾ ਜਾਂਦਾ ਸੀ। ਇਨ੍ਹਾਂ ਨਾਥਾਂ ਜਾਂ ਸਿੱਧਾਂ ਦੇ ਤਿੰਨ ਫ਼ਿਰਕੇ ਪ੍ਰਮੁੱਖ ਮੰਨੇ ਗਏ ਹਨ :

(i) ਸਹਿਜਯਾਨੀ ਸਿੱਧ ਧਾਰਾ
(ii) ਹਠਯੋਗ ਧਾਰਾ ਜਾਂ ਨਾਥ ਸੰਪਰਦਾਇ
(iii) ਵੈਸ਼ਣਵ ਧਾਰਾ।

3.10.2 ਪੰਜਾਬ ਵਿਚ ਨੌਂ (9) ਨਾਥਾਂ ਦੀ ਇਕ ਸੂਚੀ ਮਿਲਦੀ ਹੈ, ਜਿਨ੍ਹਾਂ ਨੂੰ ਵੱਖ-ਵੱਖ ਦੇਵੀ-ਦੇਵਤਿਆਂ ਦੇ ਅਵਤਾਰ ਮੰਨਿਆ ਗਿਆ ਹੈ। ਇਹ ਸੂਚੀ ਇਸ ਪ੍ਰਕਾਰ ਹੈ :

| ਨਾਥ | ਅਵਤਾਰ |
|---|---|
| 1. ਆਦਿ ਨਾਥ | ਸ਼ਿਵ ਜੀ |
| 2. ਮਛੰਦਰ ਨਾਥ | ਮਾਇਆ |
| 3. ਉਦਯ ਨਾਥ | ਪਾਰਬਤੀ |
| 4. ਸੰਤੋਖ ਨਾਥ | ਵਿਸ਼ਨੂੰ |
| 5. ਕੰਥੜ ਨਾਥ | ਗਣੇਸ਼ |
| 6. ਸਤਿ ਨਾਥ | ਬ੍ਰਹਮਾ |
| 7. ਅਚੰਭਾ ਨਾਥ | ਅਚਲ ਪਰਬਤ |
| 8. ਚੌਰੰਗੀ ਨਾਥ | ਪੂਰਨ ਭਗਤ |
| 9. ਗੋਰਖ ਨਾਥ | ਸ਼ਿਵ ਜੀ |

### 3.10.3 ਨਾਥ ਮੱਤ ਦੇ ਪ੍ਰਤੀਕ

ਨਾਥ-ਜੋਗੀਆਂ ਦੇ ਕੁਝ ਚਿੰਨ੍ਹ ਜਾਂ ਪ੍ਰਤੀਕ ਵੀ ਹੁੰਦੇ ਹਨ, ਜਿਨ੍ਹਾਂ ਤੋਂ ਇਨ੍ਹਾਂ ਦੀ ਪਹਿਚਾਣ ਕੀਤੀ ਜਾ ਸਕਦੀ ਹੈ। ਇਹ ਲੋਕ ਕੰਨਾਂ ਵਿਚ ਮੁਦਰਾ (ਮੁੰਦਰਾਂ) ਧਾਰਨ ਕਰਦੇ ਹਨ। ਆਪਣੇ ਸਰੀਰ ਉਪਰ ਭਸਮ (ਬਿਭੂਤੀ) ਲਗਾਉਂਦੇ ਹਨ। ਇਨ੍ਹਾਂ ਦੀ ਧਾਰਨਾ ਹੈ ਕਿ ਇਸ ਤਰ੍ਹਾਂ ਦੇਹੀ ਵਿਚ ਕਾਮ-ਵਾਸਨਾ ਜਾਗ੍ਰਿਤ ਨਹੀਂ ਹੁੰਦੀ। ਹਿੰਦੂ ਲੋਕਾਂ ਵਾਂਗ ਨਾਥ-ਜੋਗੀ ਜਨੇਊ ਵੀ ਪਹਿਨਦੇ ਹਨ ਪਰ ਇਨ੍ਹਾਂ ਦਾ ਜਨੇਊ ਉੱਨ ਦਾ ਬਣਿਆ ਹੁੰਦਾ ਹੈ। ਇਨ੍ਹਾਂ ਪਾਸ 'ਸਿੰਗੀ' ਨਾਮ ਦਾ ਇਕ ਸਾਜ਼ ਹੁੰਦਾ ਹੈ, ਜਿਸ ਨੂੰ ਫੂਕ ਮਾਰ ਕੇ ਵਜਾਇਆ ਜਾਂਦਾ ਹੈ। ਸਿੰਗੀ-ਨਾਦ ਤੋਂ ਪਿੱਛੋਂ ਹੀ ਨਾਥ-ਜੋਗੀ ਅੰਨ-

ਪਾਣੀ ਗ੍ਰਹਿਣ ਕਰਦੇ ਹਨ। ਇਹ ਗਲ ਵਿਚ ਰੁਦਰਾਕਸ਼ ਦੀ ਮਾਲਾ ਧਾਰਨ ਕਰਦੇ ਹਨ। ਮੁੰਜ ਦੀ ਬਣੀ ਰੱਸੀ ਨੂੰ ਕਮਰ ਉੱਤੇ ਲਪੇਟ ਕੇ ਰਖਦੇ ਹਨ। ਇਸ ਰੱਸੀ ਨੂੰ 'ਮੇਖਲਾ' ਕਿਹਾ ਜਾਂਦਾ ਹੈ। ਹਿਰਨ ਦੇ ਸਿੰਗ ਦੀ ਬਣੀ ਇਕ 'ਪਵਿੱਤਰੀ' ਵੀ ਆਪਣੇ ਪਾਸ ਰਖਦੇ ਹਨ। ਭਿਖਿਆ ਮੰਗਣ ਵਾਲੇ ਪਾਤਰ ਨੂੰ ਖੱਪਰ ਜਾਂ ਚਿੱਪੀ ਕਿਹਾ ਜਾਂਦਾ ਹੈ। ਇਹ ਨਾਰੀਅਲ ਦਾ ਬਣਿਆ ਹੁੰਦਾ ਹੈ। ਇਨ੍ਹਾਂ ਪਾਸ ਕਿੰਗਰੀ ਨਾਮ ਦਾ ਇਕ ਹੋਰ ਸਾਜ਼ ਵੀ ਹੁੰਦਾ ਹੈ, ਜਿਸ ਨੂੰ ਵਜਾ ਕੇ ਇਹ ਲੋਕ ਅਧਿਆਤਮਕ ਸ਼ਬਦਾਂ ਦਾ ਗਾਇਨ ਜਾਂ ਹਰਿ-ਕੀਰਤਨ ਕਰਦੇ ਹਨ।

3.11 **ਨਿਸ਼ਕਰਸ਼ : ਨਾਥ ਜੋਗੀਆਂ ਦੀ ਦੇਣ**

ਇਨ੍ਹਾਂ ਨਾਥ ਜੋਗੀਆਂ ਨੇ ਪੰਜਾਬੀ ਸਾਹਿੱਤ ਦੀ ਉਤਪਤੀ ਅਤੇ ਸਭਿਆਚਾਰ ਦੇ ਪੁਨਰ ਨਿਰਮਾਣ ਵਿਚ ਵੱਡਾ ਯੋਗਦਾਨ ਪਾਇਆ ਹੈ। ਇਨ੍ਹਾਂ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਇਸ ਪ੍ਰਕਾਰ ਹੈ :

* ਇਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਸਰੂਪ ਨੂੰ ਨਿਰਧਾਰਿਤ ਕੀਤਾ। ਅਪਭ੍ਰੰਸ਼ ਦੀ ਬਜਾਇ ਆਮ ਲੋਕਾਂ ਦੀ ਬੋਲੀ ਵਿਚ ਸਾਹਿੱਤ-ਰਚਨਾ ਕੀਤਾ ਅਤੇ ਇਸ ਪ੍ਰਕਾਰ ਪੰਜਾਬੀ ਸਾਹਿੱਤ ਦਾ ਮੁੱਢ ਬੰਨ੍ਹਿਆ।
* ਇਨ੍ਹਾਂ ਦੀ ਬਾਣੀ ਭਾਰਤ ਦੇ ਸ਼ਾਸਤਰੀ ਰਾਗਾਂ ਵਿਚ ਹੈ। ਇਹ ਪਰੰਪਰਾ ਪੂਰੇ ਮੱਧ ਕਾਲ ਤੱਕ ਚਲਦੀ ਰਹੀ। ਭਾਰਤ ਦੇ ਭਗਤ ਜਨਾਂ, ਸਿਖ ਗੁਰੂਆਂ ਅਤੇ ਸੂਫ਼ੀ ਦਰਵੇਸ਼ਾਂ ਨੇ ਵੀ ਇਸੇ ਪਰੰਪਰਾ ਨੂੰ ਜਾਰੀ ਰਖਦਿਆਂ ਹੋਇਆਂ ਭਾਰਤੀ ਰਾਗਾਂ ਵਿਚ ਬਾਣੀ ਰਚੀ।
* ਨਾਥ ਜੋਗੀਆਂ ਨੇ 'ਸ਼ਬਦ' ਕਾਵਿ ਰੂਪ ਨੂੰ ਪ੍ਰਕਾਸ਼ ਵਿਚ ਲਿਆਂਦਾ। ਸਲੋਕ, ਦੋਹਰਾ ਅਤੇ ਚੌਪਈ ਆਦਿ ਛੰਦ-ਰੂਪਾਂ ਦਾ ਆਵਿਸ਼ਕਾਰ ਕੀਤਾ।
* ਭਾਰਤੀ ਸਮਾਜ ਵਿਚ ਸਮਨਵੈ (ਏਕਤਾ) ਅਤੇ ਸਾਂਝੀਵਾਲਤਾ ਦੀ ਲਹਿਰ ਚਲਾਈ। ਜ਼ਾਤ-ਪਾਤ ਦਾ ਖੰਡਨ ਕੀਤਾ। ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣ ਦਾ ਉਪਦੇਸ਼ ਦਿੱਤਾ।
* ਭਾਰਤੀ ਸਮਾਜ ਵਿਚ ਸੁਧਾਰਾਂ ਦੀ ਲੜੀ ਸ਼ੁਰੂ ਕੀਤੀ। ਲੋਕਾਂ ਨੂੰ ਵਿਕਾਰਾਂ ਤੋਂ ਬਚਣ ਦਾ ਸੰਦੇਸ਼ ਦਿੱਤਾ। ਵਿਖਾਵੇ ਦੀ ਭਗਤੀ ਨੂੰ ਛੱਡ ਕੇ ਸੱਚੀ ਭਗਤੀ ਕਰਨ ਦੀ ਪ੍ਰੇਰਨਾ ਕੀਤੀ। ਇਸ ਪ੍ਰਕਾਰ ਭਾਰਤ ਵਿਚ ਪੁਨਰ-ਜਾਗ੍ਰਿਤੀ (ਰੈਨੇਸਾਂ) ਦਾ ਇਕ ਅਜਿਹਾ ਅੰਦੋਲਨ ਸ਼ੁਰੂ ਕੀਤਾ ਜੋ ਭਗਤਾਂ, ਸੂਫ਼ੀਆਂ ਅਤੇ ਸਿੱਖ ਗੁਰੂਆਂ ਤਕ ਨਿਰੰਤਰ ਚਲਦਾ ਰਿਹਾ। ਇਸ ਸੂਰਤ ਵਿਚ ਇਨ੍ਹਾਂ ਨੇ ਭਾਰਤੀ ਸਾਹਿੱਤ ਅਤੇ ਸਭਿਆਚਾਰ ਦੇ ਪ੍ਰਸੰਗ ਵਿਚ ਇਕ ਮਹਾਨ ਦੇਣ ਦਿੱਤੀ।

------

**ਪ੍ਰਸ਼ਨ :**

(i) ਨਾਥ-ਜੋਗੀਆਂ ਦੇ ਸਾਹਿੱਤ ਨੂੰ ਪੰਜਾਬੀ ਸਾਹਿੱਤ ਨਾਲ ਸੰਬੰਧਿਤ ਕਰਨ ਦੇ ਕਿਹੜੇ-ਕਿਹੜੇ ਕਾਰਨ ਹਨ।

(ii) ਪੂਰਵ-ਨਾਨਕ ਕਾਲ ਵਿਚ ਪੈਦਾ ਹੋਏ ਨਾਥ-ਜੋਗੀਆਂ ਦੇ ਸਾਹਿੱਤ ਉਪਰ ਇਕ ਵਿਸ਼ਲੇਸ਼ਣਾਤਮਕ ਲੇਖ ਲਿਖੋ।

**ਪਾਠ ਨੰ: 1.4** **- ਪ੍ਰੋ. ਬ੍ਰਹਮਜਗਦੀਸ਼ ਸਿੰਘ**

## **ਪੂਰਵ-ਨਾਨਕ ਕਾਲ** : ਲੋਕ-ਸਾਹਿੱਤ ਅਤੇ ਲੋਕ-ਵਾਰਾਂ

### 4.1 ਰੂਪ-ਰੇਖਾ

ਹਰ ਭਾਸ਼ਾ ਦੇ ਸਾਹਿੱਤ ਵਿਚ ਵਿਸ਼ਿਸ਼ਟ ਸਾਹਿੱਤ (ਕਿਸੇ ਵਿਸ਼ੇਸ਼ ਸਾਹਿੱਤਕਾਰ ਵਲੋਂ ਰਚਿਆ ਗਿਆ ਸਾਹਿੱਤ) ਦੇ ਨਾਲ ਲੋਕ-ਸਾਹਿੱਤ ਵੀ ਉਪਜਦਾ ਰਹਿੰਦਾ ਹੈ। ਆਧੁਨਿਕ ਕਾਲ ਵਿਚ ਸਾਖ਼ਰਤਾ ਦੀ ਦਰ ਕਾਫ਼ੀ ਵਧ ਜਾਣ ਅਤੇ ਪ੍ਰਕਾਸ਼ਨ ਦੀਆਂ ਸੁਵਿਧਾਵਾਂ ਸਹਿਜ-ਸੁਲੱਭ ਹੋਣ ਦੇ ਕਾਰਨ ਲੋਕ ਸਾਹਿੱਤ ਦੀ ਉਤਪਤੀ ਘਟ ਗਈ ਹੈ ਅਤੇ ਵਿਸ਼ਿਸ਼ਟ ਸਾਹਿੱਤ ਵਧੇਰੇ ਮਾਤਰਾ ਵਿਚ ਲਿਖਿਆ ਜਾਣਾ ਸ਼ੁਰੂ ਹੋ ਗਿਆ ਹੈ। ਲੋਕ-ਸਾਹਿੱਤ ਕਿਸੇ ਇਕ ਸਾਹਿੱਤਕਾਰ ਦੀ ਰਚਨਾ ਨਹੀਂ ਹੁੰਦਾ ਬਲਕਿ ਪੂਰੀ-ਦੀ-ਪੂਰੀ ਪੀੜ੍ਹੀ ਅਤੇ ਬਹੁਤੀ ਵਾਰ ਕਈ-ਕਈ ਪੀੜ੍ਹੀ ਲੋਕ-ਸਾਹਿੱਤ ਦਾ ਸਿਰਜਣ ਅਤੇ ਪੁਨਰ-ਸਿਰਜਣ ਕਰਦੀਆਂ ਰਹਿੰਦੀਆਂ ਹਨ। ਇਸ ਸਾਹਿੱਤ ਨੂੰ ਕਿਸੇ ਸਮਾਜ ਜਾਂ ਸਭਿਆਚਾਰ ਵਿਸ਼ੇਸ਼ ਵਿਚ ਰਹਿਣ ਵਾਲੇ ਲੋਕ ਮੌਖਿਕ ਰੂਪ ਵਿਚ ਯਾਦ ਰੱਖਦੇ ਸਨ। ਮੌਖਿਕ ਹੋਣ ਦੀ ਸੂਰਤ ਵਿਚ ਇਸ ਵਿਚ ਲਗਾਤਾਰ ਤਬਦੀਲੀਆਂ ਹੁੰਦੀਆਂ ਰਹਿੰਦੀਆਂ। ਪੁਰਾਣੀਆਂ ਕੜੀਆਂ ਜਾਂ ਅੰਤਰੇ ਅਪ੍ਰਾਸੰਗਿਕ ਹੋ ਜਾਣ ਦੇ ਕਾਰਨ ਲੋਕ-ਸਿਰਜਣਾਵਾਂ ਨਾਲੋਂ ਲਾਹ ਦਿੱਤੀਆਂ ਜਾਂਦੀਆਂ ਸਨ ਅਤੇ ਇਨ੍ਹਾਂ ਦੀ ਥਾਂ ਨਵੀਆਂ ਕੜੀਆਂ ਅਤੇ ਅੰਤਰੇ ਜੋੜ ਦਿੱਤੇ ਜਾਂਦੇ ਸਨ। ਇਸ ਪ੍ਰਕਾਰ ਲੋਕ-ਸਾਹਿੱਤ ਦੀਆਂ ਵੰਨਗੀਆਂ ਕਦੇ ਵੀ ਪੁਰਾਣੀਆਂ ਜਾਂ ਅਪ੍ਰਾਸੰਗਿਕ ਨਹੀਂ ਸਨ ਹੁੰਦੀਆਂ ਬਲਕਿ ਸਦਾ ਸਮਕਾਲੀਨ ਅਤੇ ਪ੍ਰਾਸੰਗਿਕ ਬਣੀਆਂ ਰਹਿੰਦੀਆਂ ਸਨ। ਪੰਜਾਬੀ ਭਾਸ਼ਾ ਲੋਕ-ਸਾਹਿੱਤ ਦੀ ਦ੍ਰਿਸ਼ਟੀ ਤੋਂ ਵਿਸ਼ਵ ਦੀਆਂ ਅਤਿ ਅਮੀਰ ਭਾਸ਼ਾਵਾਂ ਵਿਚੋਂ ਇਕ ਹੈ, ਹਾਲਾਂਕਿ ਜੁਗਗਰਦੀ ਦੇ ਕਾਰਨ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਲੋਕ-ਸਾਹਿੱਤ ਦੇ ਅਨੇਕ ਨਮੂਨੇ ਅਤੇ ਵੰਨਗੀਆਂ ਗੁਆਚ ਵੀ ਗਈਆਂ ਹਨ।

### 4.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਬੀ.ਏ. ਦੇ ਵਿਦਿਆਰਥੀਆਂ ਨੂੰ ਲੋਕ-ਸਾਹਿੱਤ ਦੀ ਪ੍ਰਕਿਰਤੀ ਅਤੇ ਮਹੱਤਵ ਤੋਂ ਜਾਣੂ ਕਰਵਾਉਣਾ ਹੈ। ਆਮ ਤੌਰ ਤੇ ਕਿਸੇ ਭਾਸ਼ਾ ਦੇ ਲੋਕਪ੍ਰਿਅ (ਪਾਪੂਲਰ) ਸਾਹਿੱਤ ਨੂੰ ਹੀ ਲੋਕ-ਸਾਹਿੱਤ ਸਮਝ ਲਿਆ ਜਾਂਦਾ ਹੈ। ਪੰਜਾਬੀ ਦੇ ਕਈ ਕਵੀਆਂ ਦੁਆਰਾ ਲਿਖੇ ਗੀਤਾਂ ਨੂੰ ਜਦੋਂ ਗਾਉਣ ਵਾਲੇ ਮੰਚ ਉਪਰ ਗਾਉਂਦੇ ਹਨ ਤਾਂ ਉਹ ਅਜਿਹੇ ਗੀਤਾਂ ਨੂੰ ਲੋਕਗੀਤ ਸਮਝ ਲਿਆ ਜਾਂਦਾ ਹੈ। ਪਰੰਤੂ ਅਸਲ ਵਿਚ ਲੋਕਗੀਤ ਉਹ ਹੁੰਦੇ ਹਨ ਜੋ ਪਿਛਲੀਆਂ ਕਈ ਪੀੜ੍ਹੀਆਂ ਤੋਂ ਪੰਜਾਬ ਵਿਚ ਗਾਏ ਜਾ ਰਹੇ ਹਨ ਅਤੇ ਉਨ੍ਹਾਂ ਦੇ ਰਚਣ (ਲਿਖਣ) ਵਾਲੇ ਵਿਅਕਤੀ ਦਾ ਨਾਮ-ਪਤਾ ਮਾਲੂਮ ਨਹੀਂ ਹੁੰਦਾ। ਲੋਰੀਆ, ਸਿੱਠਣੀਆਂ, ਸੁਹਾਗ-ਗੀਤ, ਛੰਦ, ਅਲਾਹੁਣੀਆਂ ਆਦਿਕ ਵੰਨਗੀਆਂ ਲੋਕਗੀਤਾਂ ਦੀ ਸ਼੍ਰੇਣੀ ਵਿਚ ਆਉਂਦੀਆਂ ਹਨ। ਲੋਗਤੀਗ ਕਿਸੇ ਭਾਸ਼ਾ ਜਾਂ ਸਾਹਿੱਤ ਦੀ ਅਮੀਰੀ ਦਾ ਪ੍ਰਮਾਣ ਹੁੰਦੇ ਹਨ ਅਤੇ ਵਿਸ਼ਿਸ਼ਟ ਸਾਹਿੱਤ ਦੀ ਸਿਰਜਣਾ ਕਰਨ ਵਾਲੇ ਲੇਖਕ ਇਨ੍ਹਾਂ ਤੋਂ ਨਿਰੰਤਰ ਪ੍ਰੇਰਨਾ ਅਤੇ ਉਤਸਾਹ ਪ੍ਰਾਪਤ ਕਰਦੇ ਰਹਿੰਦੇ ਹਨ। ਇਸ ਪਾਠ ਵਿਚ ਅਸੀਂ ਆਪਣੇ ਵਿਦਿਆਰਥੀਆਂ ਨੂੰ ਪੰਜਾਬੀ ਲੋਕ-ਸਾਹਿੱਤ ਦੀਆਂ ਕੁਝ ਵੰਨਗੀਆਂ ਅਤੇ ਲੋਕ-ਵਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

### 4.3.1 ਲੋਕ-ਸਾਹਿੱਤ

ਲੋਕ-ਸਾਹਿੱਤ ਵਿਚ ਲੋਕ-ਮਨ ਦਾ ਪ੍ਰਗਟਾਵਾ ਹੁੰਦਾ ਹੈ। ਇਹ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਫੋਕ-ਲਿਟਰੇਚਰ (Folk-literature) ਦਾ ਸਮਾਨਾਰਥੀ ਹੈ। ਇਸ ਸ਼ਬਦ ਅਨੁਸਾਰ ਲੋਕਾਂ ਦੁਆਰਾ ਰਚੇ ਗਏ ਸਾਹਿੱਤ ਦੀ ਪਹਿਚਾਣ ਕਰਵਾਈ ਜਾਂਦੀ ਹੈ। 'ਇਨਸਾਈਕਲੋਪੀਡੀਆ ਬ੍ਰਿਟੈਨਿਕਾ' ਅਨੁਸਾਰ ਲੋਕ (folk) ਉਨ੍ਹਾਂ ਨੂੰ ਕਿਹਾ ਜਾਦਾ ਹੈ, ਜੋ ਪੁਰਾਣੀਆਂ ਰਵਾਇਤਾਂ ਦੇ ਧਾਰਨੀ ਹੋਣ, ਆਧੁਨਿਕ ਸਭਿਅਤਾ ਦੇ ਪ੍ਰਭਾਵ ਤੋਂ ਅਛੂਤੇ ਹੋਣ ਅਥਵਾ ਅਸੱਭਯ (uncivilized) ਹੋਣ। (IX, ਪੰਨਾ 46) ਹਿੰਦੀ ਸਾਹਿੱਤ ਦਾ ਇਕ ਵਿਦਵਾਨ ਰਵੀਂਦ੍ਰ ਭ੍ਰਮਰ 'ਲੋਕ' ਤੋਂ ਭਾਵ ਅਜਿਹੇ ਮਾਨਵ-ਸਮੂਹ ਤੋਂ ਲੈਂਦਾ ਹੈ, ਜਿਹੜੇ ਪਰੰਪਰਾਗਤ ਰੀਤੀ-ਰਿਵਾਜਾਂ ਵਿਚ ਵਿਸ਼ਵਾਸ ਰੱਖਦੇ ਹੋਣ ਅਤੇ ਮੁੱਢ-ਕਦੀਮੀ ਕਦਰਾਂ-ਕੀਮਤਾਂ ਨਾਲ ਜੁੜੇ ਹੋਣ। (**ਭਕਤੀ ਸਾਹਿੱਤਯ ਮੇਂ ਲੋਕ ਤਤ੍ਵ,** ਪੰਨਾ 3) ਡਾ. ਕਰਨੈਲ ਸਿੰਘ ਥਿੰਦ ਨੇ

ਲੋਕ-ਸਾਹਿੱਤ ਦੇ ਚਾਰ ਤੱਤਾਂ ਵੱਲ ਸੰਕੇਤ ਕੀਤਾ ਹੈ : 1. ਪਰੰਪਰਾ 2. ਲੋਕ-ਮਨ 3. ਲੋਕ-ਸਭਿਆਚਾਰ ਅਤੇ 4. ਲੋਕ-ਪ੍ਰਵਾਨਗੀ। ਜਿਹੜੇ ਸਾਹਿੱਤ ਵਿਚ ਇਹ ਚਾਰ ਤੱਤ ਹੁੰਦੇ ਹਨ, ਉਨ੍ਹਾਂ ਨੂੰ ਲੋਕ-ਸਾਹਿੱਤ ਦਾ ਨਾਮ ਦਿੱਤਾ ਜਾ ਸਕਦਾ ਹੈ।

4.3.2 ਪੰਜਾਬੀ ਦੇ ਲੋਕ-ਸਾਹਿੱਤ ਵਿਚ ਲੋਕਗੀਤ, ਮਿਥਿਕ ਕਥਾਵਾਂ, ਲੋਕ-ਕਹਾਣੀਆਂ, ਬੁਝਾਰਤਾਂ, ਅਖੌਤਾਂ ਅਤੇ ਕਹਿ-ਮੁਕਰਨੀਆਂ ਆਦਿਕ ਰੂਪ ਆ ਜਾਂਦੇ ਹਨ। ਪੰਜਾਬੀ ਜੀਵਨ ਦਾ ਸ਼ਾਇਦ ਹੀ ਕੋਈ ਪੱਖ ਅਜਿਹਾ ਹੋਵੇ, ਜਿਸ ਸੰਬੰਧੀ ਲੋਕਗੀਤ ਨਾ ਮਿਲਦੇ ਹੋਣ। ਪੰਜਾਬੀ ਗੀਤਾਂ ਦੇ ਇਸ ਵਿਆਪਕ ਪਾਸਾਰ ਨੂੰ ਦੇਖ ਕੇ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਬੰਦਾ ਲੋਕਗੀਤਾਂ ਵਿਚ ਜਨਮਦਾ, ਵਿਗਸਦਾ, ਵਿਆਹ-ਸ਼ਾਦੀ ਰਚਾਉਂਦਾ, ਪਰਿਵਾਰ ਦੀ ਦੇਖ ਭਾਲ ਕਰਦਾ ਅਤੇ ਮਰ ਜਾਂਦਾ ਹੈ। ਲੋਕ-ਸਾਹਿੱਤ ਨੂੰ ਠੀਕ ਰੂਪ ਵਿਚ ਸਮਝਣ ਅਤੇ ਪਰਿਭਾਸ਼ਿਤ ਕਰਨ ਲਈ ਇਸਦੇ ਲੱਛਣ ਨਿਰਧਾਰਿਤ ਕਰਨੇ ਜ਼ਰੂਰੀ ਹਨ। ਲੋਕ ਸਾਹਿੱਤ ਦੇ ਕੁਝ ਪ੍ਰਮੁਖ ਲੱਛਣ ਇਸ ਪ੍ਰਕਾਰ ਹਨ :

**4.3.3 ਲੇਖਕ ਦਾ ਅਗਿਆਤ ਹੋਣਾ**

ਲੋਕ-ਸਾਹਿੱਤ ਦਾ ਰਚਣਹਾਰ ਅਗਿਆਤ ਹੁੰਦਾ ਹੈ। ਲੋਕ-ਸਾਹਿੱਤ ਦੀ ਕਿਸੇ ਵੀ ਵੰਨਗੀ ਉੱਤੇ ਉਸ ਦੇ ਲੇਖਕ ਦੇ ਨਾਮ ਦੀ ਛਾਪ ਨਹੀਂ ਹੁੰਦੀ। ਇਸ ਦਾ ਕਾਰਨ ਇਹ ਹੈ ਕਿ ਲੋਕ-ਸਾਹਿੱਤ ਦਾ ਹਰ ਰੂਪ ਜਾਂ ਵੰਨਗੀ ਅੰਸ਼-ਦਰ-ਅੰਸ਼ (ਟੁਕੜੀ-ਦਰ-ਟੁਕੜੀ) ਸੰਕਲਿਤ ਹੋ ਕੇ ਸੰਪੂਰਨ ਹੁੰਦੀ ਹੈ। ਕੋਈ ਟੁਕੜੀ ਕਿਸੇ ਪੀੜ੍ਹੀ ਨੇ ਰਚੀ ਹੁੰਦੀ ਹੈ, ਕੋਈ ਕਿਸੇ ਹੋਰ ਪੀੜ੍ਹੀ ਨੇ। ਸਿਰਜਣ ਅਤੇ ਰੱਦਣ ਦਾ ਕੰਮ ਨਾਲੋ-ਨਾਲ ਚਲਦਾ ਰਹਿੰਦਾ ਹੈ।

**4.3.4 ਪਰੰਪਰਾ**

ਲੋਕ-ਸਾਹਿੱਤ ਵਿਚ ਪਰੰਪਰਾ ਦਾ ਅੰਸ਼ ਮੌਜੂਦ ਰਹਿੰਦਾ ਹੈ। ਪਰੰਪਰਾ ਨਾਲ ਮੇਲ ਤੋਂ ਬਿਨਾ ਲੋਕ-ਸਾਹਿੱਤ ਜੀਵਿਤ ਨਹੀਂ ਰਹਿ ਸਕਦਾ। 'ਲੋਕ-ਸਾਹਿੱਤ' ਸ਼ਬਦ ਦੀ ਵਰਤੋਂ ਦੋ ਪੱਧਰਾਂ ਉਪਰ ਹੁੰਦੀ ਹੈ। ਪਹਿਲੇ, ਲੋਕ-ਜੀਵਨ ਨਾਲ ਸੰਬੰਧਿਤ ਅਜਿਹੀ ਸਮੱਗਰੀ ਨੂੰ ਲੋਕ-ਸਾਹਿੱਤ ਦਾ ਨਾਮ ਦਿੱਤਾ ਜਾਦਾ ਹੈ, ਜਿਸ ਵਿਚ ਲੋਕ-ਮਨ ਦੀ ਪੇਸ਼ਕਾਰੀ ਹੁੰਦੀ ਹੈ ਅਤੇ ਪਰੰਪਰਾਗਤ ਰੂਪ ਵਿਚ ਅੱਗੇ ਚਲਦੀ ਹੋਈ ਲੋਕ-ਪ੍ਰਵਾਨਗੀ ਰਾਹੀਂ ਕਿਸੇ ਪੀੜ੍ਹੀ ਨੂੰ ਪਹਿਲੀ ਪੀੜ੍ਹੀ ਪਾਸੋਂ ਵਿਰਸੇ ਵਿਚ ਮਿਲਦੀ ਹੈ। ਦੂਸਰੇ, ਲੋਕ-ਸਾਹਿੱਤ ਨੂੰ ਇਤਿਹਾਸ, ਅਰਥ-ਸ਼ਾਸਤਰ ਜਾਂ ਰਾਜਨੀਤੀ ਸ਼ਾਸਤਰ ਵਾਂਗ ਇਕ ਸੁਤੰਤਰ ਵਿਸ਼ੇ (subject) ਵਜੋਂ ਗ੍ਰਹਿਣ ਕਰ ਲਿਆ ਜਾਂਦਾ ਹੈ।

**4.3.5 ਮੌਖਿਕਤਾ**

ਲੋਕ-ਸਾਹਿੱਤ ਵਿਚ ਮੌਖਿਕਤਾ (ਮੂੰਹ-ਜ਼ਬਾਨੀ) ਦੇ ਤੱਤ ਨੂੰ ਵੀ ਕਾਫ਼ੀ ਮਹੱਤਵ ਦਿੱਤਾ ਗਿਆ ਹੈ। ਕਈ ਵਿਦਵਾਨਾਂ ਅਨੁਸਾਰ ਲੋਕ-ਸਾਹਿੱਤ ਦੀ ਪਰੰਪਰਾ ਮੌਖਿਕ ਰੂਪ ਵਿਚ ਗਤੀਸ਼ੀਲ ਰਹਿੰਦੀ ਹੈ ਪਰੰਤੂ ਐਲਨ ਡੰਡੀਜ਼ ਵਰਗੇ ਸਿੱਧਾਂਤਵੇਤਾ ਇਸ ਧਾਰਨਾ ਨਾਲ ਪੂਰੀ ਭਾਂਤ ਸਹਿਮਤ ਨਹੀਂ ਹਨ। ਉਸ ਅਨੁਸਾਰ ਕਈ ਜਨਜਾਤੀਆਂ (ਖ਼ਾਨਾਬਦੋਸ਼) ਸਾਖਰ ਨਹੀਂ ਹੁੰਦੀਆਂ। ਇਨ੍ਹਾਂ ਵਿਚ ਪੜ੍ਹੇ-ਲਿਖੇ ਲੋਕ ਹੁੰਦੇ ਹੀ ਨਹੀਂ। ਇਨ੍ਹਾਂ ਦਾ ਸਾਰਾ ਵਿਧੀ-ਵਿਧਾਨ (ਰਹਿਣ-ਸਹਿਣ ਦੇ ਨਿਯਮ ਆਦਿ) ਮੌਖਿਕ ਰੂਪ ਵਿਚ ਹੀ ਚਲਦਾ ਹੈ ਪਰ ਇਸ ਸਮੁੱਚੇ ਵਿਧਾਨ ਨੂੰ ਲੋਕ-ਸਾਹਿੱਤ ਦੀ ਸ਼੍ਰੇਣੀ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਡੰਡੀਜ਼ ਦਾ ਇਹ ਤਰਕ ਠੀਕ ਤਾਂ ਹੈ ਪਰ ਫਿਰ ਵੀ ਹੋਰ ਕੋਈ ਕਸੌਟੀ ਨਾ ਹੋਣ ਕਰ ਕੇ ਮੌਖਿਕਤਾ ਨੂੰ ਵੀ ਲੋਕ-ਸਾਹਿੱਤ ਦਾ ਇਕ ਚਿੰਨ੍ਹ ਮੰਨ ਲਿਆ ਜਾਂਦਾ ਹੈ।

**4.4.1 ਲੋਕਗੀਤ**

ਲੋਕਾਂ ਦੁਆਰਾ ਰਚੇ ਗਏ ਗੀਤਾ ਨੂੰ 'ਲੋਕਗੀਤ' ਕਿਹਾ ਜਾਂਦਾ ਹੈ। ਲੇਖਕ ਦਾ ਅਗਿਆਤ ਹੋਣਾ ਇਨ੍ਹਾਂ ਦੀ ਮੁਖ ਸ਼ਰਤ ਹੁੰਦੀ ਹੈ। (**An Outline of Indian Folklore,** p. 60) ਪੰਜਾਬੀ ਲੋਕਗੀਤਾਂ ਦੀ ਇਕ ਬੜੀ ਅਮੀਰ ਅਤੇ ਵੰਨਸੁਵੰਨੀ ਪਰੰਪਰਾ ਹੈ। ਲੋਕਗੀਤਾਂ ਦੀ ਇਹ ਪਰੰਪਰਾ ਪਰਿਵਾਰ ਵਿਚ ਬੱਚੇ (ਮੁੰਡੇ) ਦੇ ਜਨਮ ਲੈਣ ਨਾਲ ਹੀ ਸ਼ੁਰੂ ਹੋ ਜਾਂਦੀ ਹੈ। ਪੁਰਸ਼ਪ੍ਰਧਾਨ ਖੇਤਰ ਹੋਣ ਕਰਕੇ ਪੰਜਾਬ ਵਿਚ ਧੀਆਂ ਨੂੰ ਪਿਆਰਨ-ਦੁਲਾਰਨ ਵਾਸਤੇ ਕੋਈ ਲੋਕਗੀਤ ਨਹੀਂ ਹੈ। ਛੋਟੇ ਬੱਚਿਆਂ ਨਾਲ ਸੰਬੰਧਿਤ ਲੋਕਗੀਤਾਂ ਨੂੰ 'ਲੋਰੀ' ਕਿਹਾ ਜਾਂਦਾ ਹੈ। ਇਹ ਲੋਰੀਆਂ ਛੋਟੇ ਬੱਚੇ ਨੂੰ ਪਿਆਰਨ-ਦੁਲਾਰਨ ਲਈ, ਰੋਂਦੇ ਨੂੰ ਚੁੱਪ ਕਰਾਉਣ ਲਈ, ਸੁਆਉਣ ਲਈ ਜਾਂ ਉਸ ਦਾ ਮਨੋਰੰਜਨ ਕਰਨ ਲਈ ਗਾਈਆਂ ਜਾਂਦੀਆਂ ਹਨ। ਲੋਰੀਆਂ ਦੀ ਕੋਈ ਨਿਸ਼ਚਿਤ (fixed) ਟੈਕਸਟ (ਪਾਠ) ਨਹੀਂ ਹੁੰਦੀ। ਮਾਵਾਂ, ਦਾਦੀਆਂ, ਨਾਨੀਆਂ, ਮਾਸੀਆਂ ਅਤੇ ਫੁਫੀਆਂ ਸਥਿਤੀ ਦੇ ਅਨੁਸਾਰ ਅਤੇ ਆਪਣੀ ਸਮਾਜਿਕ-ਸਭਿਆਚਾਰਕ ਹੈਸੀਅਤ ਅਨੁਸਾਰ

ਲੋਰੀਆਂ ਦਾ ਪਾਠ ਘੜਦੀਆਂ ਰਹਿੰਦੀਆਂ ਹਨ ਜਾਂ, ਪਹਿਲਾਂ ਤੋਂ ਵਿਰਸੇ ਵਿਚ ਪ੍ਰਾਪਤ ਲੋਰੀਆਂ ਨੂੰ ਆਪਣੀ ਲੋੜ ਅਨੁਸਾਰ ਛਿਲਦੀਆਂ-ਤ੍ਰਾਸ਼ਦੀਆਂ ਰਹਿੰਦੀਆਂ ਹਨ। ਇਕ ਲੋਰੀ ਦਾ ਨਮੂਨਾ ਵੇਖੋ :

ਅਲ੍ਹੜ-ਬਲੜ੍ਹ ਬਾਵੇ ਦਾ,
ਬਾਵਾ ਕਣਕ ਲਿਆਵੇਗਾ।
ਬਾਵੀ ਬੈਠ ਪਕਾਵੇਗੀ,
ਬਾਵਾ ਬਹਿ ਕੇ ਖਾਵੇਗਾ।

4.4.2 ਪੰਜਾਬੀ ਲੋਕਗੀਤਾਂ ਵਿਚ ਜਵਾਨੀ ਸਮੇਂ ਦੀਆਂ ਮਸਤੀਆਂ, ਸ਼ਰਾਰਤਾਂ, ਸ਼ੋਖੀਆਂ ਅਤੇ ਸੁਪਨਿਆਂ ਦਾ ਵੀ ਭਰਪੂਰ ਵਰਣਨ ਹੋਇਆ ਹੈ। ਪ੍ਰੇਮ ਦਾ ਇਜ਼ਹਾਰ ਕਰਨਾ ਵੀ ਪੰਜਾਬੀ ਮੁੰਡਿਆਂ-ਕੁੜੀਆਂ ਦਾ ਇਕ ਮਨਭਾਉਂਦਾ ਦਿਲ-ਪਰਚਾਵਾ ਹੈ। ਪੰਜਾਬ ਵਿਚ ਹੋਏ ਨਾਇਕ-ਨਾਇਕਾਵਾਂ, ਸਾਡੇ ਨੌਜਵਾਨਾਂ ਅਤੇ ਨਵਯੁਵਤੀਆਂ ਦੇ ਮਨਾਂ ਵਿਚ ਪ੍ਰੇਮ ਦੀ ਚਿੰਗਾਰੀ ਮਘਾਈ ਰਖਦੇ ਹਨ। ਇਸ ਵਿਸ਼ੇ ਨਾਲ ਸੰਬੰਧਿਤ ਗੀਤਾਂ ਦਾ ਇਕ ਬਹੁਤ ਵੱਡਾ ਭੰਡਾਰ ਪੰਜਾਬ ਦੇ ਲੋਕ-ਸਾਹਿੱਤ ਵਿਚ ਮੌਜੂਦ ਹੈ। ਦੇਖੋ :

ਤੇਰੀ ਮੇਰੀ ਲੱਗ ਗੀ ਦੋਸਤੀ
ਲੱਗੀ ਕੰਧੋਲੀ ਓਹਲੇ।
ਤੇਰੇ ਹੱਥ ਵਿਚ ਗੁੱਲੀ ਡੰਡਾ
ਮੇਰੇ ਹੱਥ ਪਟੋਲੇ।
ਟੁੱਟ ਗਈ ਯਾਰਾਂ ਤੋਂ
ਗਾਲ੍ਹ ਬਿਨਾਂ ਨਾ ਬੋਲੇ।

4.4.3 ਪੰਜਾਬੀ ਸਭਿਆਚਾਰ ਵਿਚ ਵਿਆਹ ਦੀ ਰਸਮ ਨੂੰ ਸਰੋਦੀ ਅਤੇ ਸੁਰੀਲੀ ਬਣਾਉਣ ਲਈ ਅਨੇਕ ਵੰਨਗੀਆਂ ਦੇ ਲੋਕਗੀਤ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ : ਸੁਹਾਗ, ਘੋੜੀਆਂ, ਸਿੱਠਣੀਆਂ, ਛੰਦ ਅਤੇ ਬਿਸ਼ਨਪਦੇ ਆਦਿਕ। ਇਸ ਤਰ੍ਹਾਂ ਇਨ੍ਹਾਂ ਲੋਕਗੀਤਾਂ ਨੇ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਬਹੁਤ ਸਾਰੇ ਰੀਤੀ-ਰਿਵਾਜਾਂ ਅਤੇ ਸੰਸਕਾਰਾਂ ਨੂੰ ਸਾਂਭਿਆ ਹੋਇਆ ਹੈ। ਮਾਈਆਂ ਪਾਉਣਾ, ਖਾਰੇ ਚੜ੍ਹਾਉਣਾ, ਚੱਪਣੀਆਂ ਭੰਨਣਾ, ਘੋੜੀ ਦੀ ਵਾਗ ਗੁੰਦਣੀ, ਜੰਞ ਚੜ੍ਹਨੀ, ਕੱਚੀ ਲੱਸੀ ਵਿਚ ਪੈਰ ਪਾਉਣਾ, ਲਾੜੀ ਨੂੰ ਡੋਲੀ ਵਿਚੋਂ ਉਤਾਰਨਾ, ਪਾਣੀ ਵਾਰਨਾ ਅਤੇ ਗਾਨਾ ਖੋਲ੍ਹਣਾ ਆਦਿਕ ਸਭ ਰਸਮਾਂ ਦੀ ਕਾਵਿਕ ਤਰਜਮਾਨੀ ਕਰਨ ਵਾਲੇ ਗੀਤ ਪੰਜਾਬ ਦੇ ਲੋਕ-ਸਾਹਿੱਤ ਵਿਚ ਮੌਜੂਦ ਹਨ। ਇਕ ਵੰਨਗੀ ਦੇਖੋ :

ਡੋਲੀ ਦਾ ਮੂੰਹ ਭੀੜਾ, ਜੀ ਮਹਾਰਾਜ ਕਹਾਰੋ।
ਵਿੱਚ ਆ ਸਾਡਾ ਹੀਰਾ, ਜੀ ਮਹਾਰਾਜ ਕਹਾਰੋ।
ਡੋਲੇ ਦਾ ਮੂੰਹ ਉੱਚਾ, ਜੀ ਮਹਾਰਾਜ ਕਹਾਰੋ।
ਵਿੱਚ ਆ ਮੋਤੀ ਸੁੱਚਾ, ਜੀ ਮਹਾਰਾਜ ਕਹਾਰੋ।
ਲੈ ਲਓ ਆਪਣਾ ਲਾਗ, ਜੀ ਮਹਾਰਾਜ ਕਹਾਰੋ।
ਦੇ ਦਿਓ ਸਾਡਾ ਮਾਲ, ਜੀ ਮਹਾਰਾਜ ਕਹਾਰੋ।

(ਲਾੜੀ ਨੂੰ ਡੋਲੇ ਵਿਚੋਂ ਬਾਹਰ ਕੱਢਣਾ)

4.5.1 **ਮਿੱਥ-ਕਥਾਵਾਂ**

ਜੀਵਨ, ਮ੍ਰਿਤੂ, ਦਿਨ, ਰਾਤ, ਗਰਮੀ, ਸਰਦੀ, ਬਰਸਾਤ, ਅਗਨੀ, ਜਲ ਅਤੇ ਸ੍ਰਿਸ਼ਟੀ-ਰਚਨਾ ਆਦਿ ਸਚਾਈਆਂ ਦੇ ਰਹੱਸ ਨੂੰ ਜਾਣਨ-ਸਮਝਣ ਲਈ ਪ੍ਰਾਚੀਨ ਮਨੁੱਖ ਨੇ ਜੋ ਤਰਕ ਘੜੇ ਸਨ, ਉਨ੍ਹਾਂ ਨੂੰ ਮਿੱਥ-ਕਥਾਵਾਂ ਕਿਹਾ ਜਾਂਦਾ ਹੈ। ਪ੍ਰਾਚੀਨ ਮਨੁੱਖ ਕਾਰਨ-ਕਾਰਜ ਦੇ ਨੇਮਾਂ ਅਤੇ ਪ੍ਰਾਕਿਰਤਕ ਸ਼ਕਤੀਆਂ ਦੇ ਵਿਧੀ-ਵਿਧਾਨ ਤੋਂ ਪਰਿਚਿਤ ਨਹੀਂ ਸੀ। ਇਸ ਲਈ ਉਹ ਹਰ ਪ੍ਰਾਕਿਰਤਕ ਸ਼ਕਤੀ ਨੂੰ ਕਿਸੇ ਦੇਵੀ ਜਾਂ ਦੇਵਤੇ ਦੇ ਰੂਪ ਵਿਚ ਚਿਤਵਦਾ ਸੀ। ਉਸ ਵਾਸਤੇ ਜਲ, ਵਾਯੂ, ਅਗਨੀ, ਪ੍ਰਿਥਵੀ, ਆਕਾਸ਼, ਚੰਨ, ਸੂਰਜ ਆਦਿਕ ਹਰ ਤੱਤ ਵਿਚ ਕੋਈ-ਨਾ-ਕੋਈ ਦੇਵ ਜਾਂ ਦੇਵੀ ਨਿਵਾਸ ਕਰਦੀ ਸੀ। ਵਿਪਰੀਤ ਸ਼ਕਤੀਆਂ (ਮੁਸੀਬਤਾਂ) ਨੂੰ ਉਹ ਅਸੁਰ ਜਾਂ ਰਾਕਸ਼ ਦੇ ਰੂਪ ਵਿਚ ਦੇਖਦਾ ਸੀ। ਇਸ ਤਰ੍ਹਾਂ ਉਸ ਪਾਸ ਦੇਵੀ, ਦੇਵਤਿਆਂ ਅਤੇ ਰਾਕਸ਼ਾਂ ਨਾਲ ਸੰਬੰਧਿਤ ਮਿਥ-ਕਥਾਵਾਂ ਦਾ ਇਕ ਬੜਾ ਵੱਡਾ ਭੰਡਾਰ ਸੀ। ਹਿੰਦੂ ਧਰਮ ਦੇ

ਪੁਰਾਣ-ਗ੍ਰੰਥਾਂ ਵਿਚ ਇਹੋ ਜਿਹੀਆਂ ਬਹੁਤ ਸਾਰੀਆਂ ਕਥਾਵਾਂ ਸੰਗ੍ਰਹਿਤ ਹਨ, ਜੋ ਪੰਜਾਬ ਦੇ ਆਮ ਲੋਕਾਂ ਵਿਚ ਪ੍ਰਚਲਿਤ ਹਨ।

### 4.5.2 ਲੇਜੈਂਡ (ਦੰਤ) ਕਥਾਵਾਂ

ਪੰਜਾਬ ਦੀ ਧਰਤੀ ਨੂੰ ਯੋਧਿਆਂ, ਸਖੀਆਂ, ਪਰਉਪਕਾਰੀਆਂ ਅਤੇ ਪ੍ਰੇਮੀਆਂ ਦੀ ਧਰਤੀ ਹੋਣ ਦਾ ਗੌਰਵ ਹੈ। ਇਨ੍ਹਾਂ ਲੋਕਾਂ ਦੀ ਬਹਾਦਰ, ਸਖ਼ਾਵਤ, ਕੁਰਬਾਨੀ ਅਤੇ ਪ੍ਰੇਮ ਨੂੰ ਦਰਸਾਉਣ ਲਈ ਅਤਿਕਥਨੀ ਭਰਪੂਰ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਨ੍ਹਾਂ ਵਿਧੀਆਂ ਦੁਆਰਾ ਪੰਜਾਬ ਦੇ ਨਾਇਕਾਂ, ਨਾਇਕਾਵਾਂ ਅਤੇ ਸੂਰਬੀਰਾਂ ਬਾਰੇ ਅਨੇਕ ਦੰਤ-ਕਥਾਵਾਂ (ਲੇਜੈਂਡਜ਼) ਬਣ ਗਈਆਂ ਹਨ। ਜਿਵੇਂ : ਕਿਸੇ ਯੋਧੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਸੀਸ ਕੱਟੇ ਜਾਣ ਤੋਂ ਬਾਅਦ ਵੀ ਕਈ ਘੰਟੇ ਲੜਦਾ ਰਿਹਾ ਜਾਂ ਕੋਈ ਪਹਿਲਵਾਨ ਹਰ ਰੋਜ਼ ਗਲ ਵਿਚ ਇਕ ਵੱਡਾ ਪੱਥਰ ਬੰਨ੍ਹ ਕੇ ਪੰਜ-ਪੰਜ ਸੌ ਬੈਠਕਾਂ ਲਗਾਇਆ ਕਰਦਾ ਸੀ। ਇਸੇ ਤਰ੍ਹਾਂ ਕਈ ਵਾਰ ਕਿਸੇ ਪ੍ਰੇਮੀ ਦੇ ਨਿਸ਼ਚੇ ਨੂੰ ਬਿਆਨ ਕਰਨ ਲਈ ਕਿ ਉਹ ਆਪਣੇ ਪੱਟ ਦਾ ਮਾਸ ਕੱਟ ਕੇ ਆਪਣੀ ਪ੍ਰੇਮਿਕਾ ਨੂੰ ਕਬਾਬ ਖੁਆਇਆ ਕਰਦਾ ਸੀ ਜਾਂ ਫਲਾਣੇ ਪ੍ਰੇਮੀ ਨੇ ਆਪਣੀ ਪ੍ਰੇਮਿਕਾ ਦਾ ਦਿਲ ਜਿੱਤਣ ਵਾਸਤੇ ਬਾਰ੍ਹਾਂ ਵਰ੍ਹੇ ਉਸ ਦੀਆਂ ਮੱਝਾਂ ਚਰਾਈਆਂ ਸਨ। ਅਜਿਹੇ ਵੇਰਵੇ ਦੰਤ-ਕਥਾਵਾਂ ਨੂੰ ਜਨਮ ਦਿੰਦੇ ਹਨ।

### 4.5.3 ਲੋਕ-ਕਹਾਣੀਆਂ

ਪੰਜਾਬ ਦੇ ਲੋਕ-ਸਾਹਿੱਤ ਵਿਚ ਬਹੁਤ ਸਾਰੀਆਂ ਲੋਕ-ਕਹਾਣੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਨ੍ਹਾਂ ਲੋਕ-ਕਹਾਣੀਆਂ ਦੇ ਸੋਮੇ ਰਾਜਿਆਂ, ਰਾਜਕੁਮਾਰਾਂ, ਰਿਸ਼ੀਆਂ-ਮੁਨੀਆਂ ਅਤੇ ਸਮਾਜ ਦੇ ਹੋਰ ਵਰਗਾਂ ਦੇ ਜੀਵਨ ਨਾਲ ਜੁੜੇ ਹੁੰਦੇ ਹਨ। ਰਾਜਿਆਂ ਦੀਆਂ ਕਹਾਣੀਆਂ ਵਿਚ ਉਨ੍ਹਾਂ ਦੀ ਵੀਰਤਾ ਅਤੇ ਰਾਜਕੁਮਾਰਾਂ ਦੀਆਂ ਕਹਾਣੀਆਂ ਵਿਚ ਕਿਸੇ ਰਾਜਕੁਮਾਰੀ ਦੀ ਤਲਾਸ਼ ਦਾ ਬਿਰਤਾਂਤ ਪੇਸ਼ ਕੀਤਾ ਜਾਂਦਾ ਹੈ। ਰਿਸ਼ੀਆ-ਮੁਨੀਆਂ ਦੀਆਂ ਕਹਾਣੀਆਂ ਵਿਚ ਉਨ੍ਹਾਂ ਦੀ ਤਪੱਸਿਆ ਅਤੇ ਦੇਵਤਿਆਂ ਵਲੋਂ ਇਸ ਤਪੱਸਿਆ ਨੂੰ ਭੰਗ ਕਰਨ ਦੇ ਯਤਨਾਂ ਦਾ ਉਲੇਖ ਮਿਲਦਾ ਹੈ। ਇਸੇ ਤਰ੍ਹਾਂ ਬ੍ਰਾਹਮਣਾਂ, ਜੱਟਾਂ ਅਤੇ ਸਮਾਜ ਦੇ ਕੁਝ ਹੋਰ ਵਰਗਾਂ (ਮਿਰਾਸੀ ਆਦਿ) ਦੇ ਚਰਿਤਰ ਨੂੰ ਦਰਸਾਉਣ ਵਾਲੀਆਂ ਲੋਕ-ਕਹਾਣੀਆਂ ਵੀ ਉਪਲਬਧ ਹਨ। ਕੁਝ ਕਹਾਣੀਆਂ ਜਾਨਵਰਾਂ (ਪਸ਼ੂ-ਪੰਛੀਆਂ) ਨੂੰ ਪ੍ਰਤੀਕ ਬਣਾ ਕੇ ਵਿਹਾਰ-ਕੁਸ਼ਲਤਾ ਸਿਖਾਉਣ ਵਾਸਤੇ ਰਚੀਆਂ ਗਈਆਂ ਹਨ। ਇਨ੍ਹਾਂ ਵਿਚ ਪੰਚ-ਤੰਤਰ ਅਤੇ ਤੋਤਾ-ਮੈਨਾ ਦੀਆਂ ਕਹਾਣੀਆਂ ਬਾਰੇ ਉਲੇਖ ਕੀਤਾ ਜਾ ਸਕਦਾ ਹੈ।

### 4.5.4 ਲੋਕ-ਨਾਟਕ

ਪੰਜਾਬ ਦੇ ਲੋਕ ਨਾਟਕਾਂ ਵਿਚ ਰਾਮ ਲੀਲ੍ਹਾ, ਰਾਸ ਲੀਲ੍ਹਾ, ਸਾਂਗ, ਨੌਟੰਕੀ, ਨਕਲਾਂ ਅਤੇ ਗਿੱਧਾ ਨਾਟਕ ਆਦਿਕ ਪ੍ਰਸਿੱਧ ਹਨ। ਰਾਮ ਲੀਲ੍ਹਾ ਵਿਚ ਰਾਮਾਇਣ ਦਾ ਮੰਚਨ ਕੀਤਾ ਜਾਦਾ ਹੈ। ਇਸ ਵਿਚ ਸਾਰੇ ਪਾਤਰਾਂ ਦੀ ਭੂਮਿਕਾ ਮਰਦ ਕਲਾਕਾਰ ਹੀ ਨਿਭਾਉਂਦੇ ਹਨ। ਰਾਸ-ਲੀਲ੍ਹਾ ਖੇਡਣ ਵਾਲੇ ਪੇਸ਼ਾਵਰ ਕਲਾਕਾਰਾਂ ਨੂੰ ਰਾਸਧਾਰੀਏ ਕਿਹਾ ਜਾਂਦਾ ਹੈ। ਇਹ ਲੀਲ੍ਹਾ ਜ਼ਿਆਦਾ ਤਰ ਪੰਜਾਬ ਦੇ ਪਿੰਡਾਂ ਵਿਚ ਖੇਡੀ ਜਾਂਦੀ ਰਹੀ ਹੈ। ਕਈ ਪਿੰਡਾਂ ਵਿਚ ਰਾਸ-ਲੀਲ੍ਹਾ ਦੇ ਮੇਲੇ ਵੀ ਲੱਗਦੇ ਸਨ। ਸਾਂਗ ਅਤੇ ਨੌਟੰਕੀ ਦੀ ਪਰੰਪਰਾ ਵੀ ਕਾਫ਼ੀ ਪੁਰਾਣੀ ਹੈ। ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿਚ ਨਕਲੀਏ ਲੋਕ ਸਦੀਆਂ ਤੋਂ ਲੋਕਾਂ ਦਾ ਮਨੋਰੰਜਨ ਕਰਦੇ ਆਏ ਹਨ। ਅੱਜ ਤੋਂ ਕੁਝ ਦਹਾਕੇ ਪਹਿਲਾਂ ਹਰ ਵਿਆਹ ਵਿਚ ਚੰਗੇ ਨਕਲੀਆਂ ਦਾ ਹੋਣਾ ਲਾਜ਼ਮੀ ਸੀ। ਨਕਲਾਂ ਵਿਚ ਸਾਰਾ ਜ਼ੋਰ ਵਾਰਤਾਲਾਪ ਦੀ ਵਿਅੰਗਕਾਰੀ ਉੱਤੇ ਲਗਦਾ ਹੈ। ਇਹ ਪੇਸ਼ਕਾਰੀ ਦੋ ਕਲਾਕਾਰ ਕਰਦੇ ਹਨ, ਇਨ੍ਹਾਂ ਨੂੰ 'ਰੰਗਾ' ਅਤੇ 'ਬਿਗਲਾ' ਕਿਹਾ ਜਾਂਦਾ ਹੈ।

### 4.5.4 ਕਹਿ-ਮੁਕਰਨੀਆਂ

ਕਹਿ-ਮੁਕਰਨੀਆਂ ਉਨ੍ਹਾਂ ਬੁਝਾਰਤਾਂ ਨੂੰ ਕਿਹਾ ਜਾਂਦਾ ਹੈ, ਜਿਸ ਦਾ ਜਵਾਬ ਵੀ ਪ੍ਰਸ਼ਨ ਦੇ ਵਿਚ ਹੀ ਹੁੰਦਾ ਹੈ। ਬੱਸ ਧਿਆਨ ਨਾਲ ਲੱਭਣਾ ਹੁੰਦਾ ਹੈ। ਦੇਖੋ :

ਇਕ ਸੁਘੜ ਮੈਂ ਡਿੱਠੀ ਨਾਰੀ।
ਪੰਡਤਾਂ ਨੂੰ ਲੱਗੇ ਬਹੁਤ ਪਿਆਰੀ।
ਬੱਚੇ ਉਹਦੇ ਸੁੱਚੇ ਮੋਤੀ।
ਮਿੱਤਰ ਪਿਆਰੇ ਦੱਸ ਪੜ੍ਹ ਕੇ ਪੋਥੀ।

### 4.5.5 ਬੁਝਾਰਤਾਂ

ਪੁਰਾਣੀਆਂ ਬੁਝਾਰਤਾਂ ਪੀੜ੍ਹੀ-ਦਰ-ਪੀੜ੍ਹੀ, ਲੋਕ-ਮੂੰਹਾਂ ਉੱਤੇ ਚੜ੍ਹ ਕੇ ਸਾਡੇ ਤਕ ਪਹੁੰਚੀਆਂ ਹਨ। ਇਨ੍ਹਾਂ ਦੀ ਪਰੰਪਰਾ ਬਹੁਤ ਪੁਰਾਣੀ ਹੈ, ਭਾਵੇਂ ਇਨ੍ਹਾਂ ਦਾ ਰੰਗ-ਰੂਪ ਨਵਾਂ ਪ੍ਰਤੀਤ ਹੁੰਦਾ ਹੈ। ਦੇਖੋ :

(i) ਆਈ ਸੀ, ਪਰ ਡਿੱਠੀ ਨਹੀਂ। (ਨੀਂਦ)

(ii) ਇਕ ਨਾਰ ਪਈ ਲੰਮੇ ਰਾਹੀਂ।
ਸਹੁਰਿਉਂ ਟੁਰ ਕੇ ਪੇਕੇ ਆਈ।
ਖੋਜ-ਖੁਰਾ ਕਿਧਰੇ ਨਾਹੀਂ। (ਬੇੜੀ)

(iii) ਇਕ ਬਾਤ ਕਰਤਾਰੋ ਪਾਈਏ,
ਸੁਣ ਵੇ ਭਾਈ ਹਕੀਮਾ!
ਲੱਕੜੀਆਂ 'ਚੋਂ ਪਾਣੀ ਨਿਕਲੇ,
ਪਾਣੀ ਵਿਚ ਢੀਮਾਂ। (ਗੰਨਾ ਅਤੇ ਗੁੜ)

### 4.6 ਲੋਕ-ਵਾਰਾਂ

ਭਾਰਤ ਦਾ ਪ੍ਰਵੇਸ਼-ਦੁਆਰ ਰਿਹਾ ਹੋਣ ਕਰ ਕੇ ਪੰਜਾਬ ਉੱਪਰ ਬਹੁਤ ਸਾਰੇ ਵਿਦੇਸ਼ੀ ਆਕ੍ਰਮਣ ਹੁੰਦੇ ਰਹੇ ਹਨ, ਜਿਨ੍ਹਾਂ ਦਾ ਬਹਾਦਰ ਪੰਜਾਬੀਆਂ ਨੇ ਡਟ ਕੇ ਮੁਕਾਬਲਾ ਕੀਤਾ। ਪੰਜਾਬੀ ਸਾਹਿੱਤ ਦੇ ਇਸ ਕਾਲ ਵਿਚ ਸਿਕੰਦਰ ਦੇ ਹਮਲੇ ਤੋਂ ਬਾਅਦ, ਮੁਸਲਮਾਨਾਂ ਦੇ ਵੀ ਕਈ ਹਮਲੇ ਹੋ ਚੁੱਕੇ ਸਨ। ਅਜਿਹੇ ਵਿਦੇਸ਼ੀ ਹਮਲਿਆਂ ਤੋਂ ਬਿਨਾ ਵੱਖ-ਵੱਖ ਕਬੀਲਿਆਂ ਦੇ ਸਰਦਾਰ ਇਕ-ਦੂਜੇ ਨਾਲ ਵੀ ਲੜਦੇ-ਭਿੜਦੇ ਰਹਿੰਦੇ ਸਨ। ਪੰਜਾਬ ਵਿਚ ਰਚੀਆਂ ਗਈਆਂ ਲੋਕ-ਵਾਰਾਂ ਇਹੋ ਜਿਹੀਆਂ ਅੰਤਰ-ਕਬੀਲਾ ਲੜਾਈਆਂ ਦੇ ਵੇਰਵੇ ਪੇਸ਼ ਕਰਦੀਆਂ ਹਨ। ਸਿੱਖ ਗੁਰੂ ਸਾਹਿਬਾਨ ਨੇ 'ਆਦਿ ਗ੍ਰੰਥ' ਵਿਚ ਸੰਕਲਿਤ ਅਧਿਆਤਮਕ ਵਾਰਾਂ ਦਾ ਸੰਗੀਤਾਤਮਕ ਪੈਟਰਨ ਉਜਾਗਰ ਕਰਨ ਵਾਸਤੇ ਇਨ੍ਹਾਂ ਲੋਕ-ਵਾਰਾਂ ਦੀਆਂ ਧੁਨੀਆਂ ਦਾ ਇਸਤੇਮਾਲ ਕੀਤਾ। ਇਸ ਤਰ੍ਹਾਂ ਇਨ੍ਹਾਂ ਵਾਰਾਂ ਬਾਰੇ ਮੁਢਲੀ ਸੂਚਨਾ 'ਆਦਿ ਗ੍ਰੰਥ' ਵਿਚ ਸੰਕਲਿਤ ਵਾਰਾਂ ਉਪਰ ਦਿੱਤੇ ਸਿਰਲੇਖਾਂ ਤੋਂ ਪ੍ਰਾਪਤ ਹੁੰਦੀ ਹੈ। ਇਨ੍ਹਾਂ ਵਾਰਾਂ ਦੇ ਕੁਝ ਨਮੂਨੇ ਪੰਡਿਤ ਤਾਰਾ ਸਿੰਘ ਨਰੋਤਮ ਨੇ ਆਪਣੇ ਗ੍ਰੰਥ 'ਗੁਰਮਤਿ ਨਿਰਣਯ ਸਾਗਰ' ਵਿਚ ਪੇਸ਼ ਕੀਤੇ ਸਨ ਪਰ ਉਨ੍ਹਾਂ ਨੇ ਆਪਣਾ ਸੋਮਾ ਨਹੀਂ ਸੀ ਦੱਸਿਆ। ਡਾ. ਚਰਨ ਸਿੰਘ ਨੇ ਵੀ ਆਪਣੇ ਗ੍ਰੰਥ 'ਬਾਣੀ ਬਿਉਰਾ' ਵਿਚ ਇਨ੍ਹਾਂ ਵਾਰਾਂ ਬਾਰੇ ਚਰਚਾ ਕੀਤੀ ਹੈ। ਇਹ ਵਾਰਾਂ ਗਿਣਤੀ ਵਿਚ ਛੇ ਹਨ।

### 4.6.1 ਰਾਇ ਕਮਾਲਦੀਨ ਮੌਜਦੀਨ ਦੀ ਵਾਰ

ਰਾਇ ਕਮਾਲਦੀਨ ਅਤੇ ਰਾਇ ਸਾਰੰਗ, ਤਲਵੰਡੀ ਦੇ ਰਾਜਪੂਤ ਅਤੇ ਸਕੇ ਭਰਾ ਸਨ। ਇਹ ਅਕਬਰ ਬਾਦਸ਼ਾਹ ਨੂੰ ਟੈਕਸ ਦਿੰਦੇ ਸਨ। ਰਾਇ ਸਾਰੰਗ ਦਾ ਇਕ ਪੁੱਤਰ ਮੌਜਦੀਨ ਸੀ। ਕਮਾਲਦੀਨ ਨੇ ਚੁਗ਼ਲੀ ਕਰ ਕੇ ਉਸਨੂੰ ਕੈਦ ਕਰਵਾ ਦਿੱਤਾ। ਸਾਰੰਗ ਦੇ ਇਕ ਮਿੱਤਰ ਨੇ ਬਾਦਸ਼ਾਹ ਪਾਸ ਜਾ ਕੇ ਸਾਰੀ ਹਕੀਕਤ ਬਿਆਨ ਕੀਤੀ। ਹਕੀਕਤ ਪਤਾ ਲੱਗ ਜਾਣ ਤੇ ਬਾਦਸ਼ਾਹ ਨੇ ਉਸ ਨੂੰ ਸਿਰੋਪਾ ਦੇ ਕੇ ਮੁਕਤ ਕਰ ਦਿੱਤਾ। ਹੁਣ ਕਮਾਲਦੀਨ ਡਰ ਗਿਆ। ਉਸ ਨੇ ਧੋਖੇ ਨਾਲ ਰਾਇ ਸਾਰੰਗ ਨੂੰ ਜ਼ਹਿਰ ਵਾਲੀ ਸ਼ਰਾਬ ਪਿਆ ਕੇ ਮਾਰ ਦਿੱਤਾ। ਇਸ ਕਾਰਨ ਰਾਇ ਸਾਰੰਗ ਦੇ ਪਿਤਾ ਰਾਇ ਰਣਧੀਰ ਨੇ ਆਪਣੇ ਪੋਤਰੇ ਮੌਜਦੀਨ ਨੂੰ ਨਾਲ ਲੈ ਕੇ ਰਾਇ ਕਮਾਲਦੀਨ ਉਪਰ ਹਮਲਾ ਕਰ ਦਿੱਤਾ। ਕਮਾਲਦੀਨ ਨੂੰ ਮਾਰ ਕੇ ਉਨ੍ਹਾਂ ਨੇ ਆਪਣਾ ਬਦਲਾ ਲੈ ਲਿਆ। ਦੇਖੋ :

ਰਾਣਾ ਰਾਇ ਕਮਾਲਦੀਨ ਰਣ ਭਾਰਾ ਬਾਹੀ।
ਮੌਜਦੀਨ ਤਲਵੰਡੀਉਂ ਚੜ੍ਹਯਾ ਸਾਬਾਹੀ।
ਢਾਲੀਂ ਅੰਬਰ ਛਾਇਆ ਵਾਂਗ ਫੁਲੀ ਕਾਂਹੀ।
ਜੁੱਟੇ ਆਮ੍ਹੋ ਸਾਮ੍ਹਣੇ ਨੇਜੇ ਝਲਕਾਹੀ।
ਮੌਜੇ ਘਰ ਵਾਧਾਈਆਂ ਘਰ ਚਾਚੇ ਧਾਹੀਂ।

### 4.6.2 ਟੁੰਡੇ ਅਸਰਾਜੇ ਦੀ ਵਾਰ

ਰਾਜਾ ਸਾਰੰਗ ਦੇ ਤਿੰਨ ਪੁੱਤਰ ਸਨ : ਅਸਰਾਜ, ਸੁਲਤਾਨ ਅਤੇ ਖ਼ਾਨ। ਅਸਰਾਜ ਸਭ ਤੋਂ ਵੱਡਾ ਸੀ। ਇਸ

ਲਈ ਰਾਜ-ਗੱਦੀ ਉੱਤੇ ਉਸਦਾ ਹੱਕ ਸੀ। ਉਸ ਨੂੰ ਆਪਣੇ ਰਸਤੇ ਦੀ ਰੁਕਾਵਟ ਸਮਝ ਕੇ, ਸੁਲਤਾਨ ਅਤੇ ਖ਼ਾਨ ਉਸ ਨੂੰ ਜੰਗਲ ਵਿਚ ਲੈ ਗਏ ਅਤੇ ਉਸਦੇ ਦੋਵੇਂ ਹੱਥ ਕੱਟ ਕੇ ਉਸ ਨੂੰ ਜੰਗਲ ਵਿਚ ਸੁੱਟ ਆਏ। ਵਾਪਸ ਆ ਕੇ ਉਨ੍ਹਾਂ ਨੇ ਰਾਜੇ ਨੂੰ ਕਿਹਾ ਕਿ ਅਸਰਾਜ ਨੂੰ ਇਕ ਸ਼ੇਰ ਨੇ ਖਾ ਲਿਆ ਹੈ। ਪਰ ਜੰਗਲ ਵਿਚੋਂ ਰਾਹ ਜਾਂਦੇ ਕਿਸੇ ਸੰਤਾਨਹੀਨ ਨੇ ਉਸ ਨੂੰ ਚੁੱਕ ਲਿਆ ਅਤੇ ਆਪਣੀ ਸੰਤਾਨ ਬਣਾ ਕੇ ਪਾਲਿਆ। ਉਹ ਵਿਅਕਤੀ ਜਿਸ ਨਗਰ ਦਾ ਰਹਿਣ ਵਾਲਾ ਸੀ, ਉਥੋਂ ਦਾ ਰਾਜਾ ਵੀ ਸੰਤਾਨਹੀਣ ਸੀ। ਉਸ ਨੇ ਆਪਣੇ ਨਗਰ ਵਿਚ ਢੰਡੋਰਾ ਫਿਰਵਾ ਰੱਖਿਆ ਸੀ ਕਿ ਜਿਸ ਬੰਦੇ ਦਾ ਹੱਥ ਲੱਗਣ ਨਾਲ ਉਸਦੇ ਖ਼ਜ਼ਾਨੇ ਦਾ ਤਾਲਾ ਖੁਲ੍ਹੇਗਾ, ਉਸ ਨੂੰ ਨਗਰ ਦਾ ਅਗਲਾ ਰਾਜਾ ਬਣਾ ਦਿੱਤਾ ਜਾਵੇਗਾ। ਅਸਰਾਜ ਦਾ ਹੱਥ ਲਗਣ ਨਾਲ ਤਾਲਾ ਖੁਲ੍ਹ ਗਿਆ ਅਤੇ ਉਹ ਉਥੋਂ ਦਾ ਰਾਜਾ ਬਣ ਗਿਆ। ਸਮਾਂ ਪਾ ਕੇ ਰਾਜਾ ਸਾਰੰਗ ਨੂੰ ਵੀ ਸਾਰੀ ਹਕੀਕਤ ਮਾਲੂਮ ਹੋ ਗਈ। ਉਸ ਨੇ ਅਸਰਾਜ ਨੂੰ ਪੱਤਰ ਲਿਖਿਆ ਕਿ ਉਹ ਆ ਕੇ ਉਸ ਦਾ ਰਾਜ ਵੀ ਸੰਭਾਲ ਲਵੇ। ਇਸ ਉਪਰੰਤ ਭਾਈਆਂ ਵਿਚ ਯੁੱਧ ਹੋਇਆ, ਜਿਸ ਵਿਚ ਅਸਰਾਜ ਨੂੰ ਫ਼ਤਹਿ ਹੋਈ :

ਭਵਕਯਾ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ।
ਖਾਨ ਸੁਲਤਾਨ ਵਡ ਸੂਰਮੇ ਵਿਚ ਰਣ ਦੇ ਗੱਜੇ।
ਪਤ੍ਰ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ।
ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।
ਫਤੇ ਪਾਈ ਅਸਰਾਜ ਜੀ ਸ਼ਾਹੀ ਘਰ ਸੱਜੇ।

### 4.6.3 ਸਿਕੰਦਰ ਬਿਰਾਹਮ ਦੀ ਵਾਰ

ਸਿਕੰਦਰ ਅਤੇ ਬਿਰਾਹਮ ਦੋ ਰਾਜੇ ਸਨ। ਬਿਰਾਹਮ ਵਿਭਚਾਰੀ ਰਾਜਾ ਸੀ ਅਤੇ ਲੋਕਾਂ ਦੀਆਂ ਸੁੰਦਰ ਲੜਕੀਆਂ ਨੂੰ ਮੰਗਵਾ ਕੇ ਉਨ੍ਹਾਂ ਨਾਲ ਵਿਭਚਾਰ ਕਰਦਾ ਸੀ। ਇਕ ਬ੍ਰਾਹਮਣੇ ਨੇ ਆਪਣੀ ਕੰਨਿਆ ਦੀ ਪੱਤ ਬਚਾਉਣ ਲਈ ਸਿਕੰਦਰ ਦੀ ਸ਼ਰਨ ਲੈ ਲਈ। ਇਸ ਕਾਰਨ ਦੋਹਾਂ ਰਾਜਿਆਂ ਵਿਚ ਘੋਰ ਯੁੱਧ ਹੋਇਆ। ਦੇਖੋ :

ਪਾਪੀ ਬਿਰਾਹਮ ਖਾਨ ਪਰ ਚਢਿਆ ਸੇਕੰਦਰ।
ਭੇੜ ਦੋਹਾਂ ਦਾ ਮਚਿਆ ਬਡ ਰਣ ਦੇ ਅੰਦਰ।
ਫੜਿਆ ਬਿਰਾਹਮ ਖਾਲ ਨੂੰ ਕਰ ਫਤੇ ਸਿਕੰਦਰ।
ਬੰਧਯਾ ਸੰਗਲ ਪਾਇ ਨੇ ਜਣ ਕੀਲੇ ਬੰਦਰ।
ਆਪਣਾ ਹੁਕਮ ਮਨਾਯ ਕੇ ਛਡਯਾ ਜਗ ਅੰਦਰ।

### 4.6.4 ਲੱਲਾ ਬਹਿਲੀਮਾ ਦੀ ਵਾਰ

ਲੱਲਾ ਅਤੇ ਬਹਿਲੀਮਾ ਦੋ ਪਹਾੜੀ ਸਰਦਾਰ ਸਨ। ਲੱਲਾ ਦੇ ਦੇਸ਼ ਵਿਚ ਸੋਕਾ ਪੈ ਗਿਆ। ਬਹਿਲੀਮਾ ਨੇ ਛੇਵਾਂ ਹਿਸਾ ਮਾਲੀਏ ਵਜੋਂ ਲੈਣਾ ਮਿਥ ਕੇ ਉਸ ਨੂੰ ਪਾਣੀ ਦੇ ਦਿੱਤਾ ਪਰੰਤੂ ਪਿਛੋਂ ਜਾ ਕੇ ਲੱਲਾ ਮੁੱਕਰ ਗਿਆ। ਇਸ ਕਾਰਨ ਦੋਹਾਂ ਸਰਦਾਰਾਂ ਵਿਚ ਯੁੱਧ ਹੋਇਆ :

ਕਾਲ ਲਲਾ ਦੇ ਦੇਸ਼ ਦਾ ਖੋਯਾ ਬਹਿਲੀਮਾ।
ਹਿੱਸਾ ਛਠਾ ਮਨਾਯ ਕੈ ਜਲ ਨਹਿਰੋਂ ਦੀਨਾਂ।
ਫਿਰਹੁੰਨ ਹੋਇ ਲੱਲਾ ਨੇ ਰਣ ਮੰਡਯਾ ਧੀਮਾ।
ਭੇੜ ਦੋਹਾਂ ਵਿਚ ਮਚਯਾ ਸੱਟ ਪਈ ਅਨੀਮਾ।
ਸਿਰ ਧੜ ਡਿਗੇ ਖੇਤ ਵਿਚ ਜਯੋਂ ਬਾਹਣ ਢੀਮਾਂ।
ਦੇਖ ਮਾਰੇ ਲਲ ਬਹਿਲੀਮ ਨੇ ਰਣ ਮੈ ਬਾਸੀਮਾਂ।

### 4.6.5 ਹਸਨੇ ਮਹਿਮੇ ਦੀ ਵਾਰ

ਮਹਿਮਾ ਰਾਇ ਅਤੇ ਹਸਨਾ ਰਾਇ ਦੋ ਸਰਦਾਰ ਸਨ। ਹਸਨੇ ਤੋਂ ਕੋਈ ਗੁਨਾਹ ਹੋ ਗਿਆ ਜਿਸ ਕਾਰਨ ਬਾਦਸ਼ਾਹ ਅਕਬਰ ਨੇ ਉਸਦਾ ਘਰ-ਬਾਰ ਜ਼ਬਤ ਕਰ ਲਿਆ। ਹਸਨਾ, ਮਹਿਮੇ ਦੀ ਸ਼ਰਨ ਵਿਚ ਚਲਾ ਗਿਆ। ਉਸ ਨੇ ਹਸਨੇ ਨੂੰ ਆਪਣੀ ਜਾਗੀਰ ਦਾ ਮੁਖ਼ਤਿਆਰ ਬਣਾ ਲਿਆ। ਉਹ ਦਿੱਲੀ ਟੈਕਸ ਭਰਨ ਜਾਇਆ ਕਰਦਾ ਸੀ ਪਰੰਤੂ ਆਪਣੀ ਕੁਟਿਲਤਾ ਕਾਰਨ ਮਹਿਮੇ ਨੂੰ ਗ਼ੈਰਹਾਜ਼ਰ ਦੱਸ ਕੇ ਆਪਣੇ ਆਪ ਨੂੰ ਹਾਜ਼ਰ ਦੱਸਿਆ ਕਰਦਾ ਸੀ। ਨਿਰੰਤਰ

ਗ਼ੈਰਹਾਜ਼ਰੀ ਦੇ ਕਾਰਨ ਬਾਦਸ਼ਾਹ ਨੇ ਮਹਿਮੇ ਨੂੰ ਕੈਦ ਕਰ ਲਿਆ। ਹੁਣ ਹਸਨਾ, ਮਹਿਮੇ ਦੀ ਸਾਰੀ ਜਾਗੀਰ ਦਾ ਮਾਲਕ ਬਣ ਬੈਠਾ। ਇਕ ਵਾਰ ਅਕਬਰ ਸ਼ਿਕਾਰ ਖੇਡਣ ਲਈ ਗਿਆ। ਉਸ ਨੇ ਆਪਣੇ ਸਾਰੇ ਅਹਿਲਕਾਰਾਂ ਨੂੰ ਇਕ ਰੁੱਖ ਦਾ ਨਿਸ਼ਾਨਾ ਲਾਉਣ ਲਈ ਕਿਹਾ ਪਰੰਤੂ ਕਿਸੇ ਦਾ ਨਿਸ਼ਾਨਾ ਨਾ ਲੱਗਾ। ਉਸ ਵਕਤ ਕਿਸੇ ਨੇ ਜ਼ਿਕਰ ਕੀਤਾ ਕਿ ਮਹਿਮਾ ਹੀ ਅਸਲ ਨਿਸ਼ਾਨੇਬਾਜ਼ ਹੈ। ਇਹ ਸੁਣ ਕੇ ਰਾਜੇ ਨੇ ਉਸ ਨੂੰ ਕੈਦ ਵਿਚੋਂ ਕੱਢ ਕੇ ਆਪਣੇ ਸਾਹਮਣੇ ਲਿਆਉਣ ਦਾ ਹੁਕਮ ਦਿੱਤਾ। ਮਹਿਮੇ ਨੇ ਠੀਕ ਨਿਸ਼ਾਨਾ ਲਾ ਦਿੱਤਾ। ਰਾਜਾ ਬੜਾ ਖ਼ੁਸ਼ ਹੋਇਆ, ਉਸ ਨੇ ਮਹਿਮੇ ਦੀ ਸਾਰੀ ਗੱਲ ਸੁਣੀ ਅਤੇ ਫੌਜ ਦੇ ਕੇ ਹਸਨੇ ਉਪਰ ਚੜ੍ਹਾਈ ਕਰਨ ਲਈ ਕਿਹਾ। ਵਾਰ ਵਿਚ ਇਸ ਲੜਾਈ ਦਾ ਜ਼ਿਕਰ ਹੈ :

ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ।
ਹਸਨੇ ਬੇਈਮਾਨਗੀ ਨਾਲ ਮਹਿਮੇ ਬੱਟੀ।
ਭੇੜ ਦੋਹਾਂ ਦਾ ਮਚਯਾ ਸਰ ਵਗੇ ਸਫੱਟੀ।
ਮਹਿਮੇ ਪਾਈ ਫਤੇ ਰਣ ਗੱਲ ਹਸਨੇ ਘਟੀ।
ਬੰਨ੍ਹ ਹਸਨੇ ਨੂੰ ਛਡਯਾ ਮਹਿਮੇ ਜਸ ਖੱਟੀ।

### 4.6.6 ਮੂਸੇ ਦੀ ਵਾਰ

ਮੂਸਾ ਇਕ ਪਠਾਣ ਬਾਦਸ਼ਾਹ ਸੀ। ਜਿੱਥੇ ਉਸ ਦੀ ਸਗਾਈ ਹੋਈ, ਉਹ ਸੁੰਦਰ ਲੜਕੀ ਕਿਸੇ ਹੋਰ ਰਾਜੇ ਦੀ ਨਜ਼ਰ ਚੜ੍ਹ ਗਈ। ਉਸ ਨੇ ਵਿਆਹ ਲਈ। ਮੂਸੇ ਨੇ ਇਸ ਘਟਨਾ ਨੂੰ ਆਪਣਾ ਅਪਮਾਨ ਸਮਝ ਕੇ ਉਸ ਰਾਜੇ ਉਪਰ ਹਮਲਾ ਕੀਤਾ ਅਤੇ ਉਸ ਨੂੰ ਕੈਦ ਕਰ ਲਿਆ। ਪੁੱਛਣ ਤੇ ਪਤਾ ਚੱਲਿਆ ਕਿ ਉਹ ਰਾਜਾ ਉਸ ਦੀ ਮੰਗੇਤਰ ਨੂੰ ਪਿਆਰ ਕਰਦਾ ਸੀ। ਸਾਰੀ ਹਕੀਕਤ ਸੁਣ ਕੇ ਮੂਸਾ ਬਹੁਤ ਖ਼ੁਸ਼ ਹੋਇਆ। ਉਸ ਨੇ ਉਹ ਔਰਤ ਉਸ ਰਾਜੇ ਪਾਸ ਹੀ ਰਹਿਣ ਦਿੱਤੀ ਅਤੇ ਉਸ ਨੂੰ ਸਿਰੋਪਾਉ ਦੇ ਕੇ ਵਿਦਾ ਕਰ ਦਿੱਤਾ। ਇਸ ਵਾਰ ਦਾ ਇਕ ਅੰਸ਼ ਦੇਖੋ :

ਤ੍ਰੈ ਸੌ ਸੱਠ ਮਰਾਤਬਾ, ਇਕ ਗੁਰੀਏ ਡੱਗੇ।
ਚੜ੍ਹਿਆ ਮੂਸਾ ਪਾਤਸ਼ਾਹ, ਸਭ ਸੁਣਿਆ ਜੱਗੇ।
ਦੰਦ ਚਿੱਟੇ ਬਡ ਹਾਥੀਆਂ, ਕਹੁ ਕਿਤ ਬਰੱਗੇ।
ਰੁਤ ਪਛਾਤੀ ਬਗਲਯਾਂ, ਘਟ ਕਾਲੀ ਸੱਗੇ।
ਏਹੀ ਕੀਤੀ ਮੂਸਿਆ, ਕਿਨ ਕਰੀ ਨ ਅੱਗੇ।

4.6.7 ਇਨ੍ਹਾਂ ਵਾਰਾਂ ਦੇ ਰੂਪਾਕਾਰਕ ਲੱਛਣਾਂ ਉੱਤੇ ਟਿੱਪਣੀ ਕਰਦਿਆਂ ਹੋਇਆ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ , "ਵਾਰ ਨਾਮ ਬ੍ਰਿਤਾਂਤ ਕਾ ਹੈ। ਧੁਨ ਈਹਾਂ ਉਸ ਜੈਸੇ ਸੂਰ-ਤਾਲ ਕੀ ਆਵਾਜ਼ ਕਾ ਹੈ। (**ਗੁਰਮਤਿ ਨਿਰਣਯ ਸਾਗਰ**) ਤਾਰਾ ਸਿੰਘ ਨਰੋਤਮ ਦੁਆਰਾ ਸੰਕਲਿਤ ਕੀਤੀਆਂ ਇਨ੍ਹਾਂ ਵਾਰਾਂ ਉੱਤੇ ਟਿੱਪਣੀ ਕਰਦਾ ਹੋਇਆ ਡਾ. ਮੋਹਨ ਸਿੰਘ ਦੀਵਾਨਾ ਲਿਖਦਾ ਹੈ ਕਿ ਉਸ ਨੇ ਇਨ੍ਹਾਂ ਵਾਰਾਂ ਦੇ ਉਕਤ ਅੰਸ਼ ਕਿਥੋਂ ਪ੍ਰਾਪਤ ਕੀਤੇ, ਇਸ ਦੇ ਬਾਰੇ ਵਿਚ ਕੁਝ ਨਹੀਂ ਦੱਸਿਆ। ਤਾਂ ਵੀ ਇਨ੍ਹਾਂ ਵਾਰਾਂ ਦਾ ਮਹੱਤਵ ਨਿਰਵਿਵਾਦ ਹੈ। ਸਿੱਖ ਗੁਰੂ ਸਾਹਿਬਾਨ ਦਾ ਇਨ੍ਹਾਂ ਵਾਰਾਂ ਦੀਆਂ ਧੁਨੀਆਂ ਉਪਰ ਆਪਣੀਆਂ ਅਧਿਆਤਮਕ ਵਾਰਾਂ ਦੀ ਸਿਰਜਣਾ ਕਰਨਾ ਹੀ ਇਹ ਦਰਸਾਉਂਦਾ ਹੈ ਕਿ ਇਹ ਵਾਰਾਂ ਆਪਣੇ ਯੁਗ ਅਤੇ ਦੇਸ਼ ਵਿਚ ਬਹੁਤ ਲੋਕਪ੍ਰਿਅ ਰਹੀਆਂ ਹੋਣਗੀਆਂ।

### 4.7 ਨਿਸ਼ਕਰਸ਼ : ਪ੍ਰਾਪਤੀਆਂ

* ਆਦਿ ਕਾਲ ਵਿਚ ਰਚਿਆ ਗਿਆ ਲੋਕ ਸਾਹਿੱਤ (ਲੋਕਗੀਤ, ਲੋਕਥਾਵਾਂ, ਲੋਕਨਾਟਕ ਅਤੇ ਲੋਕਵਾਰਾਂ) ਉਸ ਕਾਲ ਦੀ ਇਕ ਵੱਡੀ ਪ੍ਰਾਪਤੀ ਹੈ। ਇਸ ਸਾਹਿੱਤ ਨੇ ਪੰਜਾਬੀ ਸਾਹਿੱਤ ਦੀ ਉਤਪਤੀ ਵਿਚ ਵਡਮੁੱਲਾ ਯੋਗਦਾਨ ਪਾਇਆ ਹੋਵੇਗਾ।
* ਇਹ ਸਾਹਿੱਤ ਲੋਕਾਂ ਦੁਆਰਾ ਲੋਕਾਂ ਦੀ ਬੋਲ-ਚਾਲ ਦੀ ਭਾਸ਼ਾ ਵਿਚ ਰਚਿਆ ਗਿਆ ਹੈ। ਇਸ ਨੇ ਆਧੁਨਿਕ ਪੰਜਾਬੀ ਭਾਸ਼ਾ ਦੇ ਸਰੂਪ-ਨਿਰਧਾਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।
* ਪੰਜਾਬੀ ਕਾਵਿ ਵਿਚ ਨਵੀਆਂ ਉਪਮਾਵਾਂ, ਬਿੰਬ ਅਤੇ ਛੰਦ-ਯੋਜਨਾਵਾਂ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕੀਤਾ।
* ਅਧਿਆਤਮਕ ਕਾਵਿ ਦੇ ਸਮਾਨਾਤਾਂਰ ਲੌਕਿਕ ਕਾਵਿ ਧਾਰਾ ਨੂੰ ਜਨਮ ਦਿੱਤਾ ਅਤੇ ਦੁਨਿਆਵੀ ਸਰੋਕਾਰਾਂ ਨੂੰ

ਸਾਹਮਣੇ ਲਿਆਂਦਾ।

* ਪੰਜਾਬੀ ਵਿਚ ਵਾਰ-ਕਾਵਿ ਦੀਆਂ ਸੰਭਾਵਨਾਵਾਂ ਨੂੰ ਸੰਵਾਰਿਆ ਅਤੇ ਨਿਖਾਰਿਆ। ਇਹ ਕਾਵਿ ਪਰੰਪਰਾ ਅੱਜ ਵੀ ਪੰਜਾਬੀਆਂ ਦੀਆਂ ਸੰਵੇਦਨਾਵਾਂ ਨੂੰ ਟੁੰਬਦੀ ਅਤੇ ਆਕ੍ਰਸ਼ਿਤ ਕਰ ਰਹੀ ਹੈ।

------

**ਪ੍ਰਸ਼ਨ**

1. ਪੰਜਾਬੀ ਲੋਕ ਸਾਹਿੱਤ ਨੂੰ ਪਰਿਭਾਸ਼ਿਤ ਕਰੋ ਅਤੇ ਇਸ ਦੀਆਂ ਵੱਖ-ਵੱਖ ਸ਼੍ਰੇਣੀਆਂ ਉੱਤੇ ਇਕ ਸੰਖੇਪ ਨੋਟ ਲਿਖੋ।
2. ਵਾਰ ਕਿਸ ਨੂੰ ਕਹਿੰਦੇ ਹਨ? ਪੰਜਾਬੀ ਵਿਚ ਮਿਲਦੀਆਂ ਲੋਕ-ਵਾਰਾਂ ਬਾਰੇ ਜਾਣਕਾਰੀ ਦਿਉ।
3. ਪੂਰਵ ਨਾਨਕ ਕਾਲ ਵਿਚ ਰਚੇ ਗਏ ਲੋਕ-ਸਾਹਿੱਤ ਦਾ ਵਿਸ਼ਲੇਸ਼ਣ ਕਰੋ।

ਪਾਠ ਨੰ: 1.5 - ਪ੍ਰੋ. ਬ੍ਰਹਮਜਗਦੀਸ਼ ਸਿੰਘ

**ਗੁਰੂ ਨਾਨਕ ਕਾਲ ਦੇ ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਧਾਰਾਵਾਂ ਅਤੇ ਪ੍ਰਵਿਰਤੀਆਂ (1501-1700 ਈ.)**

5.1 **ਰੂਪ-ਰੇਖਾ**

ਗੁਰੂ ਨਾਨਕ ਕਾਲ ਦੇ ਪੰਜਾਬੀ ਸਾਹਿੱਤ ਦਾ ਕੋਈ ਵੀ ਰੂਪ ਸਤਿਗੁਰੂ ਨਾਨਕ ਦੇਵ ਜੀ ਦੀ ਮਹਾਨ ਅਤੇ ਇਨਕਲਾਬੀ ਸ਼ਖਸੀਅਤ ਤੋਂ ਅਛੂਤਾ ਜਾਂ ਅਣਭਿਜ ਨਹੀਂ ਰਿਹਾ। ਗੁਰੂ ਨਾਨਕ ਦੇਵ ਜੀ ਨੇ ਇਹ ਅਨੁਭਵ ਕਰ ਲਿਆ ਸੀ ਕਿ ਪੰਜਾਬੀ ਸਮਾਜ ਅਤੇ ਸਭਿਆਚਾਰ ਆਸ-ਪਾਸ ਦੀ ਦੁਨੀਆਂ ਤੋਂ ਕਾਫ਼ੀ ਪਛੜਦਾ ਜਾ ਰਿਹਾ ਹੈ। ਮੱਧ-ਏਸ਼ੀਆ ਅਤੇ ਯੂਰਪੀ ਦੇਸ਼ਾਂ ਵਿਚ ਨਵੀਂ ਜਾਗ੍ਰਿਤੀ ਆ ਚੁਕੀ ਸੀ। ਮਧ-ਏਸ਼ੀਆ ਵਿਚ ਇਸਲਾਮ ਦੇ ਆਗਮਨ ਨਾਲ ਅਤੇ ਯੂਰਪ ਵਿਚ ਪ੍ਰੋਟੈਸਟੈਂਟ ਧਰਮ ਦੀ ਸਥਾਪਨਾ ਨਾਲ ਲੋਕ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਅੱਗੇ ਵਧ ਰਹੇ ਸਨ। ਭਾਰਤ ਵਿਚ ਵੀ ਭਗਤੀ ਅੰਦੋਲਨ ਕੁਝ ਇਸੇ ਪ੍ਰਕਾਰ ਦੀ ਭੂਮਿਕਾ ਨਿਭਾ ਰਿਹਾ ਸੀ ਪਰ ਇਹ ਅੰਦੋਲਨ ਭਾਰਤੀ ਸਮਾਜ ਦੀ ਜੜ੍ਹਤਾ ਨੂੰ ਤੋੜਨ ਲਈ ਕਾਫ਼ੀ ਨਹੀਂ ਸੀ। ਇਸ ਮੰਤਵ ਲਈ ਸੱਤਾ ਦੇ ਰਵਾਇਤੀ ਰਾਜਸੀ ਕੇਂਦਰਾਂ ਨੂੰ ਵੀ ਵੰਗਾਰਨ ਦੀ ਜ਼ਰੂਰਤ ਸੀ। ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਵਰਤੀ ਗੁਰੂ ਸਾਹਿਬਾਨ ਨੇ ਇਸ ਚੁਣੌਤੀ ਨੂੰ ਪ੍ਰਵਾਨ ਕੀਤਾ ਅਤੇ ਭਾਰਤੀ ਸਭਿਆਚਾਰ ਵਿਚ ਆ ਚੁੱਕੀ ਖੜੋਤ ਨੂੰ ਤੋੜਿਆ। ਪੰਜਾਬੀ ਸਾਹਿੱਤ ਦੀਆਂ ਵੱਖ-ਵੱਖ ਧਾਰਾਵਾਂ ਅਤੇ ਪ੍ਰਵਿਰਤੀਆਂ ਵਿਚ ਆ ਰਹੇ ਇਸ ਨਵ-ਇਨਕਲਾਬ ਦੀ ਧਮਕ ਨੂੰ ਸੁਣਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਪਾਠ ਵਿਚ ਅਸੀਂ ਗੁਰੂ ਨਾਨਕ ਕਾਲ ਦੇ ਸਾਹਿੱਤ ਦੀਆਂ ਪ੍ਰਮੁੱਖ ਧਾਰਾਵਾਂ ਅਤੇ ਪ੍ਰਵਿਰਤੀਆਂ ਦਾ ਵਰਗੀਕਰਣ ਅਤੇ ਵਿਸ਼ਲੇਸ਼ਣ ਕਰ ਰਹੇ ਹਾਂ।

5.2.1 **ਪ੍ਰਯੋਜਨ**

ਇਸ ਪਾਠ ਦਾ ਪ੍ਰਯੋਜਨ ਗੁਰੂ ਨਾਨਕ ਕਾਲ ਵਿਚ ਰਚੇ ਗਏ ਸਾਹਿੱਤ ਦਾ ਸਰਵੇਖਣ ਕਰਨਾ ਹੈ। ਇਸ ਕਾਲ ਦੀਆਂ ਪ੍ਰਮੁਖ ਪ੍ਰਵਿਰਤੀਆਂ ਇਹ ਹਨ :

(i) ਗੁਰਮਤਿ ਕਾਵਿ ਧਾਰਾ
(ii) ਸੂਫ਼ੀ ਕਾਵਿ ਧਾਰਾ
(iii) ਕਿੱਸਾ ਕਾਵਿ ਧਾਰਾ
(iv) ਬੀਰ ਕਾਵਿ ਧਾਰਾ
(v) ਵਾਰਤਕ।

5.2.2 ਇਨ੍ਹਾਂ ਪ੍ਰਵਿਰਤੀਆਂ ਬਾਰੇ ਅਗਲੇ ਅਧਿਆਵਾਂ ਵਿਚ ਭਰਪੂਰ ਜਾਣਕਾਰੀ ਦਿੱਤੀ ਜਾਵੇਗੀ। ਇਸ ਅਧਿਆਇ ਵਿਚ ਅਸੀਂ ਇਸ ਕਾਲ ਵਿਚ ਰਚੇ ਗਏ ਸਾਹਿੱਤ ਦਾ ਇਕ ਸਮੁੱਚਾ ਅਵਲੋਕਨ ਕਰ ਰਹੇ ਹਾਂ, ਤਾਂ ਕਿ ਸਾਡੇ ਵਿਦਿਆਰਥੀਆਂ ਨੂੰ ਇਹ ਮਾਲੂਮ ਹੋ ਜਾਵੇ ਕਿ ਵੱਖ-ਵੱਖ ਧਾਰਾਵਾਂ ਅਤੇ ਪ੍ਰਵਿਰਤੀਆਂ ਇਕ ਸਾਂਝੇ ਸ੍ਰੋਤ ਵਿਚੋਂ ਹੀ ਉਤਪੰਨ ਹੁੰਦੀਆਂ ਹਨ। ਇਹ ਸਾਂਝਾ ਸ੍ਰੋਤ ਸੀ, ਉਹ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਪ੍ਰਿਸ਼ਠਭੂਮੀ, ਜਿਸ ਵਿਚੋਂ ਸਮੁੱਚੀ ਕਲਾ ਅਤੇ ਸਾਹਿੱਤ-ਰੂਪ ਉਪਜਦੇ ਹਨ। ਇਸ ਕਾਲ ਵਿਚ ਪੰਜਾਬ ਉਪਰ ਮੁਗਲ ਹਕੂਮਤ ਕਾਇਮ ਹੋ ਚੁਕੀ ਸੀ, ਜਿਸ ਨੇ ਪੂਰੇ ਦੋ ਸੌ ਸਾਲ ਇਸ ਖੁਸ਼ਹਾਲ ਦੇਸ਼ ਉਪਰ ਰਾਜ ਕੀਤਾ। 1700 ਈ. ਤੋਂ ਬਾਅਦ ਇਸ ਹਕੂਮਤ ਦਾ ਖ਼ਾਤਮਾ ਹੋ ਗਿਆ ਅਤੇ ਅੰਗਰੇਜ਼ਾਂ ਨੇ ਇਥੇ ਆਪਣੀ ਹਕੂਮਤ ਕਾਇਮ ਕਰ ਲਈ। ਭਾਵੇਂ ਕੁਝ ਸਮਾਂ ਸਿੱਖ ਸਰਦਾਰ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਰਿਹਾ। ਪਰੰਤੂ ਆਖਰ ਸਮੁਚਾ ਪੰਜਾਬ ਅੰਗਰੇਜ਼ ਸਾਮਰਾਜੀਆਂ ਦੇ ਹੱਥਾਂ ਵਿਚ ਆ ਗਿਆ ਅਤੇ ਉਨ੍ਹਾਂ ਨੇ ਇਸ ਪ੍ਰਦੇਸ਼ ਦੇ ਭੂਗੋਲਿਕ ਅਤੇ ਮਾਨਵੀ ਸੋਮਿਆਂ ਨੂੰ ਰੱਜ ਕੇ ਲੁੱਟਿਆ। ਸਾਡੇ ਪਾਠ ਦਾ ਪ੍ਰਯੋਜਨ ਵਿਦਿਆਰਥੀਆਂ ਨੂੰ ਮੁਗ਼ਲਾਂ ਦੇ ਸ਼ਾਸਨ ਵਿਚ ਪੈਦਾ ਹੋਏ ਪੰਜਾਬੀ ਸਾਹਿੱਤ ਦੇ ਵਿਭਿੰਨ ਰੂਪਾਂ ਤੋਂ ਜਾਣੂ ਕਰਾਉਣਾ ਹੈ। ਪੰਜਾਬੀ ਸਾਹਿੱਤ ਦੇ ਇਤਿਹਾਸਾਂ ਵਿਚ ਇਸ ਕਾਲ ਨੂੰ ਗੁਰੂ ਨਾਨਕ ਕਾਲ ਕਿਹਾ ਗਿਆ ਹੈ।

5.3.1 **ਪਿਛੋਕੜ**

ਰਾਜਨੀਤਕ ਤੌਰ ਉੱਤੇ ਇਸ ਕਾਲ ਨੂੰ ਮੁਗ਼ਲ ਕਾਲ ਵਜੋਂ ਜਾਣਿਆ ਜਾਂਦਾ ਹੈ। ਮੰਗੋਲਾਂ ਦੇ ਉਤਰ-ਅਧਿਕਾਰੀ ਹੋਣ ਕਾਰਨ ਬਾਬਰ ਅਤੇ ਉਸ ਤੋਂ ਪਿੱਛੋਂ ਭਾਰਤ ਦੇ ਤਖ਼ਤ ਉਪਰ ਕਾਬਜ਼ ਹੋਏ ਮੁਸਲਮਾਨ ਬਾਦਸ਼ਾਹ ਆਪਣੇ ਆਪ ਨੂੰ ਮੁਗ਼ਲ ਅਖਵਾ ਕੇ ਖ਼ੁਸ਼ ਸਨ। ਬਾਬਰ ਆਪਣੇ ਰਾਜਨੀਤਕ ਜੀਵਨ ਦੇ ਆਰੰਭ ਤੋਂ ਹੀ ਹਿੰਦੁਸਤਾਨ ਨੂੰ ਜਿੱਤਣ ਦਾ ਚਾਹਵਾਨ ਸੀ। 1519 ਈ: ਵਿਚ ਉਸ ਨੇ ਹਿੰਦੁਸਤਾਨ ਉਪਰ ਪਹਿਲਾ ਹਮਲਾ ਕੀਤਾ ਪਰ ਉਸ ਨੂੰ ਸਫ਼ਲਤਾ ਨਾ ਮਿਲੀ। 1520 ਈ. ਵਿਚ ਉਸ ਨੇ ਦੂਸਰਾ ਹਮਲਾ ਕੀਤਾ ਅਤੇ ਸਿਆਲਕੋਟ ਨੂੰ ਜਿੱਤ ਲਿਆ। 1526 ਈ. ਵਿਚ ਉਸ ਨੇ ਕਾਫ਼ੀ ਫੌਜ ਇਕੱਠੀ ਕਰ ਕੇ ਇਕ ਤਕੜਾ ਹਮਲਾ ਕੀਤਾ ਅਤੇ ਇਬਰਾਹੀਮ ਲੋਧੀ ਨੂੰ ਹਰਾ ਕੇ ਹਿੰਦੁਸਤਾਨ ਉਪਰ ਆਪਣੀ ਹਕੂਮਤ ਕਾਇਮ ਕਰ ਲਈ। 1540 ਈ. ਵਿਚ ਬਾਬਰ ਦੇ ਪੁੱਤਰ ਹਮਾਯੂੰ ਨੂੰ ਹਰਾ ਕੇ ਸ਼ੇਰ ਸ਼ਾਹ ਸੂਰੀ ਨੇ ਵੀ ਆਪਣਾ ਰਾਜ ਸਥਾਪਿਤ ਕਰ ਲਿਆ ਸੀ ਪਰ 15-16 ਪਿਛੋਂ ਅਕਬਰ ਨੇ ਦੋਬਾਰਾ ਮੁਗ਼ਲ ਰਾਜ ਦੀ ਸਥਾਪਨਾ ਕਰ ਲਈ। ਅਕਬਰ ਤੋਂ ਬਾਅਦ ਜਹਾਂਗੀਰ, ਸ਼ਾਹ ਜਹਾਨ ਅਤੇ ਔਰੰਗਜ਼ੇਬ ਵਰਗੇ ਮੁਗ਼ਲ ਬਾਦਸ਼ਾਹ ਹਿੰਦੁਸਤਾਨ ਉਪਰ ਰਾਜ ਕਰਦੇ ਰਹੇ। 1707 ਈ. ਵਿਚ ਔਰੰਗਜ਼ੇਬ ਦੀ ਮੌਤ ਹੋ ਗਈ ਅਤੇ ਉਸ ਤੋਂ ਪਿੱਛੋਂ ਮੁਗ਼ਲ ਰਾਜ ਦਾ ਪਤਨ ਸ਼ੁਰੂ ਹੋ ਗਿਆ। ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨੇ ਦੇਸ਼ ਵਿਚੋਂ ਮੁਗ਼ਲ ਰਾਜ ਦੀਆਂ ਸਫ਼ਾਂ ਵਲ੍ਹੇਟ ਦਿੱਤੀਆਂ ਅਤੇ ਪੰਜਾਬ ਦੀ ਹਕੂਮਤ ਸਿੰਘਾਂ ਦੇ ਹੱਥ ਵਿਚ ਆ ਗਈ। ਇਸ ਪ੍ਰਥਾਇ ਬਾਬਾ ਬੁੱਲ੍ਹੇ ਸ਼ਾਹ ਨੇ ਲਿਖਿਆ ਸੀ :

> ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।
> ਭੂਰੀਆਂ ਵਾਲੇ ਰਾਜੇ ਕੀਤੇ।

5.3.2 ਪੰਜਾਬ ਦੀ ਸਰਜ਼ਮੀਨ ਉਪਰ ਗੁਰੂ ਨਾਨਕ ਦੇਵ ਜੀ ਨੇ 1469 ਈ. ਵਿਚ ਜਨਮ ਲਿਆ ਸੀ। ਸੋਲ੍ਹਵੀਂ ਸਦੀ ਦੇ ਆਰੰਭ ਵਿਚ ਇਬਰਾਹੀਮ ਲੋਧੀ ਦੇ ਰਾਜ ਸਮੇਂ ਗੁਰੂ ਸਾਹਿਬ ਨੇ ਪੂਰੇ ਭਾਰਤ ਵਿਚ ਆਪਣੀਆਂ ਉਦਾਸੀਆਂ ਆਰੰਭ ਕਰ ਦਿੱਤੀਆਂ ਸਨ। ਗੁਰੂ ਸਾਹਿਬ ਦਾ ਉਦੇਸ਼ ਭਾਰਤੀ ਲੋਕਾਂ ਨੂੰ ਚੇਤੰਨ ਅਤੇ ਜਾਗਰੂਕ ਬਣਾਉਣਾ ਸੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਗੁਰਸਿੱਖੀ ਦਾ ਪ੍ਰਚਾਰ ਜਾਰੀ ਰਿਹਾ ਅਤੇ 1699 ਈ. ਵਿਚ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਭਾਰਤ ਵਿਚ ਇਕ ਨਵੀਂ ਕੌਮ ਨੂੰ ਤਿਆਰ ਕਰ ਦਿੱਤਾ, ਜਿਨ੍ਹਾਂ ਨੂੰ 'ਸਿੰਘ' ਕਿਹਾ ਜਾਂਦਾ ਸੀ। ਇਨ੍ਹਾਂ ਸਿੰਘਾਂ ਨੇ ਲਗਪਗ 100 ਵਰ੍ਹੇ ਪੰਜਾਬ ਉਪਰ ਖਾਲਸਾ ਰਾਜ ਦੇ ਝੰਡੇ ਬੁਲੰਦ ਰੱਖੇ। ਸਿੱਖ ਧਰਮ ਦੇ ਗੌਰਵਮਈ ਇਤਿਹਾਸ ਨੇ ਪੰਜਾਬ ਸਾਹਿੱਤ ਨੂੰ ਪ੍ਰਗਤੀਸ਼ੀਲ ਅਤੇ ਕਲਿਆਣਕਾਰੀ ਬਣਾ ਦਿੱਤਾ। ਇਉਂ ਗੁਰੂ ਨਾਨਕ ਕਾਲ ਦਾ ਸਾਹਿੱਤ, ਸਿੱਖ ਗੁਰੂਆਂ ਦੀ ਬਾਣੀ, ਵਿਚਾਰਧਾਰਾ ਅਤੇ ਇਤਿਹਾਸ ਦੁਆਰਾ ਆਕਾਰਵੰਤ ਹੁੰਦਾ ਦੇਖਿਆ ਜਾ ਸਕਦਾ ਹੈ।

5.3.3 ਇਸ ਕਾਲ ਦੇ ਸਮਾਜਿਕ-ਸਭਿਆਚਾਰਕ ਇਤਿਹਾਸ ਨੂੰ ਗਹੁ ਨਾਲ ਵਾਚਣ ਤੇ ਪਤਾ ਚਲਦਾ ਹੈ ਕਿ ਉਸ ਵਕਤ ਕੁਝ ਗਿਣੇ-ਚੁਣੇ ਲੋਕ ਹੀ ਆਪਣੀ ਜ਼ਿੰਦਗੀ ਨੂੰ ਚੱਜ ਨਾਲ ਜੀਅ ਸਕਦੇ ਸਨ। ਆਮ ਆਦਮੀ ਰਾਜਿਆਂ, ਜਾਗੀਰਦਾਰਾਂ ਅਤੇ ਉਨ੍ਹਾਂ ਦੇ ਅਹਿਲਕਾਰਾਂ ਦੇ ਰਹਿਮੋ-ਕਰਮ ਉੱਤੇ ਸੀ। ਇਸ ਆਮ ਆਦਮੀ ਦੀ ਮੁਕਤੀ ਲਈ ਸਭ ਤੋਂ ਪਹਿਲਾਂ ਭਾਰਤ ਦੇ ਭਗਤਜਨਾਂ ਨੇ ਆਪਣੀ ਆਵਾਜ਼ ਬੁਲੰਦ ਕੀਤੀ। ਬਾਅਦ ਵਿਚ ਗੁਰੂ ਨਾਨਕ ਅਤੇ ਪਿਛਲੇ ਗੁਰੂ ਸਾਹਿਬਾਨ ਨੇ ਇਸ ਪ੍ਰਕਿਰਿਆ ਨੂੰ ਸਰੰਜਾਮਿ ਤੱਕ ਪਹੁੰਚਾਇਆ। ਸ਼ਾਇਰ-ਇ-ਮਸ਼ਰਕ (ਪੂਰਬ ਦਾ ਕਵੀ) ਡਾ. ਮੁਹੰਮਦ ਇਕਬਾਲ ਨੇ ਠੀਕ ਹੀ ਲਿਖਿਆ ਸੀ :

> ਫਿਰ ਉਠੀ ਆਖ਼ਰ ਸਦਾਅ ਤੌਹੀਦ ਕੀ ਪੰਜਾਬ ਸੇ।
> ਹਿੰਦ ਕੋ ਇਕ ਮਰਦਿ-ਕਾਮਿਲ ਨੇ ਜਗਾਇਆ ਖ਼੍ਵਾਬ ਸੇ।

5.4.1 **ਗੁਰਮਤਿ ਕਾਵਿ ਧਾਰਾ**

ਗੁਰਮਤਿ ਕਾਵਿ ਧਾਰਾ ਮੱਧਕਾਲੀਨ ਪੰਜਾਬੀ ਸਾਹਿੱਤ ਦੀ ਸਭ ਤੋਂ ਵੱਧ ਊਰਜਾਵਾਨ ਕਾਵਿਧਾਰਾ ਹੈ। ਇਸ ਕਾਵਿ ਧਾਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ, ਜੋ ਸਿੱਖ ਮਤਿ ਦੇ ਪਹਿਲੇ ਸਤਿਗੁਰੂ ਸਨ। ਇਸ ਧਾਰਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਮਾਧਿਅਮ ਦੁਆਰਾ ਉਨ੍ਹਾਂ ਸੂਫ਼ੀਆਂ, ਸੰਤਾਂ ਅਤੇ ਭਗਤਾਂ ਦੀ ਬਾਣੀ ਵੀ ਆ ਜਾਂਦੀ ਹੈ, ਜੋ ਗੁਰੂ ਨਾਨਕ ਦੇਵ ਜੀ ਤੋਂ ਦੋ-ਤਿੰਨ ਸਦੀਆਂ ਪਹਿਲਾਂ ਹੋ ਚੁੱਕੇ ਸਨ। ਸਿੱਖ ਸਤਿਗੁਰਾਂ ਨੇ ਇਸ ਬਾਣੀ ਨੂੰ ਆਪਣੇ

ਸਮਕਾਲੀ ਯੁਗ ਦੀਆਂ ਪਰਿਸਥਿਤੀਆਂ ਵਾਸਤੇ ਪ੍ਰਾਸੰਗਿਕ ਜਾਣ ਕੇ ਸੰਭਾਲ ਰੱਖਿਆ ਸੀ ਅਤੇ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਸਮੇਂ ਇਸ ਨੂੰ ਪਵਿੱਤਰ ਗ੍ਰੰਥ ਵਿਚ ਸ਼ਾਮਲ ਕਰ ਲਿਆ ਸੀ। ਇਸ ਤਰ੍ਹਾਂ ਗੁਰਮਤਿ ਕਾਵਿ ਧਾਰਾ ਬਹੁਤ ਵਿਆਪਕ ਅਰਥਾਂ ਦੀ ਧਾਰਨੀ ਹੈ।

### 5.4.2 ਗੁਰੂ ਨਾਨਕ ਦੇਵ ਜੀ

ਗੁਰੂ ਸਾਹਿਬ ਇਸ ਕਾਵਿ ਧਾਰਾ ਦੇ ਸ਼ਿਰੋਮਣੀ ਕਵੀ ਸਨ। ਆਪ ਨੇ ਗੁਰਮਤਿ ਧਾਰਾ ਦਾ ਵਿਚਾਰਧਾਰਕ ਪਰਿਪੇਖ ਨਿਸ਼ਚਿਤ ਕੀਤਾ। ਭਾਰਤ ਦੇ ਲੋਕਾਂ ਨੂੰ ਯੁਗਾਨੁਕੂਲ ਸੇਧ ਦੇਣ ਲਈ ਆਪ ਨੇ ਪੂਰੇ ਦੇਸ਼ ਦੇ ਯਾਤਰਾ ਕੀਤੀ। ਇਨ੍ਹਾਂ ਯਾਤਰਾਵਾਂ ਨੂੰ ਆਪ ਦੀਆਂ ਉਦਾਸੀਆਂ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੌਰਾਨ ਆਪ ਤਿੱਬਤ, ਆਸਾਮ, ਅਫ਼ਗਾਨਿਸਤਾਨ, ਅਰਬ ਅਤੇ ਈਰਾਕ ਤੱਕ ਗਏ। ਆਪ ਨੇ ਹਿੰਦੂ ਤੀਰਥਾਂ, ਮੁਸਲਮਾਨਾਂ ਦੇ ਧਾਰਮਿਕ ਕੇਂਦਰਾਂ, ਬੋਧ ਅਤੇ ਜੈਨ ਮੱਤ ਦੇ ਟਿਕਾਣਿਆਂ ਉਪਰ ਜਾ ਕੇ ਸੰਵਾਦ ਰਚਾਇਆ। ਇਨ੍ਹਾਂ ਉਦਾਸੀਆਂ ਦੌਰਾਨ ਬਹੁਤ ਸਾਰੇ ਲੋਕ ਆਪ ਦੇ ਸ਼ਿਸ਼ (ਸਿੱਖ) ਬਣ ਗਏ। ਗੁਰੂ ਸਾਹਿਬ ਨੇ ਕੁਲ ਵੀਹ ਸ਼ਾਸਤਰੀ ਰਾਗਾਂ ਵਿਚ ਆਪਣੀ ਬਾਣੀ ਰਚੀ। ਡਾ. ਰਤਨ ਸਿੰਘ ਜੱਗੀ ਅਨੁਸਾਰ ਆਪ ਨੇ ਕੁਲ 958 ਪਦਾਂ ਦੀ ਰਚਨਾ ਕੀਤੀ। ਜਪੁਜੀ, ਸਿੱਧ ਗੋਸਟਿ, ਓਅੰਕਾਰ, ਬਾਰਹਮਾਹ ਤੁਖਾਰੀ ਅਤੇ ਤਿੰਨ ਵਾਰਾਂ (ਆਸਾ, ਮਾਝ ਅਤੇ ਮਲਾਰ ਰਾਗ) ਆਪ ਦੀ ਪ੍ਰਮੁੱਖ ਰਚਨਾਵਾਂ ਹਨ। ਆਪ ਦੀ ਬਾਣੀ ਵਿਚ ਉਸ ਸਮੇਂ ਦੀ ਰਾਜਨੀਤਕ ਸਥਿਤੀ ਬਾਰੇ ਬੜੀਆਂ ਅਗਰਗਾਮੀ ਉਕਤੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਦੇਖੋ :

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥

(**ਵਾਰ ਮਲਾਰ**, ਪੰਨਾ ੧੨੮੮)

### 5.4.3 ਹੋਰ ਗੁਰੂ ਸਾਹਿਬਾਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਬਿਨਾਂ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੀ ਸੰਕਲਿਤ ਹੈ। ਇਨ੍ਹਾਂ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਪੇਸ਼ ਕੀਤੀ ਗਈ ਵਿਚਾਰਧਾਰਾ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕੀਤਾ ਅਤੇ ਗੁਰਸਿੱਖਾਂ ਨੂੰ ਬਾਣੀ ਨਾਲ ਜੋੜਿਆ। ਗੁਰੂ ਅੰਗਦ ਦੇਵ ਜੀ ਨੇ ਬਹੁਤੀ ਬਾਣੀ ਦੀ ਰਚਨਾ ਨਹੀਂ ਕੀਤੀ। ਉਨ੍ਹਾਂ ਦੁਆਰਾ ਰਚੇ ਗਏ 63 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ। ਗੁਰੂ ਅਮਰਦਾਸ ਜੀ ਨੇ ਪੱਟੀ, ਅਲਾਹਣੀਆਂ, ਸਤਵਾਰ, ਆਨੰਦ ਤੋਂ ਬਿਨਾਂ ਚਾਰ ਵਾਰਾਂ (ਰਾਗ ਗੂਜਰੀ, ਸੂਹੀ, ਰਾਮਕਲੀ, ਮਾਰੂ ਵਿਚ) ਦੀ ਰਚਨਾ ਕੀਤੀ ਹੈ। ਇਨ੍ਹਾਂ ਵਾਰਾਂ ਵਿਚ 85 ਪਉੜੀਆਂ ਅਤੇ 343 ਸਲੋਕ ਆਏ ਹਨ। ਆਪ ਨੇ ਕੁਲ 18 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਗੁਰੂ ਅਮਰਦਾਸ ਜੀ ਨੇ ਕਰਮ-ਕਾਂਡ ਦੀ ਨਿਹਫ਼ਲਤਾ, ਸਤੀ ਪ੍ਰਥਾ ਦੀ ਅਰਥਹੀਣਤਾ, ਮਨੁੱਖੀ ਦੇਹੀ ਦੀ ਪਵਿੱਤਰਤਾ ਅਤੇ ਮਨੁੱਖੀ ਜੀਵਨ ਦੇ ਪ੍ਰਯੋਜਨ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਚੌਥੇ ਗੁਰੂ ਰਾਮਦਾਸ ਜੀ ਨੇ 29 ਰਾਗਾਂ ਵਿਚ ਆਪਣੀ ਬਾਣੀ ਦੀ ਰਚਨਾ ਕੀਤੀ ਹੈ। ਆਪ ਦੀਆਂ ਵਿਸ਼ੇਸ਼ ਬਾਣੀਆਂ ਵਿਚ ਪਹਿਰੇ, ਵਣਜਾਰਾ, ਕਰਹਲੇ, ਕਾਫ਼ੀ, ਛਕੇ-ਛੰਤ, ਘੋੜੀਆਂ, ਲਾਵਾਂ ਅਤੇ ਅੱਠ ਅਧਿਆਤਮਕ ਵਾਰਾਂ (ਸ੍ਰੀਰਾਗ, ਗਉੜੀ, ਬਿਹਾਗੜਾ, ਵਡਹੰਸੁ, ਸੋਰਠਿ, ਬਿਲਾਵਲੁ, ਸਾਰੰਗ ਅਤੇ ਕਾਨੜਾ ਰਾਗ ਵਿਚ) ਮਿਲਦੀਆਂ ਹਨ। ਆਪਦੀ ਬਾਣੀ ਸੰਗੀਤਾਤਮਕ ਅੰਸ਼ਾਂ ਨਾਲ ਭਰਪੂਰ ਹੈ। ਇਹ ਸਰਸ, ਸਰੋਦੀ ਅਤੇ ਸੁਰੀਲੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੋਰ ਸਭ ਗੁਰੂ ਸਾਹਿਬਾਨ ਨਾਲੋਂ ਵਧੇਰੇ ਹੈ। ਇਸ ਵਿਚ ਆਪ ਦੇ 2218 ਸ਼ਬਦ ਸੰਕਲਿਤ ਹਨ, ਜੋ 30 ਰਾਗਾਂ ਵਿਚ ਰਚੇ ਗਏ ਹਨ। ਬਾਰਹਮਾਹਾ ਮਾਝ, ਬਾਵਨ ਅੱਖਰੀ, ਸੁਖਮਨੀ, ਥਿਤੀ ਅਤੇ ਛੇ ਅਧਿਆਤਮਕ ਵਾਰਾਂ (ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਵਿਚ) ਆਪਦੀਆਂ ਕੁਝ ਪ੍ਰਬੰਧਾਤਮਕ ਰਚਨਾਵਾਂ ਹਨ। ਗੁਰੂ ਤੇਗ਼ਬਹਾਦਰ ਜੀ ਦੇ 59 ਸ਼ਬਦ ਅਤੇ 57 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ। ਇਸ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 2006 ਈ. ਵਿਚ ਸੰਕਲਿਤ ਕੀਤੇ ਗਏ 'ਗੁਰੂ ਗ੍ਰੰਥ' ਵਿਚ ਸੰਕਲਿਤ ਕਰਵਾਇਆ ਸੀ।

### 5.4.4 ਭਗਤ ਜਨ ਅਤੇ ਗੁਰਸਿੱਖ ਕਵੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੇ ਨਾਲ-ਨਾਲ ਭਾਰਤ ਦੇ ਕੁਝ ਹੋਰ ਸੰਤਾਂ-ਭਗਤਾਂ ਦੀ ਬਾਣੀ ਵਿਚ ਸੰਕਲਿਤ ਕੀਤੀ ਗਈ ਹੈ। ਇਨ੍ਹਾਂ ਵਿਚ ਸ਼ੇਖ਼ ਫ਼ਰੀਦ, ਭਗਤ ਨਾਮਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਸਮੇਤ ਕੁੱਲ 15 ਭਗਤਜਨਾਂ ਦੀ ਬਾਣੀ ਸ਼ਾਮਲ ਹੈ। ਇਨ੍ਹਾਂ ਤੋਂ ਬਿਨਾਂ ਭਾਈ ਮਰਦਾਨਾ (ਦੋ ਸਲੋਕ), ਬਾਬਾ ਸੁੰਦਰ (ਸੱਦ), ਰਾਇ ਬਲਵੰਡ ਅਤੇ ਸੱਤਾ ਰਬਾਬੀ (ਵਾਰ) ਅਤੇ 11 ਭੱਟਾਂ (123 ਸਵੱਈਏ) ਦੀ ਬਾਣੀ ਵੀ ਸੰਕਲਿਤ ਹੋਈ ਹੈ।

5.4.5 ਗੁਰਮਤਿ ਧਾਰਾ ਦੇ ਕਵੀਆਂ ਵਿਚ ਗੁਰੂ ਗੋਬਿੰਦ ਸਿੰਘ ਅਤੇ ਭਾਈ ਗੁਰਦਾਸ (40 ਵਾਰਾਂ) ਦੀ ਬਾਣੀ ਨੂੰ ਵੀ ਸ਼ਿਰੋਮਣੀ ਸਥਾਨ ਪ੍ਰਾਪਤ ਹੈ। ਬੇਸ਼ੱਕ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਨਹੀਂ ਹੈ ਪਰੰਤੂ ਵਿਚਾਰਧਾਰਾ, ਕਲਾ ਕੌਸ਼ਲ ਅਤੇ ਗੁਰਮਤਿ ਫਿਲਾਸਫ਼ੀ ਦੀ ਦ੍ਰਿਸ਼ਟੀ ਤੋਂ ਇਸ ਬਾਣੀ ਦਾ ਮਹਾਤਮ ਨਿਰਵਿਵਾਦ ਹੈ। ਗੁਰੂ ਗੋਬਿੰਦ ਸਿੰਘ ਦੀ ਸਮੁੱਚੀ ਬਾਣੀ 'ਦਸਮ ਗ੍ਰੰਥ' ਵਿਚ ਸੰਕਲਿਤ ਹੈ। ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੌਪਈ, ਸੁਧਾ ਸਵਈਏ ਅਤੇ ਚੰਡੀ ਦੀ ਵਾਰ ਆਪ ਦੀਆਂ ਕੁਝ ਪ੍ਰਮੁੱਖ ਰਚਨਾਵਾਂ ਹਨ। ਗੁਰੂ ਗੋਬਿੰਦ ਸਿੰਘ ਦੀ ਬਹੁਤ ਬਾਣੀ ਬ੍ਰਜ-ਭਾਸ਼ਾ ਵਿਚ ਰਚੀ ਗਈ ਹੈ।

### 5.5.1 ਸੂਫ਼ੀ ਕਾਵਿ ਧਾਰਾ

ਪੰਜਾਬੀ ਸਾਹਿੱਤ ਵਿਚ ਸੂਫ਼ੀ ਅਨੁਭਵ ਦਾ ਪ੍ਰਵੇਸ਼ ਸ਼ੇਖ ਬਾਬਾ ਫ਼ਰੀਦ ਜੀ ਦੇ ਆਗਮਨ ਨਾਲ ਹੁੰਦਾ ਹੈ। ਫ਼ਰੀਦ ਜੀ ਤੋਂ ਪਹਿਲਾਂ ਹਜ਼ਰਤ ਦਾਤਾ ਗੰਜ ਬਖ਼ਸ਼, ਖ਼ੁਆਜਾ ਮੁਈਨੁੱਦੀਨ ਚਿਸ਼ਤੀ ਅਤੇ ਖ਼ੁਆਜਾ ਕੁਤਬੁੱਦੀਨ ਬਖ਼ਤਯਾਰ ਕਾਕੀ ਜੀ ਪੰਜਾਬ ਵਿਚ ਆ ਚੁੱਕੇ ਸਨ ਪਰ ਇਕ ਕਵੀ ਦੇ ਰੂਪ ਵਿਚ ਬਾਬਾ ਫ਼ਰੀਦ ਜੀ ਨੇ ਸਭ ਤੋਂ ਪਹਿਲਾਂ ਆਪਣੀ ਪਹਿਚਾਣ ਕਰਵਾਈ। ਕਾਵਿ ਅਤੇ ਸੰਗੀਤ ਦੇ ਮਾਧਿਅਮ ਨਾਲ ਵਿਚਾਰਧਾਰਾ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਆਮ ਲੋਕਾਂ ਦੇ ਹਿਰਦੈ ਵਿਚ ਉਤਾਰਿਆ ਜਾ ਸਕਦਾ ਹੈ। ਫ਼ਰੀਦ ਜੀ ਦੀ ਲੋਕਪ੍ਰਿਅਤਾ ਦਾ ਵੱਡਾ ਕਾਰਨ ਕਾਵਿ ਅਤੇ ਮੌਸੀਕੀ ਨਾਲ ਜੁੜਿਆ ਹੋਇਆ ਸੀ। ਫ਼ਰੀਦ ਜੀ ਦੀ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ ਪਾਕਪਟਨ ਤੋਂ ਹਾਸਲ ਕੀਤਾ। ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰ ਕੇ ਸਦਾ ਲਈ ਸੁਰੱਖਿਅਤ ਕਰ ਦਿੱਤਾ। ਪੂਰਵ ਨਾਨਕ ਕਾਲ ਵਿਚ ਫ਼ਰੀਦ ਜੀ ਨੇ ਪੰਜਾਬੀ ਸਾਹਿੱਤ ਵਿਚ ਨਵੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਸਨ।

### 5.5.2 ਗੁਰੂ ਨਾਨਕ ਕਾਲ ਦੇ ਸੂਫ਼ੀ ਕਵੀ

ਚਿਸ਼ਤੀ ਸੰਪਰਦਾਇ ਵਿਚ ਬਾਬਾ ਫ਼ਰੀਦ ਜੀ ਤੋਂ ਬਾਅਦ ਸ਼ਾਹ ਮੀਰਾ ਜੀ ਚਿਸ਼ਤੀ ਕਾਫ਼ੀ ਪ੍ਰਸਿੱਧ ਹੋਏ। ਆਪ ਖ਼ੁਆਜਾ ਮਹੀਉਦੀਨ ਗੇਸੂ ਦਰਾਜ਼ ਦੇ ਖ਼ਲੀਫ਼ੇ ਸਨ। ਮੁਢਲੀ ਸਿੱਖਿਆ ਤੋਂ ਬਾਅਦ ਆਪ ਮੱਕਾ ਸ਼ਰੀਫ਼ ਅਤੇ ਮਦੀਨਾ ਸ਼ਰੀਫ਼ ਦੀ ਯਾਤਰਾ ਲਈ ਚਲੇ ਗਏ। ਉਨ੍ਹਾਂ ਤੋਂ ਬਾਅਦ ਚਿਸ਼ਤੀ ਸਿਲਸਿਲੇ ਵਿਚ ਫ਼ਰੀਦ ਸਾਨੀ ਜਾਂ ਸ਼ੇਖ ਇਬਰਾਹੀਮ ਦਾ ਜ਼ਿਕਰ ਆਉਂਦਾ ਹੈ। ਆਪ ਫ਼ਰੀਦ ਜੀ ਦੀ ਗੱਦੀ ਦੇ ਬਾਰ੍ਹਵੇਂ ਸੰਚਾਲਕ ਸਨ। ਗੁਰੂ ਨਾਨਕ ਦੇਵ ਜੀ ਨੇ ਫ਼ਰੀਦ ਬਾਣੀ ਆਪ ਤੋਂ ਹੀ ਪ੍ਰਾਪਤ ਕੀਤੀ ਸੀ। ਚਿਸ਼ਤੀ ਸੰਪਰਦਾਇ ਦਾ ਇਕ ਹੋਰ ਪ੍ਰਸਿੱਧ ਸੂਫ਼ੀ ਕਵੀ ਸ਼ਾਹ ਬੁਰਹਾਨੁੱਦੀਨ ਜਾਨਮ ਸੀ। ਜਿਸ ਨੂੰ ਉਨ੍ਹਾਂ ਦੇ ਪਿਤਾ ਸ਼ਾਹ ਮੀਰਾ ਜੀ ਬੀਜਾਪੁਰੀ ਨੇ ਖ਼ਲੀਫ਼ਾ ਥਾਪਿਆ ਸੀ। ਇਨ੍ਹਾਂ ਤੋਂ ਬਾਅਦ ਚਿਸ਼ਤੀ ਸੰਪਰਦਾਇ ਦੇ ਕੁਝ ਹੋਰ ਸੂਫ਼ੀਆਂ ਵਿਚ ਖ਼ੁਆਜਾ ਮੁਹਕਮ ਦੀਨ ਅਤੇ ਖ਼ਲੀਫ਼ਾ ਮੁਹੰਮਦ ਇਬਰਾਹੀਮ ਵੀ ਉਲੇਖਯੋਗ ਹਨ।

### 5.5.3 ਸ਼ਾਹ ਹੁਸੈਨ ਅਤੇ ਕਾਦਰੀ ਸੰਪਰਦਾਇ

ਸ਼ਾਹ ਹੁਸੈਨ ਦਾ ਸੰਬੰਧ ਕਾਦਰੀ ਸੰਪਰਦਾਇ ਦੀ ਇਕ ਜਮਾਤ ਬਹਿਲੋਲ ਸ਼ਾਹੀ ਨਾਲ ਦੱਸਿਆ ਜਾਂਦਾ ਹੈ। ਬਹਿਲੋਲ ਸ਼ਾਹ ਬਾਰੇ ਏਨਾ ਹੀ ਪਤਾ ਚਲਦਾ ਹੈ ਕਿ ਉਸ ਦੁਆਰਾ ਸ਼ੁਰੂ ਕੀਤੇ ਸਿਲਸਿਲੇ ਦੀ ਇਕ ਉਪ-ਸ਼੍ਰੇਣੀ ਹੁਸੈਨ ਸ਼ਾਹੀ ਸ਼ਾਖਾ ਹੈ, ਜਿਸਦੇ ਬਾਨੀ ਸ਼ਾਹ ਹੁਸੈਨ ਸਨ। ਆਪ ਨੂੰ ਲਾਲ ਹੁਸੈਨ ਜਾਂ ਮਾਧੋ ਲਾਲ ਹੁਸੈਨ ਵੀ ਕਿਹਾ ਜਾਂਦਾ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਆਪ ਦਾ ਸੰਬੰਧ ਮਲਾਮਤੀ ਸੰਪਰਦਾਇ ਨਾਲ ਜੋੜਿਆ ਹੈ। 'ਮਲਾਮਤੀ' ਸ਼ਬਦ ਮਲਾਮਤ ਤੋਂ ਬਣਿਆ ਹੈ। ਜਿਸ ਦੇ ਅਰਥ ਹਨ : ਨਿੰਦਿਆ। ਮਲਾਮਤੀ ਉਸ ਵਿਅਕਤੀ ਨੂੰ ਕਿਹਾ ਜਾਂਦਾ ਸੀ, ਜੋ ਨਿੰਦਿਆ ਦੇ ਯੋਗ ਹੋਵੇ। ਮਲਾਮਤੀ ਸੂਫ਼ੀ ਕਵੀ ਦੁਨਿਆਵੀ ਸ਼ੋਹਰਤ, ਪ੍ਰਸਿੱਧੀ ਅਤੇ ਨੇਕ ਨਾਮੀ ਦੀ ਪ੍ਰਵਾਹ ਨਹੀਂ ਸਨ ਕਰਦੇ। ਇਹ

ਲੋਕ ਇਸਲਾਮੀ ਕਰਮ-ਕਾਂਡ ਅਤੇ ਦਿਖਾਵੇ ਦੀਆਂ ਰਸਮਾਂ ਦਾ ਤਿਆਗ ਕਰਦੇ ਸਨ। ਸ਼ਾਹ ਹੁਸੈਨ ਫ਼ਕੀਰੀ ਅਤੇ ਦਰਵੇਸ਼ੀ ਨੂੰ ਰੱਬ ਦੀਆਂ ਮਹਾਨ ਦਾਤਾਂ ਮੰਨਦੇ ਸਨ। ਉਹ ਨਿਮਰਤਾ, ਤਿਆਗ, ਇਸ਼ਕ, ਇਬਾਦਤ (ਬੰਦਗੀ) ਅਤੇ ਰਜ਼ਾ ਵਿਚ ਰਾਜ਼ੀ ਰਹਿਣ ਆਦਿ ਸੰਕਲਪਾਂ ਉਪਰ ਜ਼ੋਰ ਦਿੰਦਾ ਹੈ। ਦੇਖੋ :

ਇਸ਼ਕ ਫ਼ਕੀਰਾਂ ਦਾ ਕਾਇਮ ਦਾਇਮ
ਕਬਹੂੰ ਨਾ ਥੀਵੇ ਬੇਹਾ।
ਤੈਨੂੰ ਰੱਬ ਨਾ ਭੁੱਲੀ ਦੁਆਇ ਫ਼ਕੀਰਾਂ ਦੀ ਏਹਾ।
ਚਾਰੇ ਨੈਣ ਗਡਾਵੱਡ ਹੋਏ,
ਵਿਚ ਵਿਚੋਲਾ ਕੇਹਾ।
ਉੱਛਲ ਨਦੀਆਂ ਤਾਰੂ ਹੋਈਆਂ,
ਵਿਚ ਬਰੇਤਾ ਕੇਹਾ। ਤੈਨੂੰ ਰੱਬ ਨਾ ਭੁੱਲੀ ...।

### 5.5.4 ਸੁਲਤਾਨ ਬਾਹੂ

ਸੁਲਤਾਨ ਬਾਹੂ ਦਾ ਸੰਬੰਧ ਸੂਫ਼ੀਆਂ ਦੇ ਸਰਵਰੀ-ਕਾਦਰੀ ਫ਼ਿਰਕੇ ਨਾਲ ਸੀ। ਬਾਹੂ ਦੀਆਂ ਸੀਹਰਫ਼ੀਆਂ (30 ਅੱਖਰੀ ਕਾਵਿ ਰੂਪ) 'ਹੂ' ਦੀ ਹੇਕ ਵਾਲੀਆਂ ਹਨ ਅਤੇ ਹਰ ਸਤਰ 'ਹੂ' ਨਾਲ ਖ਼ਤਮ ਹੁੰਦੀ ਹੈ। 'ਹੂ' ਦਾ ਅਰਥ ਹੈ : ਅੱਲ੍ਹਾ। ਆਪ ਦੀਆਂ ਕਾਫ਼ੀਆਂ ਪੰਜਾਬੀ ਸੂਫ਼ੀ ਕਾਵਿ ਦਾ ਮੀਲ-ਪੱਥਰ ਬਣੀਆਂ ਹੋਈਆਂ ਹਨ। ਦੇਖੋ :

ਜ਼ੇ - ਜ਼ਬਾਨੀ ਕਲਮਾ ਹਰ ਕੋਈ ਆਖੇ, ਦਿਲ ਦਾ ਪੜ੍ਹਦਾ ਕੋਈ ਹੂ।
ਜਿੱਥੇ ਕਲਮਾ ਦਿਲ ਦਾ ਪੜ੍ਹੀਏ, ਓਥੇ ਜੀਭ ਮਿਲ ਨ ਢੋਈ ਹੂ।
ਦਿਲ ਦਾ ਕਲਮਾ ਆਸ਼ਕ ਪੜ੍ਹਦੇ, ਕੀ ਜਾਣਨ ਯਾਰ ਗਲੋਈ ਹੂ।
ਮੈਂ ਕਲਮਾ ਪੀਰ ਪੜ੍ਹਾਇਆ ਬਾਹੂ, ਸਦਾ ਸੁਹਾਗਣ ਹੋਈ ਹੂ।

### 5.5.6 ਸ਼ਾਹ ਸ਼ਰਫ਼ ਬਟਾਲਵੀ

ਸ਼ਾਹ ਸ਼ਰਫ਼ ਬਟਾਲੇ ਦਾ ਰਹਿਣ ਵਾਲਾ ਸੀ ਪਰ ਰੂਹਾਨੀ ਤਾਲੀਮ ਹਾਸਲ ਕਰਨ ਲਈ ਉਹ ਲਾਹੌਰ ਆ ਵਸਿਆ ਸੀ। ਸ਼ੇਖ਼ ਮੁਹੰਮਦ ਫ਼ਾਜ਼ਿਲੀ ਕਾਦਰੀ ਨੂੰ ਮੁਰਸ਼ਿਦ ਧਾਰਨ ਕਰ ਕੇ ਉਹ ਫ਼ਕੀਰੀ ਦੇ ਮਾਰਗ ਉੱਤੇ ਤੁਰ ਪਿਆ। ਉਸ ਦੇ ਕਲਾਮ ਵਿਚ ਰੱਬ ਨੂੰ ਮਿਲਣ ਦੀ ਤਾਂਘ ਹੈ। ਉਸ ਨੇ ਤਿਆਗ, ਸੇਵਾ, ਸਿਮਰਨ ਅਤੇ ਇਸ਼ਕ ਆਦਿਕ ਵਿਸ਼ਿਆਂ ਨੂੰ ਬਿਆਨ ਕੀਤਾ ਹੈ। ਉਹ ਟਕਸਾਲੀ ਪੰਜਾਬੀ ਬੋਲੀ ਦਾ ਪ੍ਰਯੋਗ ਕਰਦਾ ਹੈ। ਉਸ ਦੀਆਂ ਕਾਫ਼ੀਆਂ ਵਿਚ ਹਿੰਦੀ ਅਤੇ ਲਹਿੰਦੀ ਸ਼ਬਦਾਵਲੀ ਵੇਖੀ ਜਾ ਸਕਦੀ ਹੈ। ਸਤਾਰ੍ਹਵੀਂ ਸਦੀ ਦੇ ਅੰਤ ਤਕ ਪੰਜਾਬੀ ਸੂਫ਼ੀ ਕਵਿਤਾ ਇਕ ਸ਼ਕਤੀਸ਼ਾਲੀ ਧਾਰਾ ਬਣ ਚੁੱਕੀ ਸੀ। ਇਸ ਨੇ ਪੰਜਾਬੀਆਂ ਨੂੰ ਰੱਬੀ ਇਸ਼ਕ ਅਤੇ ਸੰਪਰਦਾਇਕ ਸਦਭਾਵਨਾ ਦੇ ਸੂਤਰ ਵਿਚ ਬੰਨ੍ਹਣ ਲਈ ਵੱਡਾ ਯੋਗਦਾਨ ਪਾਇਆ।

### 5.6.1 ਕਿੱਸਾ ਕਾਵਿ ਧਾਰਾ

ਕਿੱਸਾ ਕਾਵਿ ਮੱਧਕਾਲੀਨ ਪੰਜਾਬੀ ਸਾਹਿੱਤ ਦੀ ਇਕ ਅਤਿਅੰਤ ਲੋਕਪ੍ਰਿਅ ਧਾਰਾ ਰਹੀ ਹੈ। ਅਧਿਆਤਮਕ ਅਤੇ ਸੂਫ਼ੀ ਕਾਵਿ ਵਿਚ ਪ੍ਰੇਮ ਜਾਂ ਇਸ਼ਕ ਆਦਿਕ ਸ਼ਬਦਾਂ ਦਾ ਬਹੁਤ ਪ੍ਰਯੋਗ ਹੋਇਆ ਹੈ। ਪਰ ਇਨ੍ਹਾਂ ਧਾਰਾਵਾਂ ਵਿਚ ਪ੍ਰਭੂ-ਪ੍ਰੇਮ ਜਾਂ ਇਸ਼ਕ-ਹਕੀਕੀ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਸੀ। ਸੂਫ਼ੀ ਕਵੀਆਂ ਨੇ ਆਪਣੇ ਕਲਾਮ ਵਿਚ ਇਸ਼ਕ-ਮਿਜ਼ਾਜੀ ਨੂੰ ਵੀ ਮਹੱਤਵਯੋਗ ਸਮਝਿਆ ਅਤੇ ਇਸ਼ਕ ਨੂੰ ਬੰਦੇ ਦੇ ਜੀਵਨ ਦੀ ਸਾਰਥਿਕਤਾ/ਸਫ਼ਲਤਾ ਨਾਲ ਜੋੜਿਆ। ਇਸ ਕਾਰਨ ਪੰਜਾਬ ਦੇ ਕਵੀਆਂ ਨੇ ਇਸ਼ਕ-ਮਿਜ਼ਾਜੀ (ਦੁਨਿਆਵੀ ਇਸ਼ਕ) ਨੂੰ ਪ੍ਰਗਟਾਉਣ ਵਾਲੀਆਂ ਰਚਨਾਵਾਂ ਵੀ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਪੰਜਾਬੀ ਸਾਹਿੱਤ ਵਿਚ ਇਨ੍ਹਾਂ ਰਚਨਾਵਾਂ ਨੂੰ 'ਕਿੱਸਾ' ਨਾਮ ਦਿੱਤਾ ਗਿਆ ਹੈ। ਪੰਜਾਬੀ ਸਾਹਿੱਤ ਵਿਚ ਕਈ ਵੰਨਗੀਆਂ ਦੇ ਕਿੱਸੇ ਲਿਖੇ ਗਏ, ਜਿਵੇਂ : ਇਸ਼ਕੀਆ ਕਿੱਸੇ (ਹੀਰ ਰਾਂਝਾ, ਸੱਸੀ ਪੁਨੂੰ, ਮਿਰਜ਼ਾ ਸਾਹਿਬਾਂ ਆਦਿਕ), ਸੂਰਮਗਤੀ ਦੇ ਕਿੱਸੇ (ਦੁੱਲਾ ਭੱਟੀ, ਜਿਉਣਾ ਮੌੜ ਆਦਿਕ), ਨੈਤਿਕ-ਸਦਾਚਾਰਕ ਕਿੱਸੇ (ਪੂਰਨ ਭਗਤ, ਜ਼ਿੰਦਗੀ ਬਿਲਾਸ ਆਦਿਕ), ਇਤਿਹਾਸਕ ਪ੍ਰਸੰਗ (ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਭਾਈ ਬਿਧੀ ਚੰਦ ਦਾ ਪ੍ਰਸੰਗ ਆਦਿਕ) ਅਤੇ ਵਿਦੇਸ਼ੀ ਮੂਲ ਦੇ ਕਿੱਸੇ (ਕਿੱਸਾ ਯੂਸਫ਼ ਜ਼ੁਲੈਖਾ, ਸ਼ਾਹ ਬਹਿਰਾਮ, ਲੈਲਾ ਮਜਨੂੰ ਆਦਿਕ)।

### 5.6.2 ਦਮੋਦਰ

ਪੰਜਾਬੀ ਸਾਹਿੱਤ ਵਿਚ ਕਿੱਸਾ ਕਾਵਿ ਪਰੰਪਰਾ ਦਾ ਆਰੰਭ ਦਮੋਦਰ ਨਾਲ ਹੁੰਦਾ ਹੈ। ਉਸ ਨੇ ਹੀਰ-ਰਾਂਝੇ ਦੇ ਪ੍ਰੇਮ ਨੂੰ ਆਪਣੇ ਕਿੱਸੇ ਦੀ ਵਸਤੂ ਸਮੱਗਰੀ ਬਣਾਇਆ। ਉਸ ਦੇ ਆਪਣੇ ਕਥਨ ਅਨੁਸਾਰ ਇਹ ਕਿੱਸਾ 1529 ਬਿਕਰਮੀ ਵਿਚ ਲਿਖਿਆ : ਪੰਦਰਾਂ ਸੌ ਅਤੇ ਉਨਤਰੀ ਸੰਮਤ ਬਿਕਰਮ ਰਾਇ। ਹੀਰ ਤੇ ਰਾਂਝਾ ਹੋਏ ਇਕੱਠੇ ਝੇੜੇ ਰੱਬ ਚੁਕਾਏ। 'ਹੀਰ ਦਮੋਦਰ' ਪਹਿਲਾ ਪੰਜਾਬੀ ਕਿੱਸਾ ਹੈ, ਜਿਸ ਵਿਚ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੇ ਪੰਜਾਬੀ ਸਮਾਜ ਦਾ ਚਿਤਰਣ ਬੜੇ ਵਿਸਤਾਰ ਨਾਲ ਕੀਤਾ ਗਿਆ ਹੈ। ਇਸ ਵਿਚ ਜਨਮ, ਮੰਗਣੇ ਅਤੇ ਵਿਆਹ ਦੀਆਂ ਰਸਮਾਂ ਦਾ ਜ਼ਿਕਰ ਹੋਇਆ ਹੈ। ਦਮੋਦਰ ਅਨੁਸਾਰ ਉਸ ਸਮੇਂ ਪੰਜਾਬੀ ਸਮਾਜ ਜਾਤਾਂ, ਗੋਤਾਂ, ਕਿੱਤਿਆਂ, ਪੇਸ਼ਿਆਂ ਅਤੇ ਅਮੀਰ-ਗ਼ਰੀਬ ਵਿਚ ਵੰਡਿਆ ਹੋਇਆ ਸੀ। ਉਸ ਨੇ 'ਹੀਰ' ਨੂੰ ਇਕ ਬਹਾਦਰ ਅਤੇ ਦ੍ਰਿੜ੍ਹ ਇਰਾਦੇ ਵਾਲੇ ਪੰਜਾਬਣ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹ ਇਹ ਦਾਅਵਾ ਕਰਦਾ ਹੈ ਕਿ ਹੀਰ ਅਤੇ ਰਾਂਝੇ ਦੇ ਪ੍ਰੇਮ ਨਾਲ ਸੰਬੰਧਿਤ ਸਾਰੀਆਂ ਘਟਨਾਵਾਂ ਨੂੰ ਉਸ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਅਤੇ ਇਸ ਕਾਰਨ ਇਹ ਘਟਨਾਵਾਂ ਕਲਪਿਤ ਨਹੀਂ ਬਲਕਿ ਸੱਚੀਆਂ ਹਨ। ਦੇਖੋ :

ਆਖ ਦਮੋਦਰ ਮੈਂ ਅੱਖੀਂ ਡਿੱਠਾ, ਜੋ ਲੰਮੀ ਤਰਫ਼ ਸਿਧਾਏ।
ਜੇ ਕੋਹ ਤ੍ਰੈ ਗਏ ਅਗੇਰੇ ਤਾਂ ਅਸੀਂ ਵੀ ਨਾਲੇ ਆਹੇ।

### 5.6.3 ਪੀਲੂ

ਪੀਲੂ, ਦਮੋਦਰ ਦਾ ਸਮਕਾਲੀ ਕਵੀ ਸੀ। ਉਹ ਪੜ੍ਹਿਆ-ਲਿਖਿਆ ਨਹੀਂ ਸੀ, ਇਸ ਕਾਰਨ ਉਹ ਆਪਣੇ ਕਿੱਸੇ 'ਮਿਰਜ਼ਾ ਸਾਹਿਬਾਂ' ਨੂੰ ਲਿਖਤੀ ਰੂਪ ਵਿਚ ਪੇਸ਼ ਨਾ ਕਰ ਸਕਿਆ। ਕਈ ਸਦੀਆਂ ਇਹ ਜ਼ਬਾਨੀ ਰੂਪ ਵਿਚ ਹੀ ਮਿਰਾਸੀਆਂ-ਢਾਡੀਆਂ ਨੇ ਯਾਦ ਰੱਖਿਆ। ਇਕ ਅੰਗਰੇਜ਼ ਵਿਦਵਾਨ ਰਿਚਰਡ ਟੈਂਪਲ ਨੇ ਪਹਿਲੀ ਵਾਰ ਇਸ ਨੂੰ ਰੋਮਨ ਅੱਖਰਾਂ ਵਿਚ ਲਿਪੀਬੱਧ ਕੀਤਾ ਅਤੇ ਬਾਵਾ ਬੁੱਧ ਸਿੰਘ ਨੇ ਆਪਣੀ ਪੁਸਤਕ 'ਬੰਬੀਹਾ ਬੋਲ' ਵਿਚ ਇਸ ਦਾ ਗੁਰਮੁਖੀ ਅੱਖਰਾਂ ਵਿਚ ਲਿਪੀਅਂਤਰਣ ਕੀਤਾ। ਪੀਲੂ ਇਕ ਲੋਕਪ੍ਰਿਅ ਕਵੀ ਸੀ ਅਤੇ ਉਸ ਤੋਂ ਪਿਛੋਂ ਆਉਣ ਵਾਲੇ ਕਿੱਸਾ ਕਵੀਆਂ ਨੇ ਉਸਦਾ ਜ਼ਿਕਰ ਬੜੇ ਸਤਿਕਾਰ ਨਾਲ ਕੀਤਾ ਹੈ। ਪੀਲੂ ਦੀ ਕਾਵਿਕ ਪ੍ਰਤਿਭਾ ਬੜੀ ਹੈਰਾਨੀਜਨਕ ਸੀ। ਉਹ ਸੂਤਰਬੱਧ ਢੰਗ ਨਾਲ ਆਪਣੇ ਕਿੱਸੇ ਦੀਆਂ ਘਟਨਾਵਾਂ ਨੂੰ ਅੱਗੇ ਵਧਾਉਂਦਾ ਹੈ। ਉਸ ਦੀ ਰਚਨਾ ਵਿਚ ਪੰਜਾਬੀ ਬੋਲੀ ਦਾ ਬੜਾ ਢੁਕਵਾਂ ਪ੍ਰਯੋਗ ਹੋਇਆ ਹੈ। ਉਸ ਦੀ ਬੋਲੀ ਉੱਤੇ ਫ਼ਾਰਸੀ, ਸੰਸਕ੍ਰਿਤ ਜਾਂ ਬ੍ਰਜੀ ਦਾ ਕੋਈ ਪ੍ਰਭਾਵ ਨਜ਼ਰ ਨਹੀਂ ਆਉਂਦਾ। ਇਹ ਉਹ ਬੋਲੀ ਹੈ, ਜੋ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਦੇ ਪਿੰਡਾਂ ਵਿਚ ਉਸੇ ਤਰ੍ਹਾਂ ਨਾਲ ਬੋਲੀ ਜਾਂਦੀ ਹੈ। ਕਵੀ ਦਾ ਪ੍ਰਗਟਾ-ਢੰਗ ਸਿੱਧਾ, ਸਰਲ ਅਤੇ ਸਹਿਜ ਹੈ। ਇਸ ਵਿਚ ਕੋਈ ਬਣਾਉਟੀਪਣ ਨਹੀਂ। ਉਸ ਨੇ ਆਪਣੇ ਕਿੱਸੇ ਦੀ ਰਚਨਾ 'ਸੱਦ' ਕਾਵਿ ਰੂਪ ਦੁਆਰਾ ਕੀਤੀ, ਜੋ ਉਸ ਸਮੇਂ ਕਾਫ਼ੀ ਪ੍ਰਸਿੱਧ ਸੀ। ਪੀਲੂ ਤੋਂ ਪਹਿਲਾਂ ਵੀ 'ਸੱਦ' ਦਾ ਪ੍ਰਯੋਗ ਕਈ ਕਵੀ ਕਰਦੇ ਰਹੇ ਸਨ। ਇਹ ਇਕ ਦੁਖਾਂਤਕ ਰਚਨਾ ਹੈ ਪਰ ਇਸ ਵਿਚ ਬੀਰ ਰਸ ਦੀ ਪ੍ਰਧਾਨਤਾ ਹੈ। ਦੇਖੋ :

ਕੰਨ ਲੰਮੇ ਖੁਰ ਪਤਲੇ ਦੁਮ ਬੱਗੀ ਦੀ ਸਿਆਹ।
ਦੇਖ ਕੇ ਇਸ ਦੀ ਤੋਰ ਨੂੰ ਝੋਰੇ ਚਿੱਤ ਨਾ ਪਾ।
ਦਸ ਮਹੀਆਂ ਦਾ ਘਿਉ ਦਿੱਤਾ ਬੱਗੀ ਦੇ ਢਿੱਡ ਪਾ।
ਮੇਰੀ ਬੱਗੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖ਼ੁਦਾ।

### 5.6.4 ਹਾਫ਼ਿਜ਼ ਬਰਖ਼ੁਰਦਾਰ

ਹਾਫ਼ਿਜ਼ ਬਰਖ਼ੁਰਦਾਰ ਸ਼ਾਹ ਜਹਾਨ ਅਤੇ ਔਰੰਗਜ਼ੇਬ ਦਾ ਸਮਕਾਲੀ ਸੀ। ਉਸ ਨੇ ਸੱਸੀ ਪੁੰਨੂ, ਮਿਰਜ਼ਾ ਸਾਹਿਬਾਂ ਅਤੇ ਯੂਸਫ਼ ਜ਼ੁਲੈਖਾ ਦੇ ਕਿੱਸੇ ਲਿਖੇ। ਹਾਫ਼ਿਜ਼ ਬਰਖ਼ੁਰਦਾਰ ਤੋਂ ਪਹਿਲਾਂ ਦੇ ਕਿੱਸਾ ਕਵੀ ਸਿੱਧ-ਪੱਧਰੇ ਅੰਦਾਜ਼ ਵਿਚ ਕਿੱਸੇ ਲਿਖਦੇ ਸਨ ਪਰ ਹਾਫ਼ਿਜ਼ ਦੇ ਸਮੇਂ ਤਕ ਕਿੱਸਾ ਕਾਵਿ ਉਪਰ ਰਵਾਇਤੀ ਰੰਗ ਭਾਰੂ ਹੋਣ ਲੱਗ ਪਿਆ ਸੀ। ਹਾਫ਼ਿਜ਼ ਉਪਰ ਵੀ ਇਹ ਰੰਗ ਭਾਰੂ ਹੈ। ਉਸ ਦੀ ਕਾਵਿ-ਸ਼ੈਲੀ ਦਾ ਇਕ ਨਮੂਨਾ ਦੇਖੋ :

ਸੂਰਤ ਏਸ ਹਿਸਾਬੋਂ ਬਾਹਰ ਕਿਆ ਕਿਆ ਸਿਫ਼ਤ ਕਜੀਵੇ।
ਮੂੰਹ ਮਹਿਤਾਬ, ਸਨੋਬਰ ਕਾਮਤ, ਅੱਖਾਂ ਰੌਸ਼ਨ ਦੀਵੇ।

ਪਲਕਾਂ ਤੀਰ, ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ।
ਨਾਜ਼ਕ ਬਦਨ, ਸੁਰਾਹੀ ਗਰਦਨ, ਉਂਗਲੀਆਂ ਜਿਉਂ ਫਲੀਆਂ।

### 5.6.5 **ਅਹਿਮਦ ਗੁੱਜਰ**

ਅਹਿਮਦ ਗੁੱਜਰ ਨੇ ਹੀਰ ਰਾਂਝੇ ਦਾ ਕਿੱਸਾ ਬੈਂਤ ਛੰਦ ਵਿਚ ਲਿਖਿਆ। ਅਹਿਮਦ ਨੇ ਆਪਣਾ ਇਹ ਕਿੱਸਾ 1692 ਈ. ਵਿਚ ਸੰਪੂਰਨ ਕੀਤਾ। ਮੁਕਬਲ ਅਤੇ ਵਾਰਿਸ ਦੀ ਕਾਵਿ ਕਲਾ ਉਪਰ ਅਹਿਮਦ ਦਾ ਪ੍ਰਭਾਵ ਸਾਫ਼ ਤੌਰ ਤੇ ਨਜ਼ਰ ਆ ਜਾਂਦਾ ਹੈ। ਅਹਿਮਦ ਤੋਂ ਬਾਅਦ ਸਦੀਕ ਲਾਲੀ ਅਤੇ ਹਾਮਦ ਦੇ ਨਾਮ ਉਲੇਖਯੋਗ ਹਨ। ਸਦੀਕ ਲਾਲੀ ਨੇ 'ਯੂਸਫ਼ ਜ਼ੁਲੈਖਾ' ਅਤੇ ਹਾਮਦ ਨੇ 'ਕਿੱਸਾ ਹੀਰ ਰਾਂਝਾ' ਦੀ ਰਚਨਾ ਕੀਤੀ। ਸਤਾਰ੍ਹਵੀਂ ਸਦੀ ਦੇ ਅੰਤ ਤੱਕ ਇਸ ਕਾਵਿ ਪਰੰਪਰਾ ਨੇ ਕਾਫ਼ੀ ਵਿਕਾਸ ਕਰ ਲਿਆ ਸੀ ਪਰ ਇਸ ਪਰੰਪਰਾ ਦਾ ਸਿਖਰ ਅਠਾਰ੍ਹਵੀਂ-ਉਨੀਵੀਂ ਸਦੀ ਵਿਚ ਨਜ਼ਰ ਆਉਂਦਾ ਹੈ, ਜਦੋਂ ਮੁਕਬਲ, ਵਾਰਿਸ, ਹਾਸ਼ਮ, ਕਾਦਰ ਯਾਰ ਅਤੇ ਫ਼ਜ਼ਲ ਸ਼ਾਹ ਵਰਗੇ ਕਵੀ ਪੈਦਾ ਹੋਏ। ਸਤਾਰ੍ਹਵੀਂ ਸਦੀ ਤਕ ਦਮੋਦਰ ਅਤੇ ਪੀਲੂ ਅਤੇ ਹਾਫ਼ਿਜ਼ ਬਰਖ਼ੁਰਦਾਰ ਹੀ ਉਲੇਖਯੋਗ ਕਵੀ ਸਿੱਧ ਹੁੰਦੇ ਹਨ।

### 5.7.1 **ਬੀਰ ਕਾਵਿ ਧਾਰਾ**

ਪੰਜਾਬੀ ਸਾਹਿੱਤ ਵਿਚ ਬੀਰ ਕਾਵਿ ਧਾਰਾ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਅਬਦੁੱਲਾ, ਪੀਰ ਮੁਹੰਮਦ, ਹਾਫ਼ਿਜ਼ ਬਰਖ਼ੁਰਦਾਰ ਅਤੇ ਗੁਰੂ ਗੋਬਿੰਦ ਸਿੰਘ ਇਸ ਕਾਲ ਦੇ ਉੱਘੇ ਬੀਰ ਰਸੀ ਕਵੀ ਹੋਏ ਹਨ। ਅਹਿਮਦ ਕੁਰੈਸ਼ੀ ਪੀਰ ਮੁਹੰਮਦ ਕਾਸਬੀ ਨੂੰ ਇਸ ਕਾਲ ਦਾ ਪਹਿਲਾ ਬੀਰ ਰਸੀ ਕਵੀ ਮੰਨਦਾ ਹੈ। ਇਸ ਦੌਰ ਵਿਚ ਹਾਫ਼ਿਜ਼ ਬਰਖ਼ੁਰਦਾਰ ਨੇ ਇਕ ਜੰਗਨਾਮੇ ਦੀ ਰਚਲਾ ਵੀ ਕੀਤੀ ਜੋ ਬਹੁਤ ਪ੍ਰਸਿੱਧ ਨਾ ਹੋ ਸਕਿਆ। ਦੀਵਾਨ ਨਿਆਮਤ ਖਾਨ ਨੇ ਵਾਰ ਅਲਿਫ਼ ਖ਼ਾਨ ਲਿਖੀ। ਗੁਰੂ ਨਾਨਕ ਕਾਲ ਦੇ ਸਿਰਮੌਰ ਕਵੀ ਗੁਰੂ ਗੋਬਿੰਦ ਸਿੰਘ ਜੀ ਹਨ, ਜਿਨ੍ਹਾਂ ਨੇ 'ਚੰਡੀ ਦੀ ਵਾਰ' ਲਿਖ ਕੇ ਇਸ ਕਾਵਿ-ਰੂਪ ਵਿਚ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ।

### 5.7.2 **ਗੁਰੂ ਗੋਬਿੰਦ ਸਿੰਘ**

ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਚੰਡੀ ਦੀ ਵਾਰ' ਇਕ ਅਦੁੱਤੀ ਰਚਨਾ ਹੈ। ਇਸ ਵਿਚ ਗੁਰੂ ਸਾਹਿਬ ਨੇ 'ਮਾਰਕੰਡੇਯ ਪੁਰਾਣ' ਵਿਚ ਅੰਕਿਤ ਦੁਰਗਾ ਸੁਪਤਸ਼ਤੀ ਦੇ ਪੌਰਾਣਿਕ ਪ੍ਰਸੰਗ ਨੂੰ ਕਾਵਿਬੱਧ ਕੀਤਾ ਹੈ। ਇਹ ਵਾਰ ਨਿਹੱਥੇ ਅਤੇ ਨਿਸੱਤੇ ਪੰਜਾਬੀਆਂ ਵਿਚ ਅਣਖ, ਜੋਸ਼, ਆਤਮ-ਸਨਮਾਨ ਅਤੇ ਉਤਸਾਹ ਦੇ ਭਾਵ ਪੈਦਾ ਕਰਨ ਵਾਸਤੇ ਰਚੀ ਗਈ ਸੀ। ਇਸ ਵਾਰ ਦੀ ਰਚਨਾ ਤੋਂ ਗੁਰੂ ਜੀ ਦਾ ਉਦੇਸ਼ ਦੁਰਗਾ ਦੇਵੀ ਜਾਂ ਚੰਡੀ-ਮਾਂ ਦੀ ਉਸਤਤਿ ਕਰਨਾ ਨਹੀਂ ਸੀ ਬਲਕਿ ਇਨ੍ਹਾਂ ਦੇਵੀਆਂ ਦੇ ਹਵਾਲੇ ਨਾਲ ਪੰਜਾਬੀਆਂ ਨੂੰ ਇਹ ਸਮਝਾਉਣਾ ਸੀ ਕਿ ਜ਼ੁਲਮ ਕੋਈ ਅਟੱਲ ਜਾਂ ਸਦੀਵੀ ਵਰਤਾਰਾ ਨਹੀਂ ਹੈ। ਜਦੋਂ ਵੀ ਲੋਕਾਂ ਦੇ ਦਿਲਾਂ ਵਿਚ ਜੋਸ਼ ਅਤੇ ਬਲੀਦਾਨ ਦਾ ਜਜ਼ਬਾ ਪੈਦਾ ਹੋ ਜਾਂਦਾ ਹੈ ਤਾਂ ਜ਼ੁਲਮ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਇਸ ਵਾਰ ਦੇ ਕੁਲ 55 ਬੰਦ ਹਨ, ਜਿਨ੍ਹਾਂ ਵਿਚੋਂ 54 ਪਉੜੀਆਂ ਹਨ ਅਤੇ ਇਕ ਦੋਹਰਾ ਹੈ। ਪਉੜੀਆਂ ਦੀ ਬਣਤਰ ਦਾ ਵਿਧਾਨ ਇਕੋ ਜਿਹਾ ਨਹੀਂ ਹੈ। ਤੁਕਾਂ ਦੀ ਗਿਣਤੀ 4 ਤੋਂ ਲੈ ਕੇ 12 ਤਕ ਪਹੁੰਚ ਜਾਂਦੀ ਹੈ। ਕਈ ਪਉੜੀਆਂ ਵਿਚ ਅੰਤਿਮ ਤੁਕ ਮਾਤ੍ਰਾਵਾਂ ਦੇ ਹਿਸਾਬ ਨਾਲ ਬਾਕੀ ਤੁਕਾਂ ਨਾਲੋਂ ਅੱਧੀ ਹੈ। ਇਸ ਵਿਧੀ ਨਾਲ ਬਿਆਨ ਦੀ ਚਾਲ ਤਿੱਖੀ ਹੋ ਜਾਂਦੀ ਹੈ। ਇਹ ਵਾਰ ਯੁੱਧ-ਵਿਦਿਆ ਅਤੇ ਰਣਭੂਮੀ ਦੀ ਸ਼ਬਦਾਵਲੀ ਦੀ ਇਕ ਉੱਤਮ ਮਿਸਾਲ ਹੈ। ਸੰਖਾਂ, ਜੰਗ-ਮੁਸਾਫ਼ਿਆਂ, ਭੇਰੀਆਂ, ਧੌਂਸਿਆਂ, ਦਮਾਮਿਆਂ ਅਤੇ ਹੋਰ ਮਾਰੂ ਨਾਦਾਂ ਨਾਲ ਰਣਭੂਮੀ ਗੂੰਜਦੀ ਹੋਈ ਸੁਣੀ ਜਾ ਸਕਦੀ ਹੈ :

ਵਜੇ ਢੋਲ ਨਗਾਰੇ ਦਲਾਂ ਮੁਕਾਬਲਾ॥
ਤੀਰ ਫਿਰੇ ਰੈਬਾਰੇ ਆਮੋ ਸਾਮਣੇ॥
ਅਗਣਤ ਬੀਰ ਸੰਘਾਰੇ ਲਗਦੇ ਕੈਬਰੀ॥
ਡਿਗੇ ਜਾਣ ਮੁਨਾਰੇ ਮਾਰੇ ਬਿਜ ਦੇ॥

### 5.7.3 **ਲੋਕ-ਵਾਰਾਂ**

ਪੂਰਵ-ਨਾਨਕ ਕਾਲ ਵਾਂਗ ਇਸ ਕਾਲ ਵਿਚ ਵੀ ਲੋਕ-ਵਾਰਾਂ ਦੇ ਕਈ ਨਮੂਨੇ ਪ੍ਰਾਪਤ ਹੁੰਦੇ ਹਨ। ਇਨ੍ਹਾਂ ਵਾਰਾਂ ਦੀਆਂ ਧੁਨੀਆਂ ਦਾ ਪ੍ਰਯੋਗ ਵੀ ਗੁਰੂ ਸਾਹਿਬਾਨ ਦੀਆਂ ਵਾਰਾਂ ਵਿਚ ਹੋਇਆ ਹੈ। ਇਨ੍ਹਾਂ ਵਾਰਾਂ ਦੇ ਸਿਰਲੇਖ ਇਸ ਪ੍ਰਕਾਰ ਹਨ :

(i) ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ
(ii) ਜੋਧੇ ਵੀਰੇ ਪੂਰਬਾਣੀ ਦੀ ਵਾਰ
(iii) ਰਾਣੇ ਕੈਲਾਸ਼ ਤਥਾ ਮਾਲਦੇਵ ਦੀ ਵਾਰ।

### 5.7.4 ਅਧਿਆਤਮਕ ਵਾਰਾਂ

ਅਧਿਆਤਮ ਵਾਰਾਂ ਦੀ ਸ਼੍ਰੇਣੀ ਵਿਚ 22 ਵਾਰਾਂ ਦਾ ਉਲੇਖ ਕੀਤਾ ਜਾ ਸਕਦਾ ਹੈ। ਇਹ ਵਾਰਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਵਾਰਾਂ ਵਿਚੋਂ 21 ਵਾਰਾਂ ਵੱਖ-ਵੱਖ ਗੁਰੂ ਸਾਹਿਬਾਨ ਦੀ ਰਚਨਾ ਹਨ ਅਤੇ ਬਾਈਵੀਂ ਵਾਰ ਸੱਤੇ ਬਲਵੰਡ ਦੁਆਰਾ ਰਚਿਤ ਹੈ। ਭਾਈ ਗੁਰਦਾਸ ਨੇ ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਕਰਨ ਲਈ 40 ਵਾਰਾਂ ਦੀ ਰਚਨਾ ਕੀਤੀ। ਇਨ੍ਹਾਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਗਿਆ ਹੈ। ਉਹ ਠੇਠ ਪੰਜਾਬੀ, ਜਿਸ ਤੋਂ ਅੱਜ ਦੀ ਪੰਜਾਬੀ ਦਾ ਨਿਰਮਾਣ ਹੋਇਆ ਹੈ, ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਦੇਖੋ :

ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉਂ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ॥
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ॥
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥
ਗੁਰਮੁਖਿ ਕਲਿ ਵਿਚ ਪਰਗਟੁ ਹੋਆ॥੨੭॥

### 5.8.1 ਪੁਰਾਤਨ ਪੰਜਾਬੀ ਵਾਰਤਕ

ਪੰਜਾਬੀ ਗੱਦ ਦੀ ਉਤਪਤੀ ਬਾਰੇ ਵਿਚਾਰ ਕਰਦਾ ਹੋਇਆ ਡਾ. ਪਿਆਰ ਸਿੰਘ ਲਿਖਦਾ ਹੈ ਕਿ ਪੰਜਾਬੀ ਗੱਦ ਵਿਚ ਇਸ ਪ੍ਰਕਾਰ ਦੀਆਂ ਰਚਨਾਵਾਂ ਨਹੀਂ ਮਿਲਦੀਆਂ, ਜਿਨ੍ਹਾਂ ਤੋਂ ਪੰਜਾਬੀ ਗੱਦ ਦੀ ਉਤਪਤੀ ਅਤੇ ਵਿਕਾਸ ਦਾ ਪੂਰਾ ਚਿੱਤਰ ਉਘੜ ਸਕੇ। ਗੁਰੂ ਨਾਨਕ ਕਾਲ ਵਿਚ 'ਪ੍ਰਾਣ ਸੰਗਲੀ' ਨਾਮ ਦਾ ਇਕ ਗ੍ਰੰਥ ਮਿਲਦਾ ਹੈ, ਜਿਸ ਨੂੰ ਗੁਰੂ ਸਾਹਿਬ ਦੇ ਦੋ ਸਿੱਖਾਂ ਭਾਈ ਸੈਦੋ ਤੇ ਘਾਹੋ ਨੇ ਗੱਦ ਅਤੇ ਪਦ ਵਿਚ ਲਿਖਿਆ। ਇਸ ਗ੍ਰੰਥ ਤੋਂ ਬਾਅਦ ਪੰਜਾਬੀ ਵਾਰਤਕ ਵਿਚ ਕੁਝ ਜਨਮਸਾਖੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਨ੍ਹਾਂ ਜਨਮਸਾਖੀਆਂ ਦੇ ਕੁਝ ਪ੍ਰਮੁੱਖ ਸਰੂਪ ਇਸ ਪ੍ਰਕਾਰ ਹਨ :

(i) ਪੁਰਾਤਨ ਜਾਂ ਵਲਾਇਤ ਵਾਲੀ ਜਨਮਸਾਖੀ
(ii) ਸੋਢੀ ਮਿਹਰਬਾਨ ਵਾਲੀ ਜਨਮਸਾਖੀ
(iii) ਭਾਈ ਬਾਲੇ ਵਾਲੀ ਜਨਮਸਾਖੀ
(iv) ਆਦਿ ਸਾਖੀਆਂ ਬਾਬੇ ਕੀਆਂ
(v) ਜਨਮਸਾਖੀ ਭਗਤ ਕਬੀਰ ਕੀ... ਇਤਿਆਦਿ।

5.8.2 ਇਨ੍ਹਾਂ ਜਨਮਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨ ਕਥਾ ਅੰਕਿਤ ਹੋਈ ਹੈ। ਕੁਝ ਹੋਰ ਜਨਮਸਾਖੀਆਂ ਸੰਤਾਂ-ਭਗਤਾਂ ਦੇ ਬਾਰੇ ਵਿਚ ਵੀ ਹਨ। ਜਨਮਸਾਖੀਆਂ ਤੋਂ ਬਿਨਾਂ ਟੀਕੇ (ਪਰਮਾਰਥ), ਗੋਸ਼ਟਾਂ, ਬਚਨ, ਸੁਖ਼ਨ, ਕੌਲ, ਹੁਕਮਨਾਮੇ ਅਤੇ ਰਹਿਤਨਾਮਿਆਂ ਵਿਚ ਵੀ ਪੁਰਾਤਨ ਪੰਜਾਬੀ ਵਾਰਤਕ ਦਾ ਸੁਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ। ਪੁਰਾਤਨ ਪੰਜਾਬੀ ਵਾਰਤਕ ਦਾ ਸੁਭਾਅ ਧਾਰਮਿਕ ਹੈ। ਵਾਰਤਕ ਦੇ ਇਨ੍ਹਾਂ ਰੂਪਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਇਸ ਕਾਲ ਵਿਚ ਪੰਜਾਬੀ ਭਾਸ਼ਾ ਆਪਣਾ ਪ੍ਰਮਾਣਿਕ ਰੂਪ ਧਾਰਨ ਕਰਨ ਲਈ ਪ੍ਰਯਤਨਸ਼ੀਲ ਸੀ। ਇਸ ਵਾਰਤਕ ਉਪਰ ਸਾਧ-ਭਾਸ਼ਾ ਤੋਂ ਬਿਨਾਂ ਬ੍ਰਜ ਭਾਸ਼ਾ, ਫ਼ਾਰਸੀ ਅਤੇ ਅਰਬੀ ਸ਼ਬਦਾਵਲੀ ਦਾ ਪ੍ਰਭਾਵ ਵੀ ਨਜ਼ਰ ਆ ਜਾਂਦਾ ਹੈ। ਕਿਉਂਕਿ ਇਸ ਕਾਲ ਦੀ ਬਹੁਤੀ ਵਾਰਤਕ ਸਾਧੂ-ਸੰਤਾਂ, ਜੋਗੀਆਂ, ਸੂਫ਼ੀ ਦਰਵੇਸ਼ਾਂ ਅਤੇ ਸ਼ਰਧਾਲੂ ਸਿੱਖਾਂ ਨੇ ਰਚੀ, ਇਸ ਕਾਰਨ ਉਨ੍ਹਾਂ ਦੀ ਸ਼ੈਲੀ ਉਪਰ ਅਜਿਹੇ ਪ੍ਰਭਾਵ ਆਉਣੇ ਲਾਜ਼ਮੀ ਸਨ।

### 5.9.1 ਨਿਸ਼ਕਰਸ਼ : ਪ੍ਰਾਪਤੀਆਂ

* ਇਸ ਕਾਲ ਨੂੰ ਪੰਜਾਬੀ ਸਾਹਿੱਤ ਦੇ ਕਈ ਇਤਿਹਾਸਕਾਰ ਸੋਨ-ਸੁਨਹਿਰੀ ਕਾਲ ਕਹਿੰਦੇ ਹਨ ਕਿਉਂਕਿ ਇਸ

ਕਾਲ ਵਿਚ ਪੈਦਾ ਹੋਇਆ ਪੰਜਾਬੀ ਸਾਹਿੱਤ ਦਾ ਹਰ ਰੂਪ ਅਨੁਭਵ ਅਤੇ ਅਭਿਵਿਅਕਤੀ ਦੀ ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਨਾਲ ਪਰਿਪੱਕ ਅਤੇ ਪ੍ਰਮਾਣਿਕ ਸੀ। ਸਾਹਿੱਤ ਦੀ ਹਰ ਧਾਰਾ ਜਾਂ ਪ੍ਰਵਿਰਤੀ ਅੱਵਲ ਤਾਂ ਆਪਣੇ ਸਿਖਰ ਉੱਤੇ ਪਹੁੰਚ ਗਈ ਸੀ, ਜੇ ਨਹੀਂ ਤਾਂ ਉਸਦੇ ਸਿਖਰ ਉੱਤੇ ਪਹੁੰਚਣ ਦੀਆਂ ਸੰਭਾਵਨਾਵਾਂ ਸਪੱਸ਼ਟ ਰੂਪ ਵਿਚ ਨਜ਼ਰ ਆ ਰਹੀਆਂ ਸਨ।

* ਗੁਰਮਤਿ ਕਾਵਿ ਧਾਰਾ ਨੇ ਇਸ ਕਾਲ ਵਿਚ ਆਪਣੀਆਂ ਸਗਲ ਸੰਭਾਵਨਾਵਾਂ ਨੂੰ ਸਾਕਾਰ ਕਰ ਲਿਆ ਸੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤੱਕ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਬਾਣੀਕਾਰ ਇਸੇ ਯੁੱਗ ਵਿਚ ਹੋਏ। ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰ ਕੇ ਇਸ ਉਪਰ ਆਪਣੀ ਮੋਹਰ-ਛਾਪ ਲਾ ਦਿੱਤੀ ਸੀ। ਭਾਈ ਗੁਰਦਾਸ ਅਤੇ ਗੁਰੂ ਗੋਬਿੰਦ ਸਿੰਘ ਵੀ ਇਸੇ ਕਾਲ ਵਿਚ ਹੋਏ। ਇਨ੍ਹਾਂ ਮਹਾਕਵੀਆਂ ਨੇ ਪੰਜਾਬੀ ਵਾਰ ਦੀ ਉਤਪਤੀ ਅਤੇ ਵਿਕਾਸ ਵਿਚ ਮਹਾਨ ਯੋਗਦਾਨ ਪਾਇਆ।
* ਪੰਜਾਬੀ ਸਾਹਿੱਤ ਦੀ ਇਕ ਹੋਰ ਪ੍ਰਮੁੱਖ ਸੂਫ਼ੀ ਕਾਵਿ ਧਾਰਾ ਦਾ ਜਨਮ ਅਤੇ ਵਿਕਾਸ ਵੀ ਇਸੇ ਕਾਲ ਵਿਚ ਹੋਇਆ। ਸ਼ੇਖ਼ ਫ਼ਰੀਦ ਜੀ ਦੇ ਪਾਏ ਪੂਰਨਿਆਂ ਉਪਰ ਚਲਦਿਆਂ ਹੋਇਆ ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਸ਼ਾਹ ਸ਼ਰਫ਼ ਬਟਾਲਵੀ ਨੇ ਇਸ ਕਾਵਿ ਧਾਰਾ ਨੂੰ ਸਿਖਰ ਉੱਤੇ ਪਹੁੰਚਾ ਦਿੱਤਾ।
* ਦੁਨਿਆਵੀ ਇਸ਼ਕ ਦੇ ਸਰੋਕਾਰਾਂ ਨਾਲ ਸੰਬੰਧਿਤ ਪੰਜਾਬੀ ਕਿੱਸਾ ਕਾਵਿ ਧਾਰਾ ਨੇ ਸਤਾਰ੍ਹਵੀਂ ਸਦੀ ਤੱਕ ਬਹੁਤ ਵਿਕਾਸ ਕਰ ਲਿਆ ਸੀ। ਦਮੋਦਰ, ਪੀਲੂ ਅਤੇ ਹਾਫ਼ਜ ਬਰਖ਼ੁਰਦਾਰ ਵਰਗੇ ਕਵੀਆਂ ਨੇ ਜਿਹੜੀਆਂ ਪੈੜਾਂ ਉਲੀਕ ਦਿੱਤੀਆਂ ਸਨ, ਮੁਕਬਲ, ਵਾਰਿਸ, ਕਾਦਰ ਯਾਰ ਅਤੇ ਹਾਸ਼ਮ ਵਰਗੇ ਕਵੀਆਂ ਨੇ ਉਨ੍ਹਾਂ ਪੈੜਾਂ ਉਪਰ ਚੱਲ ਕੇ ਹੀ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਸਨ।
* ਪੰਜਾਬੀ ਬੀਰ ਕਾਵਿ ਪਰੰਪਰਾ ਇਸ ਕਾਲ ਦੀ ਇਕ ਹੋਰ ਵਿਲੱਖਣ ਅਤੇ ਮਹਾਨ ਧਾਰਾ ਹੈ। ਗੁਰੂ ਗੋਬਿੰਦ ਸਿੰਘ ਨੇ 'ਚੰਡੀ ਦੀ ਵਾਰ' ਲਿਖ ਕੇ ਇਸ ਪਰੰਪਰਾ ਨੂੰ ਸਿਖਰ ਉੱਤੇ ਪਹੁੰਚਾ ਦਿੱਤਾ।
* ਪੁਰਾਤਨ ਪੰਜਾਬੀ ਵਾਰਤਕ ਦਾ ਜਨਮ ਵੀ ਇਸੇ ਕਾਲ ਵਿਚ ਹੋਇਆ। ਜਨਮਸਾਖੀਆਂ, ਟੀਕੇ, ਸੁਖਨ, ਕੌਲ, ਹੁਕਮਨਾਮੇ, ਰਹਿਤਨਾਮੇ ਅਤੇ ਬਚਨ ਪੁਰਾਤਨ ਪੰਜਾਬੀ ਵਾਰਤਕ ਦੇ ਵਿਸ਼ੇਸ਼ ਰੂਪ ਹਨ।
* ਇਸ ਕਾਲ ਵਿਚ ਪੰਜਾਬੀ ਸਾਹਿੱਤ ਨੇ ਬਹੁਪਾਸਾਰੀ ਪ੍ਰਗਤੀ ਕੀਤੀ। ਪੰਜਾਬੀ ਭਾਸ਼ਾ ਨੇ ਆਪਣੀਆਂ ਰਚਨਾਤਮਕ ਸੰਭਾਵਨਾਵਾਂ ਨੂੰ ਸਾਕਾਰ ਕਰ ਲਿਆ। ਕਾਵਿ ਅਤੇ ਵਾਰਤਕ ਦੇ ਖੇਤਰ ਵਿਚ ਅਭਿਵਿਅੰਜਨ ਦੀਆਂ ਅਨੇਕ ਨਵੀਆਂ ਜੁਗਤਾਂ ਅਤੇ ਵਿਧੀਆਂ ਦਾ ਆਵਿਸ਼ਕਾਰ ਹੋਇਆ। ਇਹੀ ਕਾਰਨ ਹੈ ਕਿ ਪੰਜਾਬੀ ਸਾਹਿੱਤ ਦੇ ਗੁਰੂ ਨਾਨਕ ਕਾਲ ਸੰਬੰਧਿਤ ਸਮੂਹ ਕਵੀ ਅਤੇ ਲੇਖਕ, ਕਲਾਸੀਕਲ ਦਰਜਾ ਰੱਖਦੇ ਹਨ।

------

**ਪ੍ਰਸ਼ਨ**

1. ਗੁਰੂ ਨਾਨਕ ਕਾਲ ਵਿਚ ਉਪਜੀਆਂ ਸਾਹਿਤਕ ਪ੍ਰਵਿਰਤੀਆਂ ਬਾਰੇ ਦੱਸੋ। (ਅਪਰੈਲ 2018)
2. ਗੁਰੂ ਨਾਨਕ ਕਾਲ ਨੂੰ ਪੰਜਾਬੀ ਸਾਹਿੱਤ ਦਾ ਸੁਨਹਿਰੀ ਕਾਲ ਕਿਹਾ ਜਾਂਦਾ ਹੈ। ਕੀ ਤੁਸੀਂ ਇਸ ਧਾਰਨਾ ਨਾਲ ਸਹਿਮਤ ਹੋ?
3. ਤੁਹਾਨੂੰ ਗੁਰੂ ਨਾਨਕ ਕਾਲ ਦੀ ਕਿਹੜੀ ਧਾਰਾ ਜਾਂ ਪ੍ਰਵਿਰਤੀ ਸਭ ਤੋਂ ਵਧੇਰੇ ਪਸੰਦ ਹੈ ਅਤੇ ਕਿਉਂ ?

ਪਾਠ ਨੰ: 1.6 ਪ੍ਰੋ. ਬ੍ਰਹਮਜਗਦੀਸ਼ ਸਿੰਘ

## ਆਦਿ ਕਾਲ ਅਤੇ ਗੁਰੂ ਨਾਨਕ ਕਾਲ ਦਾ ਪੰਜਾਬੀ ਸੂਫ਼ੀ ਕਾਵਿ

### 6.1 ਰੂਪ-ਰੇਖਾ

ਪੰਜਾਬੀ ਵਿਚ ਸੂਫ਼ੀ ਕਾਵਿ ਦੀ ਪਰੰਪਰਾ ਬੜੀ ਲੋਕਪ੍ਰਿਅ ਰਹੀ ਹੈ। ਸੂਫ਼ੀ ਦਰਵੇਸ਼ਾਂ ਨੇ ਰੱਬ ਦੀ ਇਬਾਦਤ ਕਰਨ ਨੇ ਨਾਲ-ਨਾਲ ਮਨੁੱਖ ਦੇ ਮਨ ਵਿਚ ਇਕ ਚੰਗਾ ਇਨਸਾਨ ਬਣਨ ਦੀ ਉਮੰਗ ਵੀ ਪੈਦਾ ਕਰ ਦਿੱਤੀ ਸੀ। ਸੂਫ਼ੀ ਵਿਚਾਰਧਾਰਾ ਦਾ ਜਨਮ ਅਰਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਮਾਨਵਤਾਵਾਦੀ ਸਿੱਖਿਆ ਦੇ ਕਾਰਨ ਹੋਇਆ। ਅਰਬ ਵਿਚ ਸੂਫ਼ੀ ਲੋਕ ਰੱਬ ਦੀ ਬੰਦਗੀ ਵਿਚ ਲੀਨ ਰਹਿੰਦੇ ਸਨ। ਅਰਬ ਤੋਂ ਇਹ ਪਰੰਪਰਾ ਈਰਾਨ ਅਤੇ ਅਫ਼ਗਾਨਿਸਤਾਨ ਹੁੰਦੀ ਹੋਈ ਗਿਆਰ੍ਹਵੀਂ ਸਦੀ ਦੇ ਆਰੰਭ ਵਿਚ ਹਿੰਦੁਸਤਾਨ ਪਹੁੰਚ ਗਈ। ਇਕ ਕਵੀ ਦੇ ਰੂਪ ਵਿਚ ਸਭ ਤੋਂ ਪਹਿਲਾਂ ਸ਼ੇਖ਼ ਫ਼ਰੀਦ ਜੀ ਨੇ ਸੂਫ਼ੀ ਅਨੁਭਵ ਦਾ ਨਿਰੂਪਣ ਕੀਤਾ। ਹਿੰਦੁਸਤਾਨ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਸੂਫ਼ੀਆਂ ਦੇ ਕੇਂਦਰ ਸਥਾਪਿਤ ਹੋ ਗਏ ਸਨ। ਪਰ ਫ਼ਰੀਦ ਜੀ ਨੇ ਪੰਜਾਬ ਦੇ ਇਕ ਛੋਟੇ ਜਿਹੇ ਨਗਰ ਪਾਕਪਟਣ ਵਿਚ ਬੈਠ ਕੇ ਸੂਫ਼ੀਵਾਦ ਦਾ ਪ੍ਰਚਾਰ ਕੀਤਾ। ਫ਼ਰੀਦ ਜੀ ਦੀ ਰੂਹਾਨੀ ਸ਼ਖਸੀਅਤ ਨੇ ਪੰਜਾਬ ਦੇ ਹਰ ਕੋਨੇ ਵਿਚ ਸੂਫ਼ੀ ਦਰਵੇਸ਼ ਪੈਦਾ ਕਰ ਦਿੱਤੇ ਸਨ। ਲਾਹੌਰ, ਮੁਲਤਾਨ, ਕਸੂਰ ਵਰਗੇ ਹਰ ਸ਼ਹਿਰ ਅਤੇ ਕਸਬੇ ਵਿਚ ਸੂਫ਼ੀ ਵਿਚਾਰਧਾਰਾ ਦਾ ਪ੍ਰਸਾਰ ਅਤੇ ਪ੍ਰਚਾਰ ਹੋਣ ਲੱਗ ਪਿਆ ਸੀ। ਇਹੀ ਕਾਰਨ ਹੈ ਕਿ ਗੁਰੂ ਨਾਨਕ ਕਾਲ ਵਿਚ ਸੂਫ਼ੀ ਕਾਵਿ ਧਾਰਾ ਨਾਲ ਸੰਬੰਧਿਤ ਬਹੁਤ ਸਾਰੇ ਕਵੀ ਪੈਦਾ ਹੋ ਗਏ ਸਨ। ਇਸ ਪਾਠ ਵਿਚ ਅਸੀਂ ਪੰਦਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਦੇ ਅੰਤ ਤਕ ਪੰਜਾਬ ਦੇ ਪ੍ਰਸਿੱਧ ਸੂਫ਼ੀ ਕਵੀਆਂ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

### 6.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਬੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ ਨੂੰ ਪੰਜਾਬੀ ਸੂਫ਼ੀ ਕਾਵਿ ਦੇ ਦੂਜੇ ਦੌਰ ਨਾਲ ਜਾਣ-ਪਹਿਚਾਣ ਕਰਵਾਉਣਾ ਹੈ। ਪਹਿਲਾ ਦੌਰ ਹਜ਼ਰਤ ਦਾਤਾ ਗੰਜ ਬਖ਼ਸ਼, ਖ਼ੁਆਜਾ ਮੁਈਨੁੱਦੀਨ ਚਿਸ਼ਤੀ, ਖ਼ੁਆਜਾ ਕੁਤਬੁੱਦੀਨ ਬਖ਼ਤਯਾਰ ਕਾਕੀ ਅਤੇ ਸ਼ੇਖ਼ ਫ਼ਰੀਦ ਵਰਗੇ ਮਹਾਨ ਸੂਫ਼ੀ ਕਵੀਆਂ ਨਾਲ ਸੰਬੰਧਿਤ ਸੀ। ਇਸ ਦੌਰ ਦੇ ਸੂਫ਼ੀ ਦਰਵੇਸ਼ ਨਿਮਰਤਾ ਧਾਰਨ ਕਰਕੇ ਸਬਰ, ਸੰਤੋਖ, ਗ਼ਰੀਬੀ ਅਤੇ ਜ਼ੁਹਦ (ਤਪੱਸਿਆ) ਵਾਲਾ ਜੀਵਨ ਬਿਤਾਉਂਦੇ ਸਨ। ਉਹ ਇਸਲਾਮਿਕ ਸ਼ਰ੍ਹਾ ਦਾ ਪੂਰਾ ਸਤਿਕਾਰ ਕਰਦੇ ਸਨ। ਪੰਜ ਵਕਤ ਨਿਮਾਜ਼ ਪੜ੍ਹਨੀ, ਇਕ ਅੱਲਾ ਦੀ ਹੋਂਦ ਵਿਚ ਯਕੀਨ ਰੱਖਣਾ ਅਤੇ ਉਸ ਤੋਂ ਬਗ਼ੈਰ ਕਿਸੇ ਦੇਵੀ-ਦੇਵਤੇ ਦੀ ਹਸਤੀ ਵਿਚ ਯਕੀਨ ਨਾ ਰੱਖਣਾ। ਕਾਅਬੇ ਦਾ ਹੱਜ ਕਰਨਾ, ਰਮਜ਼ਾਨ ਦੇ ਦਿਨਾ ਵਿਚ ਰੋਜ਼ੇ ਰੱਖਣਾ ਅਤੇ ਆਪਣਾ ਸਾਰਾ ਧਨ ਗ਼ਰੀਬਾਂ ਅਤੇ ਲੋੜਵੰਦਾਂ ਵਿਚ ਲੁਟਾ ਦੇਣਾ ਆਦਿਕ ਇਸਲਾਮਿਕ ਸਿੱਧਾਂਤਾਂ ਦੀ ਪੂਰੀ-ਪੂਰੀ ਪਾਲਣਾ ਕਰਦੇ ਸਨ। ਪਰੰਤੂ ਗੁਰੂ ਨਾਨਕ ਕਾਲ ਦੇ ਸੂਫ਼ੀ ਫ਼ਕੀਰ ਇਸਲਾਮਿਕ ਸ਼ਰ੍ਹਾ ਦਾ ਪਾਲਣ ਕਰਨ ਦੀ ਬਜਾਇ ਰੱਬ ਨੂੰ ਇਸ਼ਕ ਕਰਨ ਵਿਚ ਯਕੀਨ ਰੱਖਦੇ ਸਨ। ਉਹ ਆਪਣਾ ਸਾਰਾ ਜੀਵਨ ਰੱਬੀ ਪ੍ਰੇਮ ਦੀ ਮਸਤੀ ਵਿਚ ਗੁਜ਼ਾਰਦੇ ਸਨ। ਇਸ਼ਕ ਹਕੀਕੀ ਦੇ ਨਾਲ-ਨਾਲ ਉਹ ਇਸ਼ਕ ਮਿਜ਼ਾਜੀ ਦੇ ਮਹੱਤਵ ਨੂੰ ਵੀ ਸਵੀਕਾਰ ਕਰਦੇ ਸਨ। ਇਨ੍ਹਾਂ ਗੱਲਾਂ ਦੇ ਕਾਰਨ ਗੁਰੂ ਨਾਨਕ ਕਾਲ ਦੇ ਸੂਫ਼ੀ ਦਰਵੇਸ਼ ਹਿੰਦੁਸਤਾਨੀਆਂ ਵਿਚ ਵਧੇਰੇ ਲੋਕਪ੍ਰਿਅ ਹੋ ਗਏ ਸਨ। ਹਥਲੇ ਪਾਠ ਵਿਚ ਅਸੀਂ ਅਜਿਹੇ ਸੂਫ਼ੀ ਫ਼ਕੀਰਾਂ ਦੀ ਵਿਚਾਰਧਾਰਾ ਅਤੇ ਕਵਿਤਾ ਬਾਰੇ ਆਪਣੇ ਵਿਦਿਆਰਥੀਆਂ ਨਾਲ ਸੰਵਾਦ ਰਚਾ ਰਹੇ ਹਾਂ।

### 6.3.1 ਸੂਫ਼ੀਵਾਦ ਦੇ ਪ੍ਰਮੁੱਖ ਸਿੱਧਾਂਤ

'ਸੂਫ਼' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦੇ ਅਰਥ ਹਨ ਉੱਨ ਦੇ ਬਣੇ ਵਸਤਰ। ਸੋ ਸੂਫ਼ੀ ਉਸ ਦਰਵੇਸ਼ ਨੂੰ ਕਿਹਾ ਜਾਂਦਾ ਸੀ, ਜੋ ਉੱਨ ਦੇ ਬਣੇ ਵਸਤਰ ਪਹਿਨਦਾ ਸੀ। ਈਰਾਨ ਵਿਚ ਸੂਫ਼ੀਆਂ ਨੂੰ 'ਪਸ਼ਮੀਨਾ ਪੋਸ਼' ਵੀ ਕਿਹਾ ਜਾਂਦਾ ਸੀ। ਮੁਢਲੇ ਸਮੇਂ ਵਿਚ ਸੂਫ਼ੀ ਫ਼ਕੀਰ ਇਹੀ ਵਸਤਰ ਪਹਿਨਦੇ ਸਨ। 'ਸੂਫ਼ੀ' ਤੋਂ ਹੀ 'ਤਸਵੁਫ਼' ਸ਼ਬਦ ਹੋਂਦ ਵਿਚ ਆਇਆ, ਜਿਸਦੇ ਅਰਥ ਹਨ ਈਸ਼ਵਰੀ ਗਿਆਨ। ਸੂਫ਼ੀ ਵਿਚਾਰਧਾਰਾ ਅਤੇ ਚਿੰਤਨ ਨੂੰ 'ਤਸਵੁਫ਼' ਕਿਹਾ ਜਾਂਦਾ ਹੈ। ਨੌਵੀਂ ਸਦੀ ਦੇ ਮੁੱਢ ਤੱਕ ਸੂਫ਼ੀ ਮੱਤ ਨੇ ਕੋਈ ਵਿਸ਼ੇਸ਼ ਸ਼ਕਲ ਅਖ਼ਤਿਆਰ ਨਹੀਂ ਸੀ ਕੀਤੀ ਪਰੰਤੂ ਨੌਵੀਂ ਸਦੀ

ਤੋਂ ਗਿਆਰ੍ਹਵੀਂ ਸਦੀ ਦੇ ਅੰਤ ਤੱਕ ਜ਼ੁਲਨੂਨ ਮਿਸਰੀ, ਅਬੂ ਯਜ਼ੀਦ, ਜ਼ੁਨੇਦ ਅਤੇ ਮਨਸੂਰ ਦੀ ਅਗਵਾਈ ਵਿਚ ਸੂਫ਼ੀ ਮੱਤ ਨੇ ਇਕ ਨਿਸ਼ਚਿਤ ਪਰੰਪਰਾ ਦਾ ਰੂਪ ਧਾਰਨ ਕਰ ਲਿਆ ਸੀ। ਹਜ਼ਰਤ ਮੁਹੰਮਦ ਸਾਹਿਬ (ਮ੍ਰਿਤੂ 632 ਈ.) ਤੋਂ ਬਾਅਦ ਮੁਸਲਮਾਨਾਂ ਦਾ ਤਪ-ਤੇਜ ਬਹੁਤ ਵਧ ਗਿਆ। ਅੱਠਵੀਂ ਸਦੀ ਦੇ ਤੱਕ ਈਰਾਨ ਉਪਰ ਵੀ ਇਸਲਾਮੀ ਹਕੂਮਤ ਕਾਇਮ ਹੋ ਗਈ ਅਤੇ ਬਗ਼ਦਾਦ ਵਿਸ਼ਵ-ਸੰਸਕ੍ਰਿਤੀ ਦਾ ਇਕ ਕੇਂਦਰ ਬਣ ਗਿਆ। ਇਥੋਂ ਦੀ ਲੋਕ-ਬੋਲੀ ਅਰਬੀ ਦੀ ਬਜਾਇ ਫ਼ਾਰਸੀ ਸੀ। ਬਗ਼ਦਾਦ ਵਿਚ ਈਸਾਈ ਸਾਧੂ, ਬੋਧ ਭਿਕਸ਼ੂ, ਬ੍ਰਾਹਮਣ ਸੰਨਿਆਸੀ ਅਤੇ ਮੁਸਲਮਾਨ ਉਲਮਾ ਖੁਲ੍ਹੇ-ਡੁਲ੍ਹੇ ਵਿਚਰਦੇ ਸਨ। ਇਸੇ ਉਦਾਰ ਵਾਤਾਵਰਣ ਵਿਚੋਂ ਸੂਫ਼ੀ ਮੱਤ ਦਾ ਨਿਕਾਸ ਹੋਇਆ।

6.3.2 ਮੁਖ ਤੌਰ ਤੇ ਸੂਫ਼ੀ ਮਾਰਗ ਦੇ ਚਾਰ ਪੜਾਉ ਹਨ : ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ। ਸੂਫ਼ੀ ਲੋਕ ਸ਼ਰੀਅਤ ਦੇ ਵਿਰੁੱਧ ਨਹੀਂ ਪਰ ਉਹ ਇਸ ਨੂੰ ਰੱਬੀ-ਪ੍ਰਾਪਤੀ ਦਾ ਕੇਵਲ ਪਹਿਲਾ ਪੜਾਉ ਮੰਨਦੇ ਹਨ। ਇਹੀ ਕਾਰਨ ਹੈ ਕਿ ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਦੇ ਕਲਾਮ ਵਿਚ ਸ਼ਰੀਅਤ ਉਪਰ ਵਿਅੰਗ ਕੀਤੇ ਗਏ ਹਨ। ਮਹਿਮੂਦ ਸ਼ਬਿਸਤਰੀ ਨੇ ਸ਼ਰੀਅਤ ਅਤੇ ਹਕੀਕਤ ਵਿਚਲੇ ਫ਼ਰਕ ਨੂੰ 'ਬਦਾਮ' ਦੇ ਹਵਾਲੇ ਨਾਲ ਸਮਝਾਇਆ ਹੈ। ਉਸ ਅਨੁਸਾਰ ਸ਼ਰੀਅਤ ਬਦਾਮ ਦੇ ਛਿੱਲੜ ਵਾਂਗ ਹੈ ਅਤੇ ਹਕੀਕਤ ਨੂੰ ਬਦਾਮ ਦੀ ਗਿਰੀ ਸਮਝੋ। ਜਦ ਤੱਕ ਗਿਰੀ ਕੱਚੀ ਹੈ, ਛਿਲਕੇ ਦੀ ਲੋੜ ਹੈ ਪਰ ਜਦ ਗਿਰੀ ਪੱਕ ਜਾਵੇ ਤਾਂ ਭਾਵੇਂ ਛਿਲਕੇ ਨੂੰ ਉਤਾਰ ਕੇ ਪਰੇ ਸੁੱਟ ਦੇਵੋ।

### 6.3.3 ਪੰਜਾਬ ਵਿਚ ਸੂਫ਼ੀ ਮਤਿ

ਪੰਜਾਬ ਵਿਚ ਇਸਲਾਮ ਦੇ ਮੁਢਲੇ ਪ੍ਰਭਾਵ ਅੱਠਵੀਂ-ਨੌਵੀਂ ਸਦੀ ਵਿਚ ਮੁਲਤਾਨ ਉਪਰ ਪਏ। ਉਸ ਵਕਤ ਇਹ ਸ਼ਹਿਰ ਇਕ ਤਜਾਰਤੀ (ਵਪਾਰਕ) ਮਾਰਗ ਉਪਰ ਸਥਿਤ ਸੀ। ਹੜੱਪਾ ਤੋਂ ਈਰਾਕ ਵੱਲ ਜਾਂਦਾ ਰਾਹ ਇਸੇ ਸ਼ਹਿਰ ਵਿਚੋਂ ਹੋ ਕੇ ਗੁਜ਼ਰਦਾ ਸੀ। ਇਸ ਕਾਰਨ ਕਈ ਸਦੀਆਂ ਤੱਕ ਇਹ ਸ਼ਹਿਰ ਹਿੰਦੂ ਅਤੇ ਇਸਲਾਮੀ ਸਭਿਅਤਾ ਦਾ ਸੰਗਮ ਬਣਿਆ ਰਿਹਾ। ਬਾਅਦ ਵਿਚ ਇਹ ਗੌਰਵ ਲਾਹੌਰ ਨੂੰ ਮਿਲ ਗਿਆ। ਇਹੀ ਕਾਰਨ ਹੈ ਕਿ ਭਾਰਤ ਵਿਚ ਸੂਫ਼ੀ ਮੱਤ ਦਾ ਨਿਕਾਸ ਅਤੇ ਵਿਕਾਸ ਮੁਲਤਾਨ ਅਤੇ ਲਾਹੌਰ ਵਿਚ ਹੋਇਆ। ਆਮ ਤੌਰ ਤੇ ਸ਼ੇਖ਼ ਫ਼ਰੀਦ ਨੂੰ ਪੰਜਾਬ ਦੇ ਪਹਿਲੇ ਸੂਫ਼ੀ ਦਰਵੇਸ਼ ਮੰਨਿਆ ਜਾਂਦਾ ਹੈ ਪਰ ਅਸਲ ਵਿਚ ਉਨ੍ਹਾਂ ਤੋਂ ਪਹਿਲਾਂ ਵੀ ਬਹੁਤ ਸਾਰੇ ਸੂਫ਼ੀ ਦਰਵੇਸ਼ ਪੰਜਾਬ ਵਿਚ ਆ ਚੁੱਕੇ ਸਨ। ਗਿਆਰ੍ਹਵੀਂ ਸਦੀ ਵਿਚ ਸ਼ੇਖ਼ ਅਲੀ ਮਖ਼ਦੂਮ ਤੁਜਵੀਰੀ (ਦਾਤਾ ਗੰਜ ਬਖ਼ਸ਼) ਇਥੇ ਪਹੁੰਚੇ। ਆਪ ਗਜ਼ਨੀ ਦੇ ਰਹਿਣ ਵਾਲੇ ਸਨ ਅਤੇ ਪੰਜਾਬ ਵਿਚ ਆਪ ਨੇ ਸਾਰਾ ਜੀਵਨ ਲਾਹੌਰ ਵਿਚ ਬਿਤਾਇਆ। ਫ਼ਾਰਸੀ ਕਵੀ ਫ਼ਰੀਦੁੱਦੀਨ ਅੱਤਾਰ ਨੇ ਵੀ ਭਾਰਤ ਦੀ ਯਾਤਰਾ ਕੀਤੀ।

6.3.4 ਫ਼ਰੀਦ ਜੀ ਤੋਂ ਬਾਅਦ ਲਗਪਗ ਤਿੰਨ ਸਦੀਆਂ ਤਕ ਪੰਜਾਬੀ ਸੂਫ਼ੀ ਕਾਵਿ ਦੀ ਧਾਰਾ ਖ਼ਾਮੋਸ਼ ਰਹੀ। ਇਸ ਦਾ ਵੱਡਾ ਕਾਰਨ ਸੂਫ਼ੀ ਫ਼ਕੀਰਾਂ ਦਾ ਪੰਜਾਬ ਨੂੰ ਛੱਡ ਕੇ ਕੁਝ ਹੋਰ ਟਿਕਾਣਿਆਂ ਉਪਰ ਚਲੇ ਜਾਣਾ ਸੀ। ਫ਼ਰੀਦ ਜੀ ਦਾ ਪ੍ਰਮੁੱਖ ਖ਼ਲੀਫ਼ਾ ਖੁਆਜਾ ਨਿਜ਼ਾਮੁੱਦੀਨ ਔਲੀਆ ਵੀ ਅਜਮੇਰ ਸ਼ਰੀਫ਼ ਜਾ ਕੇ ਟਿਕ ਗਿਆ ਸੀ। ਜਿਹੜੇ ਫ਼ਕੀਰ ਇਧਰ ਪੰਜਾਬ ਵਿਚ ਵੀ ਰਹੇ, ਉਹ ਵੀ ਸੂਬੇਦਾਰਾਂ ਜਾਂ ਅਮੀਰਾਂ-ਵਜ਼ੀਰਾਂ ਦੇ ਏਨੇ ਨਜ਼ਦੀਕ ਹੋ ਗਏ ਸਨ ਕਿ ਉਹ ਮਹਾਨ ਕਾਵਿ ਦੀ ਸਿਰਜਣਾ ਕਰਨ ਦੇ ਸਮਰੱਥ ਨਾ ਰਹੇ ਕਿਉਂਕਿ ਸੱਤਾ ਦੀ ਪ੍ਰਾਪਤੀ ਜਾਂ ਨੇੜਤਾ ਮਿਲ ਜਾਣ ਦੇ ਕਾਰਨ ਉਨ੍ਹਾਂ ਦੇ ਸਰੋਕਾਰ ਬਦਲ ਗਏ ਸਨ। ਮਹਾਨ ਕਵਿਤਾ ਦੀ ਦਾਤ ਫ਼ਕੀਰੀ ਵਿਚੋਂ ਹੀ ਹਾਸਲ ਹੁੰਦੀ ਹੈ।

### 6.4.1 ਸ਼ਾਹ ਮੀਰਾ ਜੀ ਚਿਸ਼ਤੀ (ਮ੍ਰਿਤੂ 1496)

ਚਿਸ਼ਤੀ ਸੰਪਰਦਾਇ ਵਿਚ ਫ਼ਰੀਦ ਜੀ ਤੋਂ ਪਿੱਛੋਂ ਸ਼ਾਹ ਮੀਰਾ ਜੀ ਚਿਸ਼ਤੀ ਕਾਫ਼ੀ ਪ੍ਰਸਿੱਧ ਹੋਏ। ਅਬਦੁਲ ਗਫ਼ੂਰ ਕੁਰੈਸ਼ੀ ਨੇ ਆਪ ਦੇ ਪੰਜਾਬੀ ਕਲਾਮ ਦੇ ਕੁਝ ਅੰਸ਼ 'ਪੰਜਾਬੀ ਅਦਬ ਦੀ ਕਹਾਣੀ' ਵਿਚ ਪੇਸ਼ ਕੀਤੇ ਹਨ। ਇਨ੍ਹਾਂ ਵਿਚੋਂ ਇਕ ਟੁਕੜੀ ਪੇਸ਼ ਹੈ :

ਸਿਫ਼ਤ ਕਰੂੰ ਮੈਂ ਅੱਲਾਹ ਕੇਰੀ, ਜੋ ਪੂਰੀ ਪੂਰਨ ਪੂਰ।
ਕਾਦਿਰ ਕੁਦਰਤ ਅੰਗੀਕਾਰੋਂ, ਨਾਂਹ ਨੇੜੇ ਨਾਂਹ ਦੂਰ।
ਨਾਂਹ ਇਸ ਰੂਪ, ਨਾਂਹ ਇਸ ਰੇਖਾ, ਨਾਂਹ ਇਸ ਥਾਂ ਮਕਾਨ।
ਨੀਰਗੁਨਾ ਗੁਨਵੰਤਾ ਕਰਦਾ, ਕਿਸ ਸੁਖ ਕਰੂੰ ਬਿਆਨ।

### 6.4.2 ਫ਼ਰੀਦ ਸਾਨੀ ਜਾਂ ਸ਼ੇਖ਼ ਇਬਰਾਹੀਮ

ਫ਼ਰੀਦ ਸਾਨੀ ਨੂੰ ਸ਼ੇਖ਼ ਇਬਰਾਹੀਮ ਜਾਂ ਸ਼ੇਖ਼ ਬ੍ਰਹਮ ਆਦਿ ਕਈ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਆਪ

ਬਾਬਾ ਫ਼ਰੀਦ ਸ਼ਕਰ ਗੰਜ ਦੀ ਗੱਦੀ ਦੇ ਬਾਰ੍ਹਵੇਂ ਗੱਦੀਨਸ਼ੀਨ ਸਨ। ਆਪ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ ਅਤੇ ਉਨ੍ਹਾਂ ਨਾਲ ਆਪ ਦੀ ਮੁਲਾਕਾਤ ਵੀ ਹੋਈ ਸੀ। 'ਨਸੀਹਤ ਨਾਮਾ' ਆਪ ਦੀ ਇੱਕੋ-ਇੱਕ ਰਚਨਾ ਹੈ, ਜਿਸਦਾ ਕਲਮੀ ਨੁਸਖ਼ਾ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪਿਆ ਹੈ। ਇਸ ਵਿਚੋਂ ਕੁਝ ਅੰਸ਼ ਦੇਖੋ :

ਸੋ ਵੱਖਰ ਮੇਰੇ ਪੱਲੂ ਨਾਹੀਂ, ਜਿਤ ਸਾਹਿਬ ਕਾ ਮਨ ਰੀਝੈ।
ਸਾਹਿਬ ਸਿਉਂ ਮਾਣ ਕਿਵੇਂ ਹਾਂ ਮਾਣੇ ਕੀਜੈ।
ਮੇਰਾ ਸਾਹਿਬ ਚੰਗਾ ਗੁਣ ਦਿਹੰਦਾ ਕਹੈ ਫਰੀਦ ਸੁਣਾਵੈ।
ਬਿਨ ਗੁਰ ਨਿਸ ਦਿਨ ਫਿਰਾਂ ਨੀ ਮਾਏ ਪਿਰ ਕੇ ਹਾਵੈ।

6.5.1 **ਸ਼ਾਹ ਹੁਸੈਨ (1539-1599 ਈ.)**

ਸ਼ਾਹ ਹੁਸੈਨ ਕਾਦਿਰੀ ਸਿਲਸਿਲੇ ਦੀ ਇਕ ਜਮਾਤ ਬਹਿਲੋਲਸ਼ਾਹੀ ਨਾਲ ਸੰਬੰਧਿਤ ਸਨ। ਬਹਿਲੋਲ ਸ਼ਾਹ ਬਾਰੇ ਏਨਾ ਹੀ ਪਤਾ ਚਲਦਾ ਹੈ ਕਿ ਉਸ ਦੁਆਰਾ ਸ਼ੁਰੂ ਕੀਤੇ ਸਿਲਸਿਲੇ ਦੀ ਉਪਸ਼ਾਖ ਹੁਸੈਨੀ ਸਿਲਸਿਲਾ ਹੈ, ਜਿਸਦੇ ਬਾਨੀ ਸ਼ਾਹ ਹੁਸੈਨ ਸਨ। ਆਪ ਨੂੰ ਲਾਲ ਹੁਸੈਨ ਜਾਂ ਮਾਧੋਲਾਲ ਹੁਸੈਨ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਮਿਰਜ਼ਾ ਮੁਹੰਮਦ ਦੇਹਲਵੀ ਦਾ ਕਥਨ ਹੈ ਕਿ ਸ਼ਾਹ ਹੁਸੈਨ ਦੇ ਵੱਡੇ-ਵਡੇਰੇ ਕਾਇਸਥ ਹਿੰਦੂ ਸਨ। (**ਤਜ਼ਕਰਾ-ਏ-ਔਲੀਆਇ-ਹਿੰਦ**) ਬਾਵਾ ਬੁੱਧ ਸਿੰਘ ਨੇ ਸ਼ਾਹ ਹੁਸੈਨ ਦਾ ਪਿੱਛਾ ਢੱਡੇ ਰਾਜਪੂਤਾਂ ਨਾਲ ਜੋੜਿਆ ਹੈ। ਆਪ ਦੇ ਬਜ਼ੁਰਗਾਂ ਨੇ ਫੀਰੋਜ਼ ਸ਼ਾਹ ਤੁਗ਼ਲਕ ਦੇ ਜ਼ਮਾਨੇ ਵਿਚ ਇਸਲਾਮ ਧਰਮ ਨੂੰ ਅੰਗੀਕਾਰ ਕੀਤਾ ਸੀ। ਸ਼ਾਹ ਹੁਸੈਨ ਆਪਣੇ ਜੀਵਨ ਦੇ ਮੁਢਲੇ ਵਰ੍ਹਿਆਂ ਵਿਚ ਸ਼ਰੀਅਤ ਦਾ ਪੂਰਨ ਪਾਬੰਦ ਸੀ ਪਰੰਤੂ ਬਾਅਦ ਵਿਚ ਉਹ ਸ਼ਰੀਅਤ ਤੋਂ ਵਿਦਰੋਹੀ ਹੋ ਗਿਆ ਅਤੇ ਸ਼ਰੀਅਤ ਦੇ ਬੰਧਨਾਂ ਨੂੰ ਤਿਆਗ ਕੇ ਸੂਫ਼ੀ ਬਣ ਗਿਆ। ਇਕ ਦਿਨ ਆਪ ਨੇ ਕੁਰਾਨ ਦੀ ਵਿਆਖਿਆ ਵਿਚ ਪੜ੍ਹਿਆ : ਇਸ ਸੰਸਾਰ ਦਾ ਜੀਵਨ ਕੀ ਹੈ ? ਕੇਵਲ ਖੇਡ-ਤਮਾਸ਼ਾ। ਇਹ ਪੜ੍ਹਦਿਆਂ ਹੀ ਆਪ ਨੱਚਣ ਲੱਗ ਪਏ ਕਿਉਂਕਿ ਆਪ ਨੂੰ ਇਸ ਆਇਤ ਦੇ ਅਰਥ ਧੁਰ ਅੰਦਰੋਂ ਟੁੰਬ ਗਏ ਸਨ।

6.5.2 ਡਾ. ਮੋਹਨ ਸਿੰਘ ਦੀਵਾਨਾ ਨੇ ਆਪ ਦਾ ਸੰਬੰਧ ਮਲਾਮਤੀ ਸੰਪਰਦਾਇ ਨਾਲ ਜੋੜਿਆ ਹੈ। ਮਲਾਮਤੀ ਅਜਿਹੇ ਸੂਫ਼ੀਆਂ ਦੀ ਸੰਪਰਦਾਇ ਸੀ, ਜਿਹੜੇ ਸ਼ਰ੍ਹਾ ਦੀ ਬਹੁਤੀ ਪ੍ਰਵਾਹ ਨਹੀਂ ਸਨ ਕਰਦੇ। ਸ਼ਰਾ ਤੋਂ ਬੇਪ੍ਰਵਾਹੀ ਦੇ ਕਾਰਨ ਹੀ ਆਮ ਮੁਸਲਮਾਨ ਉਨ੍ਹਾਂ ਦੇ ਆਚਾਰ-ਵਿਹਾਰ ਨੂੰ ਪਸੰਦ ਨਹੀਂ ਸਨ ਕਰਦੇ। ਮਲਾਮਤੀ ਸੂਫ਼ੀ ਦੁਨਿਆਵੀ ਸ਼ੋਹਰਤ, ਪ੍ਰਸਿੱਧੀ ਅਤੇ ਨਾਮਣੇ ਤੋਂ ਪੱਲਾ ਛੁਡਾਉਂਦੇ ਸਨ ਕਿਉਂਕਿ ਅਜਿਹਾ ਕੀਤਿਆਂ ਉਹ ਰੱਬ ਦੀ ਪ੍ਰਾਪਤੀ ਦੇ ਮਾਰਗ ਉੱਤੇ ਵਧੇਰੇ ਆਸਾਨੀ ਨਾਲ ਤੁਰ ਸਕਦੇ ਸਨ। ਸ਼ਾਹ ਹੁਸੈਨ ਦੀਆਂ ਕੁਝ ਕਾਫ਼ੀਆਂ ਵਿਚ ਮਲਾਮਤੀ ਜੀਵਨ-ਸ਼ੈਲੀ ਦੇ ਪ੍ਰਮਾਣ ਦ੍ਰਿਸ਼ਟੀਗੋਚਰ ਹੁੰਦੇ ਹਨ। ਦੇਖੋ :

ਜੇਤੀ ਜੇਤੀ ਦੁਨੀਆਂ ਰਾਮ ਜੀ
ਤੇਰੇ ਕੋਲੋਂ ਮੰਗਦੀ।
ਕੂੰਡਾ ਦੇਈਂ, ਸੋਟਾ ਦੇਈਂ,
ਕੋਠੀ ਦੇਈਂ ਭੰਗ ਦੀ।
ਪੋਸਤ ਦੇਈਂ, ਬਾਟੀ ਦੇਈਂ,
ਚਾਟੀ ਦੇਈਂ ਖੰਡ ਦੀ।
ਗਿਆਨ ਦੇਈਂ, ਧਿਆਨ ਦੇਈਂ
ਮਹਿਮਾ ਸਾਧੂ ਸੰਗ ਦੀ।
ਸ਼ਾਹ ਹੁਸੈਨ ਫ਼ਕੀਰ ਸਾਈਂ ਦਾ
ਇਹ ਦੁਆਇ ਮਲੰਗ ਦੀ।

6.5.3 ਸ਼ਾਹ ਹੁਸੈਨ ਨੇ ਆਪਣੇ ਸੂਫ਼ੀਆਨਾ ਅਨੁਭਵ ਦੇ ਪ੍ਰਗਟਾਵੇ ਲਈ 162 ਕਾਫ਼ੀਆਂ ਦੀ ਰਚਨਾ ਕੀਤੀ ਸੀ। (ਡਾ. ਮੋਹਨ ਸਿੰਘ ਦੀਵਾਨਾ, **ਮੁਕੰਮਲ ਕਲਾਮ ਸ਼ਾਹ ਹੁਸੈਨ ਲਾਹੌਰੀ**) ਭਾਵੇਂ ਸ਼ਾਹ ਹੁਸੈਨ ਤੋਂ ਪਹਿਲਾਂ ਵੀ ਕੁਝ ਕਵੀਆਂ ਨੇ ਇਸ ਕਾਵਿ-ਰੂਪ ਦਾ ਪ੍ਰਯੋਗ ਕੀਤਾ ਸੀ ਪਰ ਕਾਫ਼ੀ ਨੂੰ ਜੋ ਪਰਿਪੱਕਤਾ ਅਤੇ ਕਲਾਤਮਕਤਾ ਸ਼ਾਹ ਹੁਸੈਨ ਨੇ ਪ੍ਰਦਾਨ

ਕੀਤੀ। ਉਹ ਆਪਣੀ ਮਿਸਾਲ ਆਪ ਹੈ। ਉਹ ਆਪਣੇ ਜੀਵਨ ਵਿਚ ਬੜਾ ਬੇਪ੍ਰਵਾਹ, ਨਿਡਰ ਅਤੇ ਕਲੰਦਰੀ ਜੀਵਨ-ਸ਼ੈਲੀ ਦਾ ਮਾਲਕ ਸੀ ਪਰ ਕਾਫ਼ੀਆਂ ਵਿਚ ਉਹ ਬੜਾ ਨਿਮਾਣਾ ਅਤੇ ਅੰਤਰਮੁਖੀ ਜਿਹਾ ਵਿਅਕਤੀ ਨਜ਼ਰ ਆਉਂਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ਼ਕ ਦੇ ਤੀਬਰ ਅਹਿਸਾਸ ਨੇ ਹੀ ਉਸ ਨੂੰ ਨਿਮਾਣਾ ਜਿਹਾ ਬਣਾ ਦਿੱਤਾ ਸੀ। ਇਸ਼ਕ ਅਨੁਭਵ ਦੀ ਪੇਸ਼ਕਾਰੀ ਸਮੇਂ ਉਸਦੀ ਕਾਵਿ ਕਲਾ ਨਵੀਆਂ ਬੁਲੰਦੀਆਂ ਨੂੰ ਛੋਹਣ ਲੱਗ ਜਾਂਦੀ ਹੈ। ਦੇਖੋ :

ਦਰਦ ਵਿਛੋੜੇ ਦਾ ਹਾਲ, ਨੀ ਮੈਂ ਕੈਨੂੰ ਆਖਾਂ।
ਸੂਲਾਂ ਮਾਰ ਦੀਵਾਨੀ ਕੀਤੀ
ਬਿਰਹੋਂ ਪਿਆ ਸਾਡੇ ਖਿਆਲ, ਨੀ ਮੇਂ ਕੈਨੂੰ ਆਖਾਂ।
ਧੁਖਣ ਧੂੰਏਂ ਸਾਹਾਂ ਵਾਲੇ
ਜਾਂ ਫੋਲਾਂ ਤਾਂ ਲਾਲ, ਨੀ ਮੈਂ ਕੈਨੂੰ ਆਖਾਂ।
ਸੂਲਾਂ ਦੀ ਰੋਟੀ ਦੁਖਾਂ ਦਾ ਲਾਵਣ
ਹੱਡਾਂ ਦਾ ਬਾਲਣ ਬਾਲ, ਨੀ ਮੈਂ ਕੈਨੂੰ ਆਖਾਂ।
ਕਹੈ ਹੁਸੈਨ ਫ਼ਕੀਰ ਸਾਈਂ ਦਾ
ਵੇਖ ਨਿਮਾਣਿਆਂ ਦਾ ਹਾਲ, ਨੀ ਮੈਂ ਕੈਨੂੰ ਆਖਾਂ।

6.5.4 ਸ਼ਾਹ ਹੁਸੈਨ ਨੂੰ 'ਮਸਤੀ ਦਾ ਕਵੀ' ਵੀ ਕਿਹਾ ਜਾਂਦਾ ਹੈ। 'ਮਸਤੀ' ਸੂਫ਼ੀਆਂ ਦੀ ਹਾਲ-ਅਵਸਥਾ ਨੂੰ ਪ੍ਰਗਟ ਕਰਨ ਵਾਲਾ ਸ਼ਬਦ ਹੈ। ਸ਼ਾਹ ਹੁਸੈਨ ਪ੍ਰਭੂ ਨੂੰ ਹਾਜ਼ਰ-ਨਾਜ਼ਰ ਵੇਖਦਾ ਹੈ। ਉਹ ਮਨੁੱਖ ਨੂੰ ਚੰਗੇ ਕਰਮ ਕਰਨ ਲਈ ਪ੍ਰੇਰਦਾ ਹੈ ਕਿਉਂਕਿ ਪ੍ਰਭੂ ਦੀ ਦਰਗਾਹ ਵਿਚ ਕਿਸੇ ਬੰਦੇ ਦੇ ਕਰਮ ਵੇਖ ਕੇ ਉਸ ਦੇ ਭਵਿੱਖ ਬਾਰੇ ਕੋਈ ਫ਼ੈਸਲਾ ਲਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਾਫ਼ੀ ਦੇਖੋ :

ਅਮਲਾਂ ਦੇ ਉਪਰ ਹੋਗ ਨਬੇੜਾ, ਕਿਆ ਸੂਫ਼ੀ ਕਿਆ ਭੰਗੀ।
ਜੋ ਰੱਬ ਭਾਵੈ ਸੋਈ ਥੀਸੀ, ਸਾਈ ਬਾਤ ਹੈ ਚੰਗੀ।
ਆਪੇ ਏਕ ਅਨੇਕ ਕਹਾਵੈ, ਸਾਹਿਬ ਹੈ ਬਹੁ ਰੰਗੀ।
ਕਹੈ ਹੁਸੈਨ ਸੁਹਾਗਣਿ ਸੋਈ ਜੋ ਸ਼ਹੁ ਦੇ ਰੰਗ ਰੰਗੀ।

6.5.5 ਸ਼ਾਹ ਹੁਸੈਨ ਦੀ ਬੋਲੀ ਠੇਠ ਪੰਜਾਬੀ ਹੈ। ਇਹ ਕੇਂਦਰੀ ਅਤੇ ਟਕਸਾਲੀ ਭਾਸ਼ਾ ਦੀ ਉੱਤਮ ਉਦਾਹਰਣ ਹੈ। ਡਾ. ਜੀਤ ਸਿੰਘ ਸੀਤਲ ਦੇ ਸ਼ਬਦਾਂ ਵਿਚ, "ਉਸਦੀ ਰਚਨਾ ਵਿਚ ਰਸ, ਲੋਚ, ਮਿਠਾਸ ਅਤੇ ਰਵਾਨੀ ਦੇ ਨਾਲ-ਨਾਲ ਜੋਸ਼ ਹੈ। ਤਸਵੁਫ਼ (ਸੂਫ਼ੀਆਨਾ ਅਨੁਭਵ) ਵਿਚ ਉੱਚ-ਖਿਆਲੀ ਹੈ, ਨਿਮਰਤਾ ਹੈ, ਇਖ਼ਲਾਕ ਹੈ ਅਤੇ ਮੁਹੱਬਤ ਦੀ ਸਿੱਖਿਆ ਹੈ। (**ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ,** ਪੰਨਾ 311) ਉਸ ਦੇ ਅਲੰਕਾਰ ਅਤੇ ਪ੍ਰਤੀਕ ਨਿਤਾਪ੍ਰਤੀ ਦੇ ਜੀਵਨ ਵਿਚੋਂ ਲਏ ਗਏ ਹਨ। ਦੇਖੋ :

1. **ਚਰਖ਼ਾ** ਬੋਲੇ ਸਾਈਂ ਸਾਈਂ, **ਬਾਇੜ** ਬੋਲੇ ਤੂੰ।
2. **ਤੰਦ** ਤੁੱਟੀ **ਅਟੇਰਨ** ਭੰਨਾ, **ਚਰਖ਼ੇ** ਦੀ ਕਰ ਕਾਰੀ।
3. ਸਾਰੀ ਉਮਰ ਗਵਾਈਆ ਏਵੇਂ **ਪੱਛੀ** ਨਾ ਘੱਤੀਆ **ਛੱਲੀ।**

6.5.6 ਸ਼ਾਹ ਹੁਸੈਨ ਦੇ ਕਾਵਿ ਅਨੁਭਵ ਬਾਰੇ ਇਹ ਗੱਲ ਨਿਸ਼ਚਿਤ ਤੋਰ 'ਤੇ ਕਹੀ ਜਾ ਸਕਦੀ ਹੈ ਕਿ ਉਸਨੇ ਹੋਰ ਸੂਫ਼ੀ ਕਵੀਆਂ ਦੀ ਤੁਲਣਾ ਵਿਚ ਗੁਰਮਤਿ ਦਾ ਪ੍ਰਭਾਵ ਸਭ ਤੋਂ ਵੱਧ ਕਬੂਲਿਆ। ਭਾਵੇਂ ਉਸ ਦਾ ਕਲਾਮ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਸ਼ਾਮਲ ਨਾ ਹੋ ਸਕਿਆ। ਫ਼ਿਰ ਵੀ ਉਹ ਗੁਰਮਤਿ ਧਾਰਾ ਦੇ ਮਹਾਨ ਕਵੀਆਂ ਦੇ ਕਾਫ਼ੀ ਨੇੜੇ ਹੈ। ਉਸ ਦੀ ਵਿਚਾਰਧਾਰਾ ਅਤੇ ਸ਼ਬਦਾਵਲੀ ਗੁਰਮਤਿ ਵਾਲੀ ਹੈ। ਨਿਰਸੰਦੇਹ ਸ਼ਾਹ ਹੁਸੈਨ ਗੁਰੂ ਨਾਨਕ ਕਾਲ ਦਾ ਇਕ ਸ਼ਿਰੋਮਣੀ ਸੂਫ਼ੀ ਕਵੀ ਹੈ।

**6.6.1 ਸੁਲਤਾਨ ਬਾਹੂ (1630-1691 ਈ.)**

ਹਜ਼ਰਤ ਸੁਲਤਾਨ ਬਾਹੂ ਦਾ ਸੰਬੰਧ ਸੂਫ਼ੀਆਂ ਦੇ ਸਰਵਰੀ ਕਾਦਿਰੀ ਫ਼ਿਰਕੇ ਨਾਲ ਸੀ। ਸ਼ਾਹਜਹਾਨ ਬਾਦਸ਼ਾਹ ਨੇ ਸੁਲਤਾਨ ਬਾਹੂ ਦੇ ਪਿਤਾ ਸੁਲਤਾਨ ਬਾਯਜ਼ੀਦ ਨੂੰ ਇਕ ਜਾਗੀਰ ਦਿੱਤੀ ਹੋਈ ਸੀ। ਬਾਹੂ ਦਾ ਜਨਮ ਜ਼ਿਲ੍ਹਾ ਝੰਗ ਦੇ

ਇਕ ਪਿੰਡ ਅਵਾਣ ਵਿਚ ਹੋਇਆ। ਬਾਹੂ ਦਾ ਅਰਥ ਹੈ : ਅੱਲ੍ਹਾ ਦੇ ਅੰਗ-ਸੰਗ ਰਹਿਣ ਵਲਾ। ਬਾਹੂ ਦੀਆਂ 'ਸੀਹਰਫ਼ੀਆਂ' ਹੂ ਦੀ ਹੇਕ ਵਾਲੀਆਂ ਹਨ ਅਤੇ ਹਰ ਸਤਰ 'ਹੂ' ਨਾਲ ਖ਼ਤਮ ਹੁੰਦੀ ਹੈ। ਦੇਖੋ :

ਇਹ ਤਨ ਮੇਰਾ ਚਸ਼ਮਾਂ ਹੋਵੇ, ਮੁਰਸ਼ਿਦ ਵੇਖ ਨਾ ਰੱਜਾਂ ਹੂ।
ਲੂੰ ਲੂੰ ਦੇ ਮੁੱਢ ਲੱਖ ਲੱਖ ਚਸ਼ਮਾਂ, ਇਕ ਖੋਲ੍ਹਾਂ ਇਕ ਕੱਜਾਂ ਹੂ।
ਇਤਨਾ ਡਿਠਿਆਂ ਸਬਰ ਨਾ ਆਵੇ, ਹੋਰ ਕਿਤਹਿ ਵਲ ਭੱਜਾਂ ਹੂ।
ਮੁਰਸ਼ਿਦ ਦਾ ਦੀਦਾਰ ਹੈ ਬਾਹੂ, ਲੱਖ ਕਰੋੜਾਂ ਹੱਜਾਂ ਹੂ।

6.6.2 ਸੁਲਤਾਨ ਬਾਹੂ ਇਕ ਜਲਾਲੀ ਫ਼ਕੀਰ ਸੀ। ਉਹ ਸ਼ਾਹੀ ਠਾਠ-ਬਾਠ ਨਾਲ ਰਹਿੰਦਾ ਸੀ। ਜਦੋਂ ਉਹ ਚਲਦਾ ਸੀ ਤਾਂ ਉਸ ਦੇ ਸਿਰ ਉਪਰ ਛਤਰ ਝੂਲਦਾ ਸੀ ਅਤੇ ਕਈ ਗ਼ੁਲਾਮ ਉਸ ਦੇ ਪਿੱਛੇ ਹੱਥ ਬੰਨ੍ਹ ਕੇ ਚਲਦੇ ਸਨ। 'ਤਵਾਰੀਖ਼ੇ ਸੁਲਤਾਨ ਬਾਹੂ' ਵਿਚ ਲਿਖਿਆ ਹੈ ਕਿ ਬਾਦਸ਼ਾਹ ਔਰੰਗਜ਼ੇਬ ਉਸਦੀ ਬੜੀ ਕਦਰ ਕਰਦਾ ਸੀ। ਬਾਹੂ, ਕਾਦਿਰੀ ਸੰਪਰਦਾਇ ਦੇ ਨਿਯਮਾਂ ਅਤੇ ਮਰਯਾਦਾਵਾਂ ਦਾ ਬੜਾ ਸਤਿਕਾਰ ਕਰਦਾ ਸੀ। ਉਹ ਅਰਬੀ ਅਤੇ ਫ਼ਾਰਸੀ ਭਾਸ਼ਾਵਾਂ ਦਾ ਵਿਦਵਾਨ ਸੀ। ਉਸ ਨੇ ਅਰਬੀ ਅਤੇ ਫ਼ਾਰਸੀ ਵਿਚ 100 ਤੋਂ ਵੀ ਵੱਧ ਪੁਸਤਕਾਂ ਰਚੀਆਂ ਸਨ। ਪੰਜਾਬੀ ਵਿਚ ਉਸ ਦੀਆਂ ਸੀਹਰਫ਼ੀਆਂ ਅਤੇ ਦੋਹੜੇ ਹੀ ਪ੍ਰਾਪਤ ਹੁੰਦੇ ਹਨ। ਉਹ ਰੱਬ ਅਤੇ ਮਨੁੱਖ ਦੀ ਏਕਤਾ ਅਤੇ ਅਭੇਦਤਾ ਦੇ ਭਾਵਾਂ ਨੂੰ ਬੜੀ ਸ਼ਿੱਦਤ ਨਾਲ ਬਿਆਨ ਕਰਦਾ ਸੀ। ਉਸ ਨੇ ਇਸ਼ਕ ਹਕੀਕੀ ਅਤੇ ਇਸ਼ਕ ਮਿਜ਼ਾਜੀ ਦੋਹਾਂ ਬਾਰੇ ਖੁਲ੍ਹ ਕੇ ਲਿਖਿਆ ਹੈ। ਉਹ 'ਜ਼ਬਾਨ ਦਾ ਕਲਮਾ' ਪੜ੍ਹਨ ਨਾਲੋਂ 'ਦਿਲ ਦਾ ਕਲਮਾ' (ਕਲਮਾ = ਇਸਲਾਮ ਦਾ ਪਵਿੱਤਰ ਵਾਕ) ਪੜ੍ਹਨ ਵਿਚ ਯਕੀਨ ਰਖਦਾ ਸੀ। ਦੇਖੋ :

ਜ਼ੇ- ਜ਼ਬਾਨੀ ਕਲਮਾ ਹਰ ਕੋਈ ਪੜ੍ਹਦਾ, ਦਿਲ ਦਾ ਪੜ੍ਹਦਾ ਕੋਈ ਹੂ।
ਜਿੱਥੇ ਕਲਮਾ ਦਿਲ ਦਾ ਪੜ੍ਹੀਏ, ਓਥੇ ਜੀਭ ਮਿਲੇ ਨਾ ਢੋਈ ਹੂ।
ਦਿਲ ਦਾ ਕਲਮਾ ਆਸ਼ਕ ਪੜ੍ਹਦੇ, ਕੀ ਜਾਣਨ ਯਾਰ ਗਲੋਈ ਹੂ।
ਮੈਂ ਕਲਮਾ ਪੀਰ ਪੜ੍ਹਾਇਆ ਬਾਹੂ, ਸਦਾ ਸੁਹਾਗਣ ਹੋਈ ਹੂ।

6.6.3 ਸੁਲਤਾਨ ਬਾਹੂ ਨੇ ਆਪਣੀਆਂ ਸੀਹਰਫ਼ੀਆਂ ਅਤੇ ਦੋਹੜਿਆਂ ਵਿਚ ਦਰਸਾਇਆ ਹੈ ਕਿ ਇਸ਼ਕ ਦਾ ਦਰਜਾ ਈਮਾਨ ਤੋਂ ਉਚੇਰਾ ਹੈ। ਇਸ਼ਕ ਦਾ ਦਰਜਾ ਇਲਮ ਤੋਂ ਵੀ ਉੱਚਾ ਹੈ। ਇਸ ਤਰ੍ਹਾਂ ਇਸ਼ਕ ਹਕੀਕੀ ਦਾ ਸੰਕਲਪ ਬਾਹੂ ਦੇ ਕਲਾਮ ਦੀ ਪ੍ਰਮੁੱਖ ਵਸਤੂ-ਸਮੱਗਰੀ ਬਣਦਾ ਹੈ। ਦੇਖੋ :

ਆਸ਼ਿਕ ਸੋਈ ਹਕੀਕੀ ਜਿਹੜਾ, ਕੌਲ ਮਾਸ਼ੂਕ ਦੇ ਮੰਨੇ ਹੂ।
ਇਸ਼ਕ ਨ ਛੋੜੇ ਮੁਖ ਨ ਮੋੜੇ, ਤੋੜੇ ਸੈ ਤਲਵਾਰਾਂ ਖੰਨੇ ਹੂ।
ਜਿਤ ਵਲ ਵੇਖੇ ਰਾਜ਼ ਮਾਹੀ ਦੇ, ਲੱਗੇ ਓਸੇ ਬੰਨੇ ਹੂ।
ਸਚਾ ਇਸ਼ਕ ਖਲੀਲੁਲਾਹ ਦਾ, ਸਿਰ ਦੇਵੇ ਰਾਜ਼ ਨਾ ਭੰਨੇ ਹੂ।

6.6.4 ਸੁਲਤਾਨ ਬਾਹੂ ਦੇ ਕਲਾਮ ਵਿਚ ਭਰੋਸਾ, ਫ਼ਕੀਰੀ, ਸਿਮਰਨ, ਬੰਦਗੀ, ਫ਼ਿਕਰ (ਚਿੰਤਨ) ਅਤੇ ਆਰਿਫ਼ (ਰੱਬੀ ਗਿਆਨ) ਆਦਿ ਸੰਕਲਪ ਰੂਪਮਾਨ ਹੋਏ ਹਨ। ਉਸ ਨੇ ਪੰਜਾਬੀ ਸੂਫ਼ੀ ਕਾਵਿ ਵਿਚ ਪਹਿਲੀ ਵਾਰ ਸੀਹਰਫ਼ੀ (30 ਅੱਖਰੀ) ਕਾਵਿ-ਰੂਪ ਦਾ ਪ੍ਰਯੋਗ ਕੀਤਾ ਅਤੇ ਇਸ ਨੂੰ ਸਿਖਰ ਉੱਤੇ ਲੈ ਗਿਆ। ਇਸ ਤਰ੍ਹਾਂ ਬਾਹੂ ਨੇ ਭਾਵ-ਅਭਿਵਿਅੰਜਨ ਲਈ ਇਕ ਨਵੇਂ ਮਾਡਲ ਦੀ ਸਿਰਜਣਾ ਕੀਤੀ, ਜਿਸ ਨੂੰ ਬਾਅਦ ਵਿਚ ਆਉਣ ਵਾਲੇ ਸੂਫ਼ੀ ਅਤੇ ਕਿੱਸਾ ਕਵੀਆਂ ਨੇ ਬੜੀ ਸਫ਼ਲਤਾ ਨਾਲ ਵਰਤਿਆ। ਸੁਲਤਾਨ ਬਾਹੂ ਦੇ ਦੋਹੜਿਆਂ ਵਿਚ 'ਤਾਟੰਕ' ਛੰਦ ਦਾ ਪ੍ਰਯੋਗ ਕੀਤਾ ਗਿਆ ਹੈ, ਜਿਸਦੀ ਹਰ ਤੁਕ ਵਿਚ 16+14 ਉੱਤੇ ਬਿਸਰਾਮ ਹੁੰਦਾ ਹੈ। ਹਰ ਦੋਹੜੇ ਦੀਆਂ ਚਾਰ ਪੰਕਤੀਆਂ ਹੁੰਦੀਆਂ ਹਨ। ਡਾ. ਮੋਹਨ ਸਿੰਘ ਨੇ 'ਸੂਫ਼ੀਆਂ ਦਾ ਕਲਾਮ' ਪੁਸਤਕ ਵਿਚ ਸੁਲਤਾਨ ਬਾਹੂ ਦਾ ਇਕ ਮਾਂਹਗਾ (ਇਕ ਕਾਵਿ-ਰੂਪ) ਵੀ ਦਿੱਤਾ ਹੈ :

ਉਹ ਦਾਹੜੀ ਹੈ ਪੁਰ ਮੂੰਹ, ਤਵੀਜ਼ਾਂ ਵਾਲੜੀਏ।
ਹੈ ਗੋਲ ਅਜੀਬਾ ਰੂ, ਤਵੀਜ਼ਾਂ ਵਾਲੜੀਏ।
ਦੇਂਦਾ ਐਬ ਮੁਰੀਦਾਂ ਧੋ, ਤਵੀਜ਼ਾਂ ਵਾਲੜੀਏ।

ਜਿਵੇਂ ਨਬੀ ਸਾਹਿਬ ਦੀ ਖੋ, ਤਵੀਜ਼ਾਂ ਵਾਲੜੀਏ।

**6.7.1 ਸ਼ਾਹ ਸ਼ਰਫ਼ ਬਟਾਲਵੀ (1640-1724 ਈ.)**

ਸ਼ਾਹ ਸ਼ਰਫ਼ ਬਟਾਲਵੀ ਦਾ ਜਨਮ ਬਟਾਲਾ (ਜ਼ਿਲਾ ਗੁਰਦਾਸਪੁਰ) ਵਿਚ ਹੋਇਆ। ਉਸ ਦੇ ਵੱਡੇ-ਵਡੇਰੇ ਖੱਤਰੀ ਸਨ, ਜੋ ਬਾਅਦ ਵਿਚ ਮੁਸਲਮਾਨ ਹੋ ਗਏ ਸਨ। ਉਸ ਦੇ ਜੀਵਨ-ਕਾਲ ਦੀਆਂ ਮਿਤੀਆਂ ਵਿਚ ਕਾਫ਼ੀ ਭੇਦ ਹੈ। ਡਾ. ਮੋਹਨ ਸਿੰਘ ਦੀਵਾਨਾ ਉਸਦਾ ਜੀਵਨ ਕਾਲ 1663-1724 ਈ. ਮੰਨਦਾ ਹੈ ਅਤੇ ਮੀਆਂ ਮੌਲਾ ਬਖ਼ਸ਼ ਕੁਸ਼ਤਾ 1659-1725 ਈ. ਨਿਸ਼ਚਿਤ ਕਰਦਾ ਹੈ। ਰੂਹਾਨੀ ਤਾਲੀਮ ਹਾਸਲ ਕਰਨ ਲਈ ਸ਼ਾਹ ਸ਼ਰਫ਼ ਬਟਾਲੇ ਤੋਂ ਲਾਹੌਰ ਆ ਗਿਆ ਸੀ ਅਤੇ ਸ਼ੇਖ਼ ਮੁਹੰਮਦ ਫ਼ਾਜ਼ਿਲ ਕਾਦਰੀ ਨੂੰ ਮੁਰਸ਼ਿਦ ਧਾਰਨ ਕਰ ਕੇ ਫ਼ਕੀਰੀ ਦੇ ਮਾਰਗ ਉੱਤੇ ਤੁਰ ਪਿਆ। 'ਬਾਗ਼ਿ ਔਲੀਆਇ ਹਿੰਦ' ਦੇ ਕਰਤਾ ਮੌਲਵੀ ਮੁਹੰਮਦ ਦੀਨ ਨੇ ਉਸਦੀ ਤਾਰੀਫ਼ ਵਿਚ ਲਿਖਿਆ ਹੈ :

ਕਾਦਿਰੀਆਂ ਦੇ ਸਿਲਸਿਲੇ ਵਿਚੋਂ, ਏਹ ਬਜ਼ੁਰਗ ਹੈ ਭਾਰਾ।
ਮੁਹੰਮਦ ਫ਼ਾਜ਼ਿਲ ਕਾਦਰੀ ਪਾਸੋਂ, ਡਿੱਠਾ ਰਸਤਾ ਸਾਰਾ।
ਸੌ ਬਰਸ ਦੀ ਉਮਰ ਵਲੀ ਦੀ, ਦੁਨੀਆਂ ਛੋਡ ਸਿਧਾਇਆ।
ਲਾਟ ਸਾਹਿਬ ਦੀ ਕਠੀ ਕੋਲ, ਰੌਜ਼ਾ ਇਸ ਦਾ ਆਇਆ।

6.7.2 ਸ਼ਾਹ ਸ਼ਰਫ਼ ਦੇ ਕਲਾਮ ਵਿਚ ਰੱਬ ਨੂੰ ਮਿਲਣ ਦੀ ਤਾਂਘ ਹੈ। ਉਸ ਨੇ ਤਿਆਗ, ਸੇਵਾ, ਸਿਮਰਨ ਅਤੇ ਇਸ਼ਕ ਆਦਿਕ ਵਿਸ਼ਿਆਂ ਨੂੰ ਰੂਪਮਾਨ ਕੀਤਾ ਹੈ। ਉਸ ਦੀ ਇਕ ਰਚਨਾ 'ਸ਼ੁਤਰਨਾਮਾ' ਵਿਚ 'ਊਠ' ਦੇ ਪ੍ਰਤੀਕ ਰਾਹੀਂ ਰੂਹਾਨੀ ਭੇਤਾਂ ਨੂੰ ਪ੍ਰਗਟ ਕੀਤਾ ਗਿਆ ਹੈ। ਉਠ (ਸ਼ੁਤਰ) ਨੂੰ ਆਪਣੇ ਰੱਬ ਉੱਤੇ ਪੂਰਨ ਭਰੋਸਾ ਹੈ। ਇਸ ਲਈ ਉਸ ਨੇ ਆਪਣੇ ਨੱਕ ਵਿਚ ਦਰਵੇਸ਼ੀ ਦੀ ਨਕੇਲ ਪੁਆ ਲਈ ਹੈ। ਇਸੇ ਦੇ ਫ਼ਲਸਰੂਪ ਉਸ ਨੂੰ ਰੂਹਾਨੀ ਭੇਤ ਸਮਝ ਆਉਣ ਲੱਗੇ ਹਨ। ਦੇਖੋ :

ਜੇ ਕਰ ਸ਼ੁਤਰ ਕਬੂਲ ਨਾ ਕਰਦਾ, ਸੱਤੇ ਰੋਜ਼ ਅਜ਼ਲ।
ਵਾਕਿਫ਼ ਰਮਜ਼ ਨਾਂਹ ਹੁੰਦਾ ਮੁੜ ਕੇ, ਇਸ਼ਕ-ਹਮੇਲ ਨ ਪਾਉਂਦਾ ਗਲ।

6.7.3 ਸ਼ਾਹ ਸ਼ਰਫ਼ ਨੇ ਆਪਣੇ ਕਲਾਮ ਵਿਚ ਕਲਾਸੀਕਲ ਰਾਗਾਂ ਦਾ ਪ੍ਰਯੋਗ ਕੀਤਾ ਹੈ। ਜਿਵੇਂ ਧਨਾਸਰੀ, ਆਸਾ, ਆਸਾਵਰੀ, ਬਸੰਤ ਆਦਿਕ। ਉਸ ਦੀਆਂ ਰਚਨਾਵਾਂ ਵਿਚ ਅਖੌਤਾਂ ਅਤੇ ਲੋਕ-ਮੁਹਾਵਰਿਆਂ ਦਾ ਕਾਫ਼ੀ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਪ੍ਰਸੰਗ ਵਿਚ ਉਸਦਾ ਕਲਾਮ ਭਾਈ ਗੁਰਦਾਸ ਦੀ ਬਾਣੀ ਵਾਲੇ ਗੁਣ-ਲੱਛਣ ਅਖ਼ਤਿਆਰ ਕਰ ਲੈਂਦਾ ਹੈ। ਸ਼ੈਲੀ-ਸ਼ਬਦਾਵਲੀ ਦੀ ਦ੍ਰਿਸ਼ਟੀ ਤੋਂ ਉਸਦੇ ਕਲਾਮ ਦੇ ਕੁਝ ਅੰਸ਼ ਦੇਖੋ :

ਪੈ ਚੱਕੀ ਆਪ ਪੀਸਾਈਐ।
ਵਿਚ ਰੰਗਣ ਤਾਵਣ ਤਾਈਐ।
ਤਾਂ ਨਾਮ ਮਜੀਠ ਸਦਾਈਐ।
ਇਉਂ ਪ੍ਰੇਮ ਪਿਆਲਾ ਪੀਵਣ।
ਜਗ ਅੰਦਰ ਮਰ ਮਰ ਜੀਵਣ।
ਵਿਚ ਆਰੂਣ ਤਾਵਣ ਤਾਈਐ।
ਅਤੇ ਅਹਰਣ ਸੱਟ ਸਹਾਈਐ।

6.7.4 ਸ਼ਾਹ ਸ਼ਰਫ਼ ਆਪਣੇ ਕਲਾਮ ਵਿਚ ਟਕਸਾਲੀ ਪੰਜਾਬੀ ਦਾ ਪ੍ਰਯੋਗ ਕਰਦਾ ਹੈ। ਜਿੱਥੇ 'ਸ਼ੁਤਰਨਾਮਾ' ਉੱਤੇ ਫ਼ਾਰਸੀ ਦਾ ਕੁਝ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ, ਉੱਥੇ ਕਾਫ਼ੀਆਂ ਵਿਚ ਲਹਿੰਦੀ ਅਤੇ ਹਿੰਦੀ ਸ਼ਬਦਾਵਲੀ ਵੇਖੀ ਜਾ ਸਕਦੀ ਹੈ। ਦੇਖੋ :

ਚਾਇ ਬਖ਼ਸ਼ੀਂ ਰੱਬਾ ਮੇਰੇ ਕੀਤੇ ਨੂੰ।
ਔਗੁਣਹਾਰੀ ਨੂੰ ਕੋ ਗੁਣ ਨਾਹੀਂ, ਲਾਜ ਪਈ ਤਉ ਮੀਤੇ ਨੂੰ।
ਦਾਮ ਲਗਿਆਂ ਦੀ ਸ਼ਰਮ ਤੁਸਾਨੂੰ, ਘੱਤ ਡੋਰੀ ਮੇਰੇ ਚੀਤੇ ਨੂੰ।
ਤਉ ਬਿਨ ਦੂਜਾ ਦ੍ਰਿਸ਼ਟ ਨਾ ਆਵੇ, ਢਾਹ ਭਰਮ ਦੇ ਭੀਤੇ ਨੂੰ।

6.7.5 ਸਯਦ ਮੁਹੰਮਦ ਲਤੀਫ਼ ਆਪਣੀ ਪੁਸਤਕ 'ਤਾਰੀਖ਼ ਲਾਹੌਰ' ਵਿਚ ਲਿਖਦਾ ਹੈ ਕਿ ਸ਼ਾਹ ਸ਼ਰਫ਼ ਬਹੁਤ ਵੱਡਾ ਵਿਦਵਾਨ ਸੀ। ਉਨ੍ਹਾਂ ਦਾ ਜ਼ੁਹਦ (ਤਿਆਗ), ਤਪ ਤੇ ਭਗਤੀ ਦੂਰ-ਦੂਰ ਤਕ ਪ੍ਰਸਿੱਧ ਸੀ। ਮੀਆਂ ਮੁਹੰਮਦ ਬਖ਼ਸ਼ ਸ਼ਾਹ ਸ਼ਰਫ਼ ਦੇ ਕਲਾਮ ਦੀ ਸਿਫ਼ਤ ਕਰਦਾ ਹੋਇਆ ਲਿਖਦਾ ਹੈ :

ਸੁਖ਼ਨ ਸ਼ਰੀਫ਼ ਸ਼ਰੀਫ਼ ਦੇ ਰੱਜੇ, ਕੱਥੇ ਸ਼ਾਹ ਸ਼ੁਰਫ਼ ਦੇ।
ਪੰਧ ਪਿਆਂ ਨੂੰ ਰਾਹ ਦਿਖਾਵਣ, ਰਾਹਬਰ ਉਸ ਤਰਫ਼ ਦੀ।
(ਸੈਫ਼ੁਲ ਮਲੂਕ)

### 6.8.1 ਮੌਲਾਣਾ ਅਬਦੀ

ਆਪ ਦਾ ਪੂਰਾ ਨਾਮ ਮੌਲਾਣਾ ਮੁਹੰਮਦ ਅਬਦੁਲਾ ਸੀ। ਆਪ ਦਾ ਜਨਮ ਮੀਆਂ ਜਾਨ ਮੁਹੰਮਦ ਦੇ ਘਰ ਮਲਕਾ ਹਾਂਸ ਤਹਿਸੀਲ ਪਾਕਪਟਨ ਵਿਚ ਹੋਇਆ। ਇਹ ਉਹੀ ਮਲਕਾ ਹਾਂਸ ਹੈ, ਜਿੱਥੇ ਅਠਾਰ੍ਹਵੀਂ ਸਦੀ ਵਿਚ ਵਾਰਿਸ ਸ਼ਾਹ ਨੇ ਆਪਣੇ ਕਿੱਸੇ 'ਹੀਰ ਰਾਂਝਾ' ਦੀ ਰਚਨਾ ਕੀਤੀ ਸੀ। ਆਪ ਦੇ ਜਨਮ-ਮਰਨ ਦੀਆਂ ਤਾਰੀਖ਼ਾਂ ਬਾਰੇ ਕੋਈ ਪੱਕਾ ਸਬੂਤ ਨਹੀਂ ਮਿਲਦਾ ਪਰ ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ ਆਪ ਦਾ ਜਨਮ ਜਹਾਂਗੀਰ ਦੇ ਰਾਜ-ਕਾਲ ਸਮੇਂ ਹੋਇਆ ਅਤੇ ਮੌਤ ਔਰੰਗਜ਼ੇਬ ਦੇ ਸਮੇਂ ਵਿਚ ਹੋਈ। ਆਪ ਨੇ ਬੜਾ ਪਵਿੱਤਰ ਜੀਵਨ ਜੀਵਿਆ ਅਤੇ ਚੱਕੀ ਪੀਹ ਕੇ ਆਪਣੇ ਪਰਿਵਾਰ ਦਾ ਪੇਟ ਭਰਦੇ ਰਹੇ। ਸ਼ਰ੍ਹਾ ਦੀ ਵਿਆਖਿਆ ਦੇ ਆਪ ਉਸਤਾਦ ਸਨ, ਜਿਸ ਸੰਬੰਧੀ ਆਪ ਦੀ ਸਮੁੱਚੀ ਰਚਨਾ 'ਬਾਗ਼ ਅਨਵਾਹ' ਵਿਚ ਸੰਗ੍ਰਹਿਤ ਹੈ। ਆਪ ਦੇ ਕਲਾਮ ਦੀਆਂ ਵੰਨਗੀਆਂ ਦੇਖੋ :

1. ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ।
ਵਿੱਚੇ ਬੇੜੇ ਛੇੜੇ ਕੱਪਰ, ਵਿੱਚੇ ਮਲਾਹ ਮੁਹਾਣੇ।
ਚੌਦਾਂ ਤਬਕ ਦਿਲੇ ਦੇ ਅੰਦਰ, ਤੰਬੂ ਵਾਂਗਣ ਤਾਣੇ।
ਜੇ ਕੋਈ ਮਹਿਰਮ ਦਿਲ ਦਾ ਹੋਵੇ, ਸੋਈ ਰੱਬ ਪਛਾਣੇ।

2. ਪੁੱਛ ਅਬਦੁੱਲਾ ਜਵਾਨੀ ਤਾਈਂ, ਕਿਆ ਕੁਝ ਮੇਰਾ ਹਾਲ।
ਜੌਹਰ ਖ਼ੂਬੀ ਤੇਰੀ ਆਹੀ, ਕਾ ਨਾ ਰਿਹਾ ਸਾਲ।
ਜਿਉਂ ਘੁਣ ਖਾਧੀ ਲੱਕੜੀ, ਪਈ ਤਰਖਾਣਾਂ ਵੱਸ।
ਜੌਹਰ ਖ਼ੂਬੀ ਮੇਰੀ ਆਹੀ, ਪੀਰੀ ਖੜਿਆ ਖੱਸ।

### 6.9 ਨਿਸ਼ਕਰਸ਼ : ਪ੍ਰਾਪਤੀਆਂ

* ਸੂਫ਼ੀ ਕਾਵਿ ਧਾਰਾ ਪੰਜਾਬੀ ਕਾਵਿ ਦੀ ਇਕ ਨਵੇਕਲੀ ਧਾਰਾ ਰਹੀ ਹੈ। ਪੰਜਾਬੀ ਸਾਹਿੱਤ ਵਿਚ ਇਕ ਧਾਰਾ ਬਾਰ੍ਹਵੀਂ ਸਦੀ ਤੋਂ ਲੈ ਕੇ ਆਧੁਨਿਕ ਕਾਲ ਤਕ ਗਤੀਸ਼ੀਲ ਰਹੀ ਹੈ। ਵਰਤਮਾਨ ਦੌਰ ਵਿਚ ਵੀ ਅਨੇਕ ਕਵੀ ਸੂਫ਼ੀਆਨਾ ਅਨੁਭਵ ਵਾਲੀਆਂ ਕਵਿਤਾਵਾਂ ਦੀ ਰਚਨਾ ਕਰ ਰਹੇ ਹਨ, ਜਿਸ ਤੋਂ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਇਸ ਕਾਵਿ ਧਾਰਾ ਦਾ ਵਿਸ਼ੇਸ਼ ਮਹੱਤਵ ਰਿਹਾ ਹੈ।
* ਸੂਫ਼ੀਆਨਾ ਅਨੁਭਵ ਦੀ ਕਵਿਤਾ ਰਮਜ਼ ਭਰਪੂਰ ਸ਼ਾਇਰੀ ਹੈ। ਇਸ ਵਿਚ ਕਵੀ ਲੋਕ ਪ੍ਰਤੀਕਾਂ, ਚਿੰਨ੍ਹਾਂ ਅਤੇ ਅਲੰਕਾਰਾਂ ਦੇ ਮਾਧਿਅਮ ਦੁਆਰਾ ਆਪਣੇ ਅਨੁਭਵ ਦਾ ਅਭਿਵਿਅੰਜਨ ਕਰਦੇ ਰਹੇ ਹਨ, ਇਸ ਕਾਰਨ ਕਾਵਿ ਕਲਾ ਦੀ ਦ੍ਰਿਸ਼ਟੀ ਤੋਂ ਵੀ ਇਹ ਧਾਰਾ ਮਹੱਤਵਪੂਰਨ ਹੈ।
* ਇਸ ਕਾਵਿ ਧਾਰਾ ਵਿਚ ਇਸ਼ਕ ਉਪਰ ਬਲ ਦਿੱਤਾ ਗਿਆ ਹੈ। ਇਸ਼ਕ ਦਾ ਅਨੁਭਵ ਜਿੱਥੇ ਬੰਦੇ ਨੂੰ ਰੱਬ ਅਤੇ ਮੁਰਸਿਦ ਨਾਲ ਜੋੜਦਾ ਹੈ, ਉੱਥੇ ਬੰਦੇ-ਬੰਦੇ ਵਿਚ ਵੀ ਨਵਾਂ ਅਤੇ ਨਿੱਘਾ ਰਿਸ਼ਤਾ ਪੈਦਾ ਕਰ ਦਿੰਦਾ ਹੈ। ਇਸ਼ਕ ਲੋਕਾਈ ਨੂੰ ਜੋੜਨ ਦਾ ਕੰਮ ਕਰਦਾ ਹੈ, ਤੋੜਨ ਦਾ ਨਹੀਂ।
* ਸ਼ਾਹ ਹੁਸੈਨ ਵਰਗੇ ਕਵੀਆਂ ਨੇ ਆਪਣੇ ਕਲਾਮ ਵਿਚ ਪੰਜਾਬੀ ਸਭਿਆਚਾਰ ਅਤੇ ਸਮਾਜ ਦੀਆਂ ਬੜੀਆਂ ਪ੍ਰਮਾਣਿਕ ਤਸਵੀਰਾਂ ਪੇਸ਼ ਕੀਤੀਆਂ ਹਨ, ਇਸ ਕਾਰਨ ਇਤਿਹਾਸਕ ਦ੍ਰਿਸ਼ਟੀ ਤੋਂ ਵੀ ਇਹ ਕਾਵਿ ਧਾਰਾ ਅਤਿਅੰਤ ਮੁੱਲਵਾਨ ਹੈ। ਇਹ ਸਾਡੇ ਇਤਿਹਾਸ ਵਿਚ ਰਹਿ ਗਏ ਬਹੁਤ ਸਾਰੇ ਖੱਪਿਆਂ ਨੂੰ ਪੂਰਦੀ ਹੈ।
* ਸੂਫ਼ੀ ਕਵੀਆਂ ਨੇ ਭਾਵ-ਅਭਿਵਿਅੰਜਨ ਦੀਆਂ ਅਨੇਕ ਨਵੀਆਂ ਵਿਧੀਆਂ ਨੂੰ ਜਨਮ ਦਿੱਤਾ। ਕਾਫ਼ੀ, ਦੋਹੜਾ,

ਸੀਹਰਫ਼ੀ, ਅਠਵਾਰਾ ਅਤੇ ਬਾਰਹਮਾਹਾ ਵਰਗੇ ਕਾਵਿ ਰੂਪਾਂ ਦੀ ਪਰੰਪਰਾ ਨੂੰ ਬਲਵਾਨ ਬਣਾਇਆ। ਪੰਜਾਬੀ ਭਾਸ਼ਾ ਨੂੰ ਠੇਠ, ਸੁਰੀਲੀ, ਮੁਹਾਵਰੇ ਭਰਪੂਰ, ਪ੍ਰਤੀਕਾਤਮਕ ਅਤੇ ਰਮਜ਼ਭਰਪੂਰ ਬਣਾਉਣ ਵਿਚ ਵੀ ਪੰਜਾਬੀ ਸੂਫ਼ੀਆਂ ਦੀ ਦੇਣ ਅਨਮੋਲ ਹੈ। ਇਹ ਧਾਰਾ ਪੰਜਾਬੀਆਂ ਦੀ ਇਕ ਅਜਿਹੀ ਸਾਂਝੀ ਵਿਰਾਸਤ ਹੈ, ਜਿਸ ਉਪਰ ਹਰ ਕੋਈ ਮਾਨ ਕਰ ਸਕਦਾ ਹੈ।

------

**ਪ੍ਰਸ਼ਨ**

1. ਪੰਜਾਬੀ ਸੂਫ਼ੀ ਕਵਿਤਾ ਦੇ ਵਿਕਾਸ ਉੱਤੇ ਇਕ ਨੋਟ ਲਿਖੋ।
2. ਪੰਜਾਬੀ ਸੂਫ਼ੀ ਕਵਿਤਾ ਵਿਚ ਇਸ਼ਕ ਅਤੇ ਮਸਤੀ ਦੇ ਸੰਕਲਪਾਂ ਬਾਰੇ ਜਾਣਕਾਰੀ ਦਿਉ।
3. ਗੁਰੂ ਨਾਨਕ ਕਾਲ ਵਿਚ ਉਪਜੀ ਸੂਫ਼ੀ ਕਾਵਿਧਾਰਾ ਬਾਰੇ ਜਾਣਕਾਰੀ ਦਿਓ। (ਅਪਰੈਲ 2018)

ਪਾਠ ਨੰ: 1.7 - ਪ੍ਰੋ. ਬ੍ਰਹਮਜਗਦੀਸ਼ ਸਿੰਘ

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿੱਤਕ ਵਿਸ਼ੇਸ਼ਤਾ

**7.1 ਰੂਪ-ਰੇਖਾ**

ਇਸ ਪਾਠ ਦੇ ਦੋ ਭਾਗ ਹਨ। ਪਹਿਲੇ ਭਾਗ ਵਿਚ ਗੁਰਮਤਿ ਕਾਵਿ ਦੇ ਸਰੂਪ ਅਤੇ ਮਹੱਤਵ ਬਾਰੇ ਚਰਚਾ ਕੀਤੀ ਗਈ ਹੈ ਅਤੇ ਦੂਜੇ ਭਾਗ ਵਿਚ ਗੁਰਮਤਿ ਕਾਵਿ ਦੀ ਗੌਰਵਮਈ ਉਪਲਬਧੀ ਗੁਰੂ ਗ੍ਰੰਥ ਸਾਹਿਬ ਦੇ ਸਾਹਿਤਿਕ ਵਿਸ਼ੇਸ਼ਤਾ ਬਾਰੇ ਚਰਚਾ ਕੀਤੀ ਗਈ ਹੈ। ਗੁਰਮਤਿ ਕਾਵਿ ਦੇ ਅੰਤਰਗਤ ਛੇ ਗੁਰੂ ਸਾਹਿਬਾਨ (ਗੁਰੂ ਨਾਨਕ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦਰ) ਦੀ ਬਾਣੀ ਤੋਂ ਬਿਨਾ ਪੰਦਰਾਂ ਭਗਤਾਂ, ਗਿਆਰ੍ਹਾਂ ਭੱਟਾਂ ਅਤੇ ਚਾਰ ਗੁਰਸਿੱਖਾਂ ਦੀ ਬਾਣੀ ਆ ਜਾਂਦੀ ਹੈ। ਇਸ ਬਾਣੀ ਵਿਚ ਰੱਬੀ ਪ੍ਰੇਮ ਦੇ ਤਰਾਨੇ ਗਾਏ ਗਏ ਹਨ। ਇਹ ਬਾਣੀ ਭਗਤ ਬਾਣੀ ਨਾਲ ਜੁੜ ਕੇ ਇਕ ਨਵਾਂ ਵਿਚਾਰਧਾਰਕ ਪਰਿਪੇਖ ਪ੍ਰਦਾਨ ਕਰਦੀ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਵਿਸ਼ੇਸ਼ਤਾ' ਵਾਲੇ ਭਾਗ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਦੇ ਸਾਹਿਤਿਕ ਅਤੇ ਸਭਿਆਚਾਰਕ ਮਹੱਤਵ ਉਪਰ ਪ੍ਰਕਾਸ਼ ਪਾਇਆ ਗਿਆ ਹੈ। ਇਨ੍ਹਾਂ ਪਾਠਾਂ ਵਿਚ ਕੁਝ ਅਜਿਹੇ ਸੰਕਲਪਗਤ ਸ਼ਬਦ ਵੀ ਆਏ ਹਨ, ਜਿਹੜੇ ਵਿਦਿਆਰਥੀਆਂ ਲਈ ਕਠਿਨ ਹੋਣਗੇ। ਅਜਿਹੇ ਕਠਿਨ ਸੰਕਲਪਾਂ ਦੇ ਅਰਥ ਬਰੈਕਟ ਵਿਚ ਨਾਲ ਹੀ ਦੇ ਦਿੱਤੇ ਗਏ ਹਨ ਤਾਂ ਜੋ ਪਾਠ-ਸਮੱਗਰੀ ਪੜ੍ਹਨ ਵਿਚ ਵਿਦਿਆਰਥੀਆਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਿਲ ਪ੍ਰਤੀਤ ਨਾ ਹੋਵੇ। ਹਰ ਪਾਠ ਦੇ ਅੰਤ ਵਿਚ ਸਾਰ ਵੀ ਦਿੱਤਾ ਜਾਂਦਾ ਹੈ, ਜਿਸ ਨਾਲ ਵਿਦਿਆਰਥੀ ਨੂੰ ਪਾਠ ਯਾਦ ਕਰਨ ਵਿਚ ਆਸਾਨੀ ਰਹਿੰਦੀ ਹੈ।

**7.2 ਪ੍ਰਯੋਜਨ**

ਇਸ ਪਾਠ ਦਾ ਪ੍ਰਯੋਜਨ ਵਿਦਿਆਰਥੀਆਂ ਨੂੰ ਗੁਰਮਤਿ ਕਾਵਿ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਗੁਰਮਤਿ ਕਾਵਿ ਵਿਚ ਸਿੱਖ ਸਤਿਗੁਰਾਂ ਅਤੇ ਭਗਤਜਨਾਂ ਦੀ ਅਜਿਹੀ ਬਾਣੀ ਆ ਜਾਂਦੀ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੋਈ ਹੈ। ਇਸ ਕਾਰਨ ਇਸੇ ਪਾਠ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਭਿਆਚਾਰਕ ਅਤੇ ਸਾਹਿਤਿਕ ਗੌਰਵ ਬਾਰੇ ਵੀ ਚਰਚਾ ਕੀਤੀ ਗਈ ਹੈ। 'ਗੁਰਮਤਿ' ਸ਼ਬਦ 'ਗੁਰ+ਮਤਿ' ਸ਼ਬਦ ਜੋੜ ਕੇ ਬਣਿਆ ਹੈ, ਅਰਥਾਤ ਗੁਰੂ ਦੀ ਮਤਿ ਜਾਂ ਸਿੱਖਿਆ ਉਪਰ ਚੱਲਣਾ। ਭਾਰਤੀ ਅਧਿਆਤਮਕ ਪਰੰਪਰਾ ਵਿਚ ਗੁਰੂ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। 'ਗੁਰੂ' ਉਸ ਮਹਾਨ ਪੁਰਸ਼ ਨੂੰ ਕਹਿੰਦੇ ਹਨ, ਜਿਸ ਨੇ ਅਧਿਆਤਮਕ ਮਾਰਗ ਉਪਰ ਚੱਲ ਕੇ ਇਸ ਮਾਰਗ ਦੀਆਂ ਕਠਿਨਾਈਆਂ ਨੂੰ ਸਮਝ ਲਿਆ ਹੈ। ਭਾਰਤੀ ਪ੍ਰਸੰਗ ਵਿਚ 'ਗੁਰੂ' ਉਹ ਹੈ ਜੋ ਆਪਣੇ ਸਿੱਖਾਂ (ਸ਼ਿਸ਼ਾਂ) ਨੂੰ ਅਨ੍ਹੇਰੇ ਤੋਂ ਪ੍ਰਕਾਸ਼ ਵੱਲ ਲੈ ਜਾਂਦਾ ਹੈ। ਗੁਰਮਤਿ ਦਾ ਵਿਪਰੀਤਾਤਮਕ (ਉਲਟ) ਸ਼ਬਦ 'ਮਨਮਤਿ' ਹੈ, ਅਰਥਾਤ ਆਪਣੀ ਮਤਿ ਨੂੰ ਹੀ ਉੱਤਮ ਕਰ ਕੇ ਜਾਣਨਾ ਅਤੇ ਇਸੇ ਉਪਰ ਚੱਲਣ ਦਾ ਆਗ੍ਰਹਿ (ਹੱਠ, ਜ਼ਿਦ) ਕਰਨਾ। ਮਨਮਤਿ ਉਪਰ ਚਲਣ ਵਾਲੇ ਲੋਕ ਅਧਿਆਤਮਕ ਮੰਜ਼ਲ ਦੀ ਪ੍ਰਾਪਤੀ ਨਹੀਂ ਕਰ ਸਕਦੇ ਅਤੇ ਆਪਣੀ ਜੀਵਨ-ਯਾਤਰਾ ਦੇ ਦੌਰਾਨ ਖੱਜਲ-ਖੁਆਰ ਹੁੰਦੇ ਰਹਿੰਦੇ ਹਨ। ਇਸੇ ਕਾਰਨ ਭਾਰਤੀ ਅਧਿਆਤਮਕ ਪਰੰਪਰਾ ਵਿਚ ਗੁਰਮਤਿ ਦੇ ਮਾਰਗ ਉਪਰ ਚੱਲਣ ਦੀ ਪ੍ਰੇਰਨਾ ਕੀਤੀ ਗਈ ਹੈ।

**7.3.1 ਗੁਰਮਤਿ ਦੇ ਬੁਨਿਆਦੀ ਸੰਕਲਪ**

ਗੁਰਮਤਿ ਨੇ ਵਿਚਾਰਧਾਰਾ ਦੇ ਸੰਬੰਧ ਵਿਚ ਕੁਝ ਬੁਨਿਆਦੀ ਪਰਿਵਰਤਨ ਕੀਤੇ। ਸਭ ਤੋਂ ਪਹਿਲਾਂ ਦੇਵੀ-ਦੇਵਤਿਆਂ ਦੇ ਅਸਤਿਤਵ (ਹੋਂਦ) ਉੱਤੇ ਪ੍ਰਸ਼ਨ-ਚਿੰਨ੍ਹ ਲਗਾ ਕੇ ਇਕ ਨਿਰਾਕਾਰ ਪਰਮਾਤਮਾ ਦੇ ਸੰਕਲਪ ਨੂੰ ਸਥਾਪਿਤ ਕੀਤਾ। ਕਿਸੇ ਸਿੱਖ ਸਤਿਗੁਰੂ ਨੇ ਆਪਣੇ ਆਪ ਨੂੰ ਰੱਬ ਦਾ ਰਸੂਲ ਜਾਂ ਪੈਗੰਬਰ ਨਹੀਂ ਕਿਹਾ ਬਲਕਿ ਹੋਰ ਲੋਕਾਂ ਵਾਂਗ ਇਕ ਸਾਧਾਰਣ ਵਿਅਕਤੀ ਮੰਨਿਆ : ਹਉ ਢਾਢੀ ਕਾ ਨੀਚੁ ਜਾਤਿ ਹੋਰ ਉਤਮੁ ਜਾਤਿ ਸਦਾਇਦੇ॥ ਪਰਮਾਤਮਾ ਦੇ ਸੰਕਲਪ ਨੂੰ ਮੂਲਮੰਤਰ ਰਾਹੀਂ ਪੇਸ਼ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ : ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂੰਨੀ ਸੈਭੰ ਗੁਰਪ੍ਰਸਾਦਿ॥ ਅਰਥਾਤ, ਪਰਮਾਤਮਾ ਇਕ ਹੈ, ਕੇਵਲ ਉਹੀ ਸਚਾ

ਅਤੇ ਸਥਿਰ ਹੈ, ਉਹ ਸ੍ਰਿਸ਼ਟੀ ਦਾ ਸਿਰਜਕ ਹੈ, ਉਹ ਨਾ ਕਿਸੇ ਤੋਂ ਡਰਦਾ ਹੈ ਅਤੇ ਨਾ ਕਿਸੇ ਨਾਲ ਵੈਰ-ਭਾਵਨਾ ਰਖਦਾ ਹੈ, ਉਹ ਸਮੇਂ ਦੀ ਕੈਦ ਤੋਂ ਮੁਕਤ ਹੈ, ਜਨਮਦਾ-ਮਰਦਾ ਨਹੀਂ ਹੈ, ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ ਅਤੇ ਗੁਰੂ ਦੀ ਕ੍ਰਿਪਾ ਦੁਆਰਾ ਉਸ ਨੂੰ ਪਾਇਆ ਜਾਂ ਪ੍ਰਗਟ ਕੀਤਾ ਜਾ ਸਕਦਾ ਹੈ।

7.3.2 ਗੁਰਮਤਿ ਵਿਚ 'ਸਚਿਆਰੁ' ਬਣਨ ਉਪਰ ਜ਼ੋਰ ਦਿੱਤਾ ਗਿਆ ਹੈ। ਸਚਿਆਰੁ ਉਹ ਹੈ ਜੋ ਆਪਣੇ ਹਿਰਦੈ ਵਿਚ ਪਰਮਾਤਮਾ ਨੂੰ ਪ੍ਰਗਟ ਕਰ ਲਵੇ। ਗੁਰਮਤਿ ਅਨੁਸਾਰ ਪਰਮਾਤਮਾ ਹਰ ਵਿਅਕਤੀ ਦੇ ਦਿਲ ਵਿਚ ਨਿਵਾਸ ਕਰਦਾ ਹੈ ਪਰ ਮਨੁੱਖ ਆਪਣੇ ਕੁਕਰਮਾਂ ਅਤੇ ਵਿਕਾਰਾਂ ਦੇ ਕਾਰਨ ਉਸਦਾ ਸਾਖਿਆਤਕਾਰ (ਦਰਸ਼ਨ) ਨਹੀਂ ਕਰ ਪਾਉਂਦਾ। ਵਿਕਾਰਾਂ ਪਿੱਛੇ ਲੱਗਣ, ਮਨਮਤਿ ਉਪਰ ਚੱਲਣ ਅਤੇ ਮਾਇਆ ਪਿਛੇ ਨਸ-ਭੱਜ ਦੇ ਕਾਰਨ ਮਨੁੱਖ ਦੇ ਹਿਰਦੈ ਰੂਪੀ ਸ਼ੀਸ਼ੇ ਦੀ ਦੀਵਾਰ ਧੁੰਦਲੀ ਹੋ ਜਾਂਦੀ ਹੈ। ਇਸ ਕਾਰਨ ਇਸ ਦੀਵਾਰ ਦੇ ਪਿੱਛੇ ਨਿਵਾਸ ਕਰਦਾ ਪਰਮਾਤਮਾ ਨਜ਼ਰ ਨਹੀਂ ਆਉਂਦਾ। ਹੌਲੀ-ਹੌਲੀ ਇਹ ਦੀਵਾਰ ਏਨੀ ਮੋਟੀ ਹੋ ਜਾਂਦੀ ਹੈ, ਇਸ ਉਪਰ ਵਿਸ਼ੈ-ਵਿਕਾਰਾਂ ਦੀਆਂ ਏਨੀਆਂ ਤਹਿਆਂ ਜੰਮ ਜਾਂਦੀਆਂ ਹਨ ਕਿ ਪਰਮਾਤਮਾ ਬਾਰੇ ਕੁਝ ਅਤਾ-ਪਤਾ ਨਹੀਂ ਲੱਗਦਾ। ਅਜਿਹੀ ਦੀਵਾਰ ਨੂੰ ਤੋੜਨਾ ਹੀ ਪੈਂਦਾ ਹੈ। ਗੁਰਮਤਿ ਅਨੁਸਾਰ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ, ਉਸ ਦੁਆਰਾ ਦਿੱਤੇ ਹਰ ਦੁੱਖ-ਸੁਖ ਨੂੰ ਅੰਗੀਕਾਰ (ਸਵੀਕਾਰ) ਕਰ ਕੇ ਇਸ ਦੀਵਾਰ ਨੂੰ ਤੋੜਿਆ ਜਾ ਸਕਦਾ ਹੈ। ਇਸ ਦੀਵਾਰ ਨੂੰ ਤੋੜਨ ਪਿੱਛੋਂ ਪਰਮਾਤਮਾ ਦੇ ਦਰਸ਼ਨ ਸਾਫ਼ ਅਤੇ ਸਪਸ਼ਟ ਰੂਪ ਵਿਚ ਹੋਣ ਲੱਗਦੇ ਹਨ ਅਤੇ ਮਨੁੱਖ 'ਸਚਿਆਰੁ' ਬਣ ਜਾਂਦਾ ਹੈ। ਸਚਿਆਰੁ ਬਣਨਾ ਹੀ ਮਨੁੱਖ ਦਾ ਲਕਸ਼ ਹੈ :

ਕਿਵ ਸਚਿਆਰਾ ਹੋਈਐ ਕਿ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

(ਜਪੁ ਜੀ)

7.3.3 ਸਚਿਆਰੁ-ਪਦ ਦੀ ਪ੍ਰਾਪਤੀ ਲਈ ਸਤਿਗੁਰੂ ਦੀ ਅਗਵਾਈ ਦੀ ਜ਼ਰੂਰਤ ਪੈਂਦੀ ਹੈ। ਰੱਬ ਦੀ ਪ੍ਰਾਪਤੀ ਦਾ ਮਾਰਗ ਆਸਾਨ ਨਹੀਂ ਹੈ : ਖੰਨਿਅਹੁ ਤਿਖੀ ਵਾਲਹੁ ਨਿਕੀ ਏਤਿ ਮਾਰਗਿ ਚਲਣਾ॥ ਇਹ ਰਸਤਾ ਖੰਡੇ ਦੀ ਧਾਰ ਨਾਲੋਂ ਤਿੱਖਾ ਅਤੇ ਵਾਲ ਨਾਲੋਂ ਬਾਰੀਕ ਹੈ। ਇਸ ਕਾਰਨ ਗੁਰੂ ਦੀ ਅਗਵਾਈ ਹਰ ਕਦਮ ਉਪਰ ਲੋੜੀਂਦੀ ਹੈ। ਗੁਰੂ ਮਨੁੱਖ ਨੂੰ ਨੈਤਿਕ ਤੌਰ ਤੇ ਬਲਵਾਨ ਬਣਾਉਂਦਾ ਹੈ। ਉਸ ਦੇ ਮਨ ਉਪਰ ਜੰਮੀ ਹਉਮੈ ਦੀ ਮੈਲ ਨੂੰ ਪਰਮਾਤਮਾ ਦੇ ਨਾਮ ਨਾਲ ਧੋਂਦਾ ਹੈ। ਉਸ ਨੂੰ ਨਿਮਰਤਾ, ਸੇਵਾ, ਸਬਰ, ਸੰਤੋਖ, ਸਿਮਰਨ, ਸਤਿ ਸੰਗਤ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਾ ਹੈ। ਧਨ-ਦੌਲਤ ਅਤੇ ਰਿਸ਼ਤਿਆਂ-ਨਾਤਿਆਂ ਦੀ ਅਰਥਹੀਣਤਾ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਮਨੁੱਖ ਨੂੰ ਉਸਦੇ ਲਕਸ਼ ਬਾਰੇ ਸੋਧ ਪ੍ਰਦਾਨ ਕਰਦਾ ਹੈ। ਮਨੁੱਖ ਦੀ ਵਿਡੰਬਣਾ (ਦੁਬਿਧਾ) ਇਹ ਹੈ ਕਿ ਉਸ ਨੂੰ ਆਪਣੇ ਜੀਵਨ ਦੇ ਲਕਸ਼ ਬਾਰੇ ਕੁਝ ਪਤਾ ਨਹੀਂ ਹੁੰਦਾ। ਉਹ ਝੂਠੇ ਲਕਸ਼ ਮਿੱਥ ਕੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਫ਼ਜ਼ੂਲ ਦੀ ਨਠ-ਭਜ ਕਰਦਾ ਰਹਿੰਦਾ ਹੈ। ਗੁਰਮਤਿ ਵਿਚ ਸਮਝਾਇਆ ਗਿਆ ਹੈ ਕਿ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਕਰਨ ਵਾਸਤੇ ਇਸ ਦੁਨੀਆਂ ਵਿਚ ਭੇਜਿਆ ਗਿਆ ਹੈ ਅਤੇ ਇਹੀ ਉਸਦਾ ਇਕੋ-ਇਕ ਲਕਸ਼ ਹੋਣਾ ਚਾਹੀਦਾ ਹੈ :

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

(ਆਸਾ ਮਹਲਾ ੫)

7.3.4 ਗੁਰਮਤਿ ਵਿਚ ਕਰਮ-ਕਾਂਡਾਂ ਨੂੰ ਮਿਥਿਆ ਜਾਂ ਅਰਥਹੀਣ ਮੰਨਿਆ ਗਿਆ ਹੈ। ਇਨ੍ਹਾਂ ਦੁਆਰਾ ਨਾ ਤਾਂ ਹਿਰਦੈ ਰੂਪੀ ਸ਼ੀਸ਼ਾ ਸ਼ੁੱਧ ਹੁੰਦਾ ਹੈ ਅਤੇ ਨਾ ਮਨੁੱਖ ਨੂੰ ਆਪਣੀ ਮੰਜ਼ਿਲ ਦਾ ਸਹੀ ਬੋਧ ਹੁੰਦਾ ਹੈ। ਕਰਮ-ਕਾਂਡਾਂ ਦਾ ਮਤਲਬ ਰੱਬ ਦੀ ਰਜ਼ਾ ਨੂੰ ਉਲਟਾ ਦੇਣਾ ਹੁੰਦਾ ਹੈ ਜੋ ਕਿਸੇ ਵੀ ਮਨੁੱਖ ਲਈ ਵਾਜਿਬ ਨਹੀਂ ਹੈ। ਰਜ਼ਾ ਵਿਚ ਰਾਜ਼ੀ ਰਹਿ ਕੇ ਹੀ ਕੋਈ ਮਨੁੱਖ ਸੰਪੂਰਨ ਹੁੰਦਾ ਹੈ, ਨਹੀਂ ਤਾਂ ਉਸ ਅੰਦਰਲੀਆਂ ਸੰਭਾਵਨਾਵਾਂ ਜਾਗ੍ਰਿਤ ਨਹੀਂ ਹੁੰਦੀਆਂ। ਇਸ ਪ੍ਰਕਾਰ ਗੁਰਮਤਿ ਵਿਚਾਰਧਾਰਾ ਮਨੁੱਖੀ ਆਚਾਰ-ਵਿਹਾਰ ਲਈ ਇਕ ਨਵਾਂ ਮਾਡਲ ਪੇਸ਼ ਕਰਦੀ ਹੈ।

## (ੳ) ਗੁਰਮਤਿ ਕਾਵਿ ਧਾਰਾ

### 7.4.1 **ਗੁਰਮਤਿ ਧਾਰਾ ਦੇ ਕਵੀ : ਗੁਰੂ ਨਾਨਕ ਦੇਵ ਜੀ** (1469-1539)

ਗੁਰਮਤਿ ਧਾਰਾ ਦੇ ਬਾਨੀ ਅਤੇ ਸੰਚਾਲਕ ਗੁਰੂ ਨਾਨਕ ਦੇਵ ਜੀ ਸਨ। ਗੁਰੂ ਸਾਹਿਬ ਨੇ ਮਨੁੱਖ ਨੂੰ ਇਕ

ਯੁਗਾਨੁਕੂਲ ਸੇਧ ਅਤੇ ਅੰਤਰ-ਦ੍ਰਿਸ਼ਟੀ ਪ੍ਰਦਾਨ ਕੀਤੀ। ਆਪ ਅਧਿਆਤਮ ਨੂੰ ਯਥਾਰਥ ਨਾਲੋਂ ਤੋੜਕੇ ਨਹੀਂ ਵੇਖਦੇ। ਇਹੀ ਕਾਰਨ ਹੈ ਕਿ ਆਪ ਮਨੁੱਖ ਨੂੰ ਉਸ ਦੇ ਯੁਗ ਦੀਆਂ ਵਿਹਾਰਕ ਅਤੇ ਰਾਜਨੀਤਿਕ ਸਮੱਸਿਆਵਾਂ ਬਾਰੇ ਵੀ ਜਾਗਰੂਕ ਕਰਦੇ ਹਨ। ਆਪ ਨੇ ਆਪਣੇ ਯੁਗ ਦੇ ਰਾਜਿਆਂ ਅਤੇ ਉਨ੍ਹਾਂ ਦੇ ਅਮੀਰਾਂ-ਵਜ਼ੀਰਾਂ ਦੇ ਜ਼ਾਲਮਾਨਾ ਵਤੀਰੇ ਬਾਰੇ ਵੀ ਬੜੀਆਂ ਇਨਕਲਾਬੀ ਟਿੱਪਣੀਆਂ ਕੀਤੀਆਂ। ਦੇਖੋ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹਿ ਨਹੀ ਕੋਈ॥
(ਵਾਰ ਮਾਝ ਕੀ)

7.4.2 ਗੁਰੂ ਸਾਹਿਬ ਵਿਖਾਵੇ ਦੀ ਭਗਤੀ ਅਤੇ ਕਰਮ-ਕਾਂਡਾਂ ਨੂੰ ਪਾਖੰਡ ਮੰਨਦੇ ਸਨ। ਆਪ ਨੇ ਇਹ ਅਨੁਭਵ ਕਰ ਲਿਆ ਸੀ ਕਿ ਮੂਲ ਰੂਪ ਵਿਚ ਸਾਰੇ ਹੀ ਧਰਮ ਚੰਗੇ ਹੁੰਦੇ ਹਨ ਪਰ ਸਮੇਂ ਦੇ ਬੀਤਣ ਨਾਲ ਲੋਕ ਧਰਮ ਦੇ ਬਾਹਰੀ ਰੂਪਾਂ, ਭੇਖਾਂ ਅਤੇ ਕਰਮ-ਕਾਂਡਾਂ ਨੂੰ ਹੀ ਧਰਮ ਦਾ ਮੂਲ ਤੱਤ ਸਮਝਣ ਲੱਗ ਪੈਂਦੇ ਹਨ। ਇਸੇ ਲਈ ਆਪ ਨੇ ਆਪਣੇ ਯੁਗ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਧਰਮ ਦੇ ਬਾਹਰੀ ਆਡੰਬਰਾਂ ਦੀ ਥਾਂ ਇਸਦੇ ਪ੍ਰਤੀਕਾਤਮਕ ਮਹੱਤਵ ਨੂੰ ਸਮਝਣ ਅਤੇ ਧਾਰਨ ਕਰਨ ਦੀ ਹਿਦਾਇਤ ਕੀਤੀ। ਆਪ ਨੇ ਫੁਰਮਾਇਆ :

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣਿ ਨ ਜਾਈ॥
ਅੰਤਰ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥
(ਆਸਾ ਦੀ ਵਾਰ)

7.4.3 ਸਿਮਰਨ ਅਤੇ ਸੇਵਾ ਗੁਰੂ ਸਾਹਿਬ ਦੀ ਵਿਚਾਰਧਾਰਾ ਦੇ ਦੋ ਪ੍ਰਮੁੱਖ ਸੂਤਰ ਹਨ। ਸਿਮਰਨ, ਪਰਮਾਤਮਾ ਦੇ ਨਾਮ ਦੀ ਮਹਿਮਾ ਦਾ ਬੋਧ ਕਰਵਾਉਣ ਵਾਲੀ ਇਕ ਅਖੰਡ ਪ੍ਰਕਿਰਿਆ ਹੈ ਜੋ ਕਿਸੇ ਗੁਰਮੁਖ ਵਿਅਕਤੀ ਦੇ ਮਨ ਵਿਚ ਨਿਰੰਤਰ ਚਲਦੀ ਰਹਿੰਦੀ ਹੈ। ਇਸ ਪ੍ਰਕਿਰਿਆ ਨਾਲ ਜੁੜਿਆ ਵਿਅਕਤੀ ਪਰਮਾਤਮਾ ਦੇ ਨਾਮ ਨੂੰ ਸੁਣਦਾ ਅਤੇ ਮੰਨਦਾ ਰਹਿੰਦਾ ਹੈ। ਇਸ ਤਰ੍ਹਾਂ ਕਰਨ ਨਾਲ ਉਸ ਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ ਅਰਥਾਤ ਉਹ ਵਿਸ਼ੈ-ਵਿਕਾਰਾਂ ਅਤੇ ਮਾਇਆ ਦੀ ਗ੍ਰਿਫ਼ਤ (ਪਕੜ) ਤੋਂ ਮੁਕਤ ਹੋ ਜਾਂਦਾ ਹੈ। ਉਸ ਦੇ ਮਨ ਨੂੰ ਸਹਿਜ ਅਤੇ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਆਪ ਪਰਮਾਤਮਾ ਦੇ ਨਾਮ ਦੀ ਮਹਿਮਾ ਨੂੰ ਮੰਨਣ ਦੇ ਮਹਾਤਮ ਬਾਰੇ ਸੋਝੀ ਪ੍ਰਦਾਨ ਕਰਦੇ ਹੋਏ ਫੁਰਮਾਉਂਦੇ ਹਨ :

ਮੰਨੈ ਪਾਵਹਿ ਮੋਖੁ ਦੁਆਰੁ॥
ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰਸਿਖ॥
ਮੰਨੇ ਨਾਨਕ ਭਵਹਿ ਨ ਭਿਖ॥
(ਜਪੁਜੀ)

7.4.4 ਗੁਰੂ ਨਾਨਕ ਦੇਵ ਜੀ ਨੇ ਕੁਲ 13 ਰਾਗਾਂ ਵਿਚ ਬਾਣੀ-ਰਚਨਾ ਕੀਤੀ ਹੈ। ਆਪ ਨੇ ਕੁਲ 206 ਪਦੇ, 121 ਅਸ਼ਟਪਦੀਆਂ, 24 ਛੰਤਾਂ, 116 ਪਉੜੀਆਂ, 260 ਸਲੋਕਾਂ, 1 ਮੰਤਰ, 2 ਪਹਿਰਿਆਂ, 5 ਅਲਾਹਣੀਆਂ, 22 ਸੋਲਹੇ, 2 ਕੁਚੱਜੀ ਸੁਚਜੀ ਅਤੇ ਲੰਮੀਆਂ ਬਾਣੀਆਂ ਦੇ 199 ਸ਼ਬਦਾਂ ਦੀ ਰਚਨਾ ਕੀਤੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਆਪ ਨੇ 958 ਪਦਾਂ ਦੀ ਰਚਨਾ ਕੀਤੀ ਹੈ। ਡਾ. ਪਰਮਿੰਦਰ ਸਿੰਘ ਅਨੁਸਾਰ ਆਪ ਦੀ ਸਾਰੀ ਬਾਣੀ ਦੇ ਕੁਲ 2949 ਬੰਦ ਹਨ। (**ਪੰਜਾਬੀ ਸਾਹਿੱਤ ਦਾ ਇਤਿਹਾਸ,** ਪੰਨਾ 37) ਗੁਰੂ ਸਾਹਿਬ ਦੀਆਂ ਕੁਲ ਪ੍ਰਬੰਧਾਤਮਕ ਬਾਣੀਆਂ ਦੇ ਨਾਮ ਇਸ ਪ੍ਰਕਾਰ ਹਨ : ਜਪੁਜੀ, ਸਿਧ ਗੋਸ਼ਟਿ, ਓਅੰਕਾਰ, ਬਾਰਹਮਾਹ ਤੁਖਾਰੀ, ਤਿੰਨ ਵਾਰਾਂ, ਸੋਹਿਲਾ ਅਤੇ ਬਾਬਰਵਾਣੀ ਆਦਿਕ। ਜਿੱਥੇ ਦਾਰਸ਼ਨਿਕ ਪੱਖੋਂ ਗੁਰੂ ਜੀ ਦੀ ਬਾਣੀ ਅਦੁਤੀ ਤੇ ਮਹਾਨ ਹੈ, ਉੱਥੇ ਕਾਵਿ ਕਲਾ ਦੀ ਦ੍ਰਿਸ਼ਟੀ ਤੋਂ ਵੀ ਇਸ ਨੂੰ ਸਰਬੋਤਮ ਸਥਾਨ ਪ੍ਰਾਪਤ ਹੈ। ਸਾਰੀ ਰਚਨਾ ਸੰਗੀਤਕ ਲੈਅ ਜਾਂ ਰਾਗਾਤਮਕਤਾ ਵਿਚ ਬੱਝੀ ਹੋਈ ਹੈ। ਛੰਦਾਬੰਦੀ, ਰਸ ਵਿਧਾਨ, ਬਿੰਬ ਵਿਧਾਨ ਅਤੇ ਅਲੰਕਾਰਾਂ ਦੀ ਦ੍ਰਿਸ਼ਟੀ ਤੋਂ ਗੁਰੂ ਸਾਹਿਬ ਦੀ ਬਾਣੀ ਬੇਨਜ਼ੀਰ ਹੈ

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
ਚੂੜਾ ਭੰਨਿ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥

7.5.1 **ਗੁਰੂ ਅੰਗਦ ਦੇਵ ਜੀ (1504-1552 ਈ.)**

ਗੁਰੂ ਅੰਗਦ ਦੇਵ ਜੀ ਦਾ ਜਨਮ ਮਾਲਵੇ ਦੇ ਇਕ ਪਿੰਡ ਮੱਤੇ ਦੀ ਸਰਾਂ (ਸਰਾਇ ਨਾਗਾ) ਵਿਚ ਭਾਏ ਫੇਰੂ ਅਤੇ ਮਾਤਾ ਰਾਮੋ (ਦਇਆ ਕੌਰ) ਦੇ ਗ੍ਰਹਿ ਵਿਖੇ ਹੋਇਆ। ਮੁਸਲਮਾਨ ਹਾਕਮਾਂ ਵਲੋਂ ਇਸ ਪਿੰਡ ਨੂੰ ਉਜਾੜ ਦਿੱਤਾ ਗਿਆ ਸੀ। ਇਸ ਲਈ ਆਪ ਦਾ ਪਰਿਵਾਰ ਖਡੂਰ ਸਾਹਿਬ ਵਿਚ ਜਾ ਵੱਸਿਆ। ਆਪ ਦੇਵੀ-ਭਗਤ ਸਨ ਅਤੇ ਹਰ ਸਾਲ ਮਾਤਾ ਦੇ ਦਰਸ਼ਨਾ ਲਈ ਜਵਾਲਾ ਜੀ ਜਾਇਆ ਕਰਦੇ ਸਨ। ਇਕ ਵਾਰ ਆਪ ਨੂੰ ਗਵਾਂਢ ਵਿਚ ਰਹਿੰਦੇ ਇਕ ਗੁਰਸਿੱਖ ਭਾਈ ਜੋਧਾ ਜੀ ਪਾਸੋਂ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਸੁਣਨ ਦਾ ਇਤਫ਼ਾਕ ਹੋਇਆ :

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲਿ ਬੁਰੀ ਕਿਉ ਘਾਲੀਐ॥
ਮੰਦਾ ਮੂਲ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥

(**ਵਾਰ ਆਸਾ**, ਮਹਲਾ ੧)

7.5.2 ਇਸ ਸ਼ਬਦ ਤੋਂ ਪ੍ਰਭਾਵਿਤ ਹੋ ਕੇ ਆਪ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾ ਲਈ ਕਰਤਾਰਪੁਰ (ਰਾਵੀ) ਜਾ ਪਹੁੰਚੇ ਅਤੇ ਦਰਸ਼ਨ ਕਰਨ ਤੋਂ ਬਾਅਦ ਉਥੋਂ ਦੇ ਹੀ ਹੋ ਕੇ ਰਹਿ ਗਏ। 1532 ਤੋਂ 1539 ਈ. ਤੱਕ ਪੂਰੇ ਸੱਤ ਵਰ੍ਹੇ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਰਹਿ ਕੇ ਆਪ ਨੇ ਗੁਰਮਤਿ ਗਿਆਨ ਹਾਸਲ ਕਰ ਲਿਆ। ਆਪ ਦੀ ਪ੍ਰਤਿਭਾ ਅਤੇ ਗੁਰਸਿੱਖੀ ਪ੍ਰਤੀ ਸਮਰਪਣ-ਭਾਵਨਾ ਨੂੰ ਦੇਖ ਕੇ ਗੁਰੂ ਨਾਨਕ ਨੇ ਆਪ ਨੂੰ ਗੁਰਗੱਦੀ ਸੌਂਪ ਦਿੱਤੀ ਅਤੇ ਆਪ ਨੇ ਲਗਪਗ 13 ਵਰ੍ਹੇ ਗੁਰੂ ਪਦਵੀ ਤੇ ਰਹਿੰਦਿਆਂ ਹੋਇਆਂ ਗੁਰਮਤਿ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਆਪ ਨੇ ਗੁਰਮੁਖੀ ਅੱਖਰਾਂ ਨੂੰ ਨਵੀਂ ਤਰਤੀਬ ਦਿੱਤੀ ਅਤੇ ਇਸ ਲਿਪੀ ਨੂੰ ਸਿਖਾਉਣ-ਪੜ੍ਹਾਉਣ ਦੇ ਯੋਗ ਪ੍ਰਬੰਧ ਕੀਤੇ। ਆਪ ਨੇ ਕੁਲ 63 ਸਲੋਕਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚ ਗੁਰਮਤਿ ਸੰਕਲਪਾਂ ਦੀ ਵਿਆਖਿਆ ਕੀਤੀ ਗਈ ਹੈ। ਦੇਖੋ :

1. ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥
   ਰੋਗੁ ਦਾਰੂ ਦੋਵੈ ਬੁਝੈ ਤਾ ਵੈਦ ਸੁਜਾਣੁ॥
2. ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
   ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥
3. ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ ਮਾਹਿ॥
   ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
   ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥

7.6.1 **ਗੁਰੂ ਅਮਰਦਾਸ ਜੀ (1479-1574)**

ਗੁਰੂ ਅਮਰਦਾਸ ਜੀ ਭਾਈ ਤੇਜ ਭਾਨ ਭੱਲਾ ਅਤੇ ਮਾਤਾ ਸੁਲੱਖਣੀ ਦੇ ਗ੍ਰਹਿ ਵਿਖੇ ਪਿੰਡ ਬਾਸਰਕੇ (ਜ਼ਿਲਾ ਅੰਮ੍ਰਿਤਸਰ) ਵਿਚ ਪੈਦਾ ਹੋਏ। ਆਪ ਵੈਸ਼ਨੋ ਦੇਵੀ ਦੇ ਭਗਤ ਸਨ ਅਤੇ ਲਗਪਗ 20 ਸਾਲ ਨੇਮ ਨਾਲ ਹਰਿਦੁਆਰ ਜਾਂਦੇ ਰਹੇ ਸਨ। ਇਕ ਦਿਨ ਆਪ ਨੇ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਪਾਸੋਂ ਗੁਰੂ ਨਾਨਕ ਦੇਵ ਜੀ ਦਾ ਉੱਚਾਰਨ ਕੀਤਾ ਹੋਇਆ ਇਹ ਸ਼ਬਦ ਸੁਣਿਆ :

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ।
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥

7.6.2 ਇਹ ਸ਼ਬਦ ਸੁਣ ਕੇ ਆਪ ਦੇ ਮਨ ਵਿਚ ਗੁਰੂ-ਘਰ ਦੇ ਦਰਸ਼ਨ ਕਰਨ ਦੀ ਤੀਬਰ ਇੱਛਾ ਪੈਦਾ ਹੋ ਗਈ ਅਤੇ ਆਪ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਜਾ ਪਹੁੰਚੇ ਜੋ ਉਸ ਵਕਤ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਪਰ ਸੁਭਾਇਮਾਨ ਸਨ। ਆਪ ਨੇ ਲਗਪਗ 12 ਵਰ੍ਹੇ ਗੁਰੂ-ਘਰ ਦੀ ਸੇਵਾ ਕੀਤੀ। ਆਪ ਨੂੰ ਹਰ ਤਰ੍ਹਾਂ ਨਾਲ ਯੋਗ ਜਾਣ ਕੇ

ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੁਰ-ਗੱਦੀ ਬਖ਼ਸ ਦਿੱਤੀ। ਆਪ ਨੇ ਲੰਗਰ ਦੀ ਪ੍ਰਥਾ ਨੂੰ ਮਜ਼ਬੂਤ ਕੀਤਾ ਅਤੇ ਗੁਰਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ। ਆਪ ਨੇ ਸਤਵਾਰ, ਅਲਾਹਣੀਆਂ, ਅਨੰਦ ਸਾਹਿਬ, ਪੱਟੀ ਅਤੇ ਚਾਰ ਵਾਰਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ। ਗੁਰੂ ਸਾਹਿਬ ਨੇ ਕਰਮ-ਕਾਂਡਾਂ ਦੀ ਨਿਸਫ਼ਲਤਾ, ਸਤੀ-ਪ੍ਰਥਾ ਦੀ ਅਰਥਹੀਣਤਾ, ਹਉਮੈ ਰੋਗ ਦੇ ਨੁਕਸਾਨਾਂ, ਮਨੁੱਖੀ ਦੇਹੀ ਦੀ ਪਵਿੱਤਰਤਾ ਅਤੇ ਇਨਸਾਨੀ ਜੀਵਨ ਦੇ ਪ੍ਰਯੋਜਨ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਦੇਖੋ :

1. ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
   ਨਾਨਕ ਸਤੀਆ ਜਾਣੀਅਨਿ ਜਿ ਬਿਰਹੋ ਚੋਟ ਮਰੰਨਿ॥

   (**ਵਾਰ ਸੂਹੀ**)

2. ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
   ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ॥

   (**ਆਦਿ ਗ੍ਰੰਥ,** ਪੰਨਾ ੧੧੨੭)

### 7.7.1 **ਗੁਰੂ ਰਾਮਦਾਸ ਜੀ** (1534–1581 **ਈ.**)

ਆਪ ਦਾ ਜਨਮ ਸ੍ਰੀ ਹਰਿਦਾਸ ਸੋਢੀ ਅਤੇ ਮਾਤਾ ਅਨੂਪ ਦੇਵੀ ਦੇ ਗ੍ਰਹਿ ਵਿਖੇ ਚੂਨਾ ਮੰਡੀ ਲਾਹੌਰ ਵਿਚ ਹੋਇਆ। ਆਪ ਦਾ ਮੁਢਲਾ ਨਾਮ ਭਾਈ ਜੇਠਾ ਸੀ। ਆਪ ਜੀ ਸੇਵਾ ਭਾਵਨਾ ਅਤੇ ਗੁਰੂ-ਘਰ ਪ੍ਰਤੀ ਸਮਰਪਣ ਨੂੰ ਦੇਖ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਬੇਟੀ ਬੀਬੀ ਭਾਨੀ ਜੀ ਦੀ ਸ਼ਾਦੀ ਇਨ੍ਹਾਂ ਨਾਲ ਕਰ ਦਿੱਤੀ ਸੀ। ਗੁਰਿਆਈ ਪ੍ਰਾਪਤ ਹੋਣ ਤੋਂ ਬਾਅਦ ਆਪ ਗੋਇੰਦਵਾਲ ਨੂੰ ਛੱਡ ਕੇ ਰਾਮਦਾਸਪੁਰ (ਅੰਮ੍ਰਿਤਸਰ) ਆ ਗਏ। ਇੱਥੇ ਆਪ ਨੇ ਅੰਮ੍ਰਿਤ-ਸਰੋਵਰ ਖੁਦਵਾਇਆ ਅਤੇ ਅੰਮ੍ਰਿਤਸਰ ਦੀ ਬੁਨਿਆਦ ਰੱਖੀ। ਸੱਤਾ ਬਲਵੰਡ ਆਪ ਦੀ ਮਹਿਮਾ ਕਰਦੇ ਹੋਏ ਲਿਖਦੇ ਹਨ :

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥

(**ਆਦਿ ਗ੍ਰੰਥ,** ਪੰਨਾ ੯੬੮)

7.7.2 'ਆਦਿ ਗ੍ਰੰਥ' ਵਿਚ ਆਪ ਦੀ ਬਾਣੀ 29 ਰਾਗਾਂ ਵਿਚ ਸੰਕਲਿਤ ਹੈ। ਗੁਰੂ ਸਾਹਿਬ ਦੀਆਂ ਵਿਸ਼ੇਸ਼ ਬਾਣੀਆਂ ਵਿਚ ਪਹਿਰੇ, ਵਣਜਾਰਾ, ਕਰਹਲੇ, ਕਾਫ਼ੀ, ਛਕੇ-ਛੰਤ, ਘੋੜੀਆਂ ਅਤੇ ਲਾਵਾਂ ਸ਼ਾਮਲ ਹਨ। ਆਪ ਨੇ ਗਿਣਤੀ ਵਿਚ ਸਭ ਤੋਂ ਵੱਧ ਅੱਠ ਵਾਰਾਂ ਦੀ ਰਚਨਾ ਕੀਤੀ ਹੈ। ਆਪ ਦੀ ਬਾਣੀ ਸੰਗੀਤਕ ਅੰਸ਼ਾਂ ਨਾਲ ਭਰਪੂਰ ਹੈ। ਇਹ ਸਰਸ, ਸਰੋਦੀ ਅਤੇ ਸੁਰੀਲੀ ਹੈ। ਵਾਕੰਸ਼ਾਂ ਦੇ ਖ਼ੂਬਸੂਰਤ ਦੁਹਰਾਉ ਦੁਆਰਾ ਆਪ ਆਪਣੀ ਬਾਣੀ ਨੂੰ ਵਿਸਮਾਦੀ ਰੰਗਣ ਚਾੜ੍ਹ ਦਿੰਦੇ ਹਨ। ਆਪ ਦੁਆਰਾ ਰਚਿਤ 'ਗਉੜੀ ਕੀ ਵਾਰ' ਵਿਚ ਇਕ ਆਦਰਸ਼ਕ ਗੁਰਸਿੱਖ ਵਾਸਤੇ ਮਰਯਾਦਾ ਅੰਕਿਤ ਹੋਈ ਹੈ। ਦੇਖੋ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ॥

(**ਆਦਿ ਗ੍ਰੰਥ,** ਪੰਨਾ ੩੦੯)

### 7.8.1 **ਗੁਰੂ ਅਰਜਨ ਦੇਵ ਜੀ** (1563–1606)

ਗੁਰੂ ਅਰਜਨ ਦੇਵ ਜੀ ਚੌਥੇ ਸਤਿਗੁਰੂ ਰਾਮਦਾਸ ਜੀ ਦੇ ਤੀਜੇ ਅਤੇ ਸਭ ਤੋਂ ਛੋਟੇ ਸਪੁੱਤਰ ਸਨ। ਪਹਿਲੇ ਗਿਆਰ੍ਹਾਂ ਵਰ੍ਹੇ ਆਪ ਨੇ ਗੋਇੰਦਵਾਲ ਸਾਹਿਬ ਵਿਖੇ ਆਪਣੇ ਨਾਨੇ ਗੁਰੂ ਅਮਰਦਾਸ ਜੀ ਪਾਸ ਗੁਜ਼ਾਰੇ। ਇੱਥੇ ਹੀ ਆਪ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਪ੍ਰਾਪਤ ਹੋਇਆ ਸੀ। ਇਸ ਪਿੱਛੋਂ ਆਪ ਗੁਰੂ ਰਾਮਦਾਸ ਜੀ ਪਾਸ ਅੰਮ੍ਰਿਤਸਰ ਪਹੁੰਚ ਗਏ ਅਤੇ ਗੁਰੂ-ਘਰ ਦੀ ਸੇਵਾ ਵਿਚ ਸਮਰਪਿਤ ਹੋ ਗਏ। ਇਕ ਵਾਰ ਆਪ ਨੂੰ ਪਿਤਾ ਜੀ ਨੇ ਕਿਸੇ ਸ਼ਾਦੀ ਵਿਚ ਭਾਗ ਲੈਣ ਲਈ ਲਾਹੌਰ ਭੇਜਿਆ। ਉਥੋਂ ਆਪ ਨੇ ਗੁਰੂ ਸਾਹਿਬ ਨੂੰ ਤਿੰਨ ਪੱਤਰ ਲਿਖੇ ਜੋ

ਗੁਰਬਾਣੀ ਦਾ ਉੱਤਮ ਨਮੂਨਾ ਹਨ :

1. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥
2. ਤੇਰਾ ਮੁਖੁ ਸੁਹਾਵਾ ਜੀਓ ਸਹਿਜ ਧੁਨਿ ਬਾਣੀ॥
3. ਇਕ ਘੜੀ ਨ ਮਿਲਤੇ ਤਾਂ ਕਲਿਜੁਗ ਹੋਤਾ॥

7.8.2 ਗੁਰੂ ਸਾਹਿਬ ਨੂੰ ਇਹ ਪੱਤਰ ਨਾ ਮਿਲੇ ਕਿਉਂਕਿ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਨੇ ਇਨ੍ਹਾਂ ਨੂੰ ਛਿਪਾ ਲਿਆ ਸੀ। ਬਾਅਦ ਵਿਚ ਜਦੋਂ ਆਪ ਅੰਮ੍ਰਿਤਸਰ ਪਹੁੰਚੇ ਤਾਂ ਪ੍ਰਸੰਨਤਾ ਦੀ ਸਥਿਤੀ ਵਿਚ ਆਪ ਨੇ ਚੌਥਾ ਸ਼ਬਦ ਉਚਾਰਿਆ : ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ 1581 ਈ. ਵਿਚ ਗੁਰੂ ਰਾਮਦਾਸ ਜੀ ਨੇ ਆਪ ਨੂੰ ਹਰ ਤਰ੍ਹਾਂ ਨਾਲ ਯੋਗ ਜਾਣ ਕੇ ਗੁਰਿਆਈ ਬਖ਼ਸ਼ ਦਿੱਤੀ। ਆਪ ਨੇ ਅਕਤੂਬਰ 1588 ਈ. ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਆਰੰਭ ਕਰਵਾਇਆ। 1604 ਈ. ਵਿਚ ਆਪ ਨੇ 'ਆਦਿ ਗ੍ਰੰਥ' ਦੀ ਬੀੜ ਸੰਪਾਦਿਤ ਕਰ ਦਿੱਤੀ। ਇਸ ਮਹਾਨ ਗ੍ਰੰਥ ਵਿਚ ਆਪਣੇ ਸਮੇਤ ਪੰਜ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਗਿਆਰ੍ਹਾਂ ਭੱਟਾ ਅਤੇ ਚਾਰ ਗੁਰਸਿੱਖਾਂ ਦੀ ਬਾਣੀ ਸ਼ਾਮਲ ਕੀਤੀ ਗਈ।

7.8.3 ਗੁਰੂ ਅਰਜਨ ਦੇਵ ਜੀ ਦੀ ਬਾਣੀ ਹੋਰ ਸਭ ਬਾਣੀਕਾਰਾਂ ਨਾਲ ਵੱਧ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੁਆਰਾ ਰਚੇ 2218 ਸ਼ਬਦ ਸੰਕਲਿਤ ਹਨ। ਆਪ ਦੀਆਂ ਕੁਝ ਪ੍ਰਮੁੱਖ ਬਾਣੀਆਂ ਇਸ ਪ੍ਰਕਾਰ ਹਨ : ਸੁਖਮਨੀ, ਬਾਵਨ ਅੱਖਰੀ, ਬਾਰਾਮਾਹਾ ਮਾਝ, ਥਿਤੀ ਅਤੇ ਛੇ ਵਾਰਾਂ। ਇਨ੍ਹਾਂ ਬਾਣੀਆਂ ਤੋਂ ਬਿਨਾ ਦਿਨ ਰੈਣਿ, ਬਿਰਹੜੇ, ਅੰਜੁਲੀਆ, ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ ਅਤੇ ਚਉਬੋਲੇ ਵੀ ਆਪ ਦੀ ਕਾਵਿ-ਕੀਰਤੀ ਦਾ ਅਦਭੁਤ ਪ੍ਰਮਾਣ ਪੇਸ਼ ਕਰਦੇ ਹਨ। ਆਪ ਦੁਆਰਾ ਵਰਤੇ ਗਏ ਪ੍ਰਤੀਕ, ਬਿੰਬ, ਅਲੰਕਾਰ ਅਤੇ ਛੰਦ ਅਤਿਅੰਤ ਮੌਲਿਕ ਹਨ। ਆਪ ਪਰਮਾਤਮਾ ਪ੍ਰਤੀ ਸਮਰਪਣ ਭਾਵਨਾ ਪ੍ਰਗਟ ਕਰਦੇ ਹੋਏ ਫੁਰਮਾਉਂਦੇ ਹਨ :

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥
ਲਖਮੀ ਤੋਟ ਨ ਆਵਈ ਖਾਇ ਖਰਚਿ ਰਹੰਦਾ॥
ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥

(ਮਾਰੂ ਵਾਰ ਮ. ੫, ੧੦੯੬)

7.9.1 **ਗੁਰੂ ਤੇਗ਼ ਬਹਾਦਰ ਜੀ** (1621-1675)

ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਦੀ ਕੁੱਖੋਂ ਹੋਇਆ। ਆਪ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਿਬਜ਼ਾਦਿਆਂ ਵਿਚੋਂ ਸਭ ਤੋਂ ਛੋਟੇ ਸਨ। ਆਪ ਨੇ ਬਾਬਾ ਬੁੱਢਾ ਜੀ ਪਾਸੋਂ ਧਾਰਮਿਕ ਵਿੱਦਿਆ ਹਾਸਲ ਕੀਤੀ। ਆਪ ਘੋੜਸਵਾਰੀ ਅਤੇ ਸ਼ਸਤਰ-ਵਿਦਿਆ ਵਿਚ ਵੀ ਨਿਪੁੰਨ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੁਆਰਾ ਰਚਿਤ 59 ਸ਼ਬਦ ਅਤੇ 57 ਸ਼ਲੋਕ ਸੰਗ੍ਰਹਿਤ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਵਿਚਾਰਧਾਰਾ ਦਾ ਇਕ ਬੁਨਿਆਦੀ ਆਧਾਰ ਆਪ ਦਾ ਸਮਤਾ-ਦਰਸ਼ਨ ਹੈ। ਭਾਰਤੀ ਅਤੇ ਪੱਛਮੀ ਦਰਸ਼ਨ-ਪਰੰਪਰਾ ਵਿਚ ਜਗਤ ਨੂੰ ਦਵੰਦਾਂ ਦੀ ਖੇਡ ਮੰਨਿਆ ਗਿਆ ਹੈ। ਦਵੰਦ ਨੂੰ ਜੀਵਨ ਅਤੇ ਜਗਤ ਦੀ ਬੁਨਿਆਦੀ ਸ਼ਰਤ ਮੰਨਿਆ ਗਿਆ ਹੈ, ਇਸ ਲਈ ਇਨ੍ਹਾਂ ਦੇ ਸਦੀਵੀ ਘੋਲ ਜਾਂ ਸੰਘਰਸ਼ ਨੂੰ ਸਮਾਪਤ ਤਾਂ ਨਹੀਂ ਕੀਤਾ ਜਾ ਸਕਦਾ ਪਰੰਤੂ ਇਨ੍ਹਾਂ ਪ੍ਰਤੀ ਇਕ ਨਿਸ਼ਪੱਖ ਦ੍ਰਿਸ਼ਟੀਕੋਣ ਜ਼ਰੂਰੀ ਅਪਣਾਇਆ ਜਾ ਸਕਦਾ ਹੈ। ਗੁਰੂ ਤੇਗ਼ ਬਹਾਦਰ ਜੀ ਸੁਖ-ਦੁਖ, ਮਾਨ-ਅਪਮਾਨ, ਹਰਸ਼-ਸੋਗ, ਉਸਤਤਿ-ਨਿੰਦਾ, ਬੈਰੀ-ਮੀਤ, ਕੰਚਨ-ਲੋਹ, ਅੰਮ੍ਰਿਤ-ਵਿਸ਼ ਅਤੇ ਰਾਉ-ਰੰਕ ਨੂੰ ਦੇਖਣ ਦੀ ਪ੍ਰੇਰਨਾ ਕਰਦੇ ਹਨ। ਇਹੀ ਆਪ ਦਾ ਸਮਤਾ-ਦਰਸ਼ਨ ਹੈ। ਦੇਖੋ :

ਜੋ ਨਰੁ ਦੁਖ ਮੈ ਦੁਖ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥

**(ਸੋਰਠਿ ਮਹਲਾ ੯)**

## (ਅ) ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਵਿਸ਼ੇਸ਼ਤਾ

**7.10.1 ਸੰਪਾਦਨ**

'ਆਦਿ ਗ੍ਰੰਥ' ਦਾ ਸੰਪਾਦਨ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਕੀਤਾ। ਗੁਰੂ ਅਰਜਨ ਦੇਵ ਜੀ ਦੇ ਗੁਰਿਆਈ ਕਾਲ ਵਿਚ ਸਿੱਖ ਵਿਰੋਧੀ ਸ਼ਕਤੀਆਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਪ੍ਰਿਥੀ ਚੰਦ ਨੂੰ ਛੱਡ ਕੇ ਸਭ ਤੋਂ ਛੋਟੇ ਸਪੁੱਤਰ ਗੁਰੂ ਅਰਜਨ ਦੇਵ ਜੀ ਨੂੰ ਦੇ ਦਿੱਤੀ ਸੀ ਤਾਂ ਪ੍ਰਿਥੀ ਚੰਦ ਗੁਰੂ ਘਰ ਦਾ ਵੱਡਾ ਵਿਰੋਧੀ ਬਣ ਗਿਆ। ਪ੍ਰਿਥੀ ਚੰਦ ਦਾ ਪੁੱਤਰ ਸੋਢੀ ਮਿਹਰਬਾਨ ਇਕ ਚੰਗਾ ਲਿਖਾਰੀ ਸੀ। ਉਸ ਨੇ ਦੇਖਿਆ ਕਿ ਗੁਰੂ-ਘਰ ਵਿਚ ਬਾਣੀ ਦਾ ਮਾਨ-ਸਨਮਾਨ ਵਧੇਰੇ ਹੈ ਤਾਂ ਉਸ ਨੇ ਆਪਣੀਆਂ ਰਚਨਾਵਾਂ ਵਿਚ ਨਾਨਕ-ਪਦ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਆਮ ਆਦਮੀ ਲਈ ਸੱਚੀ ਬਾਣੀ (ਪ੍ਰਮਾਣਿਕ) ਅਤੇ ਕੱਚੀ ਬਾਣੀ (ਅਪ੍ਰਮਾਣਿਕ) ਦੇ ਦਰਮਿਆਨ ਨਖੇੜਾ ਕਰਨਾ ਔਖਾ ਸੀ। ਇਸ ਲਈ ਕੁਝ ਸ਼ਰਧਾਲੂ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਦੇ ਸਨਮੁਖ ਇਸ ਸਮੱਸਿਆ ਦਾ ਹੱਲ ਢੂੰਡਣ ਲਈ ਬੇਨਤੀ ਕੀਤੀ। ਜਦੋਂ ਗੁਰੂ ਜੀ ਪਾਸ ਅਜਿਹੀਆਂ ਹੋਰ ਵੀ ਸ਼ਿਕਾਇਤਾਂ ਪਹੁੰਚੀਆਂ ਤਾਂ ਆਪ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਦਾ ਫ਼ੈਸਲਾ ਕਰ ਲਿਆ। ਗੁਰੂ ਸਾਹਿਬ ਪਾਸ ਪੋਥੀਆਂ ਦੇ ਰੂਪ ਵਿਚ ਪਹਿਲੇ ਚਾਰ ਸਤਿਗੁਰਾਂ ਅਤੇ ਭਗਤਜਨਾਂ ਦੀ ਬਾਣੀ ਪਹਿਲਾਂ ਤੋਂ ਹੀ ਸੁਰੱਖਿਅਤ ਸੀ। ਬਾਣੀ ਨੂੰ ਸੰਭਾਲਣ ਅਤੇ ਸਤਿਕਾਰਨ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਨੇ ਹੀ ਸ਼ੁਰੂ ਕਰ ਦਿੱਤੀ ਸੀ। ਮੱਕੇ ਦੀ ਉਦਾਸੀ ਸਮੇਂ ਗੁਰੂ ਜੀ ਪਾਸ ਆਪਣੀ ਤਿਆਰ ਕੀਤੀ ਹੋਈ ਇਕ ਪੋਥੀ ਮੌਜੂਦ ਸੀ, ਜਿਸਦੀ ਪੁਸ਼ਟੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਵੀ ਹੁੰਦੀ ਹੈ :

ਪੁਛਨਿ ਫੋਲਿ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆ ਸ਼ੁਭ ਅਮਲਾਂ ਬਾਝਹੁ ਦੋਨੋ ਰੋਈ॥
ਅਤੇ
ਬਾਬਾ ਫਿਰਿ ਮਕੇ ਗਇਆ ਨੀਲ ਬਸਤਰ ਧਾਰੇ ਬਨਵਾਰੀ॥
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾਧਾਰੀ॥
**(ਪਹਿਲੀ ਵਾਰ)**

**7.10.2 ਬਾਣੀ ਦੀ ਤਰਤੀਬ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਆਦਿ ਬੀੜ' ਵਿਚ ਪਹਿਲੇ ਪੰਜ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਚਾਰ ਗੁਰਸਿੱਖਾਂ ਅਤੇ ਗਿਆਰਾਂ ਭੱਟਾਂ ਦੀ ਬਾਣੀ ਮੌਜੂਦ ਸੀ। ਨੌਵੇਂ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ 1706 ਈ. ਵਿਚ ਦਮਦਮਾ ਸਾਹਿਬ ਦੇ ਸਥਾਨ 'ਤੇ ਸੰਪਾਦਿਤ ਕੀਤੀ 'ਦਮਦਮੀ ਬੀੜ' ਵਿਚ ਸੰਕਲਿਤ ਕੀਤਾ। ਇਸੇ ਬੀੜ ਨੂੰ ਆਪ ਨੇ 1708 ਈ. ਵਿਚ ਗੁਰਿਆਈ ਦਿੱਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ ਦੇ ਅਨੁਸਾਰ ਬਾਣੀ ਸੰਕਲਿਤ ਕੀਤੀ ਗਈ ਹੈ। ਇਨ੍ਹਾਂ ਰਾਗਾਂ ਵਿਚ ਬਾਣੀ ਦੀ ਤਰਤੀਬ ਇਸ ਪ੍ਰਕਾਰ ਹੈ :

1. ਚਉਪਦੇ, ਤਿਪਦੇ, ਦੁਪਦੇ, ਪੰਚਪਦੇ ਜਾਂ ਛੇਪਦੇ : ਘਰ ਅਤੇ ਮਹਲੇ ਅਨੁਸਾਰ।
2. ਅਸ਼ਟਪਦੀਆਂ : ਘਰ ਅਤੇ ਮਹਲੇ ਅਨੁਸਾਰ।
3. ਸੋਹਲੇ : ਘਰ ਅਤੇ ਮਹਲੇ ਅਨੁਸਾਰ।
4. ਛੰਤ : ਘਰ ਅਤੇ ਮਹਲੇ ਅਨੁਸਾਰ।
5. ਵਾਰਾਂ ; ਘਰ ਅਤੇ ਮਹਲੇ ਅਨੁਸਾਰ।
6. ਭਗਤ ਬਾਣੀ : ਪਹਿਲਾਂ ਕਬੀਰ, ਫੇਰ ਨਾਮਦੇਵ....ਇਤਿਆਦਿ।

7.10.3 'ਆਦਿ ਗ੍ਰੰਥ' ਦੇ ਆਰੰਭ ਵਿਚ ਜਪੁਜੀ, ਰਹਿਰਾਸੁ (ਸੋਦਰੁ ਵਾਲੇ ਸ਼ਬਦ) ਅਤੇ ਸੋਹਿਲਾ ਦਿੱਤੇ ਗਏ ਹਨ। ਇਸ ਪਿੱਛੋਂ ਸ੍ਰੀ ਰਾਗ ਤੋਂ ਜੈਜਾਵੰਤੀ ਰਾਗ ਤਕ 31 ਰਾਗਾਂ ਵਿਚ ਬਾਣੀ ਆਈ ਹੈ। ਜੈਜਾਵੰਤੀ ਤੋਂ ਪਿੱਛੋਂ ਸਲੋਕ ਅਤੇ ਸਵੱਈਏ ਸੰਕਲਿਤ ਕੀਤੇ ਗਏ ਹਨ, ਜਿਨ੍ਹਾਂ ਦੀ ਤਰਤੀਬ ਇਸ ਪ੍ਰਕਾਰ ਹੈ :

1. ਸਲੋਕ ਸਹਸਕ੍ਰਿਤੀ ਮਹਲਾ ੧ : 4
2. ਸਲੋਕ ਸਹਸਕ੍ਰਿਤੀ ਮਹਲਾ ੫ : 67

| | | |
|---|---|---|
| 3. ਗਾਥਾ ਮਹਲਾ ੪ | : | 24 |
| 4. ਫੁਨਹੇ ਮਹਲਾ ੪ | : | 23 |
| 5. ਚਉਬੋਲੇ ਮਹਲਾ ੪ | : | 11 |
| 6. ਸਲੋਕ ਕਬੀਰ | : | 243 |
| 7. ਸਲੋਕ ਫ਼ਰੀਦ | : | 130 |
| 8. ਸਵੈਯੇ ਸ੍ਰੀ ਮੁਖ ਵਾਕਯ | : | 20 |
| 9. ਭੱਟਾਂ ਦੇ ਸਵੈਯੇ | : | 123 |
| 10. ਸਲੋਕ ਵਾਰਾਂ ਤੇ ਵਧੀਕ | : | 152 |
| 11. ਨੌਵੇਂ ਮਹਲੇ ਦੇ ਸਲੋਕ | : | 57 |
| 12. ਮੁੰਦਾਵਣੀ ਦੇ ਸਲੋਕ | : | 2 |

**7.10.4 ਭਗਤ ਬਾਣੀ**

ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚੋਂ 22 ਰਾਗਾਂ ਵਿਚ ਭਗਤ ਬਾਣੀ ਆਈ ਹੈ। ਭਗਤਾਂ ਦੇ ਕੁਲ ਸ਼ਬਦ 349 ਹਨ। ਸ਼ਬਦਾਂ ਤੋਂ ਬਿਨਾਂ ਕਬੀਰ ਜੀ ਦੀਆਂ 3 ਬਾਣੀਆਂ ਹੋਰ ਵੀ ਹਨ: ਬਾਵਨ ਅਖਰੀ, ਪੰਦ੍ਹ ਥਿਤੀ ਅਤੇ ਸਤ ਵਾਰ। ਇਹ ਬਾਣੀਆਂ ਗਉੜੀ ਰਾਗ ਵਿਚ ਹਨ। ਭਗਤਜਨਾਂ ਦੁਆਰਾ ਸ਼ਬਦ ਇਸ ਗਿਣਤੀ ਵਿਚ ਆਏ ਹਨ : ਕਬੀਰ (224), ਨਾਮਦੇਵ (61), ਰਵਿਦਾਸ (40), ਤ੍ਰਿਲੋਚਨ (4), ਫ਼ਰੀਦ (4), ਬੇਣੀ (3), ਧੰਨਾ (3), ਜੈਦੇਵ (2), ਭੀਖਣ (2), ਪਰਮਾਨੰਦ, ਸੈਣ, ਪੀਪਾ, ਸਧਨਾ ਅਤੇ ਰਾਮਾਨੰਦ (ਇੱਕ-ਇੱਕ ਸ਼ਬਦ)। ਸੂਰਦਾਸ ਦੀ ਇਕ ਤੁਕ ਹੈ।

**7.10.5 ਸਾਹਿਤਿਕ ਪੱਖ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਰਤ ਦੇ ਮਹਾਨ ਅਧਿਆਤਮਕ ਵਿਰਸੇ ਦਾ ਸੰਕਲਨ ਹੋਇਆ ਹੈ। ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤਕ ਭਾਰਤ ਵਿਚ ਭਗਤੀ, ਸੂਫ਼ੀ ਅਤੇ ਗੁਰਮਤਿ ਧਾਰਾ ਨਾਲ ਸੰਬੰਧਿਤ ਜਿਤਨੇ ਵੀ ਮਹਾਕਵੀ ਆਮ ਆਦਮੀ ਦੇ ਕਲਿਆਣ ਲਈ ਕਾਵਿ-ਰਚਨਾ ਕਰ ਰਹੇ ਸਨ। ਉਨ੍ਹਾਂ ਦੀ ਪ੍ਰਤੀਨਿਧ ਬਾਣੀ ਇਸ ਮਹਾਨ ਗ੍ਰੰਥ ਵਿਚ ਸੰਕਲਿਤ ਹੋਈ ਹੈ। ਇਸ ਮਹਾਨ ਬਾਣੀ ਦਾ ਵਿਸ਼ਲੇਸ਼ਣ ਕਰਦਾ ਹੋਇਆ ਪ੍ਰੋ. ਕਿਸ਼ਨ ਸਿੰਘ ਲਿਖਦਾ ਹੈ ਕਿ ਗੁਰਬਾਣੀ ਦਾ ਮਨੋਰਥ ਮਨੁੱਖਾਂ ਦੀ ਕਿਸਮ ਬਦਲਣ ਦਾ ਹੈ। ਮਨੁੱਖਾਂ ਦੀ ਕਿਸਮ, ਮਨੁੱਖਾਂ ਦੇ ਮਨੋਰਥ ਬਦਲਣ ਨਾਲ ਹੀ ਬਦਲੀ ਜਾ ਸਕਦੀ ਹੈ। ਮਨੋਰਥਾਂ ਅਤੇ ਜਜ਼ਬਿਆਂ ਦੀ ਤਬਦੀਲੀ, ਸਮਾਜਿਕ ਰਿਸ਼ਤਿਆਂ ਉੱਤੇ ਨਿਰਭਰ ਹੁੰਦੀ ਹੈ। ਇਕ ਦੀ ਤਬਦੀਲੀ, ਦੂਸਰੇ ਦੀ ਤਬਦੀਲੀ ਬਗ਼ੈਰ ਨਹੀਂ ਹੋ ਸਕਦੀ। ਸੋ ਮਨੁੱਖ ਦੀ ਕਿਸਮ ਤਬਦੀਲ ਕਰਨ ਦਾ ਮਸਲਾ, ਸਾਰੀ ਸਮਾਜਕ ਬਣਤਰ ਨੂੰ ਬਦਲਣ, ਕਾਬਜ਼ ਜਮਾਤ ਨੂੰ ਉੱਲ ਦੂਸਰੀ ਦੇ ਅਸਥਾਪਨ ਕਰਨ ਅਰਥਾਤ ਸਮਾਜਕ ਇਨਕਲਾਬ ਦਾ ਸਵਾਲ ਹੈ। (**ਗੁਰਮਤਿ ਸਾਹਿੱਤ ਵਿਵੇਚਨ,** ਭਾਸ਼ਾ ਵਿਭਾਗ, ਪੰਨਾ 293)

**7.10.6** ਪ੍ਰਸਿੱਧ ਵਿਦਵਾਨ ਮੈਕਾਲਿਫ਼ ਦਾ ਵਿਚਾਰ ਹੈ ਕਿ ਸਿੱਖੀ ਸਿੱਧਾਂਤ ਸਾਡੇ ਪਾਸ ਬਿਲਕੁਲ ਠੀਕ ਅਤੇ ਸ਼ੁੱਧ ਰੂਪ ਵਿਚ ਮੌਜੂਦ ਹਨ। ਸਿੱਖ ਗੁਰੂਆਂ ਦੀ ਬਾਣੀ ਬਿਨਾਂ ਕਿਸੇ ਮਿਲਾਵਟ ਉਸੇ ਤਰ੍ਹਾਂ ਸਾਡੇ ਪਾਸ ਪਹੁੰਚੀ ਹੈ, ਜਿਸ ਤਰ੍ਹਾਂ ਉਨ੍ਹਾਂ ਨੇ ਉਚਾਰੀ ਸੀ। ਹੋਰ ਧਰਮਾਂ ਬਾਰੇ ਇਹ ਨਹੀਂ ਕਿਹਾ ਜਾ ਸਕਦਾ। ਮਹਾਤਮਾ ਬੁੱਧ, ਹਜ਼ਰਤ ਈਸਾ ਅਤੇ ਹਜ਼ਰਤ ਮੁਹੰਮਦ ਨੇ ਆਪ ਕੁਝ ਨਹੀਂ ਸੀ ਲਿਖਿਆ। ਇਨ੍ਹਾਂ ਦੇ ਸਾਰੇ ਵਿਚਾਰ ਸ਼ਰਧਾਲੂਆਂ ਨੇ ਹੀ ਰੀਕਾਰਡ ਕੀਤੇ ਹਨ। (**The Sikh Religion**) ਇਕ ਹੋਰ ਅੰਗਰੇਜ਼ ਲੇਖਕ ਡੰਕਨ ਗ੍ਰੀਨਲੀਜ਼ ਦਾ ਮਤਿ ਹੈ ਕਿ ਵਿਸ਼ਵ ਦੀਆਂ ਧਰਮ-ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਹੋਰ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਤਨੀ ਸਾਹਿਤਕ ਖ਼ੂਬਸੂਰਤੀ ਹੋਵੇ ਜਾਂ ਗਿਆਨ ਦੀ ਉੱਚਤਾ ਹੋਵੇ। (**The Gospel of Guru Granth Sahib**) ਡਾ. ਗੁਰਭਗਤ ਸਿੰਘ, ਇਸ ਮਹਾਨ ਗ੍ਰੰਥ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਲਿਖਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਡੇ ਸਮੇਂ ਲਈ ਮਹੱਤਵਪੂਰਨ ਵਿਸ਼ਾ-ਵਸਤੂ ਇਹ ਹੈ ਕਿ ਸਹਿਜ-ਜੀਵ ਕਿਵੇਂ ਬਣਿਆ ਜਾਵੇ ? ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਨਿਰੰਕਾਰ ਵਿਚ ਲੀਨ ਹੋਣਾ ਅਤੇ ਨਾਮ-ਰਸ ਪੀਣਾ ਹੀ ਸਹਿਜ ਵਿਚ ਰਹਿਣਾ ਹੈ। (**ਸਮਦਰਸ਼ੀ,** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, 81)

### 7.10.7 ਕਾਵਿ-ਭਾਸ਼ਾ

ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਵਿਚ ਪੰਜਾਬੀ ਦੇ ਨਾਲ-ਨਾਲ ਭਾਰਤ ਦੀਆਂ ਕੁਝ ਹੋਰ ਭਾਸ਼ਾਵਾਂ ਦੀ ਖ਼ੁਸ਼ਬੂ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਜੇ ਮੱਧ ਕਾਲ ਦੀਆਂ ਭਾਰਤੀ ਭਾਸ਼ਾਵਾਂ ਦੇ ਭਿੰਨ-ਭਿੰਨ ਰੰਗ ਰੂਪ ਵੇਖਣੇ ਹੋਣ ਤਾਂ ਇਸ ਮਹਾਨ ਗ੍ਰੰਥ ਵਿਚ ਵੇਖੇ ਜਾ ਸਕਦੇ ਹਨ। ਡਾ. ਟਰੰਪ ਦਾ ਇਹ ਕਥਨ ਬਿਲਕੁਲ ਠੀਕ ਹੈ ਕਿ ਬੋਲੀ ਦੇ ਪੱਖ ਤੋਂ ਇਸ ਗ੍ਰੰਥ ਦੀ ਬਹੁਤ ਮਹਾਨਤਾ ਹੈ। ਇਹ ਪੁਰਾਣੀਆਂ ਹਿੰਦਵੀ ਉਪਭਾਸ਼ਾਵਾਂ ਦਾ ਖ਼ਜ਼ਾਨਾ ਹੈ। (**Adi Granth,** Preface) ਇਸ ਸੰਤ-ਬਾਣੀ ਦੀ ਭਾਸ਼ਾਈ ਵਿਸ਼ੇਸ਼ਤਾ ਇਹ ਹੈ ਕਿ ਜਿਤਨੀ ਇਹ ਉਪਰੋਂ ਸਰਲ ਤੇ ਸਾਦੀ ਹੈ। ਅੰਦਰੋਂ ਇਹ ਉਤਨੀ ਹੀ ਭਾਵਪੂਰਤ ਅਤੇ ਦਿਲ ਦੀਆਂ ਗਹਿਰਾਈਆਂ ਨੂੰ ਛੋਹ ਲੈਣ ਵਾਲੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਮਰ ਸਚਾਈਆਂ ਜਾਂ ਸਦੀਵੀ ਤੱਤਾਂ ਨੂੰ ਇਸ ਤਰ੍ਹਾਂ ਨਿਭਾਇਆ ਗਿਆ ਹੈ ਕਿ ਇਸ ਵਿਚਲੀਆਂ ਅਨੇਕ ਤੁਕਾਂ, ਅਖਾਣ ਬਣ ਕੇ ਲੋਕ-ਮੂੰਹਾਂ ਤੇ ਚੜ੍ਹ ਗਈਆਂ ਹਨ। ਉਦਾਹਰਣ ਵਜੋਂ :

* ਮਾਇਆਧਾਰੀ ਅਤਿ ਅੰਨਾ ਅਤਿ ਬੋਲਾ॥
* ਨਿਵੈ ਸੁ ਗਉਰਾ ਹੋਇ॥
* ਪਾਪਾਂ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
* ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣਿ॥
* ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
* ਵਿਦਿਆ ਵੀਚਾਰੀ ਤਾ ਪਰਉਪਕਾਰੀ॥
* ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥
* ਮਨਿ ਜੀਤੈ ਜਗੁ ਜੀਤੁ॥
* ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨ॥

### 7.10.8 ਕਾਵਿ ਰੂਪ ਅਤੇ ਛੰਦ

ਕਾਵਿ-ਰੂਪਾਂ ਦੀ ਦ੍ਰਿਸ਼ਟੀ ਤੋਂ ਵੀ ਗੁਰੂ ਗ੍ਰੰਥ ਸਾਹਿਬ ਪੰਜਾਬੀ ਸਾਹਿੱਤ ਦਾ ਇਕ ਬਹੁਮੁੱਲਾ ਭੰਡਾਰ ਹੈ। ਹੋਰ ਕਿਸੇ ਵੀ ਧਾਰਮਿਕ ਗ੍ਰੰਥ ਵਿਚ ਏਨੇ ਕਾਵਿ-ਰੂਪਾਂ ਦਾ ਪ੍ਰਯੋਗ ਨਹੀਂ ਮਿਲਦਾ। ਇਨ੍ਹਾਂ ਵਿਚੋਂ ਬਹੁਤ ਸਾਰੇ ਰੂਪ ਲੋਕ-ਸਾਹਿੱਤ ਦੇ ਭੰਡਾਰ ਵਿਚੋਂ ਆਏ ਹਨ, ਜਿਵੇਂ : ਆਰਤੀ, ਅਲਾਹੁਣੀਆਂ, ਅੰਜਲੀਆਂ, ਸੋਹਿਲਾ, ਸੁਚੱਜੀ, ਕੁਚੱਜੀ, ਕਰਹਲੇ, ਰੁਤੀ, ਘੋੜੀਆਂ, ਬਾਰਾਂਮਾਹ, ਪੱਟੀ, ਪਹਿਰੇ, ਥਿਤੀ, ਦਿਨ, ਰੈਣਿ, ਸਤ ਵਾਰਾ, ਗਾਥਾ, ਛਿੰਝ, ਬਿਰਹੜੇ, ਲਾਵਾਂ, ਡੱਖਣੇ ਆਦਿਕ। ਇਸੇ ਲੜੀ ਵਿਚ ਸੱਦ, ਕਾਫ਼ੀ, ਬਾਵਨ ਅਖਰੀ, ਵਾਰ, ਪਉੜੀ, ਛੰਤ, ਨੀਸਾਣ ਅਤੇ ਛਕਾ ਆਦਿ ਕਾਵਿ-ਰੂਪ ਆ ਜਾਂਦਾ ਹੈ। ਕਾਵਿ ਵਿਚ ਵਰਤੇ ਗਏ ਛੰਦਾਂ ਦੀ ਵਿਵਿਧਤਾ ਅਤੇ ਵੰਨ-ਸੁਵੰਨਤਾ ਵੀ ਬਹੁਤ ਮਨਮੋਹਕ ਹੈ। ਝੂਲਣਾ, ਤਾਟੰਕ, ਤੋਮਰ, ਦਵੱਈਆ, ਸਵੱਈਆ, ਦੋਹਰਾ, ਪ੍ਰਮਾਣਿਕਾ, ਰਾਧਿਕਾ, ਨਿਸ਼ਾਨੀ, ਰਡ, ਹੰਸ ਗਤਿ, ਕਜਲ, ਗੀਤਾ, ਚਿਤ੍ਰਕਲਾ, ਘਨਾਛਰੀ, ਚੌਪਈ, ਛਪੈ, ਸਿਰਖੰਡੀ, ਸੋਰਠਾ ਆਦਿ ਛੰਦਾਂ ਦੀ ਕਲਾਮਈ ਵਰਤੋਂ ਕੀਤੀ ਗਈ ਹੈ। ਸ਼ਾਇਦ ਹੀ ਅਜਿਹਾ ਕੋਈ ਛੰਦ-ਰੂਪ ਹੋਵੇਗਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾ ਆਇਆ ਹੋਵੇ।

### 7.10.9 ਕਾਵਿ ਅਲੰਕਾਰ

ਅਲੰਕਾਰ ਸ਼ਾਸਤਰ ਦਾ ਕੋਈ ਅਜਿਹਾ ਅਲੰਕਾਰ ਹੋਵੇਗਾ ਜੋ ਗੁਰੂ ਗ੍ਰੰਥ ਸਾਹਿਬ ਵਿਚ ਨਾ ਹੋਵੇ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵੱਖ-ਵੱਖ ਅਲੰਕਾਰਾਂ ਨਾਲ ਸਜੀ-ਸੰਵਰੀ ਅਤੇ ਸ਼ਿੰਗਾਰੀ ਹੋਈ ਹੈ। ਕੁਝ ਇਕ ਪ੍ਰਮੁੱਖ ਅਲੰਕਾਰਾਂ ਦੇ ਨਾਮ ਇਸ ਪ੍ਰਕਾਰ ਹਨ : ਰੂਪਮ, ਉਪਮਾ, ਦ੍ਰਿਸ਼ਟਾਂਤ, ਤੁਲਯਯੋਗਤਾ, ਦੀਪਕ, ਨਿਰੁਕਤ, ਪ੍ਰਮਾਣ, ਪ੍ਰਸ਼ਨੋਤਰ, ਪਰਿਸੰਖਿਆ, ਉਲੇਖ, ਅਸੰਭਵ, ਅਨੁਪ੍ਰਾਸ, ਸੰਦੇਹ, ਕਾਵਿ-ਲਿੰਗ, ਲੋਕੋਕਤੀ, ਵਿਸ਼ੇਸ਼ੋਕਤੀ, ਵਿਭਾਵਨਾ ਆਦਿ। (ਵਧੇਰੇ ਵਿਸਤਾਰ ਲਈ ਵੇਖੋ **ਮਹਾਨ ਕੋਸ਼** : ਭਾਈ ਕਾਨ੍ਹ ਸਿੰਘ ਨਾਭਾ) ਕੁਝ ਉਦਾਹਰਣਾਂ ਦੇਖੋ :

1. ਗਗਨੁ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
   ਧੂਪੁ ਮਲਆਨਲੋ ਪਵਣੁ ਚਵਰੋ ਕਰੈ ਸਗਲ ਬਨਰਾਇ ਫੂਲੰਤ ਜੋਤੀ॥
   (ਉਪਮਾ ਅਲੰਕਾਰ)
2. ਜਤੁ ਪਾਹਾਰਾ ਧੀਰਜੁ ਸੁਨਿਆਰੁ॥

ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪਤਾਉ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥

(ਰੂਪ ਅਲੰਕਾਰ)

3. ਸੁਣਿਐ ਸਿਧ ਪੀਰ ਸੁਰਿ ਨਾਥ॥

(ਅਨੁਪ੍ਰਾਸ ਅਲੰਕਾਰ)

7.10.10 ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ 'ਸ਼ਾਇਰ' ਘੋਸ਼ਿਤ ਕਰਦੇ ਹਨ : ਨਾਨਕ ਸਾਇਰ ਏਵ ਕਹਿਤ ਹੈ ਸਚੇ ਪਰਵਰਦਗਾਰਾ॥ ਪਰੰਤੂ ਆਪ ਸ਼ਾਇਰੀ ਨੂੰ ਕੇਵਲ ਤੁਕਬੰਦੀ ਹੀ ਨਹੀਂ ਸਮਝਦੇ ਬਲਕਿ ਪਰਮਾਤਮਾ ਤੋਂ ਮਿਲੀ ਇਕ ਅਨਮੋਲ ਦਾਤ ਮੰਨਦੇ ਹਨ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਭਾਰਤੀ ਸਮਾਜ ਅਤੇ ਸਭਿਆਚਾਰ ਦੀ ਇਕ ਧਰੋਹਰ ਹੈ, ਇਕ ਗੌਰਵਮਈ ਵਿਰਸਾ ਹੈ। ਇਹ ਸਾਨੂੰ ਸਚੇ ਸਤਿਗੁਰਾਂ ਦੀ ਬਖ਼ਸ਼ੀ ਹੋਈ ਇਕ ਬੇਨਜ਼ੀਰ ਦਾਤ ਹੈ। ਇਸ ਉਪਰ ਅਸੀਂ ਜਿੰਨਾ ਵੀ ਮਾਨ ਕਰ ਸਕੀਏ ਥੋੜ੍ਹਾ ਹੈ।

## 7.11 ਨਿਸ਼ਕਰਸ : ਪ੍ਰਾਪਤੀਆਂ

* ਗੁਰਮਤਿ ਕਾਵਿ ਪਰੰਪਰਾ ਮਧਕਾਲੀਨ ਪੰਜਾਬੀ ਸਾਹਿੱਤ ਅਤੇ ਗੁਰੂ ਨਾਨਕ ਕਾਲ ਦੀ ਇਕ ਸ਼ਿਰੋਮਣੀ ਕਾਵਿ ਧਾਰਾ ਹੈ। ਇਸ ਵਿਚ ਮਨੁੱਖ ਦੀ ਸਮੁੱਚੀ ਜੀਵਨ-ਜਾਚ ਬਾਰੇ ਪ੍ਰਮਾਣਿਕ ਵਿਚਾਰ ਪੇਸ਼ ਕੀਤੇ ਗਏ ਹਨ। ਇਹ ਮਨੁੱਖ ਨੂੰ ਉਸ ਦੇ ਪ੍ਰਯੋਜਨ ਬਾਰੇ ਸਪੱਸ਼ਟ ਕਰਦੀ ਹੈ ਅਤੇ ਕਲਿਆਣਕਾਰੀ ਜੀਵਨ ਦਾ ਇਕ ਨਵਾਂ ਮਾਡਲ ਪੇਸ਼ ਕਰਦੀ ਹੈ।
* ਇਸ ਵਿਚ ਪਰਮਾਤਮਾ ਨੂੰ ਇਕੋ-ਇਕ ਸਥਿਰ, ਸਦੀਵੀ ਅਤੇ ਅਬਿਨਾਸ਼ੀ ਸ਼ਕਤੀ ਮੰਨਿਆ ਗਿਆ ਹੈ। ਮਨੁੱਖ ਨੂੰ ਸਮਝਾਇਆ ਗਿਆ ਹੈ ਕਿ ਉਹ ਹੋਰ ਦੇਵੀ-ਦੇਵਤਿਆਂ ਅਤੇ ਰਾਜਿਆਂ-ਰਜਵਾੜਿਆਂ ਦੀ ਪੂਜਾ ਨੂੰ ਛੱਡ ਕੇ ਪਰਮਾਤਮਾ ਦਾ ਸਿਮਰਨ ਕਰੇ।
* ਮਨੁੱਖ ਨੂੰ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਅਤੇ ਕਰਮ-ਕਾਂਡਾਂ ਦੀ ਅਰਥਹੀਣਤਾ ਬਾਰੇ ਸਚੇਤ ਕੀਤਾ ਗਿਆ ਹੈ। ਪਰਮਾਤਮਾ ਦੀ ਪ੍ਰਾਪਤੀ ਕਰਮ-ਕਾਂਡਾਂ ਅਤੇ ਅੰਧ-ਵਿਸ਼ਵਾਸਾਂ ਦੀ ਪਾਲਣਾ ਕਰਨ ਨਾਲ ਨਹੀਂ ਹੁੰਦੀ ਬਲਕਿ ਸੱਚੇ ਗੁਰੂ ਦੀ ਅਗਵਾਈ ਵਿਚ ਪ੍ਰਭੂ ਦਾ ਸਿਮਰਨ ਕਰਨ ਨਾਲ ਹੀ ਹੁੰਦੀ ਹੈ।
* ਮਨੁੱਖ ਨੂੰ ਧਾਰਮਿਕ ਸਹਿਣਸ਼ੀਲਤਾ ਅਤੇ ਸੰਪਰਦਾਇਕ ਸਦਭਾਵਨਾ ਦਾ ਸੰਦੇਸ਼ ਦਿੱਤਾ ਗਿਆ ਹੈ। ਜਾਤ-ਪਾਤ, ਊਚ-ਨੀਚ ਅਤੇ ਵੱਡੇ-ਛੋਟੇ ਦਾ ਖ਼ਿਆਲ ਛੱਡ ਕੇ ਇਕ-ਦੂਜੇ ਨੂੰ ਸਮਾਨ ਸਮਝਣ ਦਾ ਪਾਠ ਪੜ੍ਹਾਇਆ ਗਿਆ ਹੈ।
* ਇਹ ਧਾਰਾ ਜ਼ੁਲਮ, ਬੇਇਨਸਾਫ਼ੀ ਅਤੇ ਧੱਕੇਸ਼ਾਹੀ ਦੇ ਵਿਰੁੱਧ ਜੂਝ ਮਰਨ ਦੀ ਪ੍ਰੇਰਨਾ ਵੀ ਦਿੰਦੀ ਹੈ। ਇਸ ਪ੍ਰਕਾਰ ਇਹ ਇਕ ਇਨਕਲਾਬੀ ਪ੍ਰਵਚਨ ਹੋ ਨਿੱਬੜਦੀ ਹੈ। ਸਮੂਹ ਪੰਜਾਬੀਆਂ ਨੂੰ ਇਸ ਧਾਰਾ ਉੱਤੇ ਯੋਗ ਮਾਨ ਹੈ ਅਤੇ ਇਹੀ ਕਾਰਨ ਹੈ ਕਿ ਇਸ ਨੂੰ 'ਗੁਰੂ ਗ੍ਰੰਥ ਸਾਹਿਬ' ਵਜੋਂ ਸਤਿਕਾਰਿਆ ਅਤੇ ਸਿਮਰਿਆ ਜਾਂਦਾ ਹੈ।

------

**ਪ੍ਰਸ਼ਨ**

1. ਗੁਰਮਤਿ ਧਾਰਾ ਦੇ ਸਰੂਪ ਅਤੇ ਵਿਕਾਸ ਉੱਤੇ ਇਕ ਨੋਟ ਲਿਖੋ।
2. ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਵਿਸ਼ੇਸ਼ਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।
3. ਗੁਰੂ ਨਾਨਕ ਕਾਲ ਦੀਆਂ ਪ੍ਰਵਿਰਤੀਆਂ ਵਿਚੋਂ ਗੁਰਮਤਿ ਧਾਰਾ ਦੇ ਮਹੱਤਵ ਉਪਰ ਇਕ ਲੇਖ ਲਿਖੋ।
4. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ ਤੇ ਸਮਾਜਿਕ ਮਹਾਨਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। (ਅਪਰੈਲ 2018)

ਪਾਠ ਨੰ: 1.8 - ਪ੍ਰੋ. ਬ੍ਰਹਮਜਗਦੀਸ਼ ਸਿੰਘ

## ਗੁਰੂ ਨਾਨਕ ਕਾਲ ਦੀ ਪੰਜਾਬੀ ਕਿੱਸਾ ਕਾਵਿ-ਧਾਰਾ

**8.1 ਰੂਪ-ਰੇਖਾ**

ਕਿੱਸਾ ਕਾਵਿ ਮੱਧਕਾਲੀਨ ਪੰਜਾਬੀ ਕਾਵਿ ਦੀ ਇਕ ਅਤਿਅੰਤ ਲੋਕਪ੍ਰਿਅ ਕਾਵਿ ਧਾਰਾ ਹੈ। ਇਸ ਦਾ ਆਰੰਭ ਗੁਰੂ ਨਾਨਕ ਕਾਲ ਵਿਚ ਹੈ ਅਤੇ ਦਮੋਦਰ ਨੂੰ ਪੰਜਾਬੀ ਕਿੱਸਾ ਕਾਵਿ ਦਾ ਪਹਿਲਾ ਕਵੀ ਮੰਨਿਆ ਜਾਂਦਾ ਹੈ। ਦਮੋਦਰ ਨੇ 'ਹੀਰ ਰਾਂਝੇ' ਦਾ ਕਿੱਸਾ ਲਿਖਿਆ। ਦਮੋਦਰ ਇਹ ਦਾਅਵਾ ਕਰਦਾ ਹੈ ਕਿ ਉਸ ਨੇ ਹੀਰ-ਰਾਂਝੇ ਦੀ ਪ੍ਰੇਮ-ਕਹਾਣੀ ਨਾਲ ਸੰਬੰਧਿਤ ਸਾਰੀਆਂ ਘਟਨਾਵਾਂ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ। ਪਰ ਇਹ ਗੱਲ ਉਸ ਨੇ ਐਵੇਂ ਆਪਣੇ ਕਿੱਸੇ ਦੀ ਕਹਾਣੀ ਨੂੰ ਰੋਚਕ ਅਤੇ ਵਿਸ਼ਵਾਸਯੋਗ ਬਣਾਉਣ ਲਈ ਲਿਖੀ ਜਾਪਦੀ ਹੈ। ਅਸਲ ਵਿਚ ਇਹ ਘਟਨਾ ਉਸ ਤੋਂ ਕਾਫ਼ੀ ਸਮਾਂ ਪਹਿਲਾਂ ਵਾਪਰ ਚੁਕੀ ਸੀ। ਦਮੋਦਰ ਤੋਂ ਪਿੱਛੋਂ ਇਸ ਕਾਲ ਵਿਚ ਪੀਲੂ ਅਤੇ ਹਾਫ਼ਿਜ਼ ਬਰਖ਼ੁਰਦਾਰ ਵਰਗੇ ਕਵੀ ਹੋਏ। ਇਸ ਪਾਠ ਵਿਚ ਵਿਦਿਆਰਥੀਆਂ ਨੂੰ ਇਨ੍ਹਾਂ ਸਾਰੇ ਕਵੀਆਂ ਦੀਆਂ ਰਚਨਾਵਾਂ ਅਤੇ ਕਾਵਿ-ਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਪਾਠ-ਸਮੱਗਰੀ ਨੂੰ ਧਿਆਨ ਨਾਲ ਪੜ੍ਹਨ ਅਤੇ ਕਵੀਆਂ ਦੀਆਂ ਟੂਕਾਂ ਨੂੰ ਜ਼ਬਾਨੀ ਯਾਦ ਕਰ ਲੈਣ ਤਾਂ ਜੋ ਪਰੀਖਿਆ ਵਿਚ ਉੱਤਰ ਦੇਣ ਸਮੇਂ ਉਨ੍ਹਾਂ ਨੂੰ ਕੋਈ ਕਠਨਾਈ ਨਾ ਹੋਵੇ।

**8.2 ਪ੍ਰਯੋਜਨ**

ਇਸ ਪਾਠ ਦਾ ਉਦੇਸ਼ ਬੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ ਕਿੱਸਾ ਕਾਵਿ ਪਰੰਪਰਾ ਨਾਲ ਪਰਿਚਿਤ ਕਰਵਾਉਣਾ ਹੈ। ਇਹ ਪਰੰਪਰਾ ਮੱਧ ਕਾਲ ਦੇ ਕਵੀਆਂ ਅਤੇ ਪਾਠਕਾਂ, ਦੋਹਾਂ ਵਿਚ ਬਹੁਤ ਲੋਕ ਪ੍ਰਿਅ ਰਹੀ। ਇਸ ਦੀ ਲੋਕਪ੍ਰਿਅਤਾ ਦਾ ਵੱਡਾ ਕਾਰਨ ਕਵਿਤਾ ਵਿਚ ਦੱਸੀ ਹੋਈ ਪ੍ਰੇਮੀ ਜਨਾਂ ਦੀ ਕਹਾਣੀ ਹੋਇਆ ਕਰਦੀ ਸੀ। ਕਿੱਸਾ ਕਵੀ ਆਪਣੀਆਂ ਰਚਨਾਵਾਂ ਵਿਚ ਕਹਾਣੀ ਦੇ ਪਲਾਟ (ਗੋਂਦ) ਅਤੇ ਕਿੱਸਿਆਂ ਨਾਲ ਸੰਬੰਧਿਤ ਵੱਖ-ਵੱਖ ਪਾਤਰਾਂ ਦੇ ਚਰਿਤਰ ਉਸਾਰਨ ਵੱਲ ਵੀ ਭਰਪੂਰ ਧਿਆਨ ਦਿੰਦੇ ਸਨ। ਕਹਾਣੀ ਦੀ ਗੋਂਦ ਅਤੇ ਪਾਤਰ-ਉਸਾਰੀ ਵਿਚ ਨਿਪੁੰਨ ਕਵੀ ਹੀ ਇਸ ਕਾਵਿ ਪਰੰਪਰਾ ਵਿਚ ਪ੍ਰਸਿੱਧੀ ਪ੍ਰਾਪਤ ਕਰਦੇ ਸਨ। ਦਮੋਦਰ, ਪੀਲੂ ਅਤੇ ਹਾਫ਼ਿਜ਼ ਬਰਖ਼ੁਰਦਾਰ ਵਰਗੇ ਕਵੀ, ਆਪਣੀ ਅਸਾਧਾਰਣ ਕਾਵਿ-ਪ੍ਰਤਿਭਾ ਦੇ ਕਾਰਨ ਹੀ ਇਸ ਕਾਵਿਧਾਰਾ ਵਿਚ ਪ੍ਰਸਿੱਧ ਹੋਏ ਸਨ।

**8.3.1 ਕਿੱਸਾ ਕਾਵਿ ਦਾ ਆਰੰਭ**

ਕਿੱਸਾ ਕਾਵਿ ਅਰਬੀ-ਫ਼ਾਰਸੀ ਪਰੰਪਰਾ ਰਾਹੀਂ ਪੰਜਾਬੀ ਸਾਹਿੱਤ ਵਿਚ ਆਇਆ ਹੈ। 'ਕਿੱਸਾ' ਸ਼ਬਦ ਦੀ ਉਤਪਤੀ 'ਕਸ' ਧਾਤੂ ਵਿਚੋਂ ਹੋਈ ਹੈ, ਜਿਸ ਦੇ ਅਰਥ ਹਨ, ਪਿੱਛਾ ਕਰਨਾ, ਖ਼ਬਰ ਦੇਣਾ। ਕਿੱਸਾ ਕਵੀ ਕਿਸੇ ਪ੍ਰੇਮ ਘਟਨਾ ਦਾ ਪਿੱਛਾ ਕਰ ਕੇ ਪਾਠਕਾਂ ਤੱਕ ਇਸ ਦੀ ਪੂਰੀ-ਪੂਰੀ ਖ਼ਬਰ ਪੁਚਾਉਂਦੇ ਸਨ। ਅਰਬੀ-ਫ਼ਾਰਸੀ ਵਿਚ ਬਹੁਤੇ ਕਿੱਸੇ 'ਮਸਨਵੀ' ਵਿਚ ਲਿਖੇ ਜਾਂਦੇ ਸਨ। ਇਹ 'ਬੈਂਤ' ਵਿਚ ਹੁੰਦੀ ਸੀ ਅਤੇ ਹਰ ਬੈਂਤ ਦਾ ਕਾਫ਼ੀਆ ਬਦਲ ਕੇ ਆਉਂਦਾ ਸੀ। 'ਮਸਨਵੀ' ਫ਼ਾਰਸੀ ਦੇ ਹੋਰ ਕਾਵਿ ਰੂਪਾਂ ਦੀ ਤੁਲਨਾ ਵਿਚ ਵਧੇਰੇ ਪ੍ਰਸਿੱਧ ਹੋਈ ਕਿਉਂਕਿ ਇਸ ਵਿਚ ਮਨੁੱਖੀ ਹਾਵ-ਭਾਵ, ਪ੍ਰਾਕਿਰਤਕ-ਦ੍ਰਿਸ਼, ਘਟਨਾ-ਵਰਣਨ ਅਤੇ ਜ਼ਿੰਦਗੀ ਦੇ ਬਹੁਤ ਸਾਰੇ ਪੱਖ ਪੇਸ਼ ਕੀਤੇ ਜਾਂਦੇ ਸਨ। ਇਹ ਪ੍ਰਭਾਵ ਪੰਜਾਬੀ ਕਿੱਸਾਕਾਰੀ ਨੇ ਇੰਨ-ਬਿੰਨ ਗ੍ਰਹਿਣ ਕਰ ਲਏ। ਮਸਨਵੀ ਕਈ ਪ੍ਰਕਾਰ ਦੀ ਹੁੰਦੀ ਸੀ - ਇਸ਼ਕੀਆ, ਬੀਰ ਰਸੀ, ਸਦਾਚਾਰਕ ਅਤੇ ਦਾਰਸ਼ਨਿਕ ਆਦਿਕ। ਪੰਜਾਬੀ ਕਿੱਸਾ ਕਾਵਿ ਵਿਚ ਵੀ ਇਹ ਸਾਰੀਆਂ ਵੰਨਗੀਆਂ ਨਜ਼ਰ ਆ ਜਾਂਦੀਆਂ ਹਨ।

8.3.2 ਡਾ. ਜੀਤ ਸਿੰਘ ਸੀਤਲ ਕਿੱਸਾ ਕਾਵਿ ਪਰੰਪਰਾ ਉੱਤੇ ਈਰਾਨੀ ਪ੍ਰਭਾਵਾਂ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ ਕਿੱਸਿਆਂ ਵਿਚ ਨਾਇਕ-ਨਾਇਕਾਵਾਂ ਦੀ ਪੇਸ਼ਕਾਰੀ ਈਰਾਨੀ ਪਰੰਪਰਾ ਤੋਂ ਪ੍ਰਭਾਵਿਤ ਹੈ। ਉਸ ਅਨੁਸਾਰ ਇਮਾਮ ਬਖ਼ਸ਼ ਵਰਗੇ ਕਵੀਆਂ ਨੇ ਇਸ ਪ੍ਰਭਾਵ ਨੂੰ ਸਪੱਸ਼ਟ ਤੌਰ ਤੇ ਸਵੀਕਾਰ ਕੀਤਾ ਹੈ। ਉਸ ਦੁਆਰਾ ਲਿਖੇ ਸ਼ਾਹ ਬਹਿਰਾਮ, ਲੈਲਾ ਮਜਨੂੰ ਅਤੇ ਗੁਲ ਸਨੋਬਰ ਵਰਗੇ ਕਿੱਸਿਆਂ ਉਪਰ ਇਹ ਪ੍ਰਭਾਵ ਸਾਫ਼ ਤੌਰ ਤੇ ਨਜ਼ਰ ਆ ਜਾਂਦਾ ਹੈ।

ਫ਼ਾਰਸੀ ਪ੍ਰਭਾਵ ਤੋਂ ਛੁੱਟ ਪੰਜਾਬੀ ਕਿੱਸਾਕਾਰੀ ਉੱਤੇ ਯੂਨਾਨੀ ਪ੍ਰਭਾਵ ਵੀ ਪਏ। ਤ੍ਰਾਸਦੀ ਅਤੇ ਹੋਣੀ ਆਦਿ ਤੱਤ ਯੂਨਾਨੀ ਸਭਿਆਚਾਰ ਦੀ ਦੇਣ ਹਨ। ਪੰਜਾਬੀ ਦੇ ਹਰ ਕਿਸੇ ਵਿਚ ਨਾਇਕ ਅਤੇ ਨਾਇਕਾ ਦੀ ਮੌਤ ਦਾ ਕਾਰਨ ਹੋਣੀ ਨੂੰ ਮੰਨਿਆ ਜਾਂਦਾ ਹੈ।

8.3.3 ਪੰਜਾਬੀ ਕਿੱਸਾ ਕਾਵਿ ਪਰੰਪਰਾ ਕੁਝ ਨਿਸ਼ਚਿਤ ਵਿਧੀਆਂ ਅਤੇ ਕਾਵਿ-ਰੂੜੀਆਂ ਦਾ ਪਾਲਣ ਕਰਦੀ ਹੈ। ਹਰ ਕਿੱਸੇ ਦੇ ਆਰੰਭ ਵਿਚ ਮੰਗਲਾਚਰਣ ਹੁੰਦਾ ਹੈ, ਜਿਸ ਵਿਚ ਕਵੀ ਆਪਣੀ ਪੀਰ ਜਾਂ ਗੁਰੂ ਪਾਸੋਂ ਕਿੱਸਾ ਲਿਖਣ ਲਈ ਸਹਾਇਤਾ ਦੀ ਮੰਗ ਕਰਦਾ ਹੈ। ਉਸ ਦਾ ਨਾਮ ਸਿਮਰਦਾ ਹੈ ਤਾਂ ਕਿ ਉਸ ਨੂੰ ਆਪਣੇ ਯਤਨ ਵਿਚ ਸਫ਼ਲਤਾ ਪ੍ਰਾਪਤ ਹੋਵੇ। ਇਸ ਤੋਂ ਬਾਅਦ ਹਰ ਕਵੀ ਕਿੱਸਾ ਲਿਖਣ ਦਾ ਕਾਰਨ ਬਿਆਨ ਕਰਦਾ ਹੈ। ਦਮੋਦਰ ਲਿਖਦਾ ਹੈ ਕਿ ਉਸ ਨੇ ਹੀਰ-ਰਾਂਝੇ ਦੇ ਪ੍ਰੇਮ ਦੀਆਂ ਘਟਨਾਵਾਂ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ, ਇਸ ਵਾਸਤੇ ਉਸ ਦੇ ਮਨ ਵਿਚ ਕਿੱਸਾ ਲਿਖਣ ਦੀ ਰੀਝ ਪੈਦਾ ਹੋਈ। ਵਾਰਿਸ ਸ਼ਾਹ ਲਿਖਦਾ ਹੈ ਕਿ ਉਸ ਨੇ ਆਪਣੇ ਦੋਸਤਾਂ ਦੀ ਫਰਮਾਇਸ਼ ਉਪਰ ਕਿੱਸਾ ਲਿਖਿਆ। ਹਾਸ਼ਮ ਅਨੁਸਾਰ ਉਸ ਨੇ ਇਸ਼ਕ ਅਨੁਭਵ ਦੀ ਸ਼ਿੱਦਤ (ਸਿਖਰ) ਨੂੰ ਬਿਆਨ ਕਰਨ ਲਈ 'ਕਿੱਸਾ ਸੱਸੀ ਪੁੰਨੂੰ' ਦੀ ਰਚਨਾ ਕੀਤੀ। ਇਉਂ ਹਰ ਕਵੀ ਕਿੱਸਾ ਲਿਖਣ ਲਈ ਆਪਣਾ-ਆਪਣਾ ਕੋਈ ਕਾਰਨ ਜ਼ਰੂਰ ਬਿਆਨ ਕਰਦਾ ਹੈ।

8.3.4 ਕਈ ਵਾਰ ਇਉਂ ਪ੍ਰਤੀਤ ਹੁੰਦਾ ਹੈ ਕਿ ਮੱਧ ਕਾਲ ਵਿਚ ਕਿੱਸਾ ਲਿਖਣ ਨੂੰ ਕੋਈ ਉੱਤਮ ਕਾਰਜ ਨਹੀਂ ਸੀ ਮੰਨਿਆ ਜਾਂਦਾ। ਇਹੀ ਕਾਰਨ ਹੈ ਕਿ ਹਰ ਕਵੀ ਨੂੰ ਕਿੱਸਾ ਲਿਖਣ ਦੀ ਕੋਈ ਵਜ੍ਹਾ (ਕਾਰਨ) ਬਿਆਨ ਕਰਨੀ ਪੈਂਦੀ ਹੈ। ਅਸਲ ਵਿਚ ਮੱਧ ਕਾਲ ਵਿਚ ਧਰਮ-ਕਰਮ ਨੂੰ ਮਨੁੱਖ ਦਾ ਪਰਮ ਉਦੇਸ਼ ਮੰਨਿਆ ਜਾਂਦਾ ਸੀ। ਇਸ ਲਈ ਸਮਾਜ ਦੇ ਸ੍ਰੇਸ਼ਠ ਲੋਕ ਧਰਮ-ਕਰਮ ਦੇ ਕੰਮਾਂ ਵਿਚ ਵਧੇਰੇ ਰੁਚੀ ਲੈਂਦੇ ਸਨ ਅਤੇ ਆਮ ਲੋਕਾਂ ਵਿਚ ਅਜਿਹੇ ਧਾਰਮਿਕ ਵਿਅਕਤੀਆਂ ਦਾ ਹੀ ਸਤਿਕਾਰ ਹੁੰਦਾ ਸੀ। ਕਿੱਸਾ ਲਿਖਣ ਵਾਲੇ ਲੋਕ ਸਾਧਾਰਣ ਰੁਚੀਆਂ ਦੇ ਮਾਲਕ ਸਮਝੇ ਜਾਂਦੇ ਸਨ। ਇਸ ਲਈ ਹਰ ਕਿੱਸਾ ਕਵੀ ਇਹ ਕੋਸ਼ਿਸ਼ ਕਰਦਾ ਸੀ ਕਿ ਉਸ ਦੇ ਕਿੱਸੇ ਵਿਚੋਂ ਧਾਰਮਿਕ ਅਰਥ ਵੀ ਢੂੰਡੇ ਜਾ ਸਕਣ। ਵਾਰਿਸ ਵਰਗੇ ਪ੍ਰਤਿਭਾਸ਼ੀਲ ਕਵੀ ਨੇ ਆਪਣੇ ਕਿੱਸੇ ਨੂੰ ਆਤਮਾ ਅਤੇ ਸਰੀਰ ਦੇ ਪਰਸਪਰ ਸੰਬੰਧਾਂ ਦੀ ਕਹਾਣੀ ਬਣਾਉਣ ਦੀ ਕੋਸ਼ਿਸ਼ ਇਸੇ ਕਾਰਨ ਕੀਤੀ।

8.3.5 ਪੰਜਾਬੀ ਵਿਚ ਕਿੱਸਿਆਂ ਦਾ ਅੰਤ ਦੁਖਾਂਤ ਵਿਚ ਕਰਨ ਦੀ ਪਰੰਪਰਾ ਰਹੀ ਹੈ। ਦਮੋਦਰ ਨੇ ਸਭ ਪਹਿਲਾਂ ਆਪਣਾ ਕਿੱਸਾ ਰਚਿਆ। ਹਿੰਦੂ ਧਰਮ ਨਾਲ ਸੰਬੰਧ ਰੱਖਣ ਕਾਰਨ ਉਸ ਨੂੰ ਦੁਖਾਂਤ-ਪਰੰਪਰਾ ਦਾ ਬਹੁਤਾ ਗਿਆਨ ਨਹੀਂ ਸੀ। ਇਸ ਲਈ ਉਹ ਆਪਣੇ ਕਿੱਸੇ ਦਾ ਅੰਤ ਹੀਰ ਅਤੇ ਰਾਂਝੇ ਦੀ ਮੌਤ ਨਾਲ ਨਹੀਂ ਕਰਦਾ ਬਲਕਿ ਦੋਹਾਂ ਦਾ ਮੇਲ ਕਰਵਾ ਦਿੰਦਾ ਹੈ ਪਰੰਤੂ ਉਸ ਸਮੇਂ ਦੇ ਸਮਾਜ ਵਿਚ ਪ੍ਰੇਮੀ ਲੋਕਾਂ ਦਾ ਸਮਾਜ ਤੋਂ ਬੇਪ੍ਰਵਾਹ ਜਾਂ ਨਾਬਰ ਹੋ ਕੇ ਰਹਿਣਾ ਸੰਭਵ ਨਹੀਂ ਸੀ। ਇਸ ਲਈ ਉਹ ਦੋਹਾਂ ਨੂੰ ਦੇਸ਼-ਨਿਕਾਲਾ ਦੇ ਕੇ ਪੰਜਾਬ ਤੋਂ ਬਾਹਰ ਅਰਬ ਦੇਸ਼ ਦੀ ਦਿਸ਼ਾ ਵਿਚ ਭੇਜ ਦਿੰਦਾ ਹੈ। ਦਮੋਦਰ ਤੋਂ ਪਿੱਛੋਂ ਆਉਣ ਵਾਲੇ ਬਹੁਤੇ ਕਿੱਸਾ ਕਵੀ ਮੁਸਲਮਾਨ ਸਨ। ਇਸਲਾਮ ਵਿਚ ਦੁਖਾਂਤ ਨੂੰ ਪ੍ਰਵਾਨਗੀ ਮਿਲੀ ਹੋਈ ਸੀ। ਇਸੇ ਕਾਰਨ ਪੰਜਾਬੀ ਵਿਚ ਲਿਖੇ ਗਏ ਬਹੁਤੇ ਕਿੱਸੇ ਦੁਖਾਂਤ ਰੂਪ ਵਿਚ ਸਮਾਪਤ ਹੁੰਦੇ ਹਨ। ਮੁਸਲਮਾਨ ਕਵੀਆਂ ਦੇ ਲਿਖੇ ਹੋਏ ਕਿੱਸਿਆਂ ਵਿਚ ਨਾਇਕ ਅਤੇ ਨਾਇਕਾਵਾਂ ਸਮਾਜ ਦੇ ਵਿਰੁੱਧ ਪੂਰੀ ਤਨਦੇਹੀ ਨਾਲ ਸੰਘਰਸ਼ ਤਾਂ ਜ਼ਰੂਰ ਕਰਦੇ ਹਨ ਪਰ ਉਹ ਆਪਣੇ ਸੰਘਰਸ਼ ਵਿਚ ਕਾਮਯਾਬ ਨਹੀਂ ਹੁੰਦੇ ਅਤੇ ਲੜਦੇ-ਲੜਦੇ ਸ਼ਹੀਦ ਹੋ ਜਾਂਦੇ ਹਨ। ਕਿੱਸਾ ਕਵੀ ਇਨ੍ਹਾਂ ਪ੍ਰੇਮੀਆਂ ਦੀ ਮੌਤ ਦਾ ਕਾਰਨ ਹੋਣੀ ਨੂੰ ਮੰਨਦੇ ਹਨ। ਹੋਣੀ ਨੇ ਹੀ ਉਨ੍ਹਾਂ ਨੂੰ ਇਸ਼ਕ ਕਰਨ ਵਾਸਤੇ ਉਕਸਾਇਆ ਅਤੇ ਅੰਤ ਮਾਰ ਮੁਕਾਇਆ। ਇਉਂ ਹੋਣੀ ਵੀ ਆਸ਼ਕਾਂ ਦੀ ਦੁਸ਼ਮਣ ਅਤੇ ਘਾਤਕ ਸਿੱਧ ਹੁੰਦੀ ਹੈ।

**8.4.1 ਦਮੋਦਰ**

ਪੰਜਾਬੀ ਕਿੱਸਾ ਕਾਵਿ ਪਰੰਪਰਾ ਦਾ ਮੁੱਢ ਦਮੋਦਰ ਨਾਲ ਬਝਦਾ ਹੈ। ਬੇਸ਼ਕ ਇਹ ਮੰਨਣਾ ਕਠਿਨ ਹੈ ਕਿ ਦਮੋਦਰ ਤੋਂ ਪਹਿਲਾਂ ਪੰਜਾਬੀ ਵਿਚ ਕਿੱਸਾ ਕਾਵਿ ਵਰਗੀ ਕਿਸੇ ਰਚਨਾ ਦਾ ਉੱਕਾ ਹੀ ਅਭਾਵ ਹੋਵੇਗਾ; ਡਾ. ਮੋਹਨ ਸਿੰਘ ਦੀਵਾਨਾ ਨੇ ਪੂਰਵ ਨਾਨਕ ਕਾਲ ਦੇ ਇਕ ਕਵੀ ਪੁਸ਼ਯ ਜਾਂ ਪੁਸ਼ਪ ਵੱਲ ਸੰਕੇਤ ਕੀਤਾ ਵੀ ਹੈ ਪਰੰਤੂ ਦਮੋਦਰ ਤੋਂ ਪਹਿਲਾਂ ਰਚੀ ਕਿਸੇ ਰਚਨਾ ਦਾ ਨਾ ਮਿਲਣਾ ਇਹ ਸਿੱਧ ਕਰਨ ਲਈ ਕਾਫ਼ੀ ਹੈ ਕਿ ਪੰਜਾਬੀ ਕਿੱਸਾ ਪਰੰਪਰਾ ਦਾ ਪ੍ਰਥਮ ਹਸਤਾਖਰ ਦਮੋਦਰ ਹੀ ਸੀ। ਉਸ ਨੇ ਪੰਜਾਬੀ ਵਿਚ ਕੇਵਲ ਇਕ ਕਿੱਸੇ 'ਹੀਰ ਰਾਂਝਾ' ਦੀ ਰਚਨਾ ਕੀਤੀ ਹੈ।

ਉਹ ਆਪਣੀ ਇਸ ਰਚਨਾ ਵਿਚ ਬਾਰ-ਬਾਰ ਅਕਬਰ ਬਾਦਸ਼ਾਹ ਦੇ ਰਾਜ ਵੱਲ ਸੰਕੇਤ ਕਰਦਾ ਹੈ, ਜਿੱਥੋਂ ਪਤਾ ਚਲਦਾ ਹੈ ਕਿ ਉਸ ਨੇ ਆਪਣਾ ਇਹ ਕਿੱਸਾ ਅਕਬਰ ਦੇ ਰਾਜ ਦੌਰਾਨ ਲਿਖਿਆ ਹੋਵੇਗਾ :

1. ਪਾਤਸ਼ਾਹੀ ਜੋ ਅਕਬਰ ਸੰਦੀ, ਦਿਨ ਦਿਨ ਚੜ੍ਹੇ ਸਵਾਈ।
2. ਪਾਤਸ਼ਾਹੀ ਜੋ ਅਕਬਰ ਸੰਦੀ, ਹੀਲ ਨਾ ਹੁੱਜਤ ਕਾਈ।

**8.4.2** ਦਮੋਦਰ ਆਪਣੇ ਇਸ ਕਿੱਸੇ ਵਿਚ ਕਈ ਥਾਂ ਇਹ ਦਾਅਵਾ ਕਰਦਾ ਹੈ ਕਿ ਉਸ ਨੇ ਇਸ ਕਿੱਸੇ ਦੀਆਂ ਘਟਨਾਵਾਂ ਨੂੰ ਅੱਖੀਂ ਦੇਖਿਆ। ਉਹ ਇਹ ਵੀ ਦਸਦਾ ਹੈ ਕਿ ਉਸ ਨੇ ਹੀਰ ਦੇ ਪਿੰਡ ਝੰਗ ਸਿਆਲ ਵਿਚ ਇਕ ਹੱਟੀ ਪਾਈ ਹੋਈ ਸੀ। ਇਸ ਲਈ ਉਹ ਸਾਰੀਆਂ ਘਟਨਾਵਾਂ ਦਾ ਚਸ਼ਮਦੀਦ ਗਵਾਹ ਸੀ। ਪਰ ਉਸ ਦਾ ਇਹ ਦਾਅਵਾ ਸੱਚ ਨਹੀਂ ਹੈ ਕਿਉਂਕਿ ਹੀਰ ਰਾਂਝੇ ਦੇ ਪ੍ਰੇਮ ਦੀ ਘਟਨਾ ਦਮੋਦਰ ਤੋਂ ਕਾਫ਼ੀ ਸਮਾਂ ਪਹਿਲਾਂ ਵਾਪਰ ਚੁੱਕੀ ਸੀ। ਉਹ ਇਹ ਦਾਅਵਾ ਇਸ ਲਈ ਕਰਦਾ ਹੈ ਤਾਂ ਜੋ ਇਹ ਘਟਨਾ ਸੱਚੀ ਜਾਂ ਵਾਸਤਵਿਕ ਪ੍ਰਤੀਤ ਹੋਵੇ ਕਿਉਂਕਿ ਉਨ੍ਹਾਂ ਦਿਨਾਂ ਵਿਚ ਪਾਠਕ ਜਾਂ ਸਰੋਤੇ ਕਲਪਿਤ ਘਟਨਾਵਾਂ ਵੱਲ ਧਿਆਨ ਨਹੀਂ ਸਨ ਦਿੰਦੇ। ਸੱਚੀ ਜਾਂ ਹੱਡਬੀਤੀ ਘਟਨਾ ਨੂੰ ਹੀ ਲੋਕ ਸੁਣਦੇ ਸਨ। ਦਮੋਦਰ ਇਸ ਘਟਨਾ ਨੂੰ ਸੱਚੀ ਦਰਸਾਉਣ ਲਈ ਕਿੱਸੇ ਦੇ ਆਰੰਭ ਵਿਚ ਲਿਖਦਾ ਹੈ :

ਅੱਖੀਂ ਡਿੱਠਾ ਕਿੱਸਾ ਕੀਤਾ, ਮੈਂ ਤਾਂ ਗੁਣੀ ਨਾ ਕੋਈ।
ਸ਼ਉਂਕ ਸ਼ਉਂਕ ਉੱਠੀ ਹੈ ਮੈਂਡੀ, ਤਾਂ ਦਿਲ ਉਮਕ ਹੋਈ।
ਅਸਾਂ ਮੂਹੋਂ ਅਲਾਇਆ ਉਹੀ ਜੋ ਕੁਝ ਨਜ਼ਰ ਪਾਇਓਈ।
ਆਖ ਦਮੋਦਰ ਅੱਗੇ ਕਿੱਸਾ, ਜੋਈ ਸੁਣੇ ਸਭ ਕੋਈ।

**8.4.3** ਹੀਰ-ਰਾਂਝੇ ਦੀ ਕਹਾਣੀ ਸੰਬੰਧੀ ਮੀਆਂ ਮੌਲਾ ਬਖ਼ਸ਼ ਕੁਸ਼ਤਾ ਲਿਖਦਾ ਹੈ ਕਿ ਇਹ ਘਟਨਾ ਬਹਿਲੋਲ ਲੋਧੀ ਦੇ ਰਾਜਕਾਲ (1450-1488 ਈ.) ਸਮੇਂ ਵਾਪਰੀ। ਉਸ ਅਨੁਸਾਰ 'ਤਾਰੀਖ਼ ਝੰਗ ਸਿਆਲ' ਵਿਚ ਹੀਰ ਦੇ ਮਰਨ ਦਾ ਸਾਲ 1452 ਈ. ਲਿਖਿਆ ਹੈ। ਦਮੋਦਰ ਅਨੁਸਾਰ ਹੀਰ ਅਤੇ ਰਾਂਝਾ 1472 ਈ. ਵਿਚ ਇਕੱਠੇ ਹੋ ਗਏ ਅਰਥਾਤ ਕੋਟ ਕਬੂਲੇ ਦੇ ਰਾਜੇ ਨੇ ਇਸ ਸਾਲ ਰਾਂਝੇ ਨੂੰ ਹੀਰ ਨਾਲ ਇਕੱਠੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਸੀ। ਦਮੋਦਰ ਲਿਖਦਾ ਹੈ :

ਪੰਦਰਾ ਸੌ ਉਨਤਰੀ ਆਹਾ, ਸੰਮਤ ਬਿਕਰਮੀ ਰਾਏ।
ਹੀਰ ਤੇ ਰਾਂਝੇ ਹੋਏ ਇਕੱਠੇ, ਝੇੜੇ ਰੱਬ ਚੁਕਾਏ।

**8.4.4** 1529 ਬਿਕਰਮੀ (1472 ਈ.) ਵਿਚ ਬਹਿਲੋਲ ਲੋਧੀ ਦਾ ਰਾਜ ਸੀ। ਦਮੋਦਰ ਅਕਬਰ ਦੇ ਰਾਜ ਦੀ ਗੱਲ ਕਰਦਾ ਹੈ। ਜਿੱਥੋਂ ਪਤਾ ਚਲਦਾ ਹੈ ਕਿ ਦਮੋਦਰ ਨੇ ਇਤਿਹਾਸ ਦਾ ਵਰਣਨ ਠੀਕ ਤਰ੍ਹਾਂ ਨਾਲ ਨਹੀਂ ਕੀਤਾ। ਬੇਸ਼ਕ ਉਹ ਅਕਬਰ ਦੇ ਰਾਜ ਸਮੇਂ ਹੋਇਆ ਹੋਵੇਗਾ ਪਰ ਹੀਰ-ਰਾਂਝੇ ਦੀ ਘਟਨਾ ਉਸ ਤੋਂ ਕਾਫ਼ੀ ਸਮਾਂ ਪਹਿਲਾਂ ਵਾਪਰ ਚੁਕੀ ਸੀ ਅਤੇ ਇਹ ਪੰਜਾਬ ਵਿਚ ਕਾਫ਼ੀ ਪ੍ਰਸਿੱਧ ਹੋ ਗਈ ਸੀ। ਇਸ ਪ੍ਰਸੰਗ ਵਿਚ ਪ੍ਰੋ. ਪਰਮਿੰਦਰ ਸਿੰਘ ਲਿਖਦੇ ਹਨ ਕਿ ਸ਼ਾਇਦ ਦਮੋਦਰ ਨੇ ਇਹ ਘਟਨਾ ਆਪਣੀ ਜਵਾਨੀ ਵੇਲੇ ਦੇਖੀ ਹੋਵੇ ਪਰ ਇਹ ਕਿੱਸਾ ਉਸ ਨੇ ਬੁਢਾਪੇ ਸਮੇਂ ਲਿਖਿਆ ਹੋਵੇ ਜਦੋਂ ਭਾਰਤ ਉਪਰ ਅਕਬਰ ਦਾ ਰਾਜ ਸਥਾਪਿਤ ਹੋ ਗਿਆ ਸੀ। (ਪੰਜਾਬੀ ਸਾਹਿੱਤ ਦਾ ਇਤਿਹਾਸ, ਪੰਨਾ 65) ਪਰ ਬਹੁਤੇ ਵਿਦਵਾਨਾਂ ਨੇ ਦਮੋਦਰ ਦੇ 'ਅੱਖੀ ਵੇਖਣ ਵਾਲੇ' ਦਾਅਵੇ ਨੂੰ ਮਿਥਿਆ ਮੰਨ ਕੇ ਖ਼ਾਰਜ ਕਰ ਦਿੱਤਾ ਹੈ।

**8.4.5** ਇਸ ਕਿੱਸੇ ਨੂੰ ਪੜ੍ਹਨ ਉਪਰੰਤ ਇਹ ਸਿੱਧ ਹੋ ਜਾਂਦਾ ਹੈ ਕਿ ਦਮੋਦਰ ਇਕ ਪ੍ਰੋਢ ਕਵੀ ਸੀ। ਇਹ ਵੀ ਸੰਭਵ ਹੈ ਕਿ 'ਹੀਰ ਰਾਂਝੇ' ਤੋਂ ਬਿਨਾਂ ਉਸ ਨੇ ਕੋਈ ਹੋਰ ਕਿੱਸਾ ਵੀ ਲਿਖਿਆ ਹੋਵੇ, ਜਿਹੜਾ ਸਾਡੇ ਤੱਕ ਨਹੀਂ ਪੁੱਜਾ। ਇਹ ਕਿੱਸਾ ਸਰ ਰਿਚਰਡ ਟੈਂਪਲ ਨੇ ਮਰਾਸੀਆਂ ਪਾਸੋਂ ਸੁਣ ਕੇ 'ਲੀਜੈਂਡਜ ਆਫ਼ ਦ ਪੰਜਾਬ' ਪੁਸਤਕ ਵਿਚ ਪ੍ਰਕਾਸ਼ਿਤ ਕੀਤਾ ਸੀ। ਪੰਜਾਬੀ ਵਿਚ ਇਹ ਕਿੱਸਾ ਗੰਗਾ ਸਿੰਘ ਬੇਦੀ ਨੇ ਕਿਸੇ ਪੁਰਾਣੇ ਹਥ-ਲਿਖਤ ਖਰੜੇ ਨੂੰ ਆਧਾਰ ਬਣਾ ਕੇ ਪ੍ਰਕਾਸ਼ਿਤ ਕਰਵਾਇਆ ਸੀ। ਇਸ ਦੇ ਕੁਲ 961 ਬੰਦ ਸਨ। ਉਸ ਤੋਂ ਬਾਅਦ ਸੰਪਾਦਿਤ ਕੀਤੇ ਗਏ ਕਿੱਸਿਆਂ ਵਿਚ 950 ਤੋਂ 990 ਬੰਦਾਂ ਦਾ ਵਰਣਨ ਮਿਲਦਾ ਹੈ। 'ਹੀਰ ਦਮੋਦਰ' ਪਹਿਲਾ ਪੰਜਾਬੀ ਕਿੱਸਾ ਹੈ, ਜਿਸ ਵਿਚ ਤਤਕਾਲੀ ਸਮਾਜ ਦਾ ਵਰਣਨ ਬੜੇ ਵਿਸ਼ਵਾਸਯੋਗ ਢੰਗ ਨਾਲ ਹੋਇਆ ਹੈ। ਜਨਮ, ਮੰਗਣੇ ਅਤੇ ਵਿਆਹ ਦੀਆਂ ਰਸਮਾਂ ਦਾ ਚਿਤ੍ਰਣ ਵਿਸਤਾਰ ਨਾਲ ਕੀਤਾ ਗਿਆ ਹੈ। ਇਸ ਰਚਨਾ ਵਿਚ ਪੰਜਾਬ ਦਾ ਸਾਂਝਾ ਸਭਿਆਚਾਰ ਪੇਸ਼ ਹੋਇਆ ਹੈ। ਪੰਜਾਬ ਵਿਚ ਨਵੇਂ ਮੁਸਲਮਾਨ ਬਣੇ ਖ਼ਾਨਦਾਨ, ਹਿੰਦੂ ਸਭਿਆਚਾਰ ਦੀਆਂ ਰਸਮਾਂ-ਰੀਤਾਂ ਤੋਂ ਪੂਰੀ ਤਰ੍ਹਾਂ

ਬੇਮੁਖ ਨਹੀਂ ਸਨ ਹੋਏ। ਵਿਆਹ-ਸ਼ਾਦੀ ਦੀਆਂ ਰਸਮਾਂ ਸਮੇਂ ਮੁਸਲਮਾਨ ਕਾਜ਼ੀਆਂ ਦੇ ਨਾਲ-ਨਾਲ ਬ੍ਰਾਹਮਣਾਂ ਨੂੰ ਵੀ ਪੂਰਾ ਮਹੱਤਵ ਦਿੱਤਾ ਜਾਂਦਾ ਸੀ। ਦਮੋਦਰ ਨੇ ਆਪਣੇ ਕਿੱਸੇ ਦਾ ਆਰੰਭ ਮੰਗਲਾਚਰਣ ਨਾਲ ਕੀਤਾ ਹੈ। ਇਹ ਮੰਗਲਾਚਰਣ ਸੱਚੇ ਸਾਹਿਬ ਦਾ ਹੈ, ਜੋ ਹਿੰਦੂਆਂ-ਮੁਸਲਮਾਨਾਂ ਦਾ ਸਾਂਝਾ ਰੱਬ ਸੀ। ਇਸ ਪਿੱਛੋਂ ਹੀਰ ਦੇ ਜਨਮ ਅਤੇ ਪ੍ਰੇਮ ਕਰਨ ਦੇ ਪ੍ਰਸੰਗ ਨੂੰ ਬੜੇ ਸੂਤਰਬੱਧ ਪਰ ਵੇਗਸ਼ਾਲੀ ਢੰਗ ਨਾਲ ਬਿਆਨ ਕੀਤਾ ਗਿਆ ਹੈ। ਦੇਖੋ :

ਦੋ ਵਰ੍ਹਿਆਂ ਦੀ ਛੋਹਿਰ ਹੋਈ, ਢੁਕ ਰਹੀਆਂ ਕੁੜਮਾਈਆਂ।
ਚੌਂਹ ਵਰ੍ਹਿਆਂ ਦੀ ਛੋਹਿਰ ਹੋਈ, ਗੱਲਾਂ ਕਰੇ ਸਚਿਆਈਆਂ।
ਛੇਆਂ ਵਰ੍ਹਿਆਂ ਦੀ ਛੋਹਿਰ ਹੋਈ, ਤਾਂ ਦਰ ਦਰ ਕੂਕਾਂ ਪਾਈਆਂ।
ਦਸਾਂ ਵਰ੍ਹਿਆਂ ਦੀ ਛੋਹਿਰ ਹੋਈ, ਚਾਰੇ ਨਈਂ ਨਿਵਾਈਆਂ।
ਬਾਰਾਂ ਵਰ੍ਹਿਆਂ ਦੀ ਛੋਹਿਰ ਹੋਈ, ਤਾਂ ਰਾਂਝੇ ਅੱਖੀਂ ਲਾਈਆਂ।

8.4.6 ਦਮੋਦਰ ਨੇ ਹੀਰ-ਰਾਂਝੇ ਦੇ ਇਸ਼ਕ ਨੂੰ ਬੜੇ ਮਨੋਵਿਗਿਆਨ ਢੰਗ ਨਾਲ ਪੇਸ਼ ਕੀਤਾ ਹੈ। ਰਾਂਝਾ ਆਪਣੇ ਭਰਾਵਾਂ ਵੱਲੋਂ ਕੀਤੇ ਦੁਰਵਿਹਾਰ ਤੋਂ ਪਿਛੋਂ ਘਰ ਛੱਡ ਕੇ ਝਨਾਂ ਦੇ ਕੰਢੇ ਪਹੁੰਚ ਜਾਂਦਾ ਹੈ। ਦਰਿਆ ਵਿਚ ਹੀਰ ਦੀ ਸਜੀ-ਸਜਾਈ ਕਿਸ਼ਤੀ ਵਿਚ ਵਿਛੀ ਹੀਰ ਦੀ ਸੇਜ ਉੱਤੇ ਚੜ੍ਹ ਕੇ ਸੌਂ ਜਾਂਦਾ ਹੈ। ਜਦੋਂ ਹੀਰ ਨੂੰ ਇਸ ਗੱਲ ਦਾ ਪਤਾ ਚਲਦਾ ਹੈ ਤਾਂ ਉਹ ਰਾਂਝੇ ਨੂੰ ਮਾਰਨ ਵਾਸਤੇ ਆਪਣੀ ਸਹੇਲੀਆਂ ਨਾਲ ਆਉਂਦੀ ਹੈ। ਕੁੜੀਆਂ ਦਾ ਰੌਲਾ ਸੁਣ ਕੇ ਰਾਂਝੇ ਨੂੰ ਜਾਗ ਆ ਜਾਂਦੀ ਹੈ ਅਤੇ ਉਹ ਆਪਣੀ ਵੰਝਲੀ ਵਜਾਉਣ ਲੱਗਦਾ ਹੈ। ਵੰਝਲੀ ਦੀ ਧੁਨ ਸੁਣ ਕੇ ਹੀਰ, ਰਾਂਝੇ ਉੱਤੇ ਮੋਹਿਤ ਹੋ ਜਾਦੀ ਹੈ। ਦਮੋਦਰ ਇਸ ਮੁਲਾਕਾਤ ਦੀ ਪੇਸ਼ਕਾਰੀ ਕਰਦਾ ਹੋਇਆ ਲਿਖਦਾ ਹੈ :

ਤਾਂ ਚੋਰੀ ਵੇਖੇ ਹੀਰ ਸਿਆਲੀ, ਮੂੰਹੋਂ ਨਾ ਕੁਝ ਅਲਾਏ।
ਧਰਤੀ ਉਤੇ ਲੀਕਾਂ ਖੱਟੇ, ਆਖ ਨਾ ਮੂੰਹੋਂ ਸੁਣਾਏ।
ਅੰਦਰ ਗਲ ਹੰਢਾਏ ਨੀਂਗਰ, ਦਿਲ ਵਿਚ ਫ਼ਿਕਰ ਦੁੜਾਏ।
ਜੇ ਸੱਚ ਜਾਣਾ ਸਿਰਜਣਹਾਰਾ ਤਾਂ ਪੀਰਾਂ ਇਹ ਪੱਲੂ ਪਾਏ।

8.4.7 ਦਮੋਦਰ ਨੇ ਹੀਰ ਨੂੰ ਇਕ ਬਹਾਦਰ ਅਤੇ ਸੁਦ੍ਰਿੜ੍ਹ ਨਾਰੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਨੂਰੇ ਚੰਧੜ ਨਾਲ ਹੋਈ ਲੜਾਈ ਵਿਚ ਉਹ ਨੂਰੇ ਉਤੇ ਤਲਵਾਰ ਦਾ ਵਾਰ ਏਨੀ ਕੁਸ਼ਲਤਾ ਨਾਲ ਕਰਦੀ ਹੈ ਕਿ ਉਸਦੇ ਧੜ ਨੂੰ ਅੱਧ-ਵਿਚਕਾਰੋਂ ਚੀਰ ਦਿੰਦੀ ਹੈ। ਇਸੇ ਤਰ੍ਹਾਂ ਇਕ ਵਾਰ ਜਦ ਕੈਦੋਂ ਚਾਚਾ, ਮੱਕਾਰੀ ਨਾਲ ਰਾਂਝੇ ਤੋਂ ਚੂਰੀ ਲੈ ਕੇ ਹੀਰ ਦੇ ਪਿਤਾ ਨੂੰ ਸਾਰੀ ਹਕੀਕਤ ਦੱਸਣ ਲਈ ਰਵਾਨਾ ਹੁੰਦਾ ਹੈ ਤਾਂ ਉਸਦਾ ਪਿੱਛਾ ਕਰ ਕੇ ਉਸ ਨੂੰ ਘੇਰ ਲੈਂਦੀ ਹੈ ਅਤੇ ਉਸਦੀ ਖ਼ੂਬ ਭੁਗਤ ਸਵਾਰਦੀ ਹੈ। ਇਨ੍ਹਾਂ ਪ੍ਰਸੰਗਾਂ ਵਿਚ ਦਮੋਦਰ ਦਾ ਬਿਆਨ ਬੀਰਰਸੀ ਹੋ ਜਾਂਦਾ ਹੈ। ਉਸ ਨੇ ਆਪਣੀ ਇਸ ਰਚਨਾ ਵਿਚ ਸ਼ਿੰਗਾਰ, ਕਰੁਣਾ, ਅਦਭੁਤ ਅਤੇ ਹਾਸ ਰਸ ਦਾ ਵੀ ਬੜਾ ਪ੍ਰਭਾਵਸ਼ਾਲੀ ਪ੍ਰਯੋਗ ਕੀਤਾ ਹੈ। ਅਲੰਕਾਰਾਂ ਅਤੇ ਬਿੰਬਾਂ ਦੀ ਦ੍ਰਿਸ਼ਟੀ ਤੋਂ ਵੀ 'ਹੀਰ ਦਮੋਦਰ' ਇਕ ਬੇਜੋੜ ਰਚਨਾ ਹੈ। ਉਸ ਦੀ ਸ਼ੈਲੀ ਦਾ ਇਕ ਚਮਤਕਾਰਮਈ ਪ੍ਰਯੋਗ ਦੇਖੋ :

ਹੁੱਲੀ ਹੀਰੇ ਹੁੱਲੀ ਭੈਣੇ ਗੱਲ ਤੁਸਾਡੀ ਹੁੱਲੀ।
ਹੁਣੇ ਤਾਂ ਚੂਚਕ ਬਾਪ ਸੁਣੇਂਦਾ ਤਾਮ ਪੱਕੇ ਨਾ ਚੁਲ੍ਹੀਂ।
ਚਾਕਾਂ ਨਾਲ ਕਰੇਂ ਅਸ਼ਨਾਈ, ਫਿਰਨੀ ਏਂ ਕੇਸੋਂ ਖੁੱਲ੍ਹੀ।
ਸੁਣ ਤੂੰ ਸੱਚ ਸਿਆਣੀ ਕੁੜੀਏ, ਚਾਕਾਂ ਉਤੇ ਡੁੱਲ੍ਹੀ।

8.4.8 ਦਮੋਦਰ ਨੇ ਆਪਣੀ ਇਸ ਰਚਨਾ ਦਾ ਅੰਤ ਸੁਖਾਂਤ ਵਿਚ ਕੀਤਾ ਹੈ। ਉਸ ਤੋਂ ਪਿਛੋਂ ਲਿਖਣ ਵਾਲੇ ਬਹੁਤੇ ਕਵੀਆਂ ਨੇ ਇਸ ਕਿੱਸੇ ਦਾ ਅੰਤ ਦੁਖਾਂਤ ਵਿਚ ਕੀਤਾ। ਭਾਰਤੀ ਪਰੰਪਰਾ ਨਾਲ ਜੁੜੇ ਹੋਣ ਕਰਕੇ ਦਮੋਦਰ ਨੇ ਦੁਖਾਂਤ ਦੀ ਸਿਰਜਣਾ ਨਹੀਂ ਕੀਤੀ। ਭਾਰਤੀ ਪ੍ਰੇਮ-ਆਖਿਆਨਾ (ਕਥਾਵਾਂ) ਵਿਚ ਹਰ ਬਿਰਤਾਂਤ ਸੁਖਾਂਤ ਵਿਚ ਖ਼ਤਮ ਹੁੰਦਾ ਹੈ। ਪਰ ਦਮੋਦਰ ਏਨਾ ਜ਼ਰੂਰ ਕਰਦਾ ਹੈ ਕਿ ਉਹ ਦੋਵੇਂ ਪਾਤਰਾਂ ਨੂੰ ਆਪਣੇ ਸਾਕ-ਸੰਬੰਧੀਆਂ ਵਿਚ ਭੇਜਣ ਦੀ ਥਾਂ ਮੱਕੇ ਦੀ ਦਿਸ਼ਾ ਵੱਲ ਰਵਾਨਾ ਕਰ ਦਿੰਦਾ ਹੈ, ਜਿਥੇ ਉਹ ਅਜਨਬੀ ਪਰਿਵੇਸ਼ ਅਤੇ ਓਪਰੇ ਲੋਕਾਂ ਵਿਚ ਰਹਿੰਦੇ ਹੋਏ ਪਤਾ ਨਹੀਂ ਕਿੰਨਾ ਕੁ ਚਿਰ ਜੀਵਿਤ ਰਹੇ। ਕਦੋਂ ਤੇ ਕਿਵੇਂ ਮਰੇ ! ਹੁਣ ਦਮੋਦਰ ਆਪ ਵੀ ਉਨ੍ਹਾਂ ਦਾ ਤਿੰਨ ਕੋਹ ਤੋਂ ਵੱਧ ਪਿੱਛਾ ਕਰਨ ਦੀ ਜ਼ਰੂਰਤ ਨਹੀਂ ਸਮਝਦਾ। ਇਸ ਤਰ੍ਹਾਂ ਉਹ ਇਸ਼ਕ ਕਰਨ ਵਾਲੇ ਇਨ੍ਹਾਂ ਪਾਤਰਾਂ ਨੂੰ ਸਮਾਜ ਤੋਂ ਛੇਕਣ

ਦੀ ਇਕ ਵੱਖਰੀ ਰਵਾਇਤ ਦੀ ਸਿਰਜਣਾ ਕਰਦਾ ਹੈ। ਦਮੋਦਰ ਦਾ ਇਹ ਕਿੱਸਾ ਦਵਈਆ ਛੰਦ ਵਿਚ ਲਿਖਿਆ ਗਿਆ ਹੈ, ਜਿਸ ਦੀ ਹਰ ਪੰਕਤੀ ਵਿਚ 28 ਮਾਤ੍ਰਾਵਾਂ ਹੁੰਦੀਆਂ ਹਨ। ਦੇਖੋ :

ਜੇ ਧੀਦੋ ਚੜ੍ਹੇ ਘੋੜੇ, ਬਾਹਰ ਪੰਖੀ ਨਾ ਠਹਿਰਾਇਣ। = 28 ਮਾਤ੍ਰਾਵਾਂ
ਨਰ ਨਾਰੀ ਜੋ ਕੋਈ ਦੇਖੇ, ਪਲ ਨਾ ਪਲਕਾਂ ਲਾਇਣ। = 28 ਮਾਤ੍ਰਾਵਾਂ

### 8.5.1 **ਪੀਲੂ**

ਪੰਜਾਬੀਆਂ ਦਾ ਹਰਮਨ ਪਿਆਰਾ ਕਵੀ ਪੀਲੂ ਪਿੰਡ ਵੈਰੋਵਾਲ ਜ਼ਿਲਾ ਤਰਨਤਾਰਨ ਦਾ ਵਸਨੀਕ ਸੀ। ਉਹ ਦਮੋਦਰ ਦਾ ਛੋਟਾ ਸਮਕਾਲੀ ਸੀ। ਪੀਲੂ ਬਾਰੇ ਕਿਹਾ ਜਾਂਦਾ ਹੈ ਕਿ ਉਹ ਪੜ੍ਹਿਆ ਲਿਖਿਆ ਵਿਅਕਤੀ ਸੀ। ਇਸ ਕਾਰਨ ਉਹ ਆਪਣੇ ਕਿੱਸੇ 'ਮਿਰਜ਼ਾ ਸਾਹਿਬਾਂ' ਦਾ ਲਿਖਤੀ ਖਰੜਾ ਨਾ ਤਿਆਰ ਕਰ ਸਕਿਆ। ਨਾ ਹੀ ਕਿਸੇ ਹੋਰ ਵਿਅਕਤੀ ਨੇ ਇਸ ਕਿੱਸੇ ਨੂੰ ਲਿਖਣ ਦਾ ਯਤਨ ਕੀਤਾ। ਜਿਸ ਪ੍ਰਕਾਰ ਪੀਲੂ ਨੇ ਜ਼ਬਾਨੀ ਹੀ ਇਸ ਕਿੱਸੇ ਦੀਆਂ ਪੰਕਤੀਆਂ ਨੂੰ ਜੋੜਿਆ ਸੀ, ਹੋਰ ਲੋਕਾਂ ਖਾਸ ਕਰ ਮਿਰਾਸੀਆਂ ਆਦਿ ਨੇ ਵੀ ਇਸ ਕਿੱਸੇ ਨੂੰ ਜ਼ਬਾਨੀ ਹੀ ਯਾਦ ਰੱਖਿਆ। ਰਿਚਰਡ ਟੈਂਪਲ ਨੇ ਪਹਿਲੀ ਵਾਰ ਇਸ ਕਿੱਸੇ ਨੂੰ ਲਿਖਤੀ ਰੂਪ ਦਿੱਤਾ। ਬਾਵਾ ਬੁੱਧ ਸਿੰਘ ਨੇ ਆਪਣੀ ਪੁਸਤਕ 'ਬੰਬੀਹਾ ਬੋਲ' ਵਿਚ ਇਸ ਨੂੰ ਗੁਰਮੁਖੀ ਅੱਖਰਾਂ ਦੁਆਰਾ ਪੇਸ਼ ਕੀਤਾ। ਪੀਲੂ ਬਾਰੇ ਇਹ ਵੀ ਇਕ ਰਵਾਇਤ ਪ੍ਰਚਲਿਤ ਹੈ ਕਿ ਉਹ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ। ਉਸ ਨੇ ਕੁਝ ਧਾਰਮਿਕ ਸਲੋਕਾਂ ਦੀ ਰਚਨਾ ਵੀ ਕੀਤੀ ਸੀ ਅਤੇ ਉਹ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਾਉਣ ਦਾ ਅਭਿਲਾਖੀ ਸੀ ਪਰ ਗੁਰਮਤਿ ਦੀ ਕਸੌਟੀ ਉਪਰ ਖਰੇ ਨਾ ਉਤਰਣ ਕਾਰਨ ਇਹ ਸਲੋਕ ਇਸ ਪਵਿੱਤਰ ਗ੍ਰੰਥ ਵਿਚ ਸ਼ਾਮਲ ਨਾ ਹੋ ਸਕੇ। ਪੀਲੂ ਆਪਣੇ ਸਮੇਂ ਵਿਚ ਕਾਫ਼ੀ ਪ੍ਰਸਿੱਧ ਹੋਇਆ। ਇਹੀ ਕਾਰਨ ਹੈ ਕਿ ਉਸ ਤੋਂ ਪਿਛੋਂ ਹੋਣ ਵਾਲੇ ਕਿੱਸਾ ਕਵੀਆਂ ਨੇ ਉਸਦਾ ਜ਼ਿਕਰ ਕਾਫ਼ੀ ਸਤਿਕਾਰ ਨਾਲ ਕੀਤਾ ਹੈ। ਦੇਖੋ :

ਯਾਰੋ ਪੀਲੂ ਨਾਲ ਬਰਾਬਰੀ, ਸ਼ਾਇਰ ਭੁਲ ਕਰੇਨ।
ਉਹਨੂੰ ਪੰਜਾਂ ਪੀਰਾਂ ਦੀ ਥਾਪਣਾ, ਕੰਧੀਂ ਦਸਤ ਧਰੇਨ।
(ਹਾਫ਼ਿਜ਼ ਬਰਖ਼ੁਰਦਾਰ)

ਪੀਲੂ ਨਾਲ ਨਾ ਰੀਸ ਕਿਸੇ ਦੀ, ਉਸ ਵਿਚ ਸੋਜ਼ ਅਲਹਿਦੀ।
ਮਸਤ ਨਿਗਾਹ ਕੀਤੀ ਉਸ ਪਾਸੇ, ਕਿਸੇ ਫ਼ਕੀਰ ਵਲੀ ਦੀ।
(ਅਹਿਮਦ ਯਾਰ)

8.5.2 ਅਹਿਮਦ ਕੁਰੈਸੀ ਲਿਖਦਾ ਹੈ ਕਿ ਇਸ ਕਿੱਸੇ ਦੀ ਰਚਨਾ ਕਾਰਨ ਪੀਲੂ ਦੀ ਬਹੁਤ ਸ਼ੋਹਰਤ ਹੋਈ। ਪਿੱਛੋਂ ਆਉਣ ਵਾਲੇ ਕਵੀਆਂ ਨੇ ਉਸ ਨੂੰ ਬਹੁਤ ਸਤਿਕਾਰ ਦਿੱਤਾ। ਮੌਲਾ ਬਖ਼ਸ਼ ਕੁਸ਼ਤਾ, ਪੀਲੂ ਦੀ ਕਾਵਿ ਕਲਾ ਬਾਰੇ ਵਿਚਾਰ ਕਰਦਾ ਹੋਇਆ ਲਿਖਦਾ ਹੈ ਕਿ ਉਸਦੇ ਕਲਾਮ ਵਿਚ ਬਹੁਤ ਸੋਜ਼ ਅਤੇ ਰਵਾਨੀ ਹੈ। ਉਸ ਨੇ ਤਸ਼ਬੀਹਾਂ ਅਤੇ ਉਪਮਾਵਾਂ ਬਹੁਤ ਸੁੰਦਰ ਵਰਤੀਆਂ ਹਨ। (**ਪੰਜਾਬੀ ਸ਼ਾਇਰਾਂ ਦਾ ਤਜ਼ਕਰਾ,** ਪੰਨਾ 68) ਪੀਲੂ ਨੇ ਮਸਨਵੀ ਪ੍ਰਭਾਵ ਗ੍ਰਹਿਣ ਨਹੀਂ ਕੀਤਾ ਬਲਕਿ ਉਸ ਦੀ ਰਚਨਾ ਸ਼ੁੱਧ ਰੂਪ ਵਿਚ ਪੰਜਾਬੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। ਉਹ ਨਾਇਕ-ਨਾਇਕਾ ਦਾ ਨਖਸ਼ਿਖ (ਅੰਗ-ਪ੍ਰਤੀਅੰਗ) ਵਰਣਨ ਨਹੀਂ ਕਰਦਾ ਬਲਕਿ ਸਾਹਿਬਾਂ ਦੀ ਸੁੰਦਰਤਾ ਦਾ ਵਰਣਨ ਪਰੋਖ (ਟੇਢੇ) ਢੰਗ ਨਾਲ ਕਰਦਾ ਹੈ। ਸਾਹਿਬ ਦੇ ਅੰਗਾਂ ਦੀ ਖ਼ੂਬਸੂਰਤੀ ਦਾ ਵਰਣਨ ਕਰਨ ਦੀ ਬਜਾਇ, ਲੋਕਾਂ ਉਪਰ ਉਸ ਦਾ ਜੋ ਪ੍ਰਭਾਵ ਪੈਂਦਾ ਸੀ, ਪੀਲੂ ਉਸ ਪ੍ਰਭਾਵ ਬਾਰੇ ਦੱਸਦਾ ਹੈ। ਦੇਖੋ :

ਸਾਹਿਬਾਂ ਗਈ ਤੇਲ ਨੂੰ ਗਈ ਪਸਾਰੀ ਦੀ ਹੱਟ।
ਫੜ ਨ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ।
ਤੇਲ ਭੁਲਾਵੇ ਭੁੱਲਾ ਬਾਣੀਆ, ਦਿੱਤਾ ਸ਼ਹਿਦ ਪਲੱਟ।
ਵਣਜ ਗਵਾ ਲਏ ਬਾਣੀਆਂ, ਬਲਦ ਗਵਾ ਲਏ ਜੱਟ।

8.5.3 ਮਿਰਜ਼ਾ ਸਾਹਿਬਾਂ ਦੀ ਕਹਾਣੀ ਦੇ ਕਈ ਰੂਪਾਂਤਰ ਪੇਸ਼ ਹੁੰਦੇ ਹਨ। ਸਵਿਨਰਟਨ ਨੇ 'Romantic Tales of the Panjab' ਵਿਚ ਜੋ ਵਾਰਤਾ ਪੇਸ਼ ਕੀਤੀ ਹੈ, ਉਸ ਵਿਚ ਪੀਲੂ ਦਾ ਉਲੇਖ ਤਾਂ ਹੈ ਪਰ ਕਹਾਣੀ ਕਾਫ਼ੀ ਵੱਖਰੀ ਹੈ। ਨਾਵਾਂ, ਥਾਵਾਂ ਵਿਚ ਵੀ ਕਾਫ਼ੀ ਫ਼ਰਕ ਹੈ। ਬਾਵਾ ਬੁੱਧ ਸਿੰਘ ਨੇ ਰਿਚਰਡ ਟੈਂਪਲ ਦੀ ਪੁਸਤਕ ਵਿਚੋਂ ਇਸ

ਕਿੱਸੇ ਦਾ ਜੋ ਪਾਠ ਉਤਾਰਿਆ ਹੈ, ਉਹ ਕਾਫ਼ੀ ਉਘੜ-ਦੁਘੜਾ ਅਤੇ ਨਾਮੁਕੰਮਲ ਹੈ। ਇਸ ਦੇ ਪਹਿਲੇ ਬੰਦ ਵਿਚ ਖੀਵੇ ਖਾਨ ਦੇ ਘਰ ਸਾਹਿਬਾਂ ਦਾ ਜਨਮ ਦੱਸਿਆ ਗਿਆ ਹੈ। ਦੂਜੇ ਬੰਦ ਵਿਚ ਖਰਲਾਂ ਦੇ ਘਰ ਮਿਰਜ਼ੇ ਦੇ ਜਨਮ ਦੀ ਸੂਚਨਾ ਦਿੱਤੀ ਗਈ ਹੈ ਅਤੇ ਤੀਜੇ ਬੰਦ ਵਿਚ ਮਸੀਤੇ ਪੜ੍ਹਦਿਆਂ ਮਿਰਜ਼ੇ ਅਤੇ ਸਾਹਿਬਾਂ ਦੇ ਪ੍ਰੇਮ ਦਾ ਜ਼ਿਕਰ ਹੈ। ਇਸ ਤਰ੍ਹਾਂ ਪੀਲੂ ਦੀ ਕਹਾਣੀ ਬੜੀ ਤੇਜ਼ੀ ਨਾਲ ਛੜੱਪੇ ਮਾਰਦੀ ਹੋਈ ਅੱਗੇ ਵਧਦੀ ਜਾਂਦੀ ਹੈ। ਪੀਲੂ, ਕਿੱਸਾ ਕਾਵਿ ਦੀ ਪਰੰਪਰਾ ਦਾ ਪਾਲਣ ਕਰਦਿਆਂ ਹੋਇਆਂ ਇਸਤ੍ਰੀ-ਨਿੰਦਾ ਵੀ ਕਰ ਜਾਂਦਾ ਹੈ। ਦੇਖੋ :

ਚੜ੍ਹਦੇ ਮਿਰਜ਼ਾ ਖਾਨ ਨੂੰ, ਜੱਟ ਵੰਝਲ ਦਿੰਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮੱਤ।
ਹੱਸ ਹੱਸ ਲਾਉਂਦੀਆਂ ਯਾਰੀਆਂ, ਰੋ ਕੇ ਦੇਵਣ ਦੱਸ।
ਜਿਸ ਘਰ ਲਾਈਏ ਦੋਸਤੀ, ਮੂਲ ਨ ਘੱਤੀਏ ਲੱਤ।
ਲੱਖੀਂ ਹੱਥ ਨਾ ਆਂਵਦੀ ਦਾਨਸ਼ਮੰਦਾਂ ਦੀ ਪੱਤ।

8.5.4 ਪੀਲੂ ਦੀ ਕਾਵਿ-ਪ੍ਰਤਿਭਾ ਬੜੀ ਹੈਰਾਨੀਜਨਕ ਹੈ। ਉਹ ਬੜੇ ਸੂਤਰਬੱਧ ਢੰਗ ਨਾਲ ਘਟਨਾਵਾਂ ਦੀ ਗਤੀ ਨੂੰ ਵਿਉਂਤਬੱਧ ਕਰਦਾ ਹੋਇਆ ਆਪਣੇ ਕਿੱਸੇ ਨੂੰ ਅੱਗੇ ਵਧਾਉਂਦਾ ਹੈ। ਸਾਹਿਬਾਂ ਨੂੰ ਕੱਢ ਕੇ ਲੈ ਜਾਣ ਵਾਸਤੇ ਮਿਰਜ਼ਾ ਆਪਣੀ ਧਰਮ-ਮਾਸੀ ਬੀਬੋ ਦੇ ਘਰ ਪਹੁੰਚ ਕੇ ਉਸ ਤੋਂ ਸਹਾਇਤਾ ਦੀ ਮੰਗ ਕਰਦਾ ਹੈ। ਬੀਬੋ ਬਹਾਨੇ ਨਾਲ ਸਾਹਿਬਾਂ ਨੂੰ ਆਪਣੇ ਘਰ ਬੁਲਾ ਕੇ ਮਿਰਜ਼ੇ ਨਾਲ ਮਿਲਾ ਦਿੰਦੀ ਹੈ। ਪੀਲੂ ਨੇ ਇਸ ਘਟਨਾ ਦਾ ਵਰਣਨ ਬੜੇ ਕਲਾਤਮਕ ਢੰਗ ਨਾਲ ਕੀਤਾ ਹੈ :

ਚੀਰੇ ਵਾਲਾ ਛੋਕਰਾ ਬੀਬੋ ਅੰਦਰ ਕੌਣ ਖੜਾ।
ਮਿਰਜ਼ਾ ਫੁੱਲ ਗੁਲਾਬ ਦਾ ਮੇਰੀ ਝੋਲੀ ਟੁੱਟ ਪਿਆ।

8.5.5 ਪੀਲੂ ਨੇ ਆਪਣੀ ਇਸ ਰਚਨਾ ਠੇਠ ਪੰਜਾਬੀ ਦਾ ਬੜਾ ਢੁੱਕਵਾਂ ਪ੍ਰਯੋਗ ਕੀਤਾ ਹੈ। ਉਸ ਦੀ ਬੋਲੀ ਉੱਤੇ ਫ਼ਾਰਸੀ, ਸੰਸਕ੍ਰਿਤ, ਬ੍ਰਜੀ ਜਾਂ ਸਾਧ-ਭਾਸ਼ਾ ਦਾ ਕੋਈ ਪ੍ਰਭਾਵ ਨਹੀਂ ਹੈ। ਇਹ ਉਹ ਬੋਲੀ ਹੈ ਜੋ ਸਦੀਆਂ ਬੀਤ ਜਾਣ ਦੇ ਬਾਅਦ ਵੀ ਪੰਜਾਬ ਦੇ ਪਿੰਡਾਂ ਵਿਚ ਉਸੇ ਤਰ੍ਹਾਂ ਨਾਲ ਬੋਲੀ ਜਾ ਰਹੀ ਹੈ। ਉਸ ਦਾ ਪ੍ਰਗਟਾ-ਢੰਗ ਸਿੱਧਾ, ਸਰਲ ਅਤੇ ਮੁਹਾਵਰੇ ਭਰਪੂਰ ਹੈ। ਪੀਲੂ ਨੇ ਆਪਣਾ ਇਹ ਕਿੱਸਾ ਸੱਦ ਵਿਚ ਲਿਖਿਆ ਹੈ, ਜੋ ਉਸ ਵੇਲੇ ਇਕ ਪ੍ਰਸਿੱਧ ਛੰਦ ਸੀ। ਉਸ ਦੀ ਇਸ ਰਚਨਾ ਦੇ ਬੰਦ ਆਮ ਤੌਰ ਤੇ ਚਾਰ ਤੁਕੀਏ ਹਨ ਪਰ ਕਿਧਰੇ-ਕਿਧਰੇ ਅਪਵਾਦ ਵੀ ਨਜ਼ਰ ਆ ਜਾਂਦਾ ਹੈ। ਇਹ ਇਕ ਦੁਖਾਂਤਕ ਰਚਨਾ ਹੈ। ਇਸ ਵਿਚ ਬੀਰ ਰਸ ਦੀ ਪ੍ਰਧਾਨਤਾ ਹੈ। ਮਿਰਜ਼ੇ ਦੁਆਰਾ ਸਾਹਿਬਾਂ ਨੂੰ ਉਧਾਲਣ ਦੇ ਪਿੱਛੇ ਨਾਇਕ ਦੀ ਸੂਰਮਗਤੀ ਦਾ ਰਵਾਇਤੀ ਸੰਕਲਪ ਕੰਮ ਕਰ ਰਿਹਾ ਸੀ। ਇਸੇ ਕਾਰਨ ਪੰਜਾਬ ਦੇ ਲੋਕਾਂ ਵਿਚ ਇਹ ਕਿੱਸਾ ਬਹੁਤ ਮਕਬੂਲ ਹੋਇਆ ਹੈ। ਸਵਿਨਰਟਨ ਦੁਆਰਾ ਪੇਸ਼ ਕਹਾਣੀ ਵਿਚ ਮਿਰਜ਼ੇ ਨੂੰ ਉਸਦੀ ਮਾਂ ਕਹਿੰਦੀ ਹੈ ਕਿ ਮੇਰੀ ਕੁੱਖ ਤਾਂ ਸਫ਼ਲ ਹੋਵੇਗੀ ਜੇ ਤੂੰ ਸਾਹਿਬਾਂ ਨੂੰ ਉਧਾਲ ਕੇ ਲਿਆਵੇਂ ਅਤੇ ਸਿਆਲਾਂ ਦੀ ਜੂਹ ਤੋਂ ਘੱਟੋ-ਘੱਟ ਪੰਜਾਹ ਕੋਹ ਦੂਰ ਨਿਕਲ ਕੇ ਮਰੇਂ, ਇਸੇ ਤਰ੍ਹਾਂ ਨਾਲ ਹੋਇਆ। ਮਿਰਜ਼ਾ ਪੰਜਾਬੀ ਚਰਿਤਰ ਦੀ ਦ੍ਰਿੜ੍ਹਤਾ ਅਤੇ ਨਿਡਰਤਾ ਦਾ ਪ੍ਰਤੀਕ ਬਣਿਆ ਅਤੇ ਇਸੇ ਕਾਰਨ ਉਹ ਬਹੁਤ ਦੇਰ ਤਕ ਪੰਜਾਬੀ ਲੋਕਾਂ ਦੇ ਦਿਲਾਂ ਉਪਰ ਰਾਜ ਕਰਦਾ ਰਿਹਾ। ਪੀਲੂ ਨੇ ਸਾਹਿਬਾਂ ਦੇ ਚਰਿੱਤਰ ਨੂੰ ਵੀ ਬੜੇ ਅਨੋਖੇ ਅੰਦਾਜ਼ ਵਿਚ ਚਿਤਰਿਆ ਹੈ। ਮਿਰਜ਼ੇ ਦੁਆਰਾ ਸਾਹਿਬਾਂ ਦੇ ਚਰਿਤਰ ਦਾ ਨਿਰੂਪਣ ਕਰਨ ਵਾਲੀਆਂ ਪੰਕਤੀਆਂ ਅੱਜ ਵੀ ਬੜੀਆਂ ਮਕਬੂਲ ਹਨ :

ਹੁਜਰੇ ਸ਼ਾਹ ਮੁਕੀਮ ਦੇ ਇਕ ਜੱਟੀ ਅਰਜ਼ ਕਰੇ।
ਮੈਂ ਬੱਕਰਾ ਦੇਵਾਂ ਪੀਰ ਦਾ ਜੇ ਸਿਰ ਦਾ ਕੰਤ ਮਰੇ।
ਪੰਜ ਸੱਤ ਮਰਨ ਗੁਆਂਢਣਾਂ, ਰਹਿੰਦੀਆਂ ਨੂੰ ਤਾਪ ਚੜ੍ਹੇ।
ਹੱਟੀ ਢਹੇ ਕਰਾੜ ਦੀ, ਜਿੱਥੇ ਦੀਵਾ ਨਿੱਤ ਬਲੇ।
ਕੁੱਤੀ ਮਰੇ ਫ਼ਕੀਰ ਦੀ, ਜਿਹੜੀ ਚਊਂ-ਚਊਂ ਨਿੱਤ ਕਰੇ।
ਗਲੀਆਂ ਹੋਵਣ ਸੁੰਨੀਆਂ, ਵਿਚ ਮਿਰਜ਼ਾ ਯਾਰ ਫਿਰੇ।

### 8.6.1 ਹਾਫ਼ਿਜ਼ ਬਰਖ਼ੁਰਦਾਰ

ਹਾਫ਼ਿਜ਼ ਬਰਖ਼ੁਰਦਾਰ ਸ਼ਾਹ ਜਹਾਨ ਅਤੇ ਔਰੰਗਜ਼ੇਬ ਦਾ ਸਮਕਾਲੀ ਸੀ। ਉਸ ਨੇ ਮੁਢਲੀ ਵਿਦਿਆ ਆਪਣੇ

ਪਿੰਡ ਮੁਸਲਮਾਨੀ (ਨੇੜੇ ਤਖ਼ਤ ਹਜ਼ਾਰਾ) ਤੋਂ ਪ੍ਰਾਪਤ ਕੀਤੀ। ਉਸਦਾ ਗੋਤ ਰਾਂਝਾ ਸੀ ਅਤੇ ਉਸ ਨੂੰ ਹਾਫ਼ਿਜ਼ ਇਸ ਲਈ ਕਹਿੰਦੇ ਸਨ ਕਿਉਂਕਿ ਉਸਨੇ ਪਵਿੱਤਰ ਕੁਰਾਨ ਹਿਫ਼ਜ਼ (ਕੰਠ) ਕੀਤਾ ਹੋਇਆ ਸੀ। ਉਸ ਦੀ ਤਮਾਮ ਉਮਰ ਪੜ੍ਹਨ-ਪੜ੍ਹਾਉਣ ਅਤੇ ਕਾਵਿ ਰਚਨਾ ਕਰਦਿਆਂ ਹੋਇਆਂ ਬੀਤੀ। ਉਸ ਦੁਆਰਾ ਲਿਖੇ ਕੁਝ ਪ੍ਰਮੁੱਖ ਕਿੱਸਿਆਂ ਦੀ ਸੂਚੀ ਇਸ ਪ੍ਰਕਾਰ ਹੈ : ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ ਅਤੇ ਯੂਸਫ਼ ਜ਼ੁਲੈਖਾ। ਇਸ ਤੋਂ ਬਿਨਾ ਉਸ ਨੇ ਧਾਰਮਿਕ ਵੰਨਗੀ ਦੇ ਸਾਹਿੱਤ ਦੀ ਰਚਨਾ ਵੀ ਕੀਤੀ ਜੋ 'ਅਨਵਾਏ ਬਰਖ਼ੁਰਦਾਰ' ਵਿਚ ਸੰਕਲਿਤ ਹੈ। ਹਾਫ਼ਿਜ਼ ਬਰਖ਼ੁਰਦਾਰ ਤੋਂ ਪਹਿਲਾਂ ਹੋਏ ਕਿੱਸਾ ਕਵੀ ਸਹਿਜ-ਸੁਭਾਵਿਕ ਅੰਦਾਜ਼ ਵਿਚ ਕਾਵਿ-ਰਚਨਾ ਕਰਦੇ ਸਨ ਪਰੰਤੂ ਬਾਅਦ ਵਿਚ ਕਿੱਸਾ ਕਾਵਿ ਦੀਆਂ ਰਵਾਇਤਾਂ ਸਥਾਪਿਤ ਹੋ ਗਈਆਂ। ਇਸ ਕਾਰਨ ਬਹੁਤੇ ਕਿੱਸਾ ਕਵੀ ਰਵਾਇਤੀ ਹੋਣ ਲੱਗਦੇ ਹਨ। ਹਾਫ਼ਿਜ਼ ਬਰਖ਼ੁਰਦਾਰ ਦਾ ਅੰਦਾਜ਼ ਵੀ ਕਿਸੇ ਹੱਦ ਤਕ ਰਵਾਇਤੀ ਹੈ। ਰਵਾਇਤੀ ਕਵੀ, ਜਾਗੀਰਦਾਰਾਂ ਅਤੇ ਨਵਾਬਾਂ ਦੇ ਮਨ-ਪਰਚਾਵੇ ਲਈ ਕਾਵਿ ਰਚਨਾ ਕਰਦੇ ਸਨ।

8.6.2 ਹਾਫ਼ਿਜ਼ ਬਰਖ਼ੁਰਦਾਰ ਦੀ ਵੱਡੀ ਦੇਣ ਪੀਲੂ ਦੁਆਰਾ ਲਿਖੇ 'ਮਿਰਜ਼ਾ ਸਾਹਿਬ' ਵਿਚ ਰਹਿ ਗਏ ਕੁਝ ਖੱਪਿਆਂ ਦੀ ਪੂਰਤੀ ਕਰਨਾ ਹੈ। ਇਸ ਕਰਕੇ ਦੋਹਾਂ ਦੇ ਕਿੱਸਿਆਂ ਦਾ ਬਿਰਤਾਂਤ ਇਕ-ਦੂਜੇ ਵਿਚ ਘੁਲ-ਮਿਲ ਗਿਆ ਹੈ। ਹਾਫ਼ਿਜ਼ ਦੁਆਰਾ ਲਿਖਿਆ 'ਮਿਰਜ਼ਾ ਸਾਹਿਬਾਂ' ਦਾ ਕਿੱਸਾ ਲੋਕ-ਕਿੱਸਾਕਾਰੀ ਅਤੇ ਰਵਾਇਤੀ-ਕਿੱਸਾਕਾਰੀ ਦਾ ਇਕ ਸੁੰਦਰ ਸੁਮੇਲ ਹੈ, ਜਦੋਂ ਕਿ ਹਾਫ਼ਿਜ਼ ਦੇ ਹੋਰ ਕਿੱਸੇ ਪੂਰੀ ਤਰ੍ਹਾਂ ਨਾਲ ਰਵਾਇਤੀ ਹਨ। ਹਾਫ਼ਿਜ਼ ਨੇ 'ਮਿਰਜ਼ਾ ਸਾਹਿਬਾਂ' ਕਾਮੁਕ (erotic) ਰੁਚੀਆਂ ਦਾ ਨਿਸੰਗ ਵਰਣਨ ਕੀਤਾ ਹੈ। ਇਹ ਕਿੱਸਾ ਸ਼ਿੰਗਾਰ ਰਸ ਅਤੇ ਨਖਸ਼ਿਖ ਵਰਣਨ ਦੀ ਇਕ ਉੱਤਮ ਉਦਾਹਰਣ ਹੈ। ਦੇਖੋ :

ਉਹਦੇ ਤਿੱਖੇ ਨੈਣ ਕਟਾਰੀਆਂ, ਦੁੱਸਰ ਘਾਉ ਕਰੰਨ।  
ਜਿਉਂ ਤੇਜ਼ ਸੂਰਜ ਸਾਹਮਣੇ, ਲਾਟਾਂ ਨੈਣ ਮਚੰਨ।  
ਉਹਦੇ ਪੱਟ ਚੰਨਣ ਦੀਆਂ ਗੇਲੀਆਂ, ਚਿਣਗਾਂ ਮੁਸ਼ਕ ਛੜੰਨ।  
ਉਹਦੀ ਧੁੰਨੀ ਤੁੰਗ ਸ਼ਰਾਬ ਦੀ, ਆਸ਼ਕ ਘੁੱਟ ਭਰੰਨ।  
ਉਹਦੇ ਸੀਨੇ ਤੇ ਦੋ ਡੱਬੀਆਂ, ਆਸ਼ਕ ਮਸਤ ਕਰੰਨ।  
ਉਪਰ ਭੋਛਣ ਕੱਢਵਾਂ, ਵਿਚ ਤਿਲੀਅਰ ਚੋਗ ਚੁਗੰਨ।

8.6.3 ਹਾਫ਼ਿਜ਼ ਬਰਖ਼ੁਰਦਾਰ ਨੇ 'ਸਸੀ ਪੁੰਨੂੰ' (1758 ਈ.) ਦਾ ਕਿੱਸਾ ਵੀ ਲਿਖਿਆ। ਇਹ ਕਿੱਸਾ ਪੂਰਾ ਨਹੀਂ ਹੈ। ਇਸ ਦੇ ਕੁਲ 51 ਬੰਦ ਮਿਲਦੇ ਹਨ। ਹਾਫ਼ਿਜ਼ ਦੀਆਂ ਤਿੰਨ ਸੀਹਰਫ਼ੀਆਂ ਇਕ ਬਾਰਾਂਮਾਹ ਵੀ ਮਿਲਦੇ ਹਨ। ਉਸ ਨੇ ਫ਼ਾਰਸੀ ਮਸਨਵੀ ਦਾ ਡੂੰਘਾ ਪ੍ਰਭਾਵ ਗ੍ਰਹਿਣ ਕੀਤਾ। ਉਸ ਨੇ ਈਰਾਨੀ ਪਰੰਪਰਾ ਅਨੁਸਾਰ ਰੂਪ-ਚਿਤ੍ਰਣ ਵਿਚ ਪਹਿਲ ਕੀਤੀ, ਜਿਸ ਨੂੰ ਉਸ ਤੋਂ ਪਿਛੋਂ ਆਉਣ ਵਾਲੇ ਬਹੁਤ ਸਾਰੇ ਕਿੱਸਾ ਕਵੀਆਂ ਨੇ ਅਪਣਾਇਆ। ਉਸ ਨੇ 'ਯੂਸਫ਼ ਜ਼ੁਲੈਖਾ' ਕਿੱਸੇ ਦੀ ਉਸਾਰੀ ਈਰਾਨੀ ਕਵੀ ਜਾਮੀ ਦੇ 'ਯੂਸਫ਼ ਜ਼ੁਲੈਖਾ' ਅਨੁਸਾਰ ਕੀਤੀ। ਡਾ. ਮੋਹਨ ਸਿੰਘ ਹਾਫ਼ਿਜ਼ ਬਰਖ਼ੁਰਦਾਰ ਨੂੰ ਇਕ ਮਹਾਨ ਸਾਹਿੱਤਕਾਰ ਮੰਨਦਾ ਹੈ, ਜਿਸ ਨੇ ਸ਼ਹਿਜ਼ਾਦਿਆਂ ਤੇ ਕਿਰਸਾਣਾਂ, ਅਨਪੜ੍ਹ ਲੋਕਾਂ ਅਤੇ ਵਿਦਵਾਨ ਮੌਲਾਣਿਆਂ ਉਤੇ ਇਕ-ਸਮਾਨ ਪ੍ਰਭਾਵ ਪਾਇਆ। ਉਸ ਨੇ ਪੰਜਾਬੀ ਭਾਸ਼ਾ ਦੇ ਮਾਧਿਅਮ ਦੁਆਰਾ ਸਾਹਿੱਤ ਅਤੇ ਧਰਮ ਦਾ ਪ੍ਰਚਾਰ ਕੀਤਾ। ਉਸ ਨੂੰ ਇਸਲਾਮੀ ਧਰਮ ਤੇ ਫਿਕਰ (ਸ਼ਰ੍ਹਾ) ਦਾ ਪੂਰਾ ਗਿਆਨ ਸੀ। ਉਸ ਨੇ ਆਪਣੀ ਸਾਹਿਤਿਕ ਪ੍ਰਤਿਭਾ ਦੁਆਰਾ ਬਹੁਤ ਸਾਰੀਆਂ ਰਚਨਾਵਾਂ ਕਰ ਕੇ ਪੰਜਾਬੀ ਸਾਹਿੱਤ ਦੇ ਭੰਡਾਰ ਨੂੰ ਅਮੀਰ ਕੀਤਾ।

### 8.7.1 ਅਹਿਮਦ ਗੁੱਜਰ

ਇਹ ਕਵੀ ਔਰੰਗਜ਼ੇਬ ਦੇ ਕਾਲ ਵਿਚ ਹੋਇਆ। ਉਸ ਨੇ 'ਹੀਰ ਰਾਂਝੇ' ਦੇ ਕਿੱਸੇ ਨੂੰ ਪਹਿਲੀ ਵਾਰ ਬੈਂਤ ਛੰਦ ਵਿਚ ਰਚਿਆ। ਅਹਿਮਦ ਹੁਸੈਨ ਕੁਰੈਸ਼ੀ ਅਨੁਸਾਰ ਕਿੱਸਾ ਕਾਵਿ ਦੀ ਜਿਹੜੀ ਪਰੰਪਰਾ ਹਾਫ਼ਿਜ਼ ਬਰਖ਼ੁਰਦਾਰ ਨਾਲ ਸ਼ੁਰੂ ਹੋਈ, ਉਹ ਅਹਿਮਦ ਗੁੱਜਰ ਦੇ ਕਿੱਸੇ 'ਹੀਰ ਰਾਂਝਾ' ਨਾਲ ਸਿਖਰ ਉੱਤੇ ਪਹੁੰਚਦੀ ਹੈ। ਅਹਿਮਦ ਨੇ ਇਹ ਕਿੱਸਾ 1692 ਈ. ਵਿਚ ਸੰਪੂਰਨ ਕੀਤਾ। ਮੁਕਬਲ ਅਤੇ ਵਾਰਿਸ ਨੇ ਆਪਣੇ-ਆਪਣੇ ਕਿੱਸਿਆਂ ਦੇ ਸੁੰਦਰ ਭਵਨ ਅਹਿਮਦ ਦੀਆਂ ਨੀਹਾਂ ਉਪਰ ਹੀ ਗੁਜ਼ਾਰੇ। ਇਨ੍ਹਾਂ ਦੋਹਾਂ ਕਵੀਆਂ ਨੇ ਅਹਿਮਦ ਦੀ ਕਥਾ ਦਾ ਖੁਲ੍ਹਾ ਪ੍ਰਯੋਗ ਕੀਤਾ। ਵਾਰਿਸ ਉੱਤੇ ਅਹਿਮਦ ਦਾ ਪ੍ਰਭਾਵ ਏਨਾ ਸੀ ਕਿ ਦੋਹਾਂ ਦੀਆਂ ਬਹੁਤ ਸਾਰੀਆਂ ਪੰਕਤੀਆਂ ਆਪਸ ਵਿਚ ਮਿਲਦੀਆਂ ਹਨ। ਅਹਿਮਦ

ਨੇ ਦਮੋਦਰ ਵਾਂਗ ਹੀਰ ਅਤੇ ਰਾਂਝੇ ਨੂੰ ਕਹਾਣੀ ਦੇ ਅੰਤ ਵਿਚ ਮੱਕੇ ਵੱਲ ਜਾਂਦਿਆਂ ਵਿਖਾਇਆ ਹੈ :

ਡਿੱਠੇ ਹਾਜੀਆਂ ਮੱਕੇ ਦੇ ਰਾਹ ਤਿੰਨੇ, ਰਾਂਝਾ ਹੀਰ ਤੇ ਨਾਲ ਸੀ ਮੱਝ ਬੂਰੀ।
ਰਾਂਝਾ ਰਾਹ ਵਖਾਂਵਦਾ ਹਾਜੀਆਂ ਨੂੰ, ਹੀਰ ਵੰਡਦੀ ਲੰਗਰ ਦੇ ਵਿਚ ਚੂਰੀ।

8.7.2 ਅਹਿਮਦ ਨੇ ਚੌਤੁਕੀਆ ਬੈਂਤ ਛੰਦ ਦੀ ਪਰੰਪਰਾ ਨੂੰ ਨਹੀਂ ਨਿਭਾਇਆ। ਇਹੀ ਕਾਰਨ ਹੈ ਕਿ ਉਸਦੇ ਕਈ ਬੰਦਾਂ ਵਿਚ ਵੀਹ-ਵੀਹ ਤੁਕਾਂ ਮਿਲਦੀਆਂ ਹਨ। ਮਨਮਰਜ਼ੀ ਦੇ ਬੰਦ ਲਿਖਣ ਦੀ ਇਹ ਪਰੰਪਰਾ ਬਾਅਦ ਵਿਚ ਵਾਰਿਸ ਸ਼ਾਹ ਵਰਗੇ ਮਹਾਨ ਕਵੀਆਂ ਦੇ ਬਹੁਤ ਕੰਮ ਆਈ। ਅਹਿਮਦ ਗੁੱਜਰ ਨੇ ਆਪਣੇ ਕਿੱਸੇ ਵਿਚ ਬਹੁਤ ਸਾਰੇ ਨਾਟਕੀ-ਦ੍ਰਿਸ਼ਾਂ ਦੀ ਸਿਰਜਣਾ ਕੀਤੀ ਹੈ। ਜਦੋਂ ਰਾਂਝਾ ਜੋਗੀ ਦਾ ਰੂਪ ਧਾਰ ਕੇ ਹੀਰ ਦੇ ਸਹੁਰੇ ਪਿੰਡ ਰੰਗਪੁਰ ਖੇੜੇ ਜਾਂਦਾ ਹੈ ਤਾਂ ਉਸ ਦੀ ਖ਼ੂਬਸੂਰਤੀ ਨੂੰ ਵੇਖ ਕੇ ਪਿੰਡ ਦੀਆਂ ਕੁੜੀਆਂ ਉਸ ਉਪਰ ਮੋਹਿਤ ਹੋ ਜਾਂਦੀਆਂ ਹਨ ਅਤੇ ਤਰ੍ਹਾਂ-ਤਰ੍ਹਾਂ ਦੇ ਕਾਮੁਕ ਇਸ਼ਾਰੇ ਕਰਦੀਆਂ ਹਨ। ਦੇਖੋ :

ਨਜ਼ਰਬਾਜ਼ ਫਿਰਦਾ ਵਿਚ ਖੇੜਿਆਂ ਦੇ, ਜਾਏ ਅੱਤਣੀਂ ਪਾਉਂਦਾ ਝਾਤੀਆਂ ਨੀ।
ਇਕ ਹਸਦੀਆਂ ਖੇਡਦੀਆਂ ਗਾਉਂਦੀਆਂ ਨੇ, ਇਕ ਬੈਠੀਆਂ ਚੁਪ-ਚੁਪਾਤੀਆਂ ਨੀ।
ਇਕ ਨਜ਼ਰ ਛੁਪਾ ਕੇ ਵੇਖਦੀਆਂ ਨੇ, ਇਕ ਜ਼ਾਹਰਾ ਮਾਰਦੀਆਂ ਝਾਤੀਆਂ ਨੀ।
ਇਕ ਕੱਢ ਘੁੰਗਟ ਸ਼ਰਮਾਉਂਦੀਆਂ ਨੇ, ਇਕ ਖੋਲ੍ਹ ਦਿਖਾਉਂਦੀਆਂ ਛਾਤੀਆਂ ਨੀ।

### 8.8.1 ਸਦੀਕ ਲਾਲੀ ਅਤੇ ਹਾਮਦ

ਇਸ ਕਾਲ ਦੇ ਹੋਰ ਕਵੀਆਂ ਵਿਚ ਸਦੀਕ ਲਾਲੀ ਅਤੇ ਹਾਮਦ ਦਾ ਨਾਮ ਲਿਆ ਜਾ ਸਕਦਾ ਹੈ। ਸਦੀਕ ਲਾਲੀ ਨੇ 'ਯੂਸਫ਼ ਜ਼ਲੈਖਾ' ਦੀ ਰਚਨਾ ਕੀਤੀ। ਉਹ ਇਕ ਧਰਮ-ਪ੍ਰਚਾਰਕ ਵੀ ਸੀ ਅਤੇ ਉਸ ਨੇ ਆਪਣਾ ਇਹ ਕਿੱਸਾ ਇਸਲਾਮ ਦੇ ਪ੍ਰਚਾਰ ਵਾਸਤੇ ਲਿਖਿਆ। ਹਾਮਦ ਸ਼ਾਹ ਅੱਬਾਸੀ ਨੇ ਕਿੱਸਾ 'ਹੀਰ ਰਾਂਝਾ' ਦੀ ਰਚਨਾ ਕੀਤੀ। ਉਹ ਆਪਣੇ ਸਮੇਂ ਵਿਚ ਕਿੱਸਾ ਕਵੀਆਂ ਦੀ ਮੰਦੀ ਆਰਥਿਕ ਸਥਿਤੀ ਉਪਰ ਟਿੱਪਣੀ ਕਰਦਾ ਹੋਇਆ ਲਿਖਦਾ ਹੈ :

ਮੈਨੂੰ ਜ਼ਿਦ ਮੁਢੋਂ ਰਾਂਝੇ ਹੀਰ ਦੀ ਸੀ, ਬੁਰੀ ਬੋਲਦਾ ਨਿੱਤ ਜ਼ਬਾਨ ਮੀਆਂ।
ਜੱਟੀ ਜੱਟ ਉਧਾਲ ਲੈ ਗਿਆ ਸੀ ਜੀ, ਮੰਦੇ ਕੰਮ ਸੀ ਵਿਚ ਜਹਾਲ ਮੀਆਂ।
ਕਿਤੇ ਸਾਰੰਤੀ ਖੋਹ ਕੇ ਦੂਰ ਕੀਤੀ, ਗਾਵਣ ਵਾਲੜਾ ਪਕੜ ਖ਼ਰਾਬ ਕੀਤਾ।
ਕਿਤੇ ਵੰਝਲੀ ਖੋਹ ਕੇ ਧਰਤ ਮਾਰੀ, ਕਿੱਸਾ ਪੜ੍ਹਦੇ ਨੂੰ ਕਿਤੇ ਬੇਆਬ ਕੀਤਾ।
ਹੂਰੇ-ਮੁੱਕੀਆਂ ਮਾਰ ਕੇ ਗਾਉਂਦੇ ਨੇ, ਪਕੜ ਪਸਲੀਆਂ ਜਿਗਰ ਕਬਾਬ ਕੀਤਾ।
ਬਾਈ ਵਰ੍ਹੇ ਬਾਅਦ ਏਸੇ ਹਾਲ ਸੇਤੀ, ਬਹੁਤ ਬਹੁਤ ਸਵਾਲ ਜਵਾਬ ਕੀਤਾ।

### 8.9 ਨਿਸ਼ਕਰਸ਼ : ਕਿੱਸਾ ਕਾਵਿ ਦੀਆਂ ਪ੍ਰਾਪਤੀਆਂ

* ਕਿੱਸਾ ਕਾਵਿ ਪਰੰਪਰਾ ਪੰਜਾਬੀਆਂ ਦੀ ਲੋਕਪ੍ਰਿਅ ਪਰੰਪਰਾ ਰਹੀ ਹੈ। ਇਹ ਸੋਲ੍ਹਵੀਂ ਸਦੀ ਵਿਚ ਦਮੋਦਰ ਤੋਂ ਸ਼ੁਰੂ ਹੋ ਕੇ ਵੀਹਵੀਂ ਸਦੀ ਤਕ ਨਿਰੰਤਰ ਚਲਦੀ ਆਈ ਹੈ। ਇਸ ਕਾਵਿ ਪਰੰਪਰਾ ਵਿਚ ਪੰਜਾਬ ਦੀਆਂ ਪ੍ਰਸਿੱਧ ਪ੍ਰੇਮ-ਕਹਾਣੀਆਂ ਨੂੰ ਕਾਵਿਬੱਧ ਕੀਤਾ ਗਿਆ। ਕਿੱਸਾ ਕਾਵਿ ਨਾਲ ਸੰਬੰਧਿਤ ਕਵੀਆਂ ਨੇ ਹੀਰ-ਰਾਂਝੇ, ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ ਅਤੇ ਸੱਸੀ ਪੁੰਨੂੰ ਵਰਗੇ ਪ੍ਰੇਮੀਆਂ ਦੇ ਇਸ਼ਕ ਨੂੰ ਪੰਜਾਬ ਦੇ ਹਰ ਘਰ ਵਿਚ ਪਹੁੰਚ ਦਿੱਤਾ। ਸਿੱਟੇ ਵਜੋਂ ਪੰਜਾਬ, ਇਸ਼ਕ ਦੀ ਖ਼ਾਤਰ ਮਰ ਮਿਟਣ ਵਾਲੇ ਲੋਕਾਂ ਦੀ ਜਨਮਭੂਮੀ ਵਜੋਂ ਪੂਰੀ ਦੁਨੀਆਂ ਵਿਚ ਪ੍ਰਸਿੱਧ ਹੋ ਗਿਆ।
* ਕਿੱਸਾ ਕਵੀਆਂ ਨੇ ਨਾ ਕੇਵਲ ਪੰਜਾਬ ਅਤੇ ਭਾਰਤ ਬਲਕਿ ਪੂਰੇ ਮੱਧ-ਏਸ਼ੀਆ ਦੀ ਸਾਹਿਤਿਕ ਵਿਰਾਸਤ ਨੂੰ ਸੰਭਾਲਿਆ ਅਤੇ ਪੰਜਾਬ ਦੇ ਆਮ ਲੋਕਾਂ ਨੂੰ ਇਸ਼ਕ ਮਿਜ਼ਾਜੀ ਦੇ ਨਾਲ ਇਸ਼ਕ-ਹਕੀਕੀ ਦੇ ਅਰਥ ਵੀ ਸਮਝਾ ਦਿੱਤੇ। ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਦੇ ਸੂਫ਼ੀ ਕਲਾਮ ਵਿਚ ਵੀ ਕਿੱਸਾ ਕਾਵਿ ਦੇ ਨਾਇਕਾਂ ਅਤੇ ਨਾਇਕਾਵਾਂ ਦਾ ਜ਼ਿਕਰ ਬੜੇ ਇਹਤਰਾਮ (ਸਤਿਕਾਰ) ਨਾਲ ਕੀਤਾ ਹੈ।
* ਕਿੱਸਾ ਕਵੀਆਂ ਨੇ ਭਾਵ-ਅਭਿਵਿਅੰਜਨ ਲਈ ਨਵੀਆਂ ਕਾਵਿ-ਵਿਧੀਆਂ ਦਾ ਆਵਿਸ਼ਕਾਰ ਕੀਤਾ। ਪੰਜਾਬੀ ਕਵਿਤਾ ਵਿਚ ਛੰਦ-ਪ੍ਰਬੰਧ, ਅਲੰਕਾਰ-ਵਿਧਾਨ, ਬਿੰਬਾਵਲੀ, ਸ਼ੈਲੀ ਅਤੇ ਸ਼ਬਦਾਵਲੀ ਦੇ ਪੱਖੋਂ ਅਨੇਕ ਨਵੇਂ ਪ੍ਰਯੋਗ ਕੀਤੇ ਗਏ।

* ਕਿੱਸਾ ਕਵੀਆਂ ਨੇ ਪਲਾਟ ਦੀ ਸਿਰਜਣਾ ਅਤੇ ਪਾਤਰਾਂ ਦੇ ਚਿਤ੍ਰਣ ਲਈ ਅਨੇਕ ਨਵੀਆਂ ਵਿਧੀਆਂ ਨੂੰ ਪ੍ਰਕਾਸ਼ ਵਿਚ ਲਿਆਂਦਾ ਅਤੇ ਪੰਜਾਬੀ ਗਲਪਕਾਰੀ ਲਈ ਉਚਿਤ ਜ਼ਮੀਨ ਤਿਆਰ ਕੀਤੀ।
* ਕਿੱਸਾ ਕਵੀਆਂ ਨੇ ਮੱਧਕਾਲੀਨ ਪੰਜਾਬ ਦੇ ਸਮਾਜ ਅਤੇ ਸਭਿਆਚਾਰ ਦੇ ਪ੍ਰਮਾਣਿਕ ਅਕਸ ਪੇਸ਼ ਕੀਤੇ। ਇਨ੍ਹਾਂ ਕਵੀਆਂ ਦੀ ਬਦੌਲਤ ਅਸੀਂ ਇਸ ਕਾਲ ਦੇ ਪੰਜਾਬ ਨੂੰ ਵਧੇਰੇ ਚੰਗੀ ਤਰ੍ਹਾਂ ਨਾਲ ਸਮਝ ਸਕਦੇ ਹਾਂ। ਇਸ ਪ੍ਰਕਾਰ ਕਿੱਸਾ ਕਾਵਿ ਇਕ ਬਹੁਪਾਸਾਰੀ ਅਤੇ ਅਨੇਕਪੱਖੀ ਸੰਭਾਵਨਾਵਾਂ ਵਾਲੀ ਕਾਵਿ ਪਰੰਪਰਾ ਹੈ।

------

**ਪ੍ਰਸ਼ਨ**

1. ਸਤਾਰ੍ਹਵੀਂ ਸਦੀ ਤੱਕ ਪੈਦਾ ਹੋਏ ਪੰਜਾਬੀ ਕਿੱਸਾ ਕਾਵਿ ਦੇ ਇਤਿਹਾਸ ਨਾਲ ਜਾਣ-ਪਹਿਚਾਣ ਕਰਵਾਉ।
2. ਪੰਜਾਬੀ ਕਿੱਸਾ ਕਾਵਿ ਦੇ ਨਿਕਾਸ ਉਪਰ ਇਕ ਨੋਟ ਲਿਖੋ ਅਤੇ ਇਸ ਪਰੰਪਰਾ ਵਿਚ ਦਮੋਦਰ, ਪੀਲੂ ਅਤੇ ਹਾਫ਼ਿਜ਼ ਬਰਖ਼ੁਰਦਾਰ ਦੀ ਦੇਣ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

ਪਾਠ ਨੰ: 1.9 - ਪ੍ਰੋ. ਬ੍ਰਹਮਜਗਦੀਸ਼ ਸਿੰਘ

## ਗੁਰੂ ਨਾਨਕ ਕਾਲ ਦੀ ਪੰਜਾਬੀ ਵਾਰਤਕ

### 9.1 ਰੂਪ-ਰੇਖਾ

ਪੰਜਾਬੀ ਸਾਹਿੱਤ ਦਾ ਮੁੱਢ ਕਵਿਤਾ ਨਾਲ ਹੋਇਆ। ਨਾਥ-ਜੋਗੀਆਂ ਅਤੇ ਸੂਫ਼ੀ ਦਰਵੇਸ਼ਾਂ ਨੇ ਆਪਣਾ ਪੈਗ਼ਾਮ ਕਵਿਤਾ ਦੇ ਮਾਧਿਅਮ ਦੁਆਰਾ ਦਿੱਤਾ। ਪੰਜਾਬੀ ਸਾਹਿੱਤ ਦੇ ਆਰੰਭ ਵਿਚ ਸਾਹਿੱਤਕਾਰੀ ਦਾ ਅਰਥ ਕਾਵਿ-ਲੇਖਣ ਹੀ ਸੀ। ਉਸ ਦੌਰ ਵਿਚ ਲੇਖਕਾਂ ਨੂੰ ਇਹ ਅਹਿਸਾਸ ਹੀ ਨਹੀਂ ਸੀ ਕਿ ਵਾਰਤਕ-ਲੇਖਣ ਨੂੰ ਵੀ ਸਾਹਿੱਤ ਦਾ ਦਰਜਾ ਦਿੱਤਾ ਜਾ ਸਕਦਾ ਹੈ। ਵਾਰਤਕ ਦੇ ਮਾਧਿਅਮ ਦੁਆਰਾ ਕਿਸੇ ਸਮਾਜ ਅਤੇ ਸਭਿਆਚਾਰ ਵਿਚ ਰਹਿਣ ਵਾਲੇ ਲੋਕ ਇਕ-ਦੂਜੇ ਨਾਲ ਸੰਵਾਦ ਰਚਾਉਂਦੇ ਹਨ, ਦੁਖ-ਸੁਖ ਪੁਛਦੇ ਹਨ ਅਤੇ ਆਪਣਾ ਸਮਾਜਿਕ ਕਰਤੱਵ ਨਿਭਾਉਂਦੇ ਹਨ। ਇਸ ਕਾਰਨ ਵਾਰਤਕ ਨੂੰ ਸਾਹਿੱਤ ਨਹੀਂ ਸੀ ਸਮਝਿਆ ਜਾਂਦਾ ਹੈ। ਸਾਹਿੱਤ-ਲੇਖਣ ਕਿਸੇ ਹੱਦ ਤਕ ਰਸਮੀ (Formal) ਪ੍ਰਕਿਰਿਆ ਹੁੰਦੀ ਹੈ, ਜਦੋਂ ਕਿ ਵਾਰਤਕਕਾਰੀ ਇਕ ਗ਼ੈਰ-ਰਸਮੀ (informal) ਪ੍ਰਕਿਰਿਆ ਦਾ ਨਾਮ ਹੈ। ਹੌਲੀ-ਹੌਲੀ ਲੇਖਕਾਂ ਨੂੰ ਇਹ ਗਿਆਤ ਹੋਇਆ ਕਿ ਵਾਰਤਕ ਨੂੰ ਵੀ ਰਸਮੀ ਰੂਪ ਵਿਚ ਵਰਤਿਆ ਅਤੇ ਨਿਭਾਇਆ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਸਾਹਿੱਤ ਵਿਚ ਵਾਰਤਕ ਦਾ ਜਨਮ ਹੋਇਆ। ਵੀਹਵੀਂ ਸਦੀ ਵਿਚ ਪਹੁੰਚ ਕੇ ਤਾਂ ਵਾਰਤਕ ਦੇ ਅਨੇਕ ਰੂਪ ਪੈਦਾ ਹੋ ਗਏ ਸਨ, ਜਿਵੇਂ : ਜੀਵਨੀ, ਸਵੈਜੀਵਨੀ, ਰੇਖਾ ਚਿਤਰ, ਨਿਬੰਧ, ਨਾਵਲ, ਕਹਾਣੀ, ਨਾਟਕ ਆਦਿਕ। ਪਰੰਤੂ ਗੁਰੂ ਨਾਨਕ ਕਾਲ ਵਿਚ ਵਾਰਤਕ ਦੇ ਕੁਝ ਗਿਣੇ-ਚੁਣੇ ਰੂਪ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਤਾਂ ਵੀ ਸਾਡੇ ਲਈ ਏਨੀ ਪ੍ਰਾਪਤੀ ਹੀ ਬਹੁਤ ਸੀ ਕਿ ਇਸ ਕਾਲ ਵਿਚ ਵਾਰਤਕ ਨੂੰ ਸਾਹਿੱਤ ਦਾ ਦਰਜਾ ਦਿੱਤਾ ਜਾਣਾ ਸ਼ੁਰੂ ਹੋ ਗਿਆ ਸੀ।

### 9.2 ਉਦੇਸ਼

ਇਸ ਪਾਠ ਦਾ ਉਦੇਸ਼ ਬੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ ਨੂੰ ਗੁਰੂ ਨਾਨਕ ਕਾਲ ਵਿਚ ਰਚੀ ਗਈ ਵਾਰਤਕ ਦੇ ਪ੍ਰਮੁੱਖ ਰੂਪਾਂ ਅਤੇ ਨਮੂਨਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਸਾਹਿੱਤ ਦੇ ਪੁਰਾਤਨ ਰੂਪ ਕਵਿਤਾ ਵਾਂਗ ਵਾਰਤਕ ਵੀ ਪੰਜਾਬੀਆਂ ਦੀਆਂ ਅਧਿਆਤਮਕ ਜਗਿਆਸਾਵਾਂ ਦੀ ਪੂਰਤੀ ਲਈ ਰਚੀ ਗਈ। ਇਸ ਕਾਲ ਦੇ ਮਨੁੱਖ ਨੂੰ ਜੀਵਨ ਦੇ ਜਿਹੜੇ ਰਹੱਸਾਂ ਦੀ ਸਮਝ ਨਹੀਂ ਸੀ ਪੈਂਦੀ, ਉਸ ਨੂੰ ਸੰਤ-ਮਹਾਤਮਾ ਅਤੇ ਗਿਆਨੀ ਕਿਸਮ ਦੇ ਲੋਕ ਗਿਆਨ-ਗੋਸ਼ਟੀਆਂ ਦੁਆਰਾ ਸਮਝਾਉਣ ਦਾ ਯਤਨ ਕਰਦੇ ਸਨ। ਕੁਝ ਲਿਖਾਰੀ ਇਨ੍ਹਾਂ ਗਿਆਨ-ਗੋਸ਼ਟੀਆਂ ਵਿਚ ਹੋਣ ਵਾਲੀ ਚਰਚਾ ਨੂੰ ਲਿਖ ਕੇ ਸਾਂਭ ਲੈਂਦੇ ਸਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਵੀ ਇਸ ਚਰਚਾ ਤੋਂ ਲਾਭ ਉਠਾ ਸਕਣ। ਇਸੇ ਆਸ਼ੇ ਨੂੰ ਮੁਖ ਰੱਖਕੇ ਗੁਰੂਆਂ, ਪੀਰਾਂ ਅਤੇ ਭਗਤਜਨਾ ਦੇ ਜੀਵਨ-ਬ੍ਰਿਤਾਂਤ ਵੀ ਤਿਆਰ ਕਰ ਲਏ ਗਏ। ਇਹ ਸਾਰੀਆਂ ਲਿਖਤਾਂ ਆਮ ਲੋਕਾਂ ਦੀ ਬੋਲੀ ਵਿਚ ਸਿੱਧੇ ਅਤੇ ਸਰਲ ਢੰਗ ਨਾਲ ਲਿਖੀਆਂ ਜਾਂਦੀਆਂ ਸਨ। ਇਨ੍ਹਾਂ ਲਿਖਤਾਂ ਨੂੰ ਜਨਮਸਾਖੀਆਂ, ਸੁਖ਼ਨ, ਵਚਨ, ਗੋਸ਼ਟਾਂ ਅਤੇ ਰਹਿਤਨਾਮਿਆਂ ਦਾ ਨਾਮ ਦਿੱਤਾ ਗਿਆ। ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸ ਅਜਿਹੀਆਂ ਲਿਖਤਾਂ ਬਣਦੀਆਂ ਹਨ। ਹਥਲੇ ਪਾਠ ਵਿਚ ਅਸੀਂ ਆਪਣੇ ਵਿਦਿਆਰਥੀਆਂ ਨੂੰ ਅਜਿਹੀਆਂ ਲਿਖਤਾਂ ਦੇ ਸਰੂਪ ਅਤੇ ਮਹੱਤਵ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

### 9.3.1 ਪੰਜਾਬੀ ਵਾਰਤਕ ਦਾ ਆਰੰਭ

'ਵਾਰਤਕ' ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ਸ਼ਬਦ 'ਵ੍ਰਿਤੀ' ਵਿਚੋਂ ਹੋਈ ਹੈ, ਜਿਸ ਦੇ ਅਰਥ ਹਨ ਟੀਕਾ, ਜਾਂ ਕਾਵਿ-ਸੂਤਰਾਂ ਦੀ ਵਿਆਖਿਆ ਕਰਨ ਵਾਲਾ ਗ੍ਰੰਥ। ਭਾਰਤੀ ਪਰੰਪਰਾ ਵਿਚ ਵਾਰਤਕ ਨੂੰ ਗੱਦ-ਕਾਵਿ ਵੀ ਕਿਹਾ ਜਾਂਦਾ ਸੀ। ਗੱਦ ਦੇ ਅਰਥ ਹਨ : ਕਥਨ ਜਾਂ ਕਹਿਣਾ। ਵਾਰਤਕ ਵਿਚੋਂ ਇਕ ਸ਼ਬਦ 'ਵਾਰਤਾ' ਵੀ ਨਿਕਲਿਆ ਹੈ, ਜਿਸ ਦੇ ਅਰਥ ਹਨ : ਬਿਰਤਾਂਤ, ਹਾਲ-ਚਾਲ, ਗੱਲਬਾਤ, ਪ੍ਰਸੰਗ ਜਾਂ ਪ੍ਰਕਰਣ। ਫ਼ਾਰਸੀ ਵਿਚ ਵਾਰਤਕ ਲਈ 'ਨਸਰ' ਸ਼ਬਦ ਦਾ ਪ੍ਰਯੋਗ ਹੁੰਦਾ ਹੈ, ਜਿਸ ਦੇ ਅਰਥ ਹਨ : ਖਲੇਰਨਾ, ਵਾਰ ਕੇ ਸੁੱਟਣਾ ਆਦਿਕ। ਪ੍ਰੋ. ਪੂਰਨ ਸਿੰਘ ਵਾਰਤਕ ਲਈ 'ਨਸਰ' ਸ਼ਬਦ ਦਾ ਪ੍ਰਯੋਗ ਕਰਦਾ ਸੀ। ਉਸਦਾ ਵਿਚਾਰ ਸੀ ਕਿ ਪੰਜਾਬੀ ਵਾਰਤਕ ਮਹਾਂਪੁਰਸ਼ਾਂ, ਸਾਈ ਲੋਕਾਂ ਜਾਂ

ਦਰਵੇਸ਼ ਫ਼ਕੀਰਾਂ ਦੇ ਮੁਖਾਰਬਿੰਦਾਂ ਤੋਂ ਸੁਭਾਵਿਕ ਨਿਕਲੇ ਬਚਨਾਂ, ਬੋਲਾਂ, ਸੁਖਨਾਂ ਅਤੇ ਕੌਲਾਂ ਦਾ ਇਕ ਬਹੁਮੁੱਲਾ ਅਤੇ ਕੀਮਤੀ ਖ਼ਜ਼ਾਨਾ ਹੈ। ਅੰਗਰੇਜ਼ੀ ਭਾਸ਼ਾ ਵਿਚ ਵਾਰਤਕ ਲਈ ਪ੍ਰੋਜ਼ (prose) ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਸ਼ਬਦ ਦੇ ਵੀ ਉਹੀ ਅਰਥ ਹਨ : ਸ਼ਬਦਾਂ ਦਾ ਤੁਕਾਂਤ ਰਹਿਤ ਖਿਲਾਰ ਜਾਂ ਸਿੱਧੀ-ਸਰਲ ਗੱਲਬਾਤ।

9.3.2 ਪੰਜਾਬੀ ਗੱਦ ਦੀ ਉਤਪੱਤੀ ਬਾਰੇ ਵਿਚਾਰ ਕਰਦਾ ਹੋਇਆ ਡਾ. ਪਿਆਰ ਸਿੰਘ ਲਿਖਦਾ ਹੈ ਕਿ ਪੰਜਾਬੀ ਵਿਚ ਇਸ ਪ੍ਰਕਾਰ ਦੀਆਂ ਰਚਨਾਵਾਂ ਨਹੀਂ ਮਿਲਦੀਆਂ, ਜਿਨ੍ਹਾਂ ਤੋਂ ਪੰਜਾਬੀ ਗੱਦ ਦੀ ਉਤਪਤੀ ਅਤੇ ਵਿਕਾਸ ਦਾ ਪੂਰਾ ਚਿੱਤਰ ਉਘੜ ਸਕੇ। ਹੋ ਸਕਦਾ ਹੈ, ਇਸ ਕਾਲ ਦੀਆਂ ਬਹੁਤੀਆਂ ਲਿਖਤਾਂ ਵਿਦੇਸ਼ੀ ਹਮਲਾਵਰਾਂ ਦੇ ਜਨੂੰਨ ਦਾ ਸ਼ਿਕਾਰ ਬਣ ਗਈਆਂ ਹੋਣ। ਇੰਜ ਪ੍ਰਤੀਤ ਹੁੰਦਾ ਹੈ ਕਿ ਮੁਸਲਮਾਨੀ ਧਰਮ ਤੇ ਸਭਿਆਚਾਰ ਦੇ ਭਾਰ ਹੇਠ ਪੰਜਾਬੀ ਪ੍ਰਤਿਭਾ ਦਾ ਕੋਮਲ ਬ੍ਰਿਛ ਬੁਰੀ ਤਰ੍ਹਾਂ ਦਬਿਆ ਗਿਆ, ਜਿਸ ਕਾਰਨ ਉਸ ਨੂੰ ਕੋਈ ਫੁੱਲ, ਪੱਤੇ ਜਾਂ ਡੋਡੀ ਕਾਫ਼ੀ ਸਮੇਂ ਤਕ ਨਾ ਲੱਗ ਸਕੀ। ਫੇਰ ਜਦੋਂ ਇਸ ਨੂੰ ਗੁਰੂ ਨਾਨਕ ਦੇਵ ਜੀ ਦੇ ਚਰਨ-ਕਮਲਾਂ ਦੀ ਛੋਹ ਪ੍ਰਾਪਤ ਹੋਈ ਤਾਂ ਇਹ ਬ੍ਰਿਛ ਮੁੜ ਮੌਲਿਆ ਅਤੇ ਇਸ ਨੇ ਗੱਦ ਅਤੇ ਕਾਵਿ ਦੇ ਫੁੱਲਾਂ ਦੀ ਉਹ ਛਹਿਬਰ ਲਾਈ ਕਿ ਪੰਜਾਬੀ ਸਾਹਿੱਤ ਦੀ ਸੁੰਨੀ ਧਰਤੀ ਨੰਦਨ ਬਾਗ਼ ਹੋ ਨਿੱਬੜੀ। (**ਪੰਜਾਬੀ ਸਾਹਿੱਤ ਦਾ ਇਤਿਹਾਸ,** ਭਾਸ਼ਾ ਵਿਭਾਗ, ਪੰਨਾ 686) ਪੰਜਾਬੀ ਸਾਹਿੱਤ ਨੂੰ ਗੁਰੂ ਨਾਨਕ ਸਾਹਿਬ ਅਤੇ ਹੋਰ ਸਿੱਖ ਗੁਰੂਆਂ ਦੀ ਦੇਣ ਬਾਰੇ ਆਪਣੇ ਵਿਚਾਰ ਵਿਅਕਤ ਕਰਦਿਆਂ ਪ੍ਰੋ. ਪੂਰਨ ਸਿੰਘ ਨੇ ਬਿਲਕੁਲ ਠੀਕ ਲਿਖਿਆ ਹੈ, "ਪੰਜਾਬੀ ਸਾਹਿੱਤ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ-ਦੁਆਲੇ ਬਿਰਛਾਂ ਦੀਆਂ ਛਾਵਾਂ ਵਿਚ ਪਲਿਆ। ਨਸਰ (ਵਾਰਤਕ) ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ, ਜਿਨ੍ਹਾਂ ਦੇ ਹੋਂਠ ਗੁਰੂ ਸਾਹਿਬ ਦੇ ਪਿਆਰ-ਅੰਮ੍ਰਿਤ ਨਾਲ ਸਿੱਜੇ ਗੁਲਾਬਾਂ ਦੀਆਂ ਪੱਤੀਆਂ ਵਾਂਗ ਸਿਫ਼ਤ-ਸਮੀਰ ਨਾਲ ਹਿਲਦੇ ਸਨ।" (**ਖੁਲ੍ਹੇ ਲੇਖ,** ਪੰਨਾ 182) ਪੰਜਾਬੀ ਵਾਰਤਕ ਦੇ ਮੁਢਲੇ ਨਮੂਨਿਆਂ ਵਿਚ ਤੇਰ੍ਹਵੀਂ ਚੌਧਵੀਂ ਸਦੀ ਦੀ ਇਕ ਰਚਨਾ 'ਏਕਾਦਸ਼ੀ ਮਹਾਤਮ' ਪ੍ਰਾਪਤ ਹੋਈ ਹੈ। ਇਸ ਵਿਚ ਅਰਜਨ ਤੇ ਯੁਧਿਸ਼ਟਰ, ਬ੍ਰਹਮਾ ਤੇ ਨਾਰਦ ਦੀਆਂ ਪਰਸਪਰ ਗੋਸ਼ਟਾਂ ਹਨ। ਸ਼ੈਲੀ ਪ੍ਰਸ਼ਨੋਤਰੀ ਢੰਗ ਦੀ ਹੈ। ਇਸ ਪੋਥੀ ਦੀ ਭਾਸ਼ਾ 'ਸੰਤ ਭਾਖਾ' ਹੈ, ਜਿਸ ਉਪਰ ਕਾਂਗੜੀ ਅਤੇ ਪੋਠੋਹਾਰੀ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ।

### 9.4.1 ਜਨਮਸਾਖੀ ਸਾਹਿੱਤ

ਗੁਰੂ ਨਾਨਕ ਕਾਲ ਵਿਚ ਰਚੀ ਗਈ ਵਾਰਤਕ ਦਾ ਸਭ ਤੋਂ ਪ੍ਰਮੁੱਖ ਨਮੂਨਾ 'ਜਨਮਸਾਖੀਆਂ' ਹਨ। ਬਹੁਤੀਆਂ ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਹਨ, ਭਾਵੇਂ ਕੁਝ ਜਨਮਸਾਖੀਆਂ ਭਗਤਾਂ ਦੇ ਜੀਵਨ ਬਾਰੇ ਵੀ ਮਿਲ ਜਾਂਦੀਆਂ ਹਨ। ਜਨਮਸਾਖੀਆਂ ਦੇ ਕੁਝ ਸਰੂਪ ਇਸ ਪ੍ਰਕਾਰ ਹਨ :

### 9.4.2 ਪੁਰਾਤਨ ਜਨਮਸਾਖੀ

'ਪੁਰਾਤਨ ਜਾਂ ਵਲਾਇਤ ਵਾਲੀ ਜਨਮਸਾਖੀ' ਵਿਚ 57 ਸਾਖੀਆਂ ਸੰਕਲਿਤ ਹਨ। ਇਸ ਦਾ ਇਕ ਹੋਰ ਨਾਮ 'ਮੈਕਾਲਿਫ਼ ਵਾਲੀ ਜਨਮਸਾਖੀ' ਵੀ ਹੈ। ਪ੍ਰੋ. ਗੁਰਮੁਖ ਸਿੰਘ ਨੇ ਇਸ ਜਨਮਸਾਖੀ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਇਹ ਰਚਨਾ ਉਨੀਵੀਂ ਸਦੀ ਦੇ ਆਰੰਭ ਵਿਚ ਕੋਲਬਰੁਕ ਨੂੰ ਪ੍ਰਾਪਤ ਹੋਈ ਸੀ। ਇਸੇ ਜਨਮਸਾਖੀ ਨੂੰ ਅਰਨੈਸਟ ਟਰੰਪ ਨੇ 1877 ਈ. ਵਿਚ ਆਪਣੇ ਵਲੋਂ ਅਨੁਵਾਦਿਤ 'ਆਦਿ ਗ੍ਰੰਥ' ਦੇ ਆਰੰਭ ਵਿਚ ਛਾਪਿਆ ਸੀ। ਇਸ ਤੋਂ ਪਿੱਛੋਂ ਆਰਥਰ ਮੈਕਾਲਿਫ਼ ਨੇ ਇਸ ਨੂੰ ਗੁਲਸ਼ਨਿ ਪੰਜਾਬ ਪ੍ਰੈਸ, ਰਾਵਲਪਿੰਡੀ ਤੋਂ ਪ੍ਰਕਾਸ਼ਿਤ ਕੀਤਾ ਸੀ। ਭਾਈ ਵੀਰ ਸਿੰਘ ਨੇ ਇਸ ਨੂੰ 1926 ਈ. ਵਿਚ ਪੁਨਰ-ਪ੍ਰਕਾਸ਼ਿਤ ਕੀਤਾ। ਇਹ ਜਨਮਸਾਖੀ ਅਸਲ ਵਿਚ ਦੋ ਜਨਮਸਾਖੀਆਂ, 'ਵਿਲਾਇਤ ਵਾਲੀ ਪੁਰਾਤਨ ਜਨਮਸਾਖੀ' ਅਤੇ 'ਹਾਫ਼ਿਜ਼ਾਬਾਦ ਵਾਲੀ ਜਨਮਸਾਖੀ' ਦਾ ਹੀ ਪ੍ਰਤੀਰੂਪ ਹੈ। ਸ. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਇਸ ਰਚਨਾ ਦੀਆਂ ਸਾਖੀਆਂ ਗੁਰੂ ਨਾਨਕ ਦੇਵ ਜੀ ਦੇ ਕੁਝ ਸਿੱਖਾਂ ਭਾਈ ਸੈਦੋ, ਘੇਹੋ, ਸੀਹਾਂ ਛੀਂਬਾ ਅਤੇ ਹੱਸੂ ਲੁਹਾਰ ਦੀਆਂ ਲਿਖੀਆਂ ਹੋਈਆਂ ਹਨ। (**ਖੋਜ ਪਤ੍ਰਿਕਾ, ਪੁਰਾਤਨ ਵਾਰਤਕ ਵਿਸ਼ੇਸ਼ ਅੰਕ,** ਪੰਨਾ 123) ਭਾਈ ਵੀਰ ਸਿੰਘ ਨੇ ਇਸ ਜਨਮਸਾਖੀ ਲਿਖਣ ਦਾ ਸਮਾਂ 1635 ਈ. ਨਿਸ਼ਚਿਤ ਕੀਤਾ ਹੈ। ਇਸ ਦੇ ਕਰਤਾ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਪ੍ਰੋ. ਪ੍ਰੀਤਮ ਸਿੰਘ ਦੇ ਮਤਿ ਅਨੁਸਾਰ ਜਨਮਸਾਖੀ ਦਾ ਲੇਖਕ ਕੋਈ ਸਾਧੂ ਪ੍ਰਤੀਤ ਹੁੰਦਾ ਹੈ। ਇਸਦੇ ਮੂਲ ਵਿਚ ਲਹਿੰਦੀ ਭਾਸ਼ਾ ਹੈ ਅਤੇ ਉਪਰ-ਉਸਾਰ ਹਿੰਦਵੀ ਵਿਚ ਹੋਈ ਹੈ। ਫ਼ਾਰਸੀ ਸ਼ਬਦਾਵਲੀ ਦਾ ਪ੍ਰਭਾਵ ਵੀ ਨਜ਼ਰ ਆ ਜਾਂਦਾ ਹੈ। ਇਸ ਰਚਨਾ ਦੀ ਗੱਦ-ਸ਼ੈਲੀ ਦਾ ਇਕ ਨਮੂਨਾ ਵੇਖੋ :

ਜਬ ਬਾਬਾ ਬਰਸਾਂ ਸੱਤਾਂ ਦਾ ਹੋਇਆ, ਤਬ ਕਾਲੂ ਕਹਿਆ ਨਾਨਕ ਤੂੰ ਪੜ੍ਹ। ਤਬ ਗੁਰੂ

ਨਾਨਕ ਪਾਧੇ ਪਾਸ ਲੈ ਗਇਆ। ਪਾਧੇ ਨੂੰ ਆਖਿਆ, ਪਾਧਾ ! ਮਹੂਰਤ ਦੇਖ, ਨਾਨਕ ਕੋ ਤੇਰੇ ਪਾਸਿ ਪਾਇੰਦੇ ਹਾਂ। ਤਬ ਪਾਧੇ ਕਹਿਆ ਜੀ ਹੁਣਿ ਮਹੂਰਤ ਭਲਾ ਹੈ। ਤਬ ਟਕਾ, ਚਾਵਲ, ਸੁਪਾਰੀ, ਦਖਣਾ ਘਰੋਂ ਅਣਾਇ ਲਈ। ਪਾਧੇ ਪਟੀ ਲਿਖ ਦਿਤੀ। ਅਖਰਾਂ ਪੈਂਤੀਆਂ ਕੀ ਮੁਹਾਰਣੀ। ਤਬ ਗੁਰੂ ਨਾਨਕ ਲਗਾ ਪੜਨ।

**(ਸਾਖੀ ਦੂਜੀ)**

### 9.4.3 ਸੋਢੀ ਮਿਹਰਬਾਨ ਵਾਲੀ ਜਨਮਸਾਖੀ

ਇਸ ਜਨਮਸਾਖੀ ਦਾ ਇਕ ਵੱਡੇ ਆਕਾਰ ਦਾ ਖਰੜਾ ਖਾਲਸਾ ਕਾਲਜ ਅੰਮ੍ਰਿਤਸਰ ਦੀ ਲਾਇਬਰੇਰੀ ਵਿਚ ਸੁਰੱਖਿਅਤ ਹੈ। ਇਸ ਵਿਚ 302 ਗੋਸ਼ਟਾਂ ਹਨ, ਜਿਨਾਂ ਵਿਚੋਂ 167 ਗੋਸ਼ਟਾਂ ਸੋਢੀ ਮਿਹਰਬਾਨ ਦੀਆਂ ਹਨ ਅਤੇ ਬਾਕੀ 135 ਗੋਸ਼ਟਾਂ ਮਿਹਰਬਾਨ ਦੇ ਪੁੱਤਰਾਂ ਹਰਿਜੀ ਅਤੇ ਚਤੁਰਭੁਜ ਦੀਆਂ ਹਨ। ਡਾ. ਕਿਰਪਾਲ ਸਿੰਘ ਨੇ ਇਸ ਪੋਥੀ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਹੈ : ਸਚਖੰਡ ਪੋਥੀ ਅਤੇ ਪੋਥੀ ਹਰਿਜੀ। ਇਸ ਜਨਮਸਾਖੀ ਦਾ ਆਧਾਰ ਪੁਰਾਤਨ ਜਨਮਸਾਖੀ ਨੂੰ ਹੀ ਮੰਨਿਆ ਜਾਂਦਾ ਹੈ। ਸਾਖੀਕਾਰ ਨੇ ਪੁਰਾਤਨ ਜਨਮਸਾਖੀ ਦੀ ਇਕ-ਇਕ ਸਾਖੀ ਨੂੰ ਕਈ-ਕਈ ਭਾਗਾਂ ਵਿਚ ਵੰਡ ਦਿੱਤਾ ਹੈ। ਇਸ ਜਨਮਸਾਖੀ ਦਾ ਮੰਤਵ ਉਤਨਾ ਬਾਬਾ ਨਾਨਕ ਦਾ ਜੀਵਨ-ਬਿਰਤਾਂਤ ਪੇਸ਼ ਕਰਨਾ ਨਹੀਂ, ਜਿਤਨਾ ਬਾਣੀ ਦੀ ਵਿਆਖਿਆ ਕਰਨਾ ਰਿਹਾ ਹੈ। ਇਸ ਜਨਮਸਾਖੀ ਦੇ ਭਾਸ਼ਾਈ ਅਧਿਐਨ ਤੋਂ ਪਤਾ ਚਲਦਾ ਹੈ ਕਿ ਪੰਜਾਬੀ ਵਾਰਤਕ ਲਹਿੰਦੀ ਨੂੰ ਤਿਆਗ ਕੇ ਹੌਲੀ-ਹੌਲੀ ਸਾਧ-ਭਾਸ਼ਾ ਵੱਲ ਵਧ ਰਹੀ ਸੀ। ਇਸ ਵਿਚੋਂ ਫ਼ਾਰਸੀ ਦਾ ਪ੍ਰਭਾਵ ਵੀ ਖ਼ਤਮ ਹੋ ਰਿਹਾ ਸੀ। ਇਹ ਜਨਮਸਾਖੀ ਪੰਜਾਬੀ ਵਾਰਤਕ ਦੇ ਵਿਕਾਸ ਨੂੰ ਬੜੇ ਪ੍ਰਮਾਣਿਕ ਢੰਗ ਨਾਲ ਪੇਸ਼ ਕਰਦੀ ਹੈ। ਇਕ ਉਦਾਹਰਣ ਦੇਖੋ :

ਤਬ ਏਕ ਦਿਨ ਗੁਰੂ ਬਾਬਾ ਨਾਨਕ ਇੰਵ ਹੀ ਸੁਭਾਇ ਕਰਿ ਕਰਿ ਅਪਨੇ ਗ੍ਰਹ ਮਹਿ ਬੈਠਾ ਹੈ। ਤਬ ਗੁਰੂ ਬਾਬੇ ਕੀ ਇਸਤ੍ਰੀ ਮੂਲੇ ਦੀ ਧੀ ਚੋਣੀ ਤਿਸ ਕਉ ਗੁਰੂ ਬਾਬਾ ਦਿਸਟਿ ਪੜਿ ਗੈਆ। ਜਾ ਗੁਰੂ ਬਾਬਾ ਦੇਖੈ ਤਉ ਮਹਾ ਦੁਰਬਲ ਹੈ। ਦੇਹੀ ਬਹੁਤ ਖੀਣ ਹੋਇ ਗਈ ਹੈ। ਤਬ ਗੁਰੂ ਬਾਬੇ ਜੀ ਮਨ ਮਾਹਿ ਬੀਚਾਰਿਆ ਜਿ ਭਾਈ ਇਸ ਕਉ ਕਿਸ ਬਾਤ ਕਾ ਦੁਖੁ ਪਹੁੰਚਿਆ ਹੈ ਕਿ ਦੇਹ ਐਸੀ ਖੀਣ ਹੋਇ ਰਹੀ ਹੈ।

**(ਗੋਸ਼ਟ ਗੁਰੂ ਬਾਬੇ ਨਾਨਕ ਜੀ ਕੀ)**

### 9.4.4 ਭਾਈ ਬਾਲੇ ਵਾਲੀ ਜਨਮਸਾਖੀ

ਇਸ ਜਨਮਸਾਖੀ ਨੂੰ ਬਹੁਤ ਪ੍ਰਸਿੱਧੀ ਪ੍ਰਾਪਤ ਰਹੀ। ਪੰਜਾਬ ਦੇ ਲੋਕ ਪੁਰਾਤਨ ਜਾਂ ਵਲਾਇਤ ਵਾਲੀ ਜਨਮਸਾਖੀ ਬਾਰੇ ਬਹੁਤਾ ਕੁਝ ਨਹੀਂ ਸਨ ਜਾਣਦੇ। ਪਰ ਭਾਈ ਬਾਲੇ ਵਾਲੀ ਜਨਮਸਾਖੀ ਦਾ ਪਾਠ ਪਿੰਡਾਂ ਅਤੇ ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਰੋਜ਼ ਕੀਤਾ ਜਾਂਦਾ ਸੀ। ਇਸ ਜਨਮਸਾਖੀ ਦੇ ਆਰੰਭ ਵਿਚ ਇਹ ਸ਼ਬਦ ਆਉਂਦੇ ਹਨ :

ਸੰਮਤ 1582 ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ ਪੈੜਾ ਮੋਖਾ ਸੁਲਤਾਨਪੁਰ ਕੇ ਵਸਨੀਕ। ਅਰੁ ਗੁਰੂ ਅੰਗਦ ਜੀ ਲਿਖਾਈ। ਮੁਖਾਸਤਿ ਭਾਈ ਬਾਲੇ ਜਟੇਟੇ ਕੀ। ਰਾਇ ਭੋਇ ਭਟੀ ਦੀ ਤਿਲਵੰਡੀਅਹੁ ਆਇਆ ਆਹਾ। ਗੁਰੂ ਅੰਗਦ ਜੀ ਨੂੰ ਢੂੰਢ ਲਧੋਸੁ। ਦੁਇ ਮਹੀਨੇ ਅਤੇ ਸਤਾਈ ਦਿਨ ਲਿਖਦਿਆਂ ਲਗੇ ਆਹੇ।

(**ਜਨਮਸਾਖੀ ਭਾਈ ਬਾਲਾ,** ਸੰਪ. ਡਾ. ਸੁਰਿੰਦਰ ਸਿੰਘ ਕੋਹਲੀ)

9.4.5 ਸ. ਕਰਮ ਸਿੰਘ ਹਿਸਟੋਰੀਅਨ ਨੇ ਇਸ ਜਨਮਸਾਖੀ ਦੀਆਂ ਕੁਝ ਅੰਦਰਲੀਆਂ ਗਵਾਹੀਆਂ ਦਾ ਵਿਸ਼ਲੇਸ਼ਣ ਕਰ ਕੇ ਇਸ ਦੀ ਪ੍ਰਮਾਣਿਕਤਾ ਨੂੰ ਰੱਦ ਕਰ ਦਿੱਤਾ ਹੈ। ਉਸ ਅਨੁਸਾਰ ਇਹ ਜਨਮਸਾਖੀ ਹੰਦਾਲੀਆਂ ਨੇ ਲਿਖਵਾਈ ਸੀ। ਭਾਈ ਬਾਲਾ ਨਾਮ ਦਾ ਕੋਈ ਸ਼ਖ਼ਸ ਗੁਰੂ ਨਾਨਕ ਦੇਵ ਜੀ ਦਾ ਸੰਗੀ ਨਹੀਂ ਰਿਹਾ। ਗੁਰੂ ਅੰਗਦ ਦੇਵ ਜੀ ਦਾ ਨਾਮ ਵੀ ਐਵੇਂ ਜੋੜ ਲਿਆ ਗਿਆ ਹੈ। ਇਸ ਜਨਮਸਾਖੀ ਦੇ ਰਚਨਾ-ਕਾਲ ਬਾਰੇ ਵੀ ਵਿਦਵਾਨਾਂ ਵਿਚ ਕਾਫ਼ੀ ਮੱਤਭੇਦ ਹੈ। ਡਾ. ਰਤਨ ਸਿੰਘ ਨੇ ਇਸ ਜਨਮਸਾਖੀ ਦਾ ਰਚਨਾ-ਕਾਲ 1654 ਈ. ਤੋਂ ਪਹਿਲਾਂ ਦਾ ਸਿੱਧ ਕੀਤਾ ਹੈ। ਸ. ਅਸ਼ੋਕ ਅਨੁਸਾਰ ਇਹ ਜਨਮਸਾਖੀ 1655 ਈ. ਤੋਂ ਬਾਅਦ ਲਿਖੀ ਗਈ। ਡਾ. ਗੁਰਬਚਨ ਕੌਰ ਨੇ ਭਾਈ ਬਿਧੀ ਚੰਦ ਦੇ ਪੁੱਤਰ ਬਾਲ ਚੰਦ ਨੂੰ ਇਸ ਜਨਮਸਾਖੀ ਦਾ ਰਚਣਹਾਰ ਕਿਆਸਦਿਆਂ ਹੋਇਆਂ ਕਿਹਾ ਹੈ ਕਿ ਸੰਭਵ ਹੈ ਇਸ ਸਾਖੀ

ਵਿਚਲਾ ਪਾਤਰ ਬਾਲਾ, ਅਸਲ ਵਿਚ ਬਾਲਚੰਦ ਹੀ ਹੋਵੇ। (**ਆਲੋਚਨਾ,** ਜੁਲਾਈ-ਸਤੰਬਰ 1982, ਪੰਨਾ 28) ਪੰਜਾਬੀ ਸਾਹਿੱਤ ਦੇ ਬਹੁਤੇ ਵਿਦਵਾਨ ਇਸ ਗੱਲ ਉਪਰ ਸਹਿਮਤ ਹਨ ਕਿ ਇਸ ਜਨਮਸਾਖੀ ਦਾ ਮੰਤਵ ਬਾਬਾ ਹੰਦਾਲ ਦੀ ਸਰਵੁੱਚਤਾ ਨੂੰ ਪ੍ਰਗਟ ਕਰਨਾ ਹੈ। ਹੰਦਾਲ ਗੁਰੂ ਅਮਰਦਾਸ ਜੀ ਦਾ ਇਕ ਸਿੱਖ ਸੀ, ਜੋ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਗੁਰੂ-ਘਰ ਤੋਂ ਆਕੀ ਹੋ ਗਿਆ ਸੀ। ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਅਪ੍ਰਮਾਣਿਕ ਹੋਣ ਦੇ ਬਾਵਜੂਦ ਸਾਹਿਤਕ ਪੱਖੋਂ ਇਹ ਜਨਮਸਾਖੀ ਕਾਫ਼ੀ ਮਹੱਤਵਪੂਰਨ ਹੈ। ਇਹ ਇਕ ਅਜਿਹਾ ਸਭਿਆਚਾਰਕ ਦਸਤਾਵੇਜ਼ ਹੈ, ਜਿਸ ਵਿਚ ਗੁਰੂ ਕਾਲ ਦੇ ਪੰਜਾਬੀ ਸਭਿਆਚਾਰ ਦੀਆਂ ਬੜੀਆਂ ਵਿਸ਼ਵਾਸਯੋਗ ਝਾਕੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

### 9.4.6 ਆਦਿ ਸਾਖੀਆਂ ਬਾਬੇ ਕੀਆਂ

ਇਸ ਜਨਮਸਾਖੀ ਦਾ ਅਸਲ ਨਾਮ 'ਜਨਮ ਪੱਤਰੀ ਬਾਬੇ ਜੀ ਕੀ' ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੀ ਪੁਸਤਕ 'A History of Punjabi Literature' ਵਿਚ ਇਸ ਪੁਸਤਕ ਦਾ ਨਾਮ 'ਆਦਿ ਸਾਖੀਆਂ' ਰੱਖਿਆ ਸੀ। ਫਿਰ ਇਹੀ ਨਾਮ ਪ੍ਰਚਲਿਤ ਹੋ ਗਿਆ। ਡਾ. ਪਿਆਰ ਸਿੰਘ ਨੇ 1969 ਈ. ਵਿਚ ਇਸ ਜਨਮਸਾਖੀ ਦਾ ਸੰਪਾਦਨ ਕੀਤਾ। ਜਨਮਸਾਖੀਕਾਰ ਵਲੋਂ ਇਸ ਜਨਮਸਾਖੀ ਵਿਚ ਕੁਲ 30 ਸਾਖੀਆਂ ਦੀ ਸੰਖਿਆ ਦੱਸੀ ਹੈ ਪਰ ਕਈ ਥਾਂ ਇਕ ਹੀ ਸਾਖੀ ਵਿਚ ਇਕ ਤੋਂ ਵੱਧ ਸਾਖੀਆਂ ਵੀ ਆ ਗਈਆਂ ਹਨ। ਇਉਂ ਸਾਖੀਆਂ ਦੀ ਕੁਲ ਗਿਣਤੀ 51 ਬਣ ਜਾਂਦੀ ਹੈ। ਇਸ ਤਰ੍ਹਾਂ ਇਸ ਜਨਮਸਾਖੀ ਵਿਚ ਸਭ ਤੋਂ ਘੱਟ ਸਾਖੀਆਂ ਆਈਆਂ ਹਨ। ਇਸ ਤੱਥ ਤੋਂ ਡਾ. ਤਰਲੋਚਨ ਸਿੰਘ ਬੇਦੀ ਨੇ ਇਹ ਸਿੱਟਾ ਕੱਢਿਆ ਹੈ ਕਿ ਇਹ ਜਨਮਸਾਖੀ ਸਭ ਤੋਂ ਪੁਰਾਤਨ ਹੋ ਸਕਦੀ ਹੈ। ਮਿਹਰਬਾਨ ਵਾਲੀ ਜਨਮਸਾਖੀ ਉਪਰ ਵੀ 'ਆਦਿ ਸਾਖੀਆਂ' ਦਾ ਪ੍ਰਭਾਵ ਸਪਸ਼ਟ ਤੌਰ ਤੇ ਨਜ਼ਰ ਆ ਜਾਂਦਾ ਹੈ। ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਇਸ ਜਨਮਸਾਖੀ ਦੀ ਰਚਨਾ ਕਿਸੇ ਸ਼ੰਭੂ ਨਾਥ ਬ੍ਰਾਹਮਣ ਨੇ 1701 ਈ. ਵਿਚ ਕੀਤੀ। ਇਸ ਕਾਰਨ ਪਹਿਲੇ-ਪਹਿਲ ਇਸ ਨੂੰ 'ਸ਼ੰਭੂ ਨਾਥ ਦੀ ਜਨਮ ਪੱਤਰੀ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ।

### 9.4.7 ਸਤਿਗੁਰੂ ਜੀ ਕੇ ਮੁਹਿ ਦੀਆਂ ਸਾਖੀਆਂ

ਡਾ. ਸੁਰਿੰਦਰ ਸਿੰਘ ਕੋਹਲੀ ਨੇ ਆਪਣੀ ਪੁਸਤਕ 'ਪੰਜਾਬੀ ਸਾਹਿੱਤ ਦਾ ਇਤਿਹਾਸ' ਵਿਚ 32 ਸਾਖੀਆਂ ਦੀ ਇਕ ਪੁਰਾਣੀ ਹਥਲਿਖਤ ਦਾ ਜ਼ਿਕਰ ਕੀਤਾ ਹੈ, ਜੋ ਗੁਰੂ ਹਰਿ ਰਾਏ ਸਾਹਿਬ ਦੀ ਸਪੁੱਤਰੀ ਬੀਬੀ ਰੂਪ ਕੌਰ ਨੇ ਕਿਸੇ ਨੁਸਖ਼ੇ ਤੋਂ ਆਪਣੀ ਪੋਥੀ ਵਿਚ ਉਤਾਰੀਆਂ। ਡਾ. ਪਿਆਰ ਸਿੰਘ ਅਨੁਸਾਰ ਇਨ੍ਹਾਂ ਸਾਖੀਆਂ ਦੀ ਗਿਣਤੀ 33 ਹੈ। (ਪੰਜਾਬੀ ਸਾਹਿੱਤ ਦਾ ਇਤਿਹਾਸ, ਭਾਗ ਪਹਿਲਾ, ਭਾ. ਵਿ., ਪੰਨਾ 736) ਇਸ ਰਚਨਾ ਦੀ ਬੋਲੀ ਠੇਠ ਪੰਜਾਬੀ ਦੇ ਵਧੇਰੇ ਨੇੜੇ ਹੈ। ਲਿਖਣ-ਢੰਗ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਨਾਲ ਮਿਲਦਾ-ਜੁਲਦਾ ਹੈ। ਇਸ ਵਿਚ ਕੁਝ ਸਾਖੀਆਂ ਗੁਰੂ ਅਰਜਨ ਦੇਵ ਜੀ ਦੇ ਬਾਰੇ ਵੀ ਹਨ।

### 9.4.8 ਜਨਮਸਾਖੀ ਭਗਤ ਕਬੀਰ ਜੀ

ਇਸ ਜਨਮਸਾਖੀ ਵਿਚ ਭਗਤ ਕਬੀਰ ਜੀ ਦੇ ਜੀਵਨ ਨਾਲ ਸੰਬੰਧਿਤ 25 ਕਥਾਵਾਂ ਦਰਜ ਹਨ। ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ ਵਿਚ ਇਸ ਜਨਮਸਾਖੀ ਦਾ 1683 ਈ. ਵਿਚ ਕੀਤਾ ਇਕ ਉਤਾਰਾ ਪਿਆ ਹੈ, ਜਿੱਥੋਂ ਸਿੱਧ ਹੁੰਦਾ ਹੈ ਕਿ ਮੂਲ ਜਨਮਸਾਖੀ ਇਸ ਉਤਾਰੇ ਤੋਂ ਕੁਝ ਸਮਾਂ ਪਹਿਲਾਂ ਲਿਖੀ ਹੋਵੇਗੀ। ਜੇ ਇਸ ਜਨਮਸਾਖੀ ਦੇ ਬਿਆਨ-ਢੰਗ ਨੂੰ 'ਸ੍ਰੀ ਮਿਹਰਬਾਨ ਵਾਲੀ ਪੋਥੀ' ਨਾਲ ਮੇਲ ਕੇ ਵਾਚਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਜਨਮਸਾਖੀ ਵੀ ਮਿਹਰਬਾਨ ਦੀ ਹੀ ਲਿਖੀ ਜਾਂ ਲਿਖਵਾਈ ਹੋਈ ਹੈ। ਇਸ ਜਨਮਸਾਖੀ ਵਿਚ ਮਨੁੱਖੀ ਭਾਵਾਂ ਦਾ ਚਿਤ੍ਰਣ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਵਾਰਤਾਲਾਪ ਨੂੰ ਪਾਤਰਾਂ ਦੀ ਸਥਿਤੀ ਅਨੁਸਾਰ ਰੱਖਿਆ ਹੈ। ਇਸ ਰਚਨਾ ਦੀਆਂ ਸ਼ਬਦ-ਘਾੜਤਾਂ ਗੁਰਬਾਣੀ ਨਾਲ ਕਾਫ਼ੀ ਮਿਲਦੀਆਂ ਜੁਲਦੀਆਂ ਹਨ। ਬ੍ਰਜੀ ਅਤੇ ਖੜੀ ਬੋਲੀ ਦਾ ਪ੍ਰਭਾਵ ਨਜ਼ਰ ਆਉਂਦਾ ਹੈ।

## 9.5 ਟੀਕੇ (ਪਰਮਾਰਥ)

ਪੁਰਾਤਨ ਪੰਜਾਬੀ ਵਾਰਤਕ ਦੀ ਇਕ ਹੋਰ ਪਰੰਪਰਾ ਟੀਕਿਆਂ ਅਤੇ ਪਰਮਾਰਥਾਂ ਨਾਲ ਜੁੜੀ ਹੋਈ ਹੈ। ਇਸ ਪਰੰਪਰਾ ਦਾ ਆਰੰਭ ਮੀਣੇ ਗੁਰੂਆਂ ਸ੍ਰੀ ਮਿਹਰਬਾਨ ਅਤੇ ਹਰਿਜੀ ਨੇ ਕੀਤਾ। ਇਸ ਕਾਲ ਵਿਚ ਰਚੇ ਗਏ ਬਹੁਤੇ ਟੀਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਸੰਬੰਧਿਤ ਹਨ। ਮੀਣੇ ਗੁਰੂਆਂ ਦੀ ਆਪਣੀ ਬਾਣੀ ਦੇ ਵੀ ਕੁਝ ਟੀਕੇ ਮਿਲਦੇ ਹਨ। ਇਸ ਕਾਲ ਵਿਚ ਰਚੇ ਗਏ ਕੁਝ ਪ੍ਰਮੁੱਖ ਟੀਕੇ ਇਸ ਪ੍ਰਕਾਰ ਹਨ :

(i) ਜਪੁ ਪਰਮਾਰਥ : ਸੋਢੀ ਮਿਹਰਬਾਨ

(ii) ਟੀਕਾ ਸਿੱਧ ਗੋਸ਼ਟਿ : ਸੋਢੀ ਮਿਹਰਬਾਨ

(iii) ਟੀਕਾ ਦਖਣੀ ਓਅੰਕਾਰ : ਹਰਿ ਜੀ ਦੀ ਪੋਥੀ ਵਿਚ ਸੰਕਲਿਤ

(iii) ਟੀਕਾ ਪੱਟੀ ਤੇ ਬਾਰਾਮਾਹ ਤੁਖਾਰੀ : ਪੋਥੀ ਮਿਹਰਬਾਨ ਵਿਚ ਸੰਕਲਿਤ

(v) ਸੁਖਮਨੀ ਸਹੰਸਰ ਨਾਮ : ਸੋਢੀ ਮਿਹਰਬਾਨ ਦੀ ਬਾਣੀ ਦਾ ਟੀਕਾ

**9.6.1 ਗੋਸ਼ਟਾਂ**

ਪੰਜਾਬੀ ਗੋਸ਼ਟਾਂ ਦਾ ਆਰੰਭ ਨਾਥਾਂ-ਜੋਗੀਆਂ ਦੀਆਂ ਗੋਸ਼ਟਾਂ ਨਾਲ ਹੋਇਆ। ਇਨ੍ਹਾਂ ਤੋਂ ਪਿੱਛੋਂ ਤੇਰਵੀਂ-ਚੌਧਵੀਂ ਸਦੀ ਵਿਚ 'ਇਕਾਦਸ਼ੀ ਮਹਾਤਮ' ਨਾਮ ਦੀ ਰਚਨਾ ਸਾਹਮਣੇ ਆਈ। ਡਾ. ਤਰਲੋਚਨ ਸਿੰਘ ਬੇਦੀ ਨੇ 'ਗਰਭ ਗੀਤਾ', 'ਰਾਮ ਗੀਤਾ' ਅਤੇ 'ਸਾਰ ਗੀਤਾ' ਨਾਮ ਦੀਆਂ ਕੁਝ ਹੋਰ ਗੋਸ਼ਟਾਂ ਦਾ ਵੀ ਜ਼ਿਕਰ ਕੀਤਾ ਹੈ। ਸੋਢੀ ਮਿਹਰਬਾਨ ਦੀ ਪੁਸਤਕ 'ਪੋਥੀ ਸਚਖੰਡ' ਵਿਚ ਬਹੁਤ ਸਾਰੇ ਭਗਤਾਂ-ਸੰਤਾਂ ਦੀਆਂ ਗੋਸ਼ਟਾਂ ਸੰਕਲਿਤ ਹਨ। ਹਰਿਜੀ ਰਚਿਤ 'ਗੋਸ਼ਟਾਂ ਮਿਹਰਬਾਨ ਜੀ' ਦੀ ਇਕ ਗੋਸ਼ਟਿ ਵਿਚ ਲਿਖਿਆ ਹੈ :

> ਸਭਨਾਂ ਭਗਤਾਂ ਦੀਆਂ ਗੋਸ਼ਟਾਂ ਗੁਰੂ ਸਾਹਿਬ ਸਲਾਮਤ ਹੋਦੇ ਹੀ ਹੋਈਆਂ ਥੀਆਂ, ਅਰ ਨੰਗਲ ਸਹਰੁ ਸਾਡੇ ਧਉਲੇ ਵਿਚਿ, ਚਉਬਾਰੇ ਕੇ ਉਪਰਿ ਗੋਸ਼ਟੀ ਕਾ ਆਰੰਭ ਹੋਇਆ ਥਾ। ਤਦ ਆਦਿ ਹੀ ਕਬੀਰ ਗੁਸਾਈ ਕੀਆਂ ਗੋਸ਼ਟਾਂ ਭਈਆਂ, ਤਿਸੁ ਪੀਛੇ ਅਉਰੁ ਸਭੁ ਗੋਸ਼ਟੀ ਹੋਈਆਂ।
>
> **(ਬਿਆਲੀਵੀਂ ਗੋਸ਼ਟਿ)**

9.6.2 ਇਨ੍ਹਾਂ ਗੋਸ਼ਟਾ ਵਿਚ ਜਾਤ-ਪਾਤ ਦੀ ਨਿਖੇਧੀ, ਉੱਚੀ ਜਾਤੀ ਵਾਲਿਆਂ ਦੇ ਮਿਥਿਆ ਅਭਿਮਾਨ, ਭਗਤੀ-ਭਾਵਨਾ ਦਾ ਸਤਿਕਾਰ ਆਦਿ ਵਿਸ਼ੇ ਪੇਸ਼ ਹੋਏ ਹਨ। ਕਬੀਰ ਜੀ ਨਾਲ ਸੰਬੰਧਿਤ ਬਹੁਤ ਸਾਰੀਆਂ ਗੋਸ਼ਟਾਂ ਤੋਂ ਬਿਨਾ ਸਧਨਾ, ਧੰਨਾ, ਕਾਨ੍ਹਾ, ਨਾਮਦੇਵ, ਰਵਿਦਾਸ, ਬੇਣੀ ਅਤੇ ਤ੍ਰਿਲੋਚਨ ਆਦਿਕ ਭਗਤਾਂ ਬਾਰੇ ਵੀ ਗੋਸ਼ਟਾਂ ਰਚੀਆਂ ਗਈਆਂ ਹਨ। ਬਾਬਾ ਲਾਲ ਦੀਆਂ ਗੋਸ਼ਟਾਂ ਪੰਜਾਬੀ ਵਾਰਤਕ ਸਾਹਿੱਤ ਦੀ ਇਕ ਹੋਰ ਬੜੀ ਹੈ। ਕਈ ਵਿਦਵਾਨ ਇਨ੍ਹਾਂ ਗੋਸ਼ਟਾਂ ਨੂੰ 'ਬਚਨ' ਜਾਂ 'ਸੁਖ਼ਨ' ਦੀ ਪਰੰਪਰਾ ਵਿਚ ਰੱਖਦੇ ਹਨ।

9.6.3 'ਗੋਸ਼ਟਿ ਮੱਕੇ ਮਦੀਨੇ ਕੀ' ਇਸ ਪਰੰਪਰਾ ਦੀ ਇਕ ਹੋਰ ਪ੍ਰਸਿੱਧ ਰਚਨਾ ਹੈ। ਸਰਦਾਰ ਜੀ.ਬੀ.ਸਿੰਘ ਇਸ ਨੂੰ ਇਕ ਪੁਰਾਣੀ ਗੋਸ਼ਟਿ ਮੰਨਦਾ ਹੈ। ਉਸ ਅਨੁਸਾਰ ਇਸ ਗੋਸ਼ਟਿ ਦੀ ਰਚਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਹੋ ਚੁੱਕੀ ਸੀ। ਇਸ ਗੋਸ਼ਟਿ ਦਾ ਆਧਾਰ ਭਾਈ ਗੁਰਦਾਸ ਦੀ ਪਹਿਲੀ ਵਾਰ ਦੀਆਂ 32 ਤੋਂ 34 ਪਉੜੀਆਂ ਉਪਰ ਟਿਕਿਆ ਹੋਇਆ ਹੈ। ਇਸ ਗੋਸ਼ਟਿ ਦੀ 'ਪੁਰਾਤਨ ਜਨਮਸਾਖੀ' ਨਾਲ ਸਾਂਝ ਵੀ ਪ੍ਰਤੱਖ ਹੈ। ਇਸ ਗੋਸ਼ਟਿ ਵਿਚ ਗੁਰਬਾਣੀ ਦਾ ਪ੍ਰਯੋਗ ਵੀ ਹੋਇਆ ਹੈ। ਡਾ. ਪਰਮਿੰਦਰ ਸਿੰਘ ਨੇ ਸਤਾਰ੍ਹਵੀਂ ਸਦੀ ਤਕ ਦੀ ਵਾਰਤਕ ਵਿਚ 'ਗੋਸ਼ਟਿ ਆਤਮੇ ਕੀ', 'ਅਜਿੱਤੇ ਰੰਧਾਵੇ ਕੀ ਗੋਸ਼ਟਿ', 'ਗੋਸ਼ਟਿ ਗੋਰਖ-ਭਰਥਰੀ' ਅਤੇ 'ਬਾਬੇ ਲਾਲ ਨਾਲ ਗੋਸ਼ਟਿ' ਆਦਿ ਰਚਨਾਵਾਂ ਵੱਲ ਵੀ ਸੰਕੇਤ ਕੀਤਾ ਹੈ। 'ਬਾਬੇ ਲਾਲ ਨਾਲ ਗੋਸ਼ਟਿ' ਵਿਚੋਂ ਕੁਝ ਅੰਸ਼ ਦੇਖੋ :

> ਘਰ ਫ਼ਕੀਰ ਕਾ ਕਹਾਂ ਹੈ ? ਕੇ ਸਰੀਰ ਅਰ ਜੀਉ।
> ਮਹਮਾਨ ਫ਼ਕੀਰ ਕਾ ਕਉਨ ਹੈ ? ਕੇ ਸਰੀਰ ਅਰ ਜੀਉ।
> ਤੋਸ਼ਾ ਫ਼ਕੀਰ ਕਾ ਕਯਾ ਹੈ ? ਕੇ ਭਰੋਸਾ ਭਗਵਾਨ ਕਾ।
> ਮੇਲਾ ਫ਼ਕੀਰ ਕਾ ਕਯਾ ਹੈ ? ਕੇ ਆਪਣਾ ਆਪ ਭੁਲਾਵਣਾ।

**9.6.4 ਵਚਨ ਅਤੇ ਸੁਖ਼ਨ**

ਪੁਰਾਤਨ ਪੰਜਾਬੀ ਵਾਰਤਕ ਦਾ ਇਕ ਹੋਰ ਰੂਪ 'ਵਚਨ' ਜਾਂ 'ਸੁਖ਼ਨ' ਹੈ। ਇਸ ਦੇ ਕਈ ਨਮੂਨੇ ਮਿਲਦੇ ਹਨ, ਜਿਵੇਂ : ਵਚਨ ਸਾਈਂ ਲੋਕਾਂ ਦੇ, ਵਚਨ ਫ਼ਕੀਰਾਂ ਦੇ ਆਦਿ। ਗੁਰੂਆਂ, ਸੰਤਾਂ ਜਾਂ ਮਹਾਂਪੁਰਖਾਂ ਦੇ ਵਚਨ ਸ਼ਰਧਾਲੂਆਂ ਲਈ ਵਿਸ਼ੇਸ਼ ਖਿੱਚ ਰਖਦੇ ਸਨ। ਉਹ ਇਨ੍ਹਾਂ ਨੂੰ ਸੰਭਾਲ ਕੇ ਰੱਖਦੇ ਸਨ ਅਤੇ ਇਨ੍ਹਾਂ ਉਪਰ ਚੱਲਣ ਦਾ ਸੁਹਿਰਦ ਯਤਨ ਵੀ ਕਰਦੇ ਸਨ। ਅਜਿਹੇ ਸੁਖ਼ਨਾਂ ਦਾ ਇਕ ਖ਼ਜ਼ਾਨਾ ਸੈਂਟਰਲ ਪਬਲਿਕ ਲਾਇਬਰੇਰੀ ਵਿਚ ਸੁਰੱਖਿਅਤ ਹੈ।

**9.6.5 ਹੁਕਮਨਾਮੇ**

ਸਤਾਰ੍ਹਵੀਂ ਸਦੀ ਦੀ ਵਾਰਤਕ ਰਚਨਾ ਦਾ ਇਕ ਭੇਦ 'ਹੁਕਮਨਾਮਾ' ਸਾਹਿੱਤ ਵੀ ਹੈ। ਇਨ੍ਹਾਂ ਹੁਕਮਨਾਮਿਆਂ ਦਾ ਸਾਹਿਤਿਕ ਮਹਤਵ ਤਾਂ ਵਿਸ਼ੇਸ਼ ਨਹੀਂ ਹੈ ਪਰ ਇਨ੍ਹਾਂ ਵਿਚ ਵਰਤੀ ਗਈ ਭਾਸ਼ਾ ਦੁਆਰਾ ਅਸੀਂ ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਬਹੁਮੁੱਲੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। 'ਹੁਕਮਨਾਮੇ' ਅਸਲ ਵਿਚ ਦੂਰ-ਦੁਰੇਡੇ ਵੱਸਣ ਵਾਲੀਆਂ ਸੰਗਤਾਂ ਦੇ ਨਾਮ ਗੁਰੂ ਸਾਹਿਬਾਨ ਵੱਲੋਂ ਭੇਜੇ ਗਏ ਲਿਖਤੀ ਪੈਗ਼ਾਮ ਹੁੰਦੇ ਸਨ। ਇਨ੍ਹਾਂ ਹੁਕਮਨਾਮਿਆਂ ਦੀ ਬਣਤਰ ਸ਼ਾਹੀ ਫੁਰਮਾਨਾਂ ਵਰਗੀ ਹੁੰਦੀ ਸੀ। ਮੋਹਰ ਦੀ ਥਾਂ ਇਨ੍ਹਾਂ ਉਪਰ ਗੁਰੂ ਸਾਹਿਬਾਨ ਦੇ ਹਸਤਾਖਰ ਜਾਂ ਨਿਸ਼ਾਨ ਅੰਕਿਤ ਹੁੰਦੇ ਸਨ। ਆਰੰਭ ਵਿਚ ਗੁਰੂ-ਘਰ ਵਲੋਂ ਅਸੀਸ ਹੁੰਦੀ ਸੀ। ਜਿਵੇਂ : ਗੁਰੂ ਰਖੇਗਾ, ਗੁਰੂ ਗੁਰੂ ਜਪਣਾ, ਜਨਮ ਸਉਰੇਗਾ, ਤੁਸੀਂ ਮੇਰਾ ਖ਼ਾਲਸਾ ਹੋ। **(ਹੁਕਮਨਾਮਾ ਗੁਰੂ ਗੋਬਿੰਦ ਸਿੰਘ)**

9.6.6 ਮਿਤੀਬੱਧ ਹੋਣ ਕਰਕੇ ਇਹ ਹੁਕਮਨਾਮੇ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਅਨੇਕ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਵਿਚ ਸਹਾਇਤਾ ਕਰਦੇ ਹਨ। ਇਸ ਵਕਤ ਸਾਡੇ ਕੋਲ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਤਕ ਲਗਪਗ ਇਕ ਸੌ ਸਾਲ ਦੇ ਇਤਿਹਾਸ ਨੂੰ ਖੋਲ੍ਹਣ ਲਈ ਹੁਕਮਨਾਮੇ ਮੌਜੂਦ ਹਨ। ਇਨ੍ਹਾਂ ਵਿਚੋਂ ਤਿੰਨ ਗੁਰੂ ਹਰਿਗੋਬਿੰਦ ਸਾਹਿਬ, ਇਕ ਗੁਰੂ ਹਰਿਕ੍ਰਿਸ਼ਨ ਸਾਹਿਬ, ਕੁਝ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਬਹੁਤੇ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ, ਮਾਤਾ ਸੁੰਦਰੀ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧ ਰਖਦੇ ਹਨ। ਇਨ੍ਹਾਂ ਹੁਕਮਨਾਮਿਆਂ ਦੀ ਭਾਸ਼ਾ ਹਿੰਦੀ ਰਲੀ ਪੰਜਾਬੀ ਹੈ। ਇਨ੍ਹਾਂ ਤੋਂ ਅਸੀਂ ਗੁਰਮੁਖੀ ਲਿਪੀ ਦੇ ਭਿੰਨ-ਭਿੰਨ ਵਿਕਾਸ ਪੜਾਵਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਲਿਖੇ ਇਕ ਹੁਕਮਨਾਮੇ ਦਾ ਰੂਪ ਦੇਖੋ :

> ਭਾਈ ਜਾਪੂ, ਭਾਈ ਗੁਰਦਾਸ, ਭਾਈ ਮੁਹਰਿ, ਭਾਈ ਦਿਆਲ ਗੁਰੂ ਗੁਰੂ ਜਪਣਾ॥ ਜਨਮ ਸਵਰੇ॥ ਸੰਗਤ ਕੀ ਕਾਮਨਾ ਪੂਰੀ ਹੋਗ॥ ਸੰਗਤ ਕਾ ਰੁਜਗਾਰ ਹੋਗ॥ ਗੁਰੂ ਦੀ ਆਗਿਆ ਹੈਇ ਕੀਰਤਨ ਕਰਨਾ॥ ਭਲੀ ਜੁਗਤਿ ਰਹਿਣਾ॥ ਮਾਸ ਮਛੀ ਦੇ ਨੇੜੇ ਨਹਿ ਆਵਣਾ॥ ਪੂਰਬਿ ਦੀ ਸੰਗਤ ਗੁਰੂ ਦਾ ਖਾਲਸਾ ਹੈਇ॥...

**(ਹੁਕਮਨਾਮਾ ਗੁਰੂ ਹਰਿਗੋਬਿੰਦ ਸਾਹਿਬ ਜੀ)**

**9.6.6 ਰਹਿਤਨਾਮੇ**

ਰਹਿਤਨਾਮਿਆਂ ਦੀ ਪਰੰਪਰਾ ਕਾਫ਼ੀ ਪੁਰਾਣੀ ਹੈ। ਇਨ੍ਹਾਂ ਰਹਿਤਨਾਮਿਆਂ ਰਾਹੀਂ ਸਿੱਖਾਂ ਨੂੰ ਅਧਿਆਤਮਕ ਅਤੇ ਸਮਾਜਿਕ ਮਰਯਾਦਾ ਦੇ ਨਿਯਮ ਦ੍ਰਿੜ੍ਹ ਕਰਵਾਏ ਗਏ ਹਨ। ਸਿੱਖ ਧਰਮ ਵਿਚ ਭਾਈ ਨੰਦ ਲਾਲ, ਭਾਈ ਚੌਪਾ ਸਿੰਘ, ਭਾਈ ਦੇਸਾ ਸਿੰਘ ਅਤੇ ਭਾਈ ਦਯਾ ਸਿੰਘ ਦੇ ਰਹਿਤਨਾਮੇ ਕਾਫ਼ੀ ਪ੍ਰਸਿੱਧ ਹਨ। ਇਨ੍ਹਾਂ ਵਿਚ ਸਿੱਧੀ, ਸਪਸ਼ਟ ਅਤੇ ਸਰਲ ਭਾਸ਼ਾ ਰਾਹੀਂ ਗੁਰਸਿੱਖਾਂ ਨੂੰ ਕੁਝ ਆਦੇਸ਼ ਦਿੱਤੇ ਜਾਂਦੇ ਹਨ। ਦੇਖੋ :

1. ਗੁਰੂ ਕਾ ਸਿੱਖ ਜੰਞੂ, ਟਿੱਕੇ ਦੀ ਕਾਣ ਨਾ ਕਰੇ।
2. ਗੁਰੂ ਕਾ ਸਿੱਖ ਮੜ੍ਹੀ, ਸਤੀ, ਮਸੀਤ, ਕਾਜ਼ੀ, ਮੁੱਲਾਂ, ਬ੍ਰਾਹਮਣ ਆਦਿਕ ਨੂੰ ਕਦੀ ਨਾ ਮੰਨੇ, ਨਾ ਪੂਜੇ।

**(ਰਹਿਤਨਾਮਾ ਭਾਈ ਚੌਪਾ ਸਿੰਘ)**

3. ਗੁਰੂ ਕਾ ਸਿੱਖ ਮਠ, ਬੁੱਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤਰ, ਤੰਤਰ, ਜੰਤਰ, ਪੀਰ, ਬ੍ਰਾਹਮਣ, ਪੁੱਛਣਾ, ਤਰਪਨ, ਗਾਇਤਰੀ, ਕਿਤੇ ਵੱਲ ਚਿੱਤ ਦੇਵੇ ਨਾਹੀਂ।

**(ਰਹਿਤਨਾਮਾ ਭਾਈ ਦਯਾ ਸਿੰਘ)**

**9.6.7 ਅਨੁਵਾਦ**

ਇਸ ਕਾਲ ਵਿਚ ਵਾਰਤਕ ਦੀਆਂ ਮੌਲਿਕ ਰਚਨਾਵਾਂ ਹੋਣ ਦੇ ਨਾਲ-ਨਾਲ ਬਹੁਤ ਸਾਰੇ ਅਨੁਵਾਦ ਵੀ ਹੋਏ। ਇਨ੍ਹਾਂ ਅਨੁਵਾਦਾਂ ਵਿਚੋਂ ਕੁਝ ਪ੍ਰਮੁੱਖ ਰਚਨਾਵਾਂ ਇਸ ਪ੍ਰਕਾਰ ਹਨ :

(ੳ) ਟੀਕਾ ਵੇਦਾਂਤ ਸਾਰ

(ਅ) ਛੱਜੂ ਭਗਤ ਦਾ ਗੀਤਾ ਮਹਾਤਮ

(ੲ) ਬਿਬੇਕ ਸਾਰ ਜਾਂ ਗੀਤਾ ਸਾਰ
(ਸ) ਭੋਗਲ ਪੁਰਾਣ
(ਹ) ਆਦਿ ਰਾਮਾਇਣ
(ਕ) ਵਿਸ਼ਨੂੰ ਪੁਰਾਣ
(ਖ) ਭਗਵਤ ਗੀਤਾ, ਇਤਿਆਦਿ।

### 9.6.8 ਫੁਟਕਲ ਰਚਨਾਵਾਂ

ਫੁਟਕਲ ਰਚਨਾਵਾਂ ਵਿਚ ਪੰਦ-ਨਾਮਾ (ਹਾਜ਼ਿਰਨਾਮਾ), ਬਾਣੀ ਬਿਹੰਗਮ, ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, ਸਿੰਘਾਸਨ ਬਤੀਸੀ ਅਤੇ ਮਸਲੇ ਸ਼ੇਖ਼ ਫ਼ਰੀਦ ਆਦਿ ਰਚਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। (ਦੇਖੋ **ਪੰਜਾਬੀ ਸਾਹਿੱਤ ਦਾ ਇਤਿਹਾਸ,** ਪਰਮਿੰਦਰ ਸਿੰਘ, ਪੰਨੇ 85-86) 'ਸਿੰਘਾਸਨ ਬਤੀਸੀ' 32 ਕਥਾਵਾਂ ਦਾ ਇਕ ਸੰਗ੍ਰਹਿ ਹੈ। ਇਨ੍ਹਾਂ ਕਥਾਵਾਂ ਦਾ ਅਨੁਵਾਦ ਸੋਢੀ ਹਰਿ ਜੀ ਨੇ ਕੀਤਾ ਹੈ। ਇਸ ਵਿਚ 32 ਪੁਤਲੀਆਂ ਰਾਜਾ ਭੋਜ ਨੂੰ ਤਖ਼ਤ ਉੱਤੇ ਬੈਠਣ ਸਮੇਂ ਰਾਜਾ ਬਿਕ੍ਰਮਾਜੀਤ ਦੀ ਨੇਕੀ, ਬੀਰਤਾ, ਬਲੀਦਾਨ ਅਤੇ ਨਿਆਇ ਦੀਆਂ ਕਥਾਵਾਂ ਸੁਣਾਉਂਦੀਆਂ ਹਨ। ਇਨ੍ਹਾਂ ਕਥਾਵਾਂ ਵਿਚ ਰਾਜ-ਧਰਮ ਦੀ ਵਿਆਖਿਆ ਕੀਤੀ ਗਈ ਹੈ। ਇਕ ਉਦਾਹਰਣ ਦੇਖੋ :

> ਅਥ ਸੋਲ੍ਹਵੀਂ ਪੁਤਲੀ ਚਲੀ। ਜਬ ਰਾਜਾ ਭੋਜ ਚਾਹਿਆ ਜੋ ਸ਼ੁਭ ਕਾਲ ਸਿੰਘਾਸਨ ਪਰ ਬੈਸੀਏ। ਤਬ ਪੁਤਲੀ ਸੋਲ੍ਹਵੀਂ ਬੋਲੀ, "ਹੇ ਰਾਜਾ ਭੋਜ ! ਜੋ ਕੋਊ ਉਦਾਰ ਹੈ ਸੌ ਯਾ ਸਿੰਘਾਸਨ ਪਰ ਬੈਸੇ।" ਤਉ ਰਾਜਾ ਪੁਛਿਆ ਜੋ ਕੈਸੇ ? ਤਬ ਪੁਤਲੀ ਕਹਿਆ, "ਰਾਜਾ ਬਿਕ੍ਰਮਾਜੀਤ ਦੇਸਾਂ ਮਹਿ ਫਿਰਤਾ ਫਿਰਤਾ ਪਦਮਨੀ ਖੰਡ ਮੇਂ ਗਇਆ।"

**(ਸਿੰਘਾਸਨ ਬਤੀਸੀ)**

**9.6.9** ਮਸਲੇ ਸ਼ੇਖ਼ ਫ਼ਰੀਦ ਜੀ ਕੇ' ਵਿਚ ਸ਼ੇਖ਼ ਫ਼ਰੀਦ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਉਲੇਖ ਹੋਇਆ ਹੈ। ਇਸ ਰਚਨਾ ਉੱਤੇ ਲਹਿੰਦੀ ਅਤੇ ਫ਼ਾਰਸੀ ਬੋਲੀਆਂ ਦਾ ਵਿਆਪਕ ਪ੍ਰਭਾਵ ਦੇਖਿਆ ਜਾ ਸਕਦਾ ਹੈ। ਜਿਵੇਂ :

> ਇਕ ਦਿਨ ਸ਼ੇਖੁ ਫ਼ਰੀਦ ਚਲਿਆ ਜਾਂਦਾ। ਅਗੇ ਥੀਂ ਸੁਕਰ ਦੇ ਲੱਦੇ ਮਿਲ ਗਏ। ਤਬ ਬਾਬੇ ਫਰੀਦ ਦੇ ਮੂੰਹੋਂ ਖੁਦਾਇ ਅਲਾਇਆ ਜੀ ਬਾਬਾ ਇਹਨਾਂ ਲਦਿਆਂ ਵਿਚ ਕਿਆ ਹੈ ਤਾਂ ਉਹ ਬਖੀਲੇ ਅਹੇ। ਓਨਾ ਥਾਹੁ ਨਿਕਲਿਆ ਕਿ ਇਨ੍ਹਾਂ ਵਿਚ ਖੂਸਾ ਹੈ। ਤਾਂ ਸ਼ੇਖੁ ਫ਼ਰੀਦ ਕਹਿਆ ਕਿ ਜਾਹ ਬਾਬਾ ਖੁਦਾਇ ਕਰ ਖੂਸਾ ਹੀ ਹੋਸੀ।

**(ਮਸਲੇ ਸ਼ੇਖ ਫ਼ਰੀਦ ਕੇ)**

### 9.10 ਨਿਸ਼ਕਰਸ਼ : ਸਮੁੱਚੀਆਂ ਪ੍ਰਾਪਤੀਆਂ

ਬੇਸ਼ਕ ਪੰਜਾਬੀ ਵਾਰਤਕ ਦਾ ਆਰੰਭ ਗੁਰੂ ਨਾਨਕ ਕਾਲ ਵਿਚ, ਕਵਿਤਾ ਨਾਲੋਂ ਕਾਫ਼ੀ ਪਛੜ ਕੇ ਹੋਇਆ ਪਰ ਇਸ ਸਾਹਿੱਤ-ਰੂਪ ਨੇ ਦੋ-ਤਿੰਨ ਸਦੀਆਂ ਦੇ ਸੰਖੇਪ ਜਿਹੇ ਅਰਸੇ ਵਿਚ ਕਾਫ਼ੀ ਪ੍ਰਗਤੀ ਕਰ ਲਈ ਅਤੇ ਇਸ ਵਿਚ ਜਨਮਸਾਖੀਆਂ, ਟੀਕੇ (ਪਰਮਾਰਥ), ਸੁਖ਼ਨ, ਹੁਕਮਨਾਮੇ ਅਤੇ ਰਹਿਤਨਾਮੇ ਵਰਗੀਆਂ ਬਹੁਤ ਸਾਰੀਆਂ ਵੰਨਗੀਆਂ ਦਾ ਸਾਹਿੱਤ ਪੈਦਾ ਹੋਣ ਲੱਗ ਪਿਆ। ਕਿਸੇ ਵੀ ਦੇਸ਼ ਵਿਚ ਵਾਰਤਕ ਦਾ ਵਿਕਾਸ ਪ੍ਰਿੰਟਿੰਗ-ਪ੍ਰੈਸਾਂ ਦੀ ਕਾਢ ਨਾਲ ਜੁੜਿਆ ਹੁੰਦਾ ਹੈ। ਜਿਤਨੀ ਦੇਰ ਪ੍ਰਿੰਟਿੰਗ-ਪ੍ਰੈਸਾਂ ਨਾਲ ਪੁਸਤਕਾਂ ਦੇ ਪ੍ਰਕਾਸ਼ਨ ਦਾ ਕੰਮ ਸ਼ੁਰੂ ਨਹੀਂ ਹੋ ਜਾਂਦਾ, ਉਤਨੀ ਦੇਰ ਤਕ ਵਾਰਤਕ ਵਧੇਰੇ ਵਧ-ਫੁੱਲ ਨਹੀਂ ਸਕਦੀ। ਕਵਿਤਾ ਨੂੰ ਤਾਂ ਜ਼ਬਾਨੀ ਯਾਦ ਰੱਖਿਆ ਜਾ ਸਕਦਾ ਹੈ ਕਿਉਂਕਿ ਕਵਿਤਾ ਛੰਦਬੱਧ ਹੁੰਦੀ ਹੈ ਪਰ ਵਾਰਤਕ ਦੇ ਕਿਸੇ ਰੂਪ ਨੂੰ ਜ਼ਬਾਨੀ ਯਾਦ ਰੱਖਣਾ ਬਹੁਤ ਕਠਿਨ ਹੁੰਦਾ ਹੈ। ਗੁਰੂ ਨਾਨਕ ਦੀ ਵਾਰਤਕ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਹੇਠ ਲਿਖੇ ਸਿੱਟੇ ਪ੍ਰਾਪਤ ਹੁੰਦੇ ਹਨ :

1. ਪੰਜਾਬੀ ਪਾਠਕਾਂ ਦੀ ਵਾਰਤਕ ਵਿਚ ਰੁਚੀ ਵਧਣ ਲੱਗ ਪਈ ਸੀ ਕਿਉਂਕਿ ਇਹ ਉਨ੍ਹਾਂ ਦੀ ਬੁੱਧੀ ਨੂੰ ਟੁੰਬਦੀ ਸੀ। ਵਾਰਤਕ ਦੁਆਰਾ ਉਹ ਪੰਜਾਬ ਦੇ ਇਤਿਹਾਸ, ਸਮਾਜ ਅਤੇ ਸਭਿਆਚਾਰ ਬਾਰੇ ਜ਼ਰੂਰੀ ਜਾਣਕਾਰੀ ਹਾਸਲ ਕਰ ਸਕਦੇ ਸਨ। ਇਹ ਉਨ੍ਹਾਂ ਦੀ ਬੌਧਿਕ ਜਗਿਆਸਾ ਨੂੰ ਟੁੰਬਣ ਦੀ ਸਮਰੱਥਾ ਰਖਦੀ ਸੀ।
2. ਇਸ ਕਾਲ ਵਿਚ ਜਨਮਸਾਖੀਆਂ, ਵਾਰਤਕ ਦਾ ਸਭ ਤੋਂ ਲੋਕਪ੍ਰਿਅ ਰੂਪ ਸਿੱਧ ਹੁੰਦੀਆਂ ਹਨ। ਇਨ੍ਹਾਂ ਜਨਮਸਾਖੀਆਂ ਵਿਚ ਸਿੱਖ ਸਤਿਗੁਰਾਂ ਅਤੇ ਭਾਰਤ ਦੇ ਪ੍ਰਸਿੱਧ ਸੰਤਾਂ-ਭਗਤਾਂ ਦੇ ਸਮਾਚਾਰ ਅੰਕਿਤ ਹੁੰਦੇ ਸਨ।

ਇਨ੍ਹਾਂ ਸਮਾਚਾਰਾਂ ਨੂੰ ਪੜ੍ਹ-ਸੁਣ ਕੇ ਆਮ ਲੋਕ ਉਨ੍ਹਾਂ ਦੀਆਂ ਸਿੱਖਿਆਵਾਂ ਉਪਰ ਚੱਲਣ ਦਾ ਪ੍ਰਯਤਨ ਕਰਦੇ ਸਨ।

3. ਪੰਜਾਬੀ ਵਾਰਤਕ ਨੇ, ਭਾਸ਼ਾ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ। ਵਾਰਤਕ ਲੇਖਕ ਸਾਧ-ਭਾਸ਼ਾ ਅਤੇ ਫ਼ਾਰਸੀ ਦੇ ਪ੍ਰਭਾਵ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਨ ਲੱਗੇ। ਠੇਠ, ਸਰਲ ਅਤੇ ਟਕਸਾਲੀ ਭਾਸ਼ਾ ਦਾ ਪ੍ਰਯੋਗ ਹੋਣ ਲੱਗਾ।

4. ਪੰਜਾਬੀ ਦੇ ਸ਼ਬਦ-ਜੋੜਾਂ ਦਾ ਪ੍ਰਮਾਣੀਕਰਣ ਹੋਣ ਲੱਗਾ। ਗੁਰਬਾਣੀ ਵਿਚ ਵਰਤੇ ਗਏ ਸ਼ਬਦ-ਜੋੜਾਂ ਦੇ ਨਾਲ-ਨਾਲ ਆਧੁਨਿਕ ਵੰਨਗੀ ਦੇ ਸ਼ਬਦ-ਜੋੜਾਂ ਦਾ ਪ੍ਰਚਲਨ ਹੋਣ ਲੱਗ ਪਿਆ। ਗੁਰਬਾਣੀ ਵਿਚ ਕਿਸੇ ਸ਼ਬਦ ਦੇ ਕਾਰਕੀ ਰੂਪ ਨੂੰ ਦਰਸਾਉਣ ਲਈ ਅੰਤਿਮ ਅੱਖਰ ਦੇ ਔਂਕੜ ਜਾਂ ਸਿਹਾਰੀ ਲਾਈ ਜਾਂਦੀ ਸੀ; ਇਸ ਪ੍ਰਕਾਰ ਇਕਵਚਨ-ਪੁਲਿੰਗ, ਇਕਵਚਨ ਇਸਤ੍ਰੀਲਿੰਗ ਅਤੇ ਸੰਬੰਧਕਾਂ ਦੇ ਅੰਤਿਮ ਅੱਖਰਾ ਨੂੰ ਵੀ ਔਂਕੜ ਜਾਂ ਸਿਹਾਰੀਆਂ ਲਗਾਈਆਂ ਜਾਂਦੀਆਂ ਸਨ ਪਰੰਤੂ ਹੌਲੀ-ਹੌਲੀ ਇਹ ਪ੍ਰਥਾ ਲੋਪ ਹੋਣ ਲੱਗੀ ਸੀ।

5. ਜਨਮਸਾਖੀਆਂ ਨੇ ਆਧੁਨਿਕ ਪੰਜਾਬੀ ਵਾਰਤਕ ਦੇ ਕੁਝ ਹੋਰ ਰੂਪਾਂ-ਜੀਵਨੀਆਂ, ਸ੍ਵੈਜੀਵਨੀਆਂ, ਨਾਵਲ, ਕਹਾਣੀ ਅਤੇ ਨਾਟਕ ਲਿਖਣ ਲਈ ਜ਼ਮੀਨ ਤਿਆਰ ਕਰ ਦਿੱਤੀ। ਸਮੁੱਚੇ ਤੌਰ ਤੇ ਗੁਰੂ ਨਾਨਕ ਦੀ ਪੰਜਾਬੀ ਵਾਰਤਕ ਦਾ ਇਤਿਹਾਸ ਬਹੁਤ ਗੌਰਵਮਈ ਅਤੇ ਪ੍ਰੇਰਨਾਦਾਇਕ ਹੈ।

------

**ਪ੍ਰਸ਼ਨ**

1. ਗੁਰੂ ਨਾਨਕ ਕਾਲ ਵਿਚ ਰਚੀ ਗਈ ਵਾਰਤਕ ਦੇ ਇਤਿਹਾਸ ਉੱਤੇ ਇਕ ਨੋਟ ਲਿਖੋ।
2. ਗੁਰੂ ਨਾਨਕ ਕਾਲ ਦੀ ਵਾਰਤਕ ਦੇ ਪ੍ਰਮੁੱਖ ਨਮੂਨਿਆਂ (ਰੂਪਾਂ) ਬਾਰੇ ਜਾਣਕਾਰੀ ਦਿਉ।
3. ਗੁਰੂ ਨਾਲਕ ਕਾਲ ਵਿਚ ਉਪਜੀ ਵਾਰਤਕ ਨਾਲ ਜਾਣ-ਪਛਾਣ ਕਰਵਾਓ। (ਅਪਰੈਲ 2018)

ਪਾਠ ਨੰ: 1.10 - ਪ੍ਰੋ. ਬ੍ਰਹਮਜਗਦੀਸ਼ ਸਿੰਘ

## 1700 ਈ. ਤੱਕ ਦਾ ਪੰਜਾਬੀ ਸਾਹਿੱਤ : ਸਮੁੱਚਾ ਯੋਗਦਾਨ

**10.1.1 ਰੂਪ-ਰੇਖਾ**

1700 ਈ. ਤਕ ਦਾ ਪੰਜਾਬੀ ਸਾਹਿੱਤ ਬੜਾ ਗੌਰਵਮਈ ਅਤੇ ਸੰਭਾਵਨਾਵਾਂਪੂਰਨ ਰਿਹਾ ਹੈ। ਇਸ ਕਾਲ ਤੱਕ ਰਚੇ ਗਏ ਪੰਜਾਬੀ ਸਾਹਿੱਤ ਨੂੰ ਦੋ ਭਾਗਾਂ ਵਿਚ ਵੰਡ ਕੇ ਦੇਖਿਆ ਜਾਂਦਾ ਹੈ :

1. ਪੂਰਵ ਨਾਨਕ ਕਾਲ ਜਾਂ ਆਦਿਕਾਲ (1000 ਈ. ਤੋਂ 1500 ਈ.)
2. ਗੁਰੂ ਨਾਨਕ ਕਾਲ (1500 ਈ. ਤੋਂ 1700 ਈ.)

**10.1.2** ਪੂਰਵ ਨਾਨਕ ਕਾਲ ਵਿਚ ਨਾਥ ਜੋਗੀਆਂ ਦਾ ਸਾਹਿੱਤ, ਸ਼ੇਖ ਬਾਬਾ ਫ਼ਰੀਦ ਦਾ ਸੂਫ਼ੀ ਕਲਾਮ, ਲੋਕ ਸਾਹਿੱਤ ਅਤੇ ਲੋਕ-ਵਾਰਾਂ ਦੇ ਕੁਝ ਨਮੂਨੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਕਾਲ ਵਿਚ ਰਚਿਆ ਗਿਆ ਬਹੁਤਾ ਸਾਹਿੱਤ ਪੰਜਾਬ ਉੱਪਰ ਹੋਣ ਵਾਲੇ ਹਮਲਿਆਂ ਵਿਚ ਗੁੰਮ-ਗਵਾਚ ਗਿਆ ਪ੍ਰਤੀਤ ਹੁੰਦਾ ਹੈ। ਬਹੁਤ ਸਾਰੇ ਪ੍ਰਾਚੀਨ ਖਰੜੇ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਸਾਂਭੇ ਪਏ ਸਨ। ਉਨ੍ਹਾਂ ਵਿਚ ਕੁਝ ਇਕ ਦੀ ਤਾਂ ਡਾ. ਮੋਹਨ ਸਿੰਘ ਦੀਵਾਨਾ ਨੇ ਸਾਂਭ-ਸੰਭਾਲ ਕਰ ਲਈ। ਬਾਕੀਆਂ ਵੱਲ ਬਹੁਤਾ ਧਿਆਨ ਨਾ ਦਿੱਤਾ ਜਾ ਸਕਿਆ। ਆਰਕਾਈਵਜ਼ ਵਿਭਾਗ, ਪੰਜਾਬ ਵਿਚ ਅਜੇ ਵੀ ਬਹੁਤ ਸਾਰੇ ਖਰੜੇ ਪਏ ਹਨ, ਜਿਨ੍ਹਾਂ ਨੂੰ ਸੰਪਾਦਿਤ ਨਹੀਂ ਕੀਤਾ ਜਾ ਸਕਿਆ।

**10.1.3** ਗੁਰੂ ਨਾਨਕ ਕਾਲ ਵਿਚ ਰਚੇ ਗਏ ਬਹੁਤ ਸਾਰੇ ਸਾਹਿੱਤ ਨੂੰ ਸਿੱਖ ਗੁਰੂ ਸਾਹਿਬਾਨ ਵਿਸ਼ੇਸ਼ ਕਰ ਗੁਰੂ ਨਾਨਕ ਦੇਵ ਜੀ ਅਤੇ ਕੁਝ ਅੰਗਰੇਜ਼ ਵਿਦਵਾਨਾਂ ਨੇ ਸੰਭਾਲ ਲਿਆ। ਇਸ ਕਾਰਨ ਇਸ ਕਾਲ ਦੇ ਸਾਹਿੱਤ ਬਾਰੇ ਕਾਫ਼ੀ ਜਾਣਕਾਰੀ ਮਿਲ ਜਾਂਦੀ ਹੈ ਪਰੰਤੂ 1947 ਈ. ਵਿਚ ਦੇਸ਼-ਵੰਡ ਹੋ ਜਾਣ ਕਾਰਨ ਪੰਜਾਬੀ ਬੋਲਦਾ ਬਹੁਤਾ ਇਲਾਕਾ ਪਾਕਿਸਤਾਨ ਵਿਚ ਚਲਾ ਗਿਆ। ਰਾਜਨੀਤਕ ਕਾਰਨਾ ਕਰਕੇ ਪਾਕਿਸਤਾਨ ਦੇ ਪੰਜਾਬੀ ਲੇਖਕ ਆਪਣੇ ਸਾਹਿਤਕ ਵਿਰਸੇ ਨੂੰ ਸੰਭਾਲਣ ਵੱਲ ਬਹੁਤਾ ਧਿਆਨ ਨਾ ਦੇ ਸਕੇ। ਪੰਜਾਬੀ ਸਾਹਿੱਤ ਦੀ ਸਾਂਭ ਸੰਭਾਲ ਅਤੇ ਇਤਿਹਾਸਕਾਰੀ ਦੇ ਖੇਤਰ ਵਿਚ ਡਾ. ਮੋਹਨ ਸਿੰਘ ਦੀਵਾਨਾ, ਬਾਵਾ ਬੁੱਧ ਸਿੰਘ, ਸੁਰਿੰਦਰ ਸਿੰਘ ਕੋਹਲੀ, ਡਾ. ਪਰਮਿੰਦਰ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਪ੍ਰੋ. ਬ੍ਰਹਮਜਗਦੀਸ਼ ਸਿੰਘ ਨੇ ਉਲੇਖਯੋਗ ਕੰਮ ਕੀਤਾ ਹੈ। ਹਥਲੇ ਪਾਠ ਵਿਚ ਅਸੀਂ ਵਿਦਿਆਰਥੀਆਂ ਨੂੰ ਇਨ੍ਹਾਂ ਦੋਹਾਂ ਕਾਲਾਂ ਵਿਚ ਕੀਤੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

**10.2 ਪ੍ਰਯੋਜਨ**

ਇਸ ਪਾਠ ਦਾ ਪ੍ਰਯੋਜਨ ਬੀ.ਏ. ਦੇ ਵਿਦਿਆਰਥੀ ਨੂੰ ਪੰਜਾਬੀ ਸਾਹਿੱਤ ਦੇ ਪੂਰਵ-ਨਾਨਕ ਅਤੇ ਗੁਰੂ ਨਾਨਕ ਕਾਲ ਦੀਆਂ ਸਾਹਿਤਕ-ਸਭਿਆਚਾਰਕ ਪ੍ਰਾਪਤੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਜਿਤਨੀ ਦੇਰ ਤੱਕ ਵਿਦਿਆਰਥੀ ਵੱਖ-ਵੱਖ ਸਾਹਿੱਤਕਾਰਾਂ ਅਤੇ ਸਾਹਿੱਤ-ਪ੍ਰਵਿਰਤੀਆਂ ਨੂੰ ਕਿਸੇ ਕਾਲ ਵਿਸ਼ੇਸ਼ ਨਾਲ ਸੰਬੰਧਿਤ ਕਰਨਾ ਨਹੀਂ ਸਿੱਖ ਜਾਂਦੇ, ਉਤਨੀ ਦੇਰ ਤਕ ਉਨ੍ਹਾਂ ਦੇ ਸਾਹਿਤਿਕ ਨਿਰਣੇ ਅੱਧੇ-ਅਧੂਰੇ ਅਤੇ ਨਾਕਾਫ਼ੀ ਸਿੱਧ ਹੁੰਦੇ ਹਨ ਕਿਉਂਕਿ ਕਿਸੇ ਵੀ ਸਾਹਿੱਤਕਾਰ ਦਾ ਵਾਸਤਵਿਕ ਮੁੱਲ ਉਸ ਨੂੰ ਉਸ ਦੇ ਕਾਲ-ਖੰਡ ਨਾਲ ਸੰਬੰਧਿਤ ਕਰ ਕੇ ਹੀ ਪਾਇਆ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਹਰ ਕਾਲ ਨਾਲ ਸੰਬੰਧਿਤ ਸਾਹਿਤਕ ਪ੍ਰਵਿਰਤੀਆਂ ਅਤੇ ਸਾਹਿੱਤਕਾਰਾਂ ਨੂੰ ਕ੍ਰਮ ਅਨੁਸਾਰ ਯਾਦ ਕਰ ਲੈਣ ਤਾਂ ਜੋ ਪਰੀਖਿਆਂ ਵਿਚ ਪੁੱਛੇ ਗਏ ਕਿਸੇ ਵੀ ਪ੍ਰਸ਼ਨ ਦਾ ਉੱਤਰ ਦੇਣ ਸਮੇਂ ਉਨ੍ਹਾਂ ਨੂੰ ਕਠਨਾਈ ਨਾ ਹੋਵੇ। ਪਾਠਾਂ ਵਿਚ ਆਉਣ ਵਾਲੇ ਕਠਿਨ ਅਤੇ ਸੰਕਲਪਗਤ ਸ਼ਬਦਾਂ ਨੂੰ ਅਰਥ ਨਾਲ ਹੀ ਬ੍ਰੈਕਟਾਂ ਵਿਚ ਦਿੱਤੇ ਗਏ ਹਨ। ਵਿਦਿਆਰਥੀ ਅਜਿਹੀ ਸੰਕਲਪਗਤ ਸ਼ਬਦਾਵਲੀ ਨੂੰ ਵਾਕਾਂ ਵਿਚ ਵਰਤਣਾ ਸਿੱਖ ਲੈਣ। ਇਸ ਮੰਤਵ ਲਈ ਨਿਰੰਤਰ ਅਭਿਆਸ ਕਰਨਾ ਜ਼ਰੂਰੀ ਹੈ।

**10.3.1 ਭੂਮਿਕਾ**

ਇਸ ਕਾਲ (1000 ਈ. ਤੋਂ 1700 ਈ.) ਤੱਕ ਪੰਜਾਬੀ ਸਾਹਿੱਤ ਵਿਚ ਪੈਦਾ ਹੋਈਆਂ ਕੁਝ ਇਕ ਪ੍ਰਮੁੱਖ

ਪ੍ਰਵਿਰਤੀਆਂ ਦੇ ਨਾਮ ਇਸ ਪ੍ਰਕਾਰ ਹਨ : 1. ਨਾਥ-ਜੋਗੀਆਂ ਦਾ ਸਾਹਿੱਤ 2. ਸੂਫ਼ੀ ਕਾਵਿ ਧਾਰਾ 3. ਗੁਰਮਤਿ ਕਾਵਿ ਧਾਰਾ 4. ਕਿੱਸਾ ਕਾਵਿ ਧਾਰਾ 5. ਬੀਰ ਕਾਵਿ ਧਾਰਾ 6. ਲੋਕ-ਸਾਹਿੱਤ ਅਤੇ 7. ਪੰਜਾਬੀ ਵਾਰਤਕ। ਉਕਤ ਸਾਹਿੱਤ ਧਾਰਾਵਾਂ ਵਿਚੋਂ ਤਿੰਨ ਧਾਰਾਵਾਂ ਅਜਿਹੀਆਂ ਹਨ, ਜਿਹੜੀਆਂ ਪੂਰਵ ਨਾਨਕ ਕਾਲ ਤੋਂ ਲੈ ਕੇ ਗੁਰੂ ਨਾਨਕ ਕਾਲ ਤਕ ਨਿਰੰਤਰ ਗਤੀਸ਼ੀਲ ਰਹੀਆਂ। ਇਹ ਧਾਰਾਵਾਂ ਹਨ : 1. ਸੂਫ਼ੀ ਕਾਵਿ ਧਾਰਾ, 2. ਬੀਰ ਕਾਵਿ ਧਾਰਾ ਅਤੇ 3. ਲੋਕ-ਸਾਹਿੱਤ। ਕਿੱਸਾ ਕਾਵਿ ਧਾਰਾ ਅਤੇ ਗੁਰਮਤਿ ਕਾਵਿ ਧਾਰਾ ਗੁਰੂ ਨਾਨਕ ਕਾਲ ਵਿਚ ਉਤਪੰਨ ਹੋਈਆਂ ਧਾਰਾਵਾਂ ਹਨ। ਕਿੱਸਾ ਕਾਵਿ ਧਾਰਾ ਤਾਂ ਸਤਾਰ੍ਹਵੀਂ ਸਦੀ ਤੋਂ ਬਾਅਦ ਵੀ ਨਿਰੰਤਰ ਗਤੀਸ਼ੀਲ ਰਹੀ ਅਤੇ ਵੀਹਵੀਂ ਸਦੀ ਵਿਚ ਵੀ ਇਸ ਧਾਰਾ ਨਾਲ ਸੰਬੰਧਿਤ ਅਨੇਕ ਕਵੀ ਨਜ਼ਰ ਆ ਜਾਂਦੇ ਹਨ ਪਰ ਗੁਰਮਤਿ ਕਾਵਿ ਧਾਰਾ ਦਾ ਸੰਬੰਧ ਸਿੱਖ ਗੁਰੂ ਸਾਹਿਬਾਨ ਨਾਲ ਸੀ। ਇਸ ਕਾਰਨ ਇਹ ਧਾਰਾ 1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਨਾਲ ਆਪਣੇ ਸਰੰਜਾਮਿ ਤੱਕ ਪਹੁੰਚ ਜਾਂਦੀ ਹੈ। ਉਂਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਹ ਨਿਰੰਤਰ ਗਤੀਸ਼ੀਲ ਰਹੀ ਹੈ। ਇਸ ਕਾਲ ਵਿਚ ਰਚੇ ਗਏ ਸਾਹਿੱਤ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਇਸ ਪ੍ਰਕਾਰ ਹੈ :

### 10.3.2 ਪੰਜਾਬੀ ਸਾਹਿੱਤ ਦਾ ਸੁਨਹਿਰੀ ਕਾਲ

ਇਸ ਕਾਲ ਨੂੰ ਪੰਜਾਬੀ ਸਾਹਿੱਤ ਦਾ ਸੁਨਹਿਰੀ ਕਾਲ ਕਿਹਾ ਜਾਂਦਾ ਹੈ। ਇਸ ਧਾਰਨਾ ਦਾ ਵੱਡਾ ਕਾਰਨ ਇਹ ਸੀ ਕਿ ਇਸ ਕਾਲ ਵਿਚ ਰਚੇ ਗਏ ਸਾਹਿੱਤ ਨੇ ਪੰਜਾਬੀਆਂ ਦੀ ਸਰਵਪੱਖੀ ਅਗਵਾਈ ਕੀਤੀ। ਗੁਰਮਤਿ, ਸੂਫ਼ੀ, ਕਿੱਸਾ ਕਾਵਿ, ਬੀਰ ਕਾਵਿ ਅਤੇ ਜਨਮਸਾਖੀਆਂ ਆਦਿ ਦੇ ਰੂਪ ਵਿਚ ਪੈਦਾ ਹੋਈ ਪੰਜਾਬੀ ਵਾਰਤਕ ਨੇ ਪੰਜਾਬੀ ਲੋਕਾਂ ਦੀ ਮਾਨਸਿਕਤਾ ਉਪਰ ਵਿਆਪਕ ਪ੍ਰਭਾਵ ਪਾਇਆ। ਆਮ ਲੋਕ ਵਿਚ ਆਪਣੇ ਜੀਵਨ ਦੀਆਂ ਮੂਲਭੂਤ ਸਮੱਸਿਆਵਾਂ ਦੇ ਸਮਾਧਾਨ ਲਈ ਗੁਰਬਾਣੀ, ਸੂਫ਼ੀ ਕਾਵਿ ਅਤੇ ਜਨਮਸਾਖੀਆਂ ਜਾਂ ਪਰਮਾਰਥਾਂ ਦਾ ਸਹਾਰਾ ਲੈਂਦੇ ਸਨ। ਆਧੁਨਿਕ ਸਾਹਿੱਤ ਵਾਂਗ ਗੁਰੂ ਨਾਨਕ ਕਾਲ ਦਾ ਸਾਹਿੱਤ ਆਮ ਆਦਮੀ ਦੇ ਸਰੋਕਾਰਾਂ ਨਾਲੋਂ ਕੱਟਿਆ ਜਾਂ ਟੁਟਿਆ ਹੋਇਆ ਨਹੀਂ ਸੀ ਬਲਕਿ ਇਹ ਹਰ ਸਮੇਂ ਲੋਕਾਂ ਦੇ ਮਨ-ਮਸਤਿਕ ਉਪਰ ਪੂਰੀ ਤਰ੍ਹਾਂ ਨਾਲ ਅੰਕਿਤ ਰਹਿੰਦਾ ਸੀ। ਪੰਜਾਬ ਦੇ ਲੋਕ ਆਪਣਾ ਦੈਨਿਕ ਕਾਰ-ਵਿਹਾਰ ਕਰਦੇ ਹੋਏ ਵੀ ਇਸ ਸਾਹਿੱਤ ਨਾਲ ਨਿਰੰਤਰ ਜੁੜੇ ਰਹਿੰਦੇ ਸਨ। ਸਾਹਿੱਤ ਦੀ ਇਸ ਪ੍ਰਕਾਰ ਦੀ ਸਰਬਾਂਗੀ ਭੂਮਿਕਾ ਹੋਰ ਕਿਸੇ ਕਾਲ ਜਾਂ ਦੌਰ ਵਿਚ ਨਜ਼ਰ ਨਹੀਂ ਆਉਂਦੀ।

### 10.3.3 ਪਰਲੋਕਮੁਖੀ ਦ੍ਰਿਸ਼ਟੀ

ਇਸ ਸਾਹਿੱਤ ਦਾ ਇਕ ਪ੍ਰਮੁੱਖ ਲੱਛਣ ਪਰਲੋਕਮੁਖੀ ਦ੍ਰਿਸ਼ਟੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ। ਇਹ ਸਾਹਿੱਤ ਲੋਕਾਂ ਨੂੰ ਭਵਿੱਖਦਰਸ਼ੀ ਬਣਾਉਂਦਾ ਹੈ। ਇਸ ਕਾਲ ਵਿਚ ਰਚੇ ਗਏ ਸਾਹਿੱਤ ਦੀ ਕੋਈ ਵੀ ਧਾਰਾ ਲੈ ਲਵੋ, ਹਰ ਧਾਰਾ ਵਿਚ ਲੋਕਾਂ ਨੂੰ ਇਸ ਲੋਕ ਦੇ ਨਾਲ-ਨਾਲ ਪਰਲੋਕ ਉਪਰ ਨਜ਼ਰ ਰੱਖਣ ਦੀ ਪ੍ਰੇਰਨਾ ਦਿੱਤੀ ਗਈ ਹੈ। ਇਸ ਲੋਕ ਉਪਰ ਧਿਆਨ ਦੇਣ ਵਾਲਾ ਸਮਾਜ ਆਤਮ ਕੇਂਦ੍ਰਿਤ, ਸਵਾਰਥੀ ਅਤੇ ਮਾਇਆਪ੍ਰਸਤ ਹੋ ਜਾਂਦਾ ਹੈ। ਉਹ ਸੇਵਾ, ਪਰਉਪਕਾਰ ਅਤੇ ਸਿਮਰਨ ਵਰਗੀਆਂ ਕਦਰਾਂ-ਕੀਮਤਾਂ ਤੋਂ ਬੇਮੁਖ ਹੋ ਜਾਂਦਾ ਹੈ। ਉਸ ਨੂੰ ਕੇਵਲ ਇਕੋ ਗੱਲ ਯਾਦ ਰਹਿੰਦੀ ਹੈ ਕਿ ਜਾਇਜ਼ ਜਾਂ ਨਾਜਾਇਜ਼ ਕੋਈ ਵੀ ਢੰਗ ਵਰਤ ਕੇ ਵੱਧ ਤੋਂ ਵੱਧ ਮਾਇਆ ਇਕੱਤਰ ਕਰ ਲਵੋ ਅਤੇ ਫਿਰ ਵਿਸ਼ੈ-ਵਿਕਾਰਾਂ ਦੀ ਪੂਰਤੀ ਵਿਚ ਲੀਨ ਹੋ ਜਾਵੋ। ਇਸ ਮਾਰਗ ਉਪਰ ਚੱਲਣ ਵਾਲਾ ਵਿਅਕਤੀ ਪਸ਼ੂ ਬਣ ਜਾਂਦਾ ਹੈ। ਉਹ ਇਨਸਾਨੀਅਤ ਦੇ ਉੱਚੇ ਮਰਤਬੇ ਤੋਂ ਬਹੁਤ ਹੇਠਾਂ ਡਿੱਗ ਪੈਂਦਾ ਹੈ। ਗੁਰਮਤਿ ਕਾਵਿ ਧਾਰਾ ਵਿਅਕਤੀ ਨੂੰ ਸਚਿਆਰਾ ਬਣਨ ਉਪਰ ਜ਼ੋਰ ਦਿੰਦੀ ਹੈ ਅਤੇ ਸੂਫ਼ੀ ਧਾਰਾ ਦਰਵੇਸ਼ੀ ਦੇ ਮਾਰਗ ਉਪਰ ਚਲਣ ਦੀ ਪ੍ਰੇਰਨਾ ਕਰਦੀ ਹੈ। ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਇਨਸਾਨੀ ਜੀਵਨ ਦਾ ਲਕਸ਼ ਸਮਝਾਉਂਦੇ ਹੋਏ ਦੱਸਦੇ ਹਨ :

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰ ਕਾਜ ਤੇਰੇ ਕਿਤੇ ਨ ਕਾਮਿ॥
ਮਿਲ ਸਾਧ ਸੰਗਤਿ ਭਜ ਕੇਵਲ ਨਾਮ॥

**(ਗੁਰੂ ਅਰਜਨ ਦੇਵ ਜੀ, ਆਸਾ ਮਹਲਾ ਪੰਜਵਾਂ)**

10.3.4 ਫ਼ਰੀਦ ਜੀ ਅਤੇ ਹੋਰ ਸੂਫ਼ੀ ਕਵੀਆਂ ਨੇ ਆਪਣੇ ਤਤਕਾਲੀ ਸਮਾਜ ਵਿਚ ਰਹਿਣ ਵਾਲੇ ਲੋਕਾਂ ਨੂੰ ਦਰਵੇਸ਼ ਬਣਨ ਦਾ ਸੰਦੇਸ਼ ਦਿੱਤਾ। ਫ਼ਰੀਦ ਜੀ ਦੁਨੀਆਂਦਾਰੀ ਦੇ ਮਾਰਗ ਉਪਰ ਚਲਣ ਵਾਲੇ ਵਿਅਕਤੀ ਨੂੰ ਸਮਝਾਉਂਦੇ ਹਨ ਕਿ

ਕੋਠੇ, ਮੰਡਪ ਅਤੇ ਮਾੜੀਆਂ ਦੀ ਇੱਛਾ ਨਾ ਕਰੋ। ਇਹ ਸਭ ਮਿੱਟੀ ਦੇ ਢੇਰ ਹਨ ਅਤੇ ਅੰਤਿਮ ਸਮੇਂ ਇਨ੍ਹਾਂ ਵਿਚੋਂ ਕਿਸੇ ਵੀ ਚੀਜ਼ ਨੇ ਸਹਾਈ ਨਹੀਂ ਹੋਣਾ। ਜਿਹੜੇ ਲੋਕ ਜ਼ਰੂਰਤ ਨਾਲੋਂ ਵੱਧ ਧਨ ਜਮ੍ਹਾ ਕਰਨ ਦੇ ਚੱਕਰ ਵਿਚ ਪੈ ਜਾਂਦੇ ਹਨ, ਪਰਮਾਤਮਾ ਦੀ ਦਰਗਾਹ ਵਿਚ ਜਾ ਕੇ ਉਨ੍ਹਾਂ ਨੂੰ ਭਿਆਨਕ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਹਨ। ਆਪ ਫ਼ਰਮਾਉਂਦੇ ਹਨ ਕਿ ਰੁੱਖੀ-ਸੁਖੀ ਖਾ ਕੇ ਗੁਜ਼ਾਰਾ ਕਰਨ ਵਾਲੇ ਲੋਕ ਪ੍ਰਭੂ ਦੀ ਦਰਗਾਹ ਵਿਚ ਜਾ ਕੇ ਮਾਨ-ਸਨਮਾਨ ਪਾਉਂਦੇ ਹਨ। ਆਪ ਨੇ ਮਨੁੱਖ ਨੂੰ ਪ੍ਰਭੂ ਨਾਲ ਸੱਚੀ ਮੁਹੱਬਤ ਕਰਨ ਦਾ ਸੰਦੇਸ਼ ਦਿੱਤਾ ਕਿਉਂਕਿ ਕੇਵਲ ਉਨ੍ਹਾਂ ਬੰਦਿਆਂ ਦਾ ਜੀਵਨ ਹੀ ਸਫ਼ਲ ਹੁੰਦਾ ਹੈ, ਜਿਹੜੇ ਉਸ ਦੇ ਇਸ਼ਕ ਵਿਚ ਰੰਗੇ ਰਹਿੰਦੇ ਹਨ। ਦੇਖੋ :

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥੧॥ਰਹਾਉ॥

**(ਰਾਗੁ ਆਸਾ, ਸ਼ੇਖ਼ ਫ਼ਰੀਦ ਜੀ)**

10.3.5 ਸੂਫ਼ੀਆਨਾ ਅਨੁਭਵ ਦੀ ਕਵਿਤਾ ਰਮਜ਼ਭਰਪੂਰ ਸ਼ਾਇਰੀ ਹੈ। ਇਸ ਵਿਚ ਕਵੀਆਂ ਨੇ ਪ੍ਰਤੀਕਾਂ, ਚਿੰਨ੍ਹਾਂ ਅਤੇ ਬਿੰਬਾਂ ਦੇ ਮਾਧਿਅਮ ਦੁਆਰਾ ਆਪਣੇ ਅਨੁਭਵ ਦਾ ਨਿਰੂਪਣ ਕੀਤਾ। ਸ਼ੇਖ਼ ਫ਼ਰੀਦ ਅਤੇ ਸ਼ਾਹ ਹੁਸੈਨ ਵਰਗੇ ਮਹਾਨ ਸੂਫ਼ੀ ਕਵੀਆਂ ਨੇ ਪੰਜਾਬੀ ਸਮਾਜ ਅਤੇ ਸਭਿਆਚਾਰ ਦੀਆਂ ਬੜੀਆਂ ਪ੍ਰਮਾਣਿਕ ਤਸਵੀਰਾਂ ਪੇਸ਼ ਕੀਤੀਆਂ ਹਨ। ਇਸ ਕਾਰਨ ਇਤਿਹਾਸਕ ਦ੍ਰਿਸ਼ਟੀ ਤੋਂ ਵੀ ਇਹ ਕਾਵਿ ਧਾਰਾ ਅਤਿਅੰਤ ਮੁਲਵਾਨ ਹੈ। ਇਹ ਸਾਡੇ ਲਿਖਤ ਇਤਿਹਾਸ ਵਿਚ ਰਹਿ ਗਏ ਬਹੁਤ ਸਾਰੇ ਖੱਪਿਆ ਨੂੰ ਪੂਰਨ ਵਾਲੀ ਕਵਿਤਾ ਹੈ। ਇਕ ਉਦਾਹਰਣ ਦੇਖੋ :

ਇਸ਼ਕ ਫ਼ਕੀਰਾਂ ਦਾ ਕਾਇਮ ਦਾਇਮ ਕਬਹੂੰ ਨਾ ਥੀਵੇ ਬੇਹਾ।
ਨੀ ਤੈਨੂੰ ਰੱਬ ਨਾ ਭੁੱਲਈ, ਦੁਆਇ ਫ਼ਕੀਰਾਂ ਦੀ ਏਹਾ।
ਰੱਬ ਨਾ ਭੁੱਲਈ ਹੋਰ ਸਭ ਕੁਝ ਭੁੱਲੀ, ਰੱਬ ਨਾ ਭੁੱਲਣ ਜੇਹਾ।
ਹੋਰਨਾਂ ਨਾਲ ਹਸੰਦੀ ਖਿਡੰਦੀ, ਸ਼ਾਹਾਂ ਤੋਂ ਘੁੰਗਟ ਕੇਹਾ ?
ਨੀ ਤੈਨੂੰ ਰੱਬ ਨਾ ਭੁੱਲਈ, ਦੁਆਈ ਫ਼ਕੀਰਾਂ ਦੀ ਏਹਾ।

**(ਸ਼ਾਹ ਹੁਸੈਨ)**

10.3.6 ਕਿੱਸਾ ਕਾਵਿ ਪਰੰਪਰਾ ਵੀ ਪੰਜਾਬੀਆਂ ਦੀ ਅਤਿਅੰਤ ਲੋਕਪ੍ਰਿਅ ਕਾਵਿ ਪਰੰਪਰਾ ਰਹੀ ਹੈ। ਇਸ ਕਾਵਿ ਪਰੰਪਰਾ ਵਿਚ ਪੰਜਾਬ ਦੀਆਂ ਪ੍ਰਸਿੱਧ ਪ੍ਰੇਮ-ਕਹਾਣੀਆਂ ਨੂੰ ਕਾਵਿਬੱਧ ਕੀਤਾ ਗਿਆ। ਕਿੱਸਾ ਕਵੀਆਂ ਨੇ ਹੀਰ-ਰਾਂਝੇ, ਮਿਰਜ਼ਾ-ਸਾਹਿਬਾਂ, ਸੱਸੀ-ਪੁੰਨੂੰ ਅਤੇ ਸੋਹਣੀ ਮਹੀਂਵਾਲ ਵਰਗੇ ਪ੍ਰੇਮੀਆਂ ਦੇ ਕਾਮਿਲ (ਸੰਪੂਰਨ) ਇਸ਼ਕ ਨੂੰ ਪੰਜਾਬ ਦੇ ਘਰ-ਘਰ ਵਿਚ ਪਹੁੰਚਾ ਦਿੱਤਾ। ਸਾਡੇ ਕਵੀਆਂ ਨੇ ਨਾ ਕੇਵਲ ਪੰਜਾਬ ਅਤੇ ਭਾਰਤ ਬਲਕਿ ਪੂਰੇ ਮੱਧ-ਏਸ਼ੀਆ ਦੀ ਇਸ਼ਕੀਆ ਵਿਰਾਸਤ ਨੂੰ ਸੰਭਾਲਿਆ ਅਤੇ ਪੰਜਾਬ ਦੇ ਲੋਕਾਂ ਨੂੰ ਇਸ਼ਕ ਦੇ ਪ੍ਰਮਾਣਿਕ ਅਰਥ ਸਮਝਾਏ। ਇਸ਼ਕ ਪਿੱਛੇ ਜ਼ਿੰਦਗੀ ਨਿਛਾਵਰ ਕਰਨ ਵਾਲੇ ਆਸ਼ਕਾਂ ਨੂੰ ਸ਼ਹੀਦ ਦਾ ਦਰਜਾ ਦੇ ਕੇ ਉਨ੍ਹਾਂ ਦੀ ਸੂਰਮਗਤੀ ਦੇ ਸੋਹਲੇ ਗਾਏ। ਦੇਖੋ :

ਨਾ ਕੋਈ ਆਖਹੁ ਹੀਰੇ ਮੈਨੂੰ, ਨਾ ਕੋਈ ਆਖ ਸਲੇਟੀ।
ਜਾਤ ਸਨਾਤ ਪਛਾਣੋਂ ਨਾਹੀਂ, ਮੈਂ ਚਾਕੇ ਨਾਲ ਚਕੇਟੀ।
ਕਦੋਂ ਚੂਚਕ ਮਾਂ-ਪਿਉ ਮੈਂਡਾ, ਮੈ ਕਦਣ ਉਨ੍ਹਾਂ ਦੀ ਬੇਟੀ।
ਦਾਵਣ ਆਣ ਲਗੀ ਲੜ ਤੈਂਡੇ, ਜੇ ਪਵਾਂ ਕਬੂਲ ਜਟੇਟੀ।

**(ਹੀਰ ਦਮੋਦਰ)**

10.3.7 ਪੰਜਾਬੀ ਕਿੱਸਾ ਕਵੀਆਂ ਨੇ ਭਾਵ-ਅਭਿਵਿਅੰਜਨ ਲਈ ਨਵੀਆਂ ਕਾਵਿ-ਵਿਧੀਆਂ ਦੀ ਸਿਰਜਣਾ ਕੀਤੀ। ਪੰਜਾਬੀ ਕਾਵਿ ਵਿਚ ਛੰਦ-ਪ੍ਰਬੰਧ, ਅਲੰਕਾਰ-ਵਿਧਾਨ, ਬਿੰਬਾਵਲੀ, ਸ਼ੈਲੀ ਅਤੇ ਸ਼ਬਦਾਵਲੀ ਪੱਖੋਂ ਅਨੇਕ ਨਵੇਂ ਪ੍ਰਯੋਗ ਕੀਤੇ ਗਏ। ਇਨ੍ਹਾਂ ਕਿੱਸਾਕਾਰਾਂ ਨੇ ਮੱਧਕਾਲੀਨ ਪੰਜਾਬ ਦੇ ਸਮਾਜ ਅਤੇ ਸਭਿਆਚਾਰ ਦੇ ਬੜੇ ਵਾਸਤਵਿਕ ਚਿੱਤਰ ਪੇਸ਼ ਕੀਤੇ, ਜਿਨ੍ਹਾਂ ਦੁਆਰਾ ਅਸੀਂ ਇਸ ਕਾਲ ਦੇ ਪੰਜਾਬ ਨੂੰ ਵਧੇਰੇ ਚੰਗੀ ਤਰ੍ਹਾਂ ਨਾਲ ਸਮਝ ਸਕਦੇ ਹਾਂ। ਇਸ ਪ੍ਰਸੰਗ ਵਿਚ ਕਿੱਸਾ ਕਾਵਿ ਵਿਚੋਂ ਇਕ ਉਦਾਹਰਣ ਦੇਖੋ :

ਪੀਲੂ ਪੁੱਛੇ ਸ਼ਾਇਰਾਂ ! ਕਿਤ ਵੱਲ ਗਿਆ ਜਹਾਨ।
ਲਗ ਲਗ ਗਈਆਂ ਮਜਲਿਸਾਂ, ਬਹਿ ਬਹਿ ਗਏ ਦੀਵਾਨ।
ਮਿਰਜ਼ਾ ਮਾਰਿਆ ਮਲਕੁਲ ਮੌਤ ਨੇ, ਕੁਝ ਮਾਰਿਆ ਖੁਦੀ ਗ਼ੁਮਾਨ।
ਵਿਚ ਕਬਰਾਂ ਦੇ ਖਪ ਗਿਆ, ਮਿਰਜ਼ਾ ਸੋਹਣਾ ਜੁਆਨ।

**(ਪੀਲੂ, ਮਿਰਜ਼ਾ ਸਾਹਿਬਾਂ)**

10.3.8 ਗੁਰੂ ਨਾਨਕ ਕਾਲ ਦੀ ਇਕ ਹੋਰ ਮਹੱਤਵਪੂਰਨ ਕਾਵਿ ਧਾਰਾ ਬੀਰ ਕਾਵਿ ਪਰੰਪਰਾ ਰਹੀ ਹੈ। ਪੰਜਾਬ ਯੋਧਿਆਂ ਅਤੇ ਸੂਰਬੀਰਾਂ ਦੀ ਕਰਮਭੂਮੀ ਰਹੀ ਹੈ। 1000 ਈ. ਤੋਂ ਬਾਅਦ ਪੰਜਾਬ ਦੀ ਧਰਤੀ ਉੱਤੇ ਬਹੁਤ ਸਾਰੇ ਵਿਦੇਸ਼ੀ ਹਮਲਾਵਰਾਂ ਨੇ ਆਕ੍ਰਮਣ ਕੀਤਾ। ਪੰਜਾਬੀਆਂ ਨੇ ਇਨ੍ਹਾਂ ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕੀਤਾ। ਬਹੁਤੀ ਵਾਰ ਤਾਂ ਇਹ ਹਮਲਾਵਰ ਪੰਜਾਬੀ ਯੋਧਿਆਂ ਨੇ ਪਰਾਜਿਤ ਕਰ ਦਿੱਤੇ ਪਰ ਜੇ ਕਿਧਰੇ ਪੰਜਾਬੀ ਸੂਰਮੇ ਆਪਣੇ ਮੰਤਵ ਵਿਚ ਕਾਮਯਾਬ ਨਾ ਹੋ ਸਕੇ ਤਾਂ ਫਿਰ ਹਮਲਾਵਰ ਸਿੱਧੇ ਦਿੱਲੀ ਤੱਕ ਪਹੁੰਚ ਗਏ ਅਤੇ ਪੂਰੇ ਭਾਰਤ ਉਪਰ ਕਾਬਜ਼ ਹੋ ਗਏ। ਪੰਜਾਬੀਆਂ ਤੋਂ ਬਿਨਾਂ ਹੋਰ ਕਿਸੇ ਸੂਰਮੇ ਨੇ ਵਿਦੇਸ਼ੀ ਜਰਵਾਣਿਆਂ ਨੂੰ ਠੱਲ੍ਹ ਨਹੀਂ ਪਾਈ। ਪੰਜਾਬੀਆਂ ਦੇ ਇਸੇ ਜੁਝਾਰੂ ਸੁਭਾ ਦੇ ਕਾਰਨ ਹੀ ਇਸ ਧਰਤੀ ਵਿਚੋਂ ਬੀਰ ਕਾਵਿ ਦੀਆਂ ਧੁਨਾਂ ਗੂੰਜੀਆਂ। ਇਹ ਧੁਨਾ ਪੰਜਾਬੀਆਂ ਦੇ ਚਰਿਤਰ ਦਾ ਅਨਿੱਖੜ ਅੰਗ ਬਣ ਗਈਆਂ ਅਤੇ ਪੰਜਾਬ ਨੂੰ ਜਵਾਂਮਰਦਾਂ, ਦੇਸ਼ ਭਗਤਾਂ ਅਤੇ ਅਣਖੀਲੇ ਗੱਭਰੂਆਂ ਦੀ ਧਰਤੀ ਹੋਣ ਦਾ ਮਾਨ ਪ੍ਰਾਪਤ ਰਿਹਾ। ਇਸ ਕਾਲ ਵਿਚ ਭਾਈ ਗੁਰਦਾਸ ਦੀਆਂ 40 ਵਾਰਾਂ, ਸਿਖ ਗੁਰੂ ਸਾਹਿਬਾਨ ਦੀਆਂ ਬਾਈ ਵਾਰਾਂ (ਸਤੇ ਬਲਵੰਡ ਦੀ ਵਾਰ ਸਮੇਤ) ਰਚੀਆਂ ਗਈਆਂ। ਇਨ੍ਹਾਂ ਵਾਰਾਂ ਦੇ ਪ੍ਰਭਾਵ ਸਦਕਾ ਪੰਜਾਬ ਦੇ ਲੋਕ ਸਵੈਅਭਿਮਾਨੀ, ਅਣਖੀਲੇ ਅਤੇ ਵਤਨਪ੍ਰਸਤ ਬਣ ਗਏ। ਗੁਰੂ ਗੋਬਿੰਦ ਸਿੰਘ ਦੁਆਰਾ ਰਚੀ ਗਈ ਚੰਡੀ ਦੀ ਵਾਰ, ਵਾਰ-ਸਾਹਿੱਤ ਦੀ ਇਕ ਉਤਕ੍ਰਿਸ਼ਟ ਵੰਨਗੀ ਹੈ। ਇਸ ਵਾਰ ਦੇ ਕੁਝ ਅੰਸ਼ ਦੇਖੋ :

ਵਜੇ ਢੋਲ ਨਗਾਰੇ, ਦਲਾਂ ਮੁਕਾਬਲਾ॥
ਤੀਰ ਫਿਰੇ ਰੈਬਾਰੇ, ਆਮੋ ਸਾਮਣੇ॥
ਅਗਣਤ ਬੀਰ ਸੰਘਾਰੇ, ਲਗਦੇ ਕੈਬਰੀ॥
ਡਿਗੇ ਜਾਣ ਮੁਨਾਰੇ, ਮਾਰੇ ਬਿਜ ਦੇ॥

**(ਚੰਡੀ ਦੀ ਵਾਰ)**

10.3.9 ਗੁਰੂ ਨਾਨਕ ਕਾਲ ਦੇ ਪੰਜਾਬੀ ਸਾਹਿੱਤ ਦਾ ਗੌਰਵ ਇਸ ਕਾਰਨ ਹੋਰ ਵੀ ਵਧ ਜਾਂਦਾ ਹੈ ਕਿ ਸਾਹਿੱਤ ਦੇ ਇਕ ਬਹੁਤ ਹੀ ਪ੍ਰਸਿੱਧ ਅਤੇ ਪ੍ਰਾਸੰਗਿਕ ਰੂਪ ਵਾਰਤਕ ਦਾ ਜਨਮ ਵੀ ਇਸੇ ਕਾਲ ਵਿਚ ਹੋਇਆ। ਵਾਰਤਕ, ਬੁੱਧੀ ਨੂੰ ਟੁੰਬਣ ਅਤੇ ਪ੍ਰੇਰਿਤ ਕਰਨ ਵਾਲਾ ਸਾਹਿੱਤ-ਰੂਪ ਹੈ, ਜਦੋਂ ਕਿ ਕਵਿਤਾ ਪਾਠਕ ਦੇ ਦਿਲ ਜਾਂ ਜਜ਼ਬਿਆਂ ਨੂੰ ਟੁੰਬਣ ਦਾ ਕਾਰਜ ਕਰਦੀ ਹੈ। ਆਧੁਨਿਕ ਯੁਗ ਨੂੰ ਬੌਧਿਕ ਸਰਗਰਮੀਆਂ ਦਾ ਯੁਗ ਮੰਨਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਆਧੁਨਿਕ ਯੁਗ ਵਾਰਤਕ ਦੇ ਯੁਗ ਵਜੋਂ ਜਾਣਿਆ ਜਾਂਦਾ ਹੈ। ਇਹ ਸਾਡੇ ਯੁਗ ਦੀ ਵਿਸੰਗਤੀ ਹੈ ਕਿ ਕਵਿਤਾ ਲਿਖੀ ਤਾਂ ਬਹੁਤ ਜਾ ਰਹੀ ਹੈ ਪਰ ਕਵਿਤਾ ਨੂੰ ਪੜ੍ਹਨ ਵਾਲੇ ਪਾਠਕ ਨਜ਼ਰ ਨਹੀਂ ਆਉਂਦੇ। ਹੋਰ ਤਾਂ ਹੋਰ, ਕਵਿਤਾ ਦੀ ਕੋਈ ਪੁਸਤਕ ਵਿਕਦੀ ਵੀ ਨਹੀਂ ਹੈ। ਗੁਰੂ ਕਾਲ ਵਿਚ ਰਚੀ ਗਈ ਵਾਰਤਕ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ। ਇਸ ਕਾਲ ਵਿਚ ਰਚੀਆਂ ਗਈਆਂ ਜਨਮਸਾਖੀਆਂ, ਗੋਸ਼ਟਾਂ ਅਤੇ ਹੁਕਮਨਾਮੇ ਅੱਜ ਵੀ ਬੇਹੱਦ ਪ੍ਰਾਸੰਗਿਕ ਬਣੇ ਹੋਏ ਹਨ ਕਿਉਂਕਿ ਸੋਲ੍ਹਵੀਂ-ਸਤਾਰ੍ਹਵੀਂ ਸਦੀ ਪੰਜਾਬੀ ਸਮਾਜ ਅਤੇ ਸਭਿਆਚਾਰ ਨੂੰ ਸਮਝਣ ਵਿਚ ਵਾਰਤਕ ਦੀਆਂ ਇਹ ਰਚਨਾਵਾਂ ਬੜੀ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ।

**10.4.1 ਸੰਪਰਦਾਇਕ ਸਦਭਾਵਨਾ**

ਮੱਧਕਾਲ ਵਿਚ ਧਾਰਮਿਕ ਖੇਤਰ ਨੂੰ ਸੰਚਾਲਿਤ ਕਰਨ ਵਾਲੇ ਮੌਲਾਣੇ ਅਤੇ ਬ੍ਰਾਹਮਣ ਆਪਣੇ-ਆਪਣੇ ਧਾਰਮਿਕ ਪ੍ਰੋਗਰਾਮ ਨੂੰ ਲੈ ਕੇ ਬਹੁਤ ਕੱਟੜ ਸਨ। ਇਹ ਲੋਕ ਕਦੇ ਵੀ ਕੋਈ ਅਜਿਹਾ ਮੌਕਾ ਨਹੀਂ ਸਨ ਖੁੰਝਾਉਂਦੇ, ਜਿਸ ਦੁਆਰਾ ਉਹ ਆਪਣੇ ਧਰਮ ਨੂੰ ਸਰਵਸ੍ਰੇਸ਼ਠ ਅਤੇ ਦੂਜੇ ਦੇ ਧਰਮ ਨੂੰ ਨਖਿੱਧ ਸਿੱਧ ਕਰ ਸਕਦੇ ਹੋਣ। ਪਰੰਤੂ ਗੁਰੂ ਕਾਲ ਦੇ ਸਾਹਿੱਤਕਾਰਾਂ ਨੂੰ ਇਹ ਵਡਿਆਈ ਜਾਂਦੀ ਹੈ ਕਿ ਉਨ੍ਹਾਂ ਨੇ ਕਦੇ ਵੀ ਸੰਪਰਦਾਇਕਤਾ ਦਾ ਪ੍ਰਚਾਰ ਜਾਂ ਪ੍ਰਸਾਰ ਨਹੀਂ ਕੀਤਾ ਬਲਕਿ 'ਏਕ ਪਿਤਾ ਏਕਸੁ ਕੇ ਹਮ ਬਾਰਿਕ' ਦਾ ਸੰਦੇਸ਼ ਵਿਅਕਤ ਕਰਦਿਆਂ ਹੋਇਆਂ ਉਨ੍ਹਾਂ ਨੇ ਸਮੁੱਚੇ

ਭਾਰਤਵਾਸੀਆਂ ਨੂੰ ਏਕਤਾ ਅਤੇ ਸਦਭਾਵਨਾ ਦੇ ਸੂਤਰ ਵਿਚ ਪ੍ਰੋਣ ਦਾ ਸੁਹਿਰਦ ਯਤਨ ਕੀਤਾ। ਡਾ. ਅਮਰਜੀਤ ਸਿੰਘ ਕਾਗ ਇਸ ਕਾਲ ਦੇ ਪੰਜਾਬੀ ਸਾਹਿੱਤ ਉਪਰ ਟਿੱਪਣੀ ਕਰਦਾ ਹੋਇਆ ਲਿਖਦਾ ਹੈ ਕਿ ਇਸ ਵਿਚੋਂ ਜੋ ਯਥਾਰਥ ਪ੍ਰਸਤੁਤ ਹੁੰਦਾ ਹੈ, ਉਹ ਸਾਂਝੇ ਪੰਜਾਬ ਦਾ ਹੈ, ਜਿਸ ਵਿਚ ਹਿੰਦੂ ਅਤੇ ਮੁਸਲਮਾਨ ਲੋਕ, ਨਸਲ ਦੀ ਭਿੰਨਤਾ ਅਤੇ ਸਭਿਆਚਾਰਕ ਸਿਮਰਤੀ ਦੀ ਵੱਖਰਤਾ ਦੇ ਬਾਵਜੂਦ, ਭਾਈਚਾਰਕ ਅਤੇ ਮਾਨਵੀ ਪੱਧਰ ਉਤੇ ਅਨਿੱਖੜ ਸਾਂਝ ਵਿਚ ਬੱਝੇ ਹੋਏ ਹਨ। (**ਕਿੱਸਾ ਸੰਸਾਰ,** ਪੰਨਾ 10) ਸੰਤ ਕਵੀਆਂ, ਸਿੱਖ ਸਤਿਗੁਰਾਂ ਅਤੇ ਸੂਫ਼ੀ ਦਰਵੇਸ਼ਾਂ ਨੇ ਸਭਿਆਚਾਰਕ ਸਮਨਵੈ (ਏਕਤਾ) ਦੇ ਇਸ ਲੋਕਪੱਖੀ ਅਮਲ ਨੂੰ ਨਿਰੰਤਰ ਜਾਰੀ ਰੱਖਿਆ। ਗੁਰੂ ਨਾਨਕ ਦੇਵ ਜੀ ਧਰਮ ਦੇ ਅਖੋਤੀ ਠੇਕੇਦਾਰਾਂ ਦੀ ਆਲੋਚਨਾ ਕਰਦੇ ਹੋਏ ਫੁਰਮਾਉਂਦੇ ਹਨ :

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣ ਨਾਵੇ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥

(**ਆਦਿ ਗ੍ਰੰਥ,** ਪੰਨਾ ੬੬੨)

10.4.2 ਸੂਫ਼ੀ ਕਵੀਆਂ ਵਿਚੋਂ ਸੁਲਤਾਨ ਬਾਹੂ ਅਤੇ ਬੁੱਲ੍ਹੇ ਸ਼ਾਹ ਨੇ ਸੰਪਰਦਾਇਕ ਸਦਭਾਵਨਾ ਨੂੰ ਪੁਸ਼ਟ ਕਰਨ ਵਾਲੀਆਂ ਅਨੇਕ ਸੀਹਰਫ਼ੀਆਂ ਅਤੇ ਕਾਫ਼ੀਆਂ ਆਦਿ ਦੀ ਰਚਨਾ ਕੀਤੀ। ਦੇਖੋ :

ਮਜ਼ਹਬਾਂ ਦੇ ਦਰਵਾਜ਼ੇ ਉੱਚੇ, ਰਾਹ ਰੱਬਾਨੀ ਮੋਰੀ ਹੂ।
ਪੰਡਤਾਂ ਤੇ ਮੁਲਾਣਿਆਂ ਕੋਲੋਂ, ਛਪ ਛਪ ਲੰਘਦੇ ਚੋਰੀ ਹੂ।
ਅੱਡੀਆਂ ਮਾਰਨ ਕਰਨ ਬਖੇੜੇ, ਦਰਦ ਮੰਦਾਂ ਦੀਆਂ ਘੋੜੀ ਹੂ।
ਬਾਹੂ ਚੱਲ ਉਥਾਈਂ ਵਸੀਏ, ਜਿਥੇ ਦਾਵ੍ਹਾ ਨ ਕਿਸੇ ਹੋਰੀ ਹੂ।

**(ਸੁਲਤਾਨ ਬਾਹੂ)**

ਬਿੰਦਰਾ ਬਨ ਮੇਂ ਗਊ ਚਰਾਵੈ।
ਲੰਕਾ ਸਾੜ ਕੇ ਨਾਦ ਵਜਾਵੈ।
ਮੱਕੇ ਦਾ ਹਾਜੀ ਬਣ ਆਵੈ।
ਵਾਹ ਵਾਹ ਰੰਗ ਵਟਾਈਦਾ।
ਹੁਣ ਕਾਹਨੂੰ ਆਪ ਛੁਪਾਈਦਾ।

**(ਬੁੱਲ੍ਹੇ ਸ਼ਾਹ)**

10.4.3 ਸੰਪਰਦਾਇਕ ਏਕਤਾ ਦੀ ਭਾਵਨਾ ਨੂੰ ਪੁਸ਼ਟ ਕਰਨ ਵਿਚ ਗੁਰੂ ਗੋਬਿੰਦ ਸਿੰਘ ਦਾ ਯੋਗਦਾਨ ਅਦੁੱਤੀ ਅਤੇ ਬੇਮਿਸਾਲ ਰਿਹਾ ਹੈ। ਆਪ ਨੇ ਇਕ ਆਧੁਨਿਕ ਸਮਾਜ-ਸ਼ਾਸਤਰੀ ਵਾਂਗ ਇਹ ਦਰਸਾ ਦਿੱਤਾ ਕਿ ਧਾਰਮਿਕ ਸੰਪਰਦਾਵਾਂ ਅਤੇ ਹੋਰ ਰੇਖ-ਭੇਖ, ਵੱਖ-ਵੱਖ ਦੇਸ਼ਾ ਦੀਆਂ ਭੂਗੋਲਿਕ ਅਤੇ ਸਭਿਆਚਾਰਕ ਪਰਿਸਥਿਤੀਆਂ ਦੇ ਕਾਰਨ ਹੋਂਦ ਵਿਚ ਆਏ ਹਨ, ਇਨ੍ਹਾਂ ਦੀ ਅੰਦਰੂਨੀ ਹਕੀਕਤ ਕੁਝ ਨਹੀਂ ਹੈ। ਸਾਰੇ ਬਾਹਰੀ ਭੇਖਾਂ ਅਤੇ ਧਰਮਾਂ ਦੀ ਤਹਿ ਹੇਠ ਉਹੀ ਸਰਬ-ਸਾਂਝਾ ਮਾਨਵ ਛਿਪਿਆ ਹੋਇਆ ਹੈ, ਜਿਸ ਦੀ ਸਿਰਜਣਾ ਪਰਮਾਤਮਾ ਨੇ ਆਪ ਕੀਤੀ ਅਤੇ ਸਭ ਨੂੰ ਇਕੋ ਜਿਹਾ ਅਤੇ ਇਕ ਜੈਸਾ ਬਣਾਇਆ ਹੈ। ਸੋ ਕਿਸੇ ਧਰਮ ਵਿਸ਼ੇਸ਼ ਜਾਂ ਬਾਹਰੀ ਭੇਖ ਨੂੰ ਲੈ ਕੇ ਕਿਸੇ ਵਿਅਕਤੀ ਨੂੰ ਸ੍ਰੇਸ਼ਠ ਜਾਂ ਨਖਿੱਧ ਸਿੱਧ ਕਰਨਾ ਕਮਅਕਲੀ ਦਾ ਹੀ ਸਬੂਤ ਹੈ। ਆਪਣੇ ਇਕ 'ਕਬਿੱਤ' ਵਿਚ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਵਿਅਕਤ ਕਰਦੇ ਹੋਏ ਆਪ ਫੁਰਮਾਉਂਦੇ ਹਨ :

ਕੋਊ ਭਇਓ ਮੁੰਡਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫ਼ੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ

ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ॥
ਦੇਵਤਾ ਅਦੇਵ ਜਛ ਗੰਧਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥

**(ਗੁਰੂ ਗੋਬਿੰਦ ਸਿੰਘ, ਅਕਾਲ ਉਸਤਤਿ)**

### 10.4.4 ਜਾਤ-ਪਾਤ ਦਾ ਖੰਡਨ

ਗੁਰੂ ਨਾਨਕ ਕਾਲ ਦੇ ਸਮੂਹ ਕਵੀਆਂ ਨੇ ਹਿੰਦੂ ਸਮਾਜ ਦੀ ਵਰਣ-ਵਿਵਸਥਾ ਦਾ ਖੰਡਨ ਕੀਤਾ ਅਤੇ ਮਨੁੱਖੀ ਏਕਤਾ ਤੇ ਸਮਾਨਤਾ ਦੇ ਸਿੱਧਾਂਤ ਉੱਤੇ ਡਟ ਕੇ ਪਹਿਰਾ ਦਿੱਤਾ। ਭਗਤ ਨਾਮਦੇਵ, ਕਬੀਰ, ਰਵਿਦਾਸ, ਗੁਰੂ ਨਾਨਕ ਅਤੇ ਹੋਰ ਸਿੱਖ ਗੁਰੂਆਂ ਨੇ ਆਪਣੀ ਬਾਣੀ ਵਿਚ ਬਾਰ-ਬਾਰ ਇਹ ਦ੍ਰਿੜ੍ਹਾਇਆ ਹੈ ਕਿ ਸਾਰੇ ਮਨੁੱਖ ਉਸ ਇਕ ਪਰਮਾਤਮਾ ਦੇ ਸਾਜੇ ਹੋਏ ਹਨ। ਜ਼ਾਤ ਜਾਂ ਜਨਮ ਕਰ ਕੇ ਕਿਸੇ ਨੂੰ ਵੱਡਾ ਜਾਂ ਛੋਟਾ ਨਹੀਂ ਸਮਝਣਾ ਚਾਹੀਦਾ। ਪ੍ਰਭੂ ਦੀ ਭਗਤੀ ਅਤੇ ਚੰਗੇ ਕਰਮ ਹੀ ਕਿਸੇ ਵਿਅਕਤੀ ਦੇ ਮਹਾਨ ਜਾਂ ਸ੍ਰੇਸ਼ਠ ਹੋਣ ਦੇ ਜ਼ਾਮਨ ਬਣਦੇ ਹਨ। ਦੇਖੋ :

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦ ਤੇ ਸਭ ਉਤਪਾਤੀ॥

**(ਭਗਤ ਕਬੀਰ)**

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸ ਗਰਬ ਤੇ ਚਲਹਿ ਬਹੁਤ ਵਿਕਾਰਾ॥ ਰਹਾਉ॥

**(ਰਾਗ ਭੈਰਉ ਮਹਲਾ ਤੀਜਾ)**

### 10.4.5 ਨਵੇਂ ਰੂਪਾਕਾਰਾਂ ਅਤੇ ਬਿਰਤਾਂਤ-ਵਿਧੀਆਂ ਦੀ ਤਲਾਸ਼

ਗੁਰੂ ਨਾਨਕ ਕਾਲ ਵਿਚ ਰਚੇ ਗਏ ਸਾਹਿੱਤ ਦੀ ਇਕ ਹੋਰ ਵਿਸ਼ੇਸ਼ਤਾ ਨਵੇਂ ਰੂਪਾਕਾਰਾਂ ਅਤੇ ਬਿਰਤਾਂਤ-ਵਿਧੀਆਂ ਦੀ ਤਲਾਸ਼ ਕਰਨਾ ਹੈ। ਜਦੋਂ ਕਿਸੇ ਕਵੀ ਦਾ ਅਨੁਭਵ ਬਦਲਦਾ ਹੈ ਤਾਂ ਉਸ ਨੂੰ ਆਪਣੇ ਭਾਵਾਂ ਦੇ ਪ੍ਰਗਟਾਵੇ ਲਈ ਨਵੇਂ ਰੂਪਾਕਾਰਾਂ ਅਤੇ ਬਿਰਤਾਂਤ-ਵਿਧੀਆਂ ਦੀ ਜ਼ਰੂਰਤ ਪੈਂਦੀ ਹੈ। ਗੁਰੂ ਨਾਨਕ ਕਾਲ ਵਿਚ ਪਹੁੰਚ ਕੇ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਖੇਤਰ ਵਿਚ ਆਈਆਂ ਤਬਦੀਲੀਆਂ ਦੇ ਕਾਰਨ ਸਾਡੇ ਕਵੀਆਂ ਦਾ ਅਨੁਭਵ ਵੀ ਤਬਦੀਲ ਹੋ ਗਿਆ ਜਿਸ ਕਾਰਨ ਉਨ੍ਹਾਂ ਨੇ ਨਵੇਂ ਰੂਪਾਕਾਰਾਂ ਅਤੇ ਬਿਰਤਾਂਤ-ਵਿਧੀਆਂ ਦਾ ਸਹਾਰਾ ਲਿਆ। ਇਸ ਨਾਲ ਪੰਜਾਬੀ ਸਾਹਿੱਤ ਵਿਚ ਅਮੀਰੀ ਅਤੇ ਯੁਗਾਨੁਕੂਲਤਾ ਆ ਗਈ। ਇਸ ਕਾਲ ਵਿਚ ਵਾਰਾਂ, ਜੰਗਨਾਮੇ, ਕਿੱਸੇ, ਕਾਫ਼ੀਆਂ, ਬਾਰਹਮਾਹੇ, ਬਾਵਨ ਅਖਰੀਆਂ ਅਤੇ ਸੀਹਰਫ਼ੀਆਂ ਵਰਗੇ ਕਾਵਿ-ਰੂਪ ਵੱਡੀ ਮਾਤਰਾ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਇਨ੍ਹਾਂ ਰੂਪਾਕਾਰਾਂ ਦੇ ਆਰੰਭ ਵਿਚ ਮੰਗਲਾਚਰਣ ਕੀਤਾ ਗਿਆ ਹੈ ਅਤੇ ਅੰਤ ਵਿਚ ਕੋਈ ਸੰਦੇਸ਼ ਦਿੱਤਾ ਗਿਆ ਹੈ। ਇਸ ਕਾਲ ਵਿਚ ਰਚੇ ਗਏ ਸਾਹਿੱਤ ਦੀ ਪ੍ਰਤੀਨਿਧਤਾ ਕਰਨ ਵਾਲੀ ਰਚਨਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਮਹਾਨ ਗ੍ਰੰਥ ਵਿਚ 31 ਰਾਗਾਂ ਦਾ ਪ੍ਰਯੋਗ ਹੋਇਆ ਹੈ। ਕਾਵਿ ਅਤੇ ਰਾਗ (ਸੰਗੀਤ) ਦਾ ਸੁਮੇਲ ਕਰ ਕੇ ਗੁਰੂ ਸਾਹਿਬਾਨ ਨੇ ਕਾਵਿ-ਕਲਾ ਦੀ ਸਮਰੱਥਾ ਵਿਚ ਬਹੁਤ ਵਾਧਾ ਕਰ ਦਿੱਤਾ ਅਤੇ ਕਾਵਿ ਇਕ ਯੁਗ-ਪਲਟਾਊ ਸ਼ਸਤਰ ਬਣ ਗਿਆ। ਇਸ ਪ੍ਰਕਾਰ ਸ਼ਾਸਤਰ ਅਤੇ ਸ਼ਸਤਰ ਇਕੱਠੇ ਹੋ ਗਏ।

**10.4.6** ਗੁਰੂ ਨਾਨਕ ਕਾਲ ਦੇ ਸਾਹਿੱਤ ਵਿਚ ਰੁਤੀ, ਥਿਤੀ, ਸਤਵਾਰਾ, ਸ਼ਬਦ, ਪਦਾ, ਅੰਜੁਲੀ, ਘੋੜੀਆਂ, ਛੰਤ, ਸਲੋਕ, ਪਉੜੀ, ਸੁਚਜੀ, ਕੁਚਜੀ, ਕਰਹਲੇ, ਪਟੀ, ਪਹਿਰੇ, ਗਾਥਾ, ਛਿੰਝ, ਬਿਰਹੜੇ, ਲਾਵਾਂ, ਡਖਣੇ, ਅਲਾਹਣੀਆਂ ਆਦਿ ਅਨੇਕ ਕਾਵਿ ਰੂਪਾਂ ਦਾ ਪ੍ਰਯੋਗ ਹੋਇਆ ਹੈ। ਛੰਦਾਂ ਵਿਚ ਬੈਂਤ, ਦੋਹਿਰਾ, ਸਵਈਆ, ਦਵਈਆ, ਡਿਉਢ, ਕੁੰਡਲੀਆਂ, ਚੌਪਈ, ਕਬਿਤ, ਝੂਲਣਾ, ਤਾਟੰਕ, ਤੋਮਰ, ਪ੍ਰਮਾਣਿਕਾ, ਨਿਸ਼ਾਨੀ, ਸੋਰਠਾ, ਸਿਰਖੰਡੀ, ਹੰਸਗਤੀ, ਭੁਜੰਗ ਪ੍ਰਯਾਤ ਵਰਗੇ ਛੰਦ ਰੂਪਾਂ ਦੇ ਨਾਮ ਲਏ ਜਾ ਸਕਦੇ ਹਨ। ਅਲੰਕਾਰਾਂ ਵਿਚ ਉਪਮਾ, ਰੂਪਕ, ਦ੍ਰਿਸ਼ਟਾਂਤ, ਅਨੁਪ੍ਰਾਸ, ਅਤਿਕਥਨੀ, ਲੋਕੋਕਤੀ, ਪ੍ਰੌਢੋਕਤੀ, ਦੀਪਕ, ਪ੍ਰਮਾਣ, ਸੰਦੇਹ, ਉਲਾਸ ਆਦਿ ਅਲੰਕਾਰ ਆਏ ਹਨ। ਕਾਵਿ ਰਚਨਾਵਾਂ ਵਿਚ ਅਖੌਤਾਂ ਅਤੇ ਮੁਹਾਵਰਿਆਂ ਦਾ ਭਰਪੂਰ ਪ੍ਰਯੋਗ ਹੋਇਆ ਹੈ।

## 10.5 ਨਿਸ਼ਕਰਸ਼ : ਸਿੱਟੇ ਅਤੇ ਪ੍ਰਾਪਤੀਆਂ

ਗੁਰੂ ਨਾਨਕ ਕਾਲ ਵਿਚ ਸਿੱਖ ਸਤਿਗੁਰਾਂ, ਸੂਫ਼ੀ ਦਰਵੇਸ਼ਾਂ, ਭਗਤਜਨਾਂ ਅਤੇ ਹੋਰ ਸੰਤਾਂ-ਫ਼ਕੀਰਾਂ ਨੇ ਇਕ ਅਜਿਹੀ ਸਭਿਆਚਾਰਕ ਜਾਗ੍ਰਿਤੀ ਲੈ ਆਂਦੀ ਸੀ, ਜਿਸ ਦੇ ਫ਼ਲਸਰੂਪ ਸਾਹਿੱਤ ਵਿਚ ਅਨੇਕ ਨਵੀਆਂ ਪ੍ਰਵਿਰਤੀਆਂ ਅਤੇ ਧਾਰਾਵਾ ਨੇ ਜਨਮ ਲਿਆ। ਇਸ ਦੇ ਨਾਲ ਹੀ ਪੁਰਾਣੀਆਂ ਪ੍ਰਵਿਰਤੀਆਂ ਵਿਚ ਵੀ ਨਵੀਂ ਊਰਜਾ (ਸ਼ਕਤੀ) ਅਤੇ ਜ਼ਿੰਦਗੀ ਧੜਕਣ ਲੱਗ ਪਈ। ਇਸ ਕਾਲ ਦੀਆਂ ਕੁਝ ਇਕ ਉਲੇਖਯੋਗ ਪ੍ਰਾਪਤੀਆਂ ਇਸ ਪ੍ਰਕਾਰ ਹਨ :

* ਇਸ ਕਾਲ ਵਿਚ ਸਾਹਿੱਤ ਸਿਰਜਣ ਦੀ ਇਕ ਨਿਸ਼ਚਿਤ ਰੂਪ ਰੇਖਾ ਉੱਘੜ ਆਈ ਸੀ। ਸਾਹਿੱਤ ਸਿਰਜਣਾ ਦੇ ਕਾਰਜ ਨੂੰ ਸਮਾਜਿਕ-ਸਭਿਆਚਾਰਕ ਤਬਦੀਲੀ ਲਈ ਵਰਤਿਆ ਜਾਣ ਲੱਗ ਪਿਆ ਸੀ। ਨਾਥ-ਜੋਗੀਆਂ, ਸਿੱਖ ਗੁਰੂਆਂ, ਸੂਫ਼ੀ ਫ਼ਕੀਰਾਂ ਅਤੇ ਕਿੱਸਾ ਕਵੀਆਂ ਨੇ ਸਮਾਜਿਕ ਜੜ੍ਹਤਾ ਅਤੇ ਸਭਿਆਚਾਰਕ ਖੜੋਤ ਨੂੰ ਤੋੜਨ ਲਈ ਯੋਗਦਾਨ ਪਾਇਆ। ਸਿੱਟੇ ਵਜੋਂ ਪੰਜਾਬ ਦੇ ਆਮ ਲੋਕਾਂ ਵਿਚ ਜਾਗ੍ਰਿਤੀ ਆਈ ਅਤੇ ਉੱਨਾਂ ਨੇ ਮਨੁੱਖੀ ਜੀਵਨ ਦੇ ਮਕਸਦ ਅਤੇ ਉਦੇਸ਼ ਬਾਰੇ ਨਵੀਂ ਤਰ੍ਹਾਂ ਨਾਲ ਸੋਚਣਾ ਸ਼ੁਰੂ ਕਰ ਦਿੱਤਾ। ਇਉਂ 1700 ਈ. ਤੱਕ ਰਚਿਆ ਗਿਆ ਪੰਜਾਬੀ ਸਾਹਿੱਤ ਸਮਾਜਿਕ-ਸਭਿਆਚਾਰਕ ਤਬਦੀਲੀ ਦਾ ਵਾਹਣ ਬਣਿਆ।
* ਇਸ ਕਾਲ ਵਿਚ ਸਾਹਿੱਤ, ਧਰਮ ਅਤੇ ਸਮਾਜ ਇਕ-ਦੂਜੇ ਦੇ ਸਹਿਯੋਗੀ ਅਤੇ ਸਹਾਇਕ ਬਣ ਕੇ ਵਿਚਰਦੇ ਹਨ। ਸਾਹਿੱਤ ਨੂੰ ਮਨੁੱਖੀ ਆਤਮਾ ਦੀ ਉੱਚਤਾ, ਸਮਾਜਿਕ-ਭਾਈਚਾਰਕ ਸੁਧਾਰ ਅਤੇ ਬੌਧਿਕ ਪ੍ਰਗਟਾਵੇ ਲਈ ਵਰਤਿਆ ਜਾਣ ਲੱਗਿਆ ਸੀ।
* ਇਹ ਕਾਲ ਗੁਰਮਤਿ ਕਾਵਿ ਦੇ ਸਿਖਰ ਦਾ ਸਮਾਂ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ, ਗੁਰਮਤਿ ਧਾਰਾ ਦੇ ਸਾਰੇ ਮਹਾਨ ਕਵੀ ਇਸੇ ਕਾਲ ਵਿਚ ਪੈਦਾ ਹੋਏ ਅਤੇ ਵਿਚਰੇ। ਭਾਈ ਮਰਦਾਨਾ, ਬਾਬਾ ਸੁੰਦਰ, ਰਾਗੀ ਸਤਾ ਬਲਵੰਡ ਅਤੇ ਭਾਈ ਗੁਰਦਾਸ ਜੀ ਇਸੇ ਦੌਰ ਦੀ ਸ਼ੋਭਾ ਬਣੇ।
* ਇਹ ਕਾਲ ਪੰਜਾਬੀ ਸੂਫ਼ੀ ਕਾਵਿ ਦੇ ਵਿਕਾਸ ਦਾ ਗਵਾਹ ਬਣਿਆ। ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਸ਼ਾਹ ਸ਼ਰਫ਼ ਬਟਾਲਵੀ ਆਦਿਕ ਕਵੀ ਸਤਾਰ੍ਹਵੀਂ ਸਦੀ ਤੱਕ ਦੇ ਪੰਜਾਬੀ ਸੂਫ਼ੀ ਕਾਵਿ ਦੀ ਪ੍ਰਤੀਨਿਧਤਾ ਕਰਦੇ ਹਨ।
* ਇਸ ਕਾਲ ਵਿਚ ਕਿੱਸਾ ਕਾਵਿ ਪਰੰਪਰਾ ਦਾ ਜਨਮ ਹੋਇਆ ਅਤੇ ਇਸ ਨੇ ਆਪਣੇ ਸਾਰੇ ਪ੍ਰਤਿਮਾਨ ਜਾਂ ਗੁਣ-ਲੱਛਣ ਇਸੇ ਕਾਲ ਵਿਚ ਨਿਸ਼ਚਿਤ ਕਰ ਲਏ ਸਨ। ਦਮੋਦਰ, ਪੀਲੂ, ਹਾਫ਼ਿਜ਼, ਬਰਖ਼ੁਰਦਾਰ, ਅਹਿਮਦ ਗੁੱਜਰ ਅਤੇ ਸਦੀਕ ਲਾਲੀ ਇਸ ਕਾਲ ਦੇ ਪ੍ਰਮੁੱਖ ਕਵੀ ਹਨ। ਇਨ੍ਹਾਂ ਕਵੀਆਂ ਨੇ ਹੀਰ-ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਯੂਸਫ਼-ਜੁਲੈਖਾ ਵਰਗੀਆਂ ਪ੍ਰੇਮ-ਕਥਾਵਾਂ ਨੂੰ ਕਾਵਿਬੱਧ ਕੀਤਾ।
* ਇਸ ਕਾਲ ਵਿਚ ਪੰਜਾਬੀ ਵਾਰਤਕ ਦੀ ਉਤਪਤੀ ਹੋਈ। ਜਨਮਸਾਖੀਆਂ, ਗੋਸ਼ਟਾਂ, ਵਚਨਾਂ ਅਤੇ ਪਰਮਾਰਥਾਂ ਦੇ ਰੂਪ ਵਿਚ ਪੰਜਾਬੀ ਵਾਰਤਕ ਨੇ ਬਹੁਤ ਪ੍ਰਗਤੀ ਕਰ ਲਈ। ਇਸ ਕਾਲ ਦੇ ਲੇਖਕਾਂ ਦੀ ਸਾਹਿੱਤ-ਸਾਧਨਾਂ ਅਤੇ ਵਚਨਬੱਧਤਾ ਦੇ ਕਾਰਨ ਪੰਜਾਬੀ ਭਾਸ਼ਾ ਉਪਰੋਂ ਸੰਸਕ੍ਰਿਤ, ਪ੍ਰਾਕਿਰਤਾਂ ਅਤੇ ਅਪਭ੍ਰੰਸ਼ਾਂ ਦਾ ਪ੍ਰਭਾਵ ਖ਼ਤਮ ਹੋਣ ਲੱਗ ਪਿਆ। ਪੰਜਾਬੀ ਭਾਸ਼ਾ ਠੇਠ ਅਤੇ ਟਕਸਾਲੀ ਰੂਪ ਧਾਰਨ ਕਰਦੀ ਨਜ਼ਰ ਆਉਣ ਲੱਗੀ। ਗੁਰਮਤਿ ਧਾਰਾ ਦੇ ਕਵੀਆਂ ਨੇ ਫ਼ਾਰਸੀ (ਸ਼ਾਹਮੁਖੀ) ਜਾਂ ਦੇਵਨਾਗਰੀ ਦੀ ਬਜਾਇ ਗੁਰਮੁਖੀ ਲਿਪੀ ਨੂੰ ਅਪਣਾਇਆ ਅਤੇ ਹੌਲੀ-ਹੌਲੀ ਇਹ ਲਿਪੀ ਸਾਡੇ ਸਮੂਹ ਪੰਜਾਬੀ ਲੇਖਕਾਂ ਵਲੋਂ ਵਰਤੀ ਜਾਣ ਲੱਗ ਪਈ। ਇਸ ਕਾਲ ਵਿਚ ਪੰਜਾਬੀ ਭਾਸ਼ਾ ਵਿਚ ਬਹੁਰੰਗੀ ਅਤੇ ਬਹੁਦੇਸ਼ੀ ਸ਼ਬਦਾਵਲੀ ਆ ਗਈ, ਜਿਸ ਨਾਲ ਪੰਜਾਬੀ ਭਾਸ਼ਾ ਦਾ ਸ਼ਬਦ-ਭੰਡਾਰ ਬਹੁਤ ਅਮੀਰ ਹੋ ਗਿਆ।
* ਉਕਤ ਤੱਥਾਂ ਦੀ ਰੌਸ਼ਨੀ ਵਿਚ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਇਸ ਕਾਲ ਵਿਚ ਰਚਿਆ ਗਿਆ ਸਾਹਿੱਤ, ਪੰਜਾਬੀਆਂ ਨੂੰ ਸਰਵਪੱਖੀ ਸੇਧ ਦੇਣ ਵਿਚ ਪੂਰੀ ਤਰ੍ਹਾਂ ਨਾਲ ਸਫ਼ਲ ਸਿੱਧ ਹੋਇਆ। ਇਸ ਕਾਲ ਦੇ ਸਾਹਿਤਕ-ਭੰਡਾਰ ਨੇ ਪੰਜਾਬੀ ਭਾਸ਼ਾ ਨੂੰ ਅਨੁਭਵ ਅਤੇ ਅਭਿਵਿਅਕਤੀ ਦੀ ਦ੍ਰਿਸ਼ਟੀ ਤੋਂ ਬੇਹੱਦ ਅਮੀਰ ਅਤੇ ਜ਼ਰਖੇਜ਼ ਬਣਾ ਦਿੱਤਾ। ਇਸੇ ਕਾਰਨ ਇਸ ਕਾਲ ਨੂੰ ਪੰਜਾਬੀ ਸਾਹਿੱਤ ਦੇ ਸੁਨਹਿਰੀ ਕਾਲ ਵਜੋਂ ਜਾਣਿਆ ਅਤੇ ਸਤਿਕਾਰਿਆ ਜਾਂਦਾ ਹੈ।

------

**ਪ੍ਰਸ਼ਨ**

1. ਸਤਾਰ੍ਹਵੀਂ ਸਦੀ ਤਕ ਪੈਦਾ ਹੋਏ ਸਾਹਿੱਤ ਨੂੰ ਪੰਜਾਬੀ ਸਾਹਿੱਤ ਦਾ ਸੁਨਹਿਰੀ ਕਾਲ ਕਿਹਾ ਜਾਂਦਾ ਹੈ। ਕੀ ਤੁਸੀਂ ਇਸ ਧਾਰਨਾ ਨਾਲ ਸਹਿਮਤ ਹੋ ?
2. ਸਤਾਰ੍ਹਵੀਂ ਸਦੀ (1700 ਈ.) ਤਕ ਪੈਦਾ ਹੋਏ ਪੰਜਾਬੀ ਸਾਹਿੱਤ ਦੀਆਂ ਵਿਸ਼ੇਸ਼ਤਾਵਾ ਅਤੇ ਪ੍ਰਾਪਤੀਆਂ ਦਾ ਸੰਖੇਪ ਉੱਲੇਖ ਕਰੋ।

## ਕੁੱਝ ਹੋਰ ਮਹੱਤਵਪੂਰਨ ਪ੍ਰਸ਼ਨ

1. 1700 ਈ. ਤੱਕ ਦੇ ਪੰਜਾਬੀ ਵਾਰ-ਕਾਵਿ ਬਾਰੇ ਭਰਪੂਰ ਜਾਣਕਰੀ ਦਿਉ। (ਅਪਰੈਲ 2000)
2. *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸਾਹਿੱਤਕ ਵਿਸ਼ੇਸ਼ਤਾ ਉੱਤੇ ਵਿਸਥਾਰ ਸਹਿਤ ਨੋਟ ਲਿਖੋ। (ਅਪਰੈਲ 2000)
3. ਕਿੱਸਾ ਸਾਹਿੱਤ ਰੂਪ ਦੀ ਪਰਿਭਾਸ਼ਾ ਕਰਦੇ ਹੋਏ, 1700 ਈ. ਤੋਂ ਪਹਿਲਾਂ ਦੇ ਪ੍ਰਮੁੱਖ ਪੰਜਾਬੀ ਕਿੱਸਾਕਾਰਾਂ ਦੇ ਕਿੱਸਿਆਂ ਬਾਰੇ ਜਾਣਕਾਰੀ ਦਿਉ। (ਅਪਰੈਲ 2000)
4. *ਸ੍ਰੀ ਗੁਰੂ ਗ੍ਰੰਥ ਸਾਹਿਬ* ਦਾ ਸਾਹਿੱਤਕ ਮੁਲਾਂਕਣ ਕਰੋ। (ਅਪਰੈਲ 2004)
5. ਗੁਰੂ ਨਾਨਕ ਕਾਲ ਤੱਕ ਦੀਆਂ ਪੰਜਾਬੀ ਦੀਆਂ ਅਧਿਆਤਮਕ ਵਾਰਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰੋ। (ਅਪਰੈਲ 2004)
6. ਸਤਾਰਵੀਂ ਸਦੀ ਤੱਕ ਦੇ ਪੰਜਾਬੀ ਸੂਫ਼ੀ ਕਾਵਿ ਬਾਰੇ ਭਰਪੂਰ ਜਾਣਕਾਰੀ ਦਿਉ। (ਅਪਰੈਲ 2004)
7. "ਸਾਹਿੱਤ ਇਤਿਹਾਸ ਦਾ ਆਰੰਭ ਬਿੰਦੂ ਲੋਕ-ਸਾਹਿੱਤ ਨੂੰ ਹੀ ਮੰਨਣਾ ਚਾਹੀਦਾ ਹੈ।" ਇਸ ਕਥਨ ਦੀ ਰੋਸ਼ਨੀ ਵਿਚ ਪੰਜਾਬੀ ਲੋਕ-ਸਾਹਿੱਤ ਬਾਰੇ ਚਰਚਾ ਕਰੋ। (ਅਪਰੈਲ 2009)
8. ਗੁਰਮਤਿ ਕਾਵਿ ਬਾਰੇ ਜਾਣਕਾਰੀ ਭਰਪੂਰ ਨੋਟ ਲਿਖੋ। (ਅਪਰੈਲ 2009)
9. 1700 ਈ. ਤੱਕ ਦੇ ਕਿੱਸਾ-ਕਾਵਿ ਬਾਰੇ ਜਾਣਕਾਰੀ ਦਿਓ। (ਅਪਰੈਲ 2009)
10. ਨਾਥ-ਜੋਗੀਆਂ ਦੇ ਸਾਹਿੱਤ ਨਾਲ ਜਾਣਕਾਰੀ ਕਰਵਾਉਂਦੇ ਹੋਏ ਇਸ ਦਾ ਪੰਜਾਬੀ ਸਾਹਿੱਤ ਦੇ ਸਮੁੱਚੇ ਇਤਿਹਾਸ ਵਿਚ ਯੋਗਦਾਨ ਦਰਸਾਉ।
11. ਪੰਜਾਬੀ ਸਾਹਿੱਤ ਦੇ ਆਰੰਭ ਸਮੇਂ ਇਸ ਦੀ ਭਾਸ਼ਾਈ, ਸਭਿਆਚਾਰਕ ਤੇ ਸਾਹਿੱਤਕ ਸਥਿਤੀ ਬਾਰੇ ਚਰਚਾ ਕਰੋ।
12. ਪੰਜਾਬੀ ਬੀਰ ਕਾਵਿ (1700 ਈ. ਤੱਕ) ਬਾਰੇ ਤੁਸੀਂ ਕੀ ਜਾਣਦੇ ਹੋ? ਬੀਰ ਕਾਵਿ ਦੀਆਂ ਪ੍ਰਮੁੱਖ ਰਚਨਾਵਾਂ ਦੇ ਹਵਾਲੇ ਨਾਲ ਲੇਖ ਲਿਖੋ। (ਅਪਰੈਲ 2010)
13. ਪੰਜਾਬੀ ਲੋਕ ਸਾਹਿੱਤ ਬਾਰੇ ਲੇਖ ਲਿਖੋ। ਆਪਣੀ ਪਸੰਦ ਦੇ ਲੋਕ ਸਾਹਿੱਤ ਦੀਆਂ ਉਦਾਹਰਣਾਂ ਵੀ ਦਿਉ। (ਅਪਰੈਲ 2010)
14. ਪੰਜਾਬੀ ਭਾਸ਼ਾ ਤੇ ਸਾਹਿੱਤ ਦੇ ਇਤਿਹਾਸਕ ਤੇ ਸਭਿਆਚਾਰਕ ਪਿਛੋਕੜ ਬਾਰੇ ਆਲੋਚਨਾਤਮਕ ਲੇਖ ਲਿਖੋ। (ਅਪਰੈਲ 2010)
15. 1700 ਈ. ਤੱਕ ਦੇ ਪੰਜਾਬੀ ਭਗਤੀ-ਸਾਹਿੱਤ ਨਾਲ ਜਾਣ ਪਛਾਣ ਕਰਵਾਉ।
16. ਹੇਠ ਲਿਖੇ ਤਿੰਨ ਪ੍ਰਸ਼ਨਾਂ ਵਿਚੋਂ ਦੋ ਦਾ ਉੱਤਰ ਲਿਖੋ :
    (ੳ) ਗੁਰਮਤਿ ਸਾਹਿੱਤ ਧਾਰਾ ਬਾਰੇ ਲਿਖੋ।
    (ਅ) ਪੰਜਾਬੀ ਸੂਫ਼ੀ ਕਾਵਿ ਧਾਰਾ ਦੇ ਕਾਫ਼ੀ ਰੂਪ ਬਾਰੇ ਤੁਸੀਂ ਕੀ ਜਾਣਦੇ ਹੋ ? ਆਪਣੇ ਖ਼ਿਆਲਾਂ ਨੂੰ ਨਿਬੰਧ ਰੂਪ ਵਿਚ ਲਿਖੋ।
    (ੲ) ਸੋਲਵੀਂ ਸਦੀ ਦੇ ਪੰਜਾਬੀ ਸਾਹਿੱਤ ਦੀਆਂ ਮੁੱਖ ਪ੍ਰਵਿਰਤੀਆਂ ਬਾਰੇ ਲੇਖ ਲਿਖੋ। (ਅਪਰੈਲ 2011)
17. ਹੇਠ ਲਿਖੇ ਤਿੰਨ ਪ੍ਰਸ਼ਨਾਂ ਵਿਚੋਂ ਦੋ ਦਾ ਉੱਤਰ ਲਿਖੋ :
    (ੳ) ਗੁਰਮਤਿ ਪੰਜਾਬੀ ਸਾਹਿੱਤ ਧਾਰਾ ਬਾਰੇ ਲੇਖ ਲਿਖੋ।
    (ਅ) ਪੰਜਾਬੀ ਕਿੱਸਾ ਸਾਹਿੱਤ ਰੂਪ ਬਾਰੇ ਨਿਬੰਧ ਲਿਖੋ।

(ੲ) ਸੋਲਵੀਂ ਸਦੀ ਦੇ ਪੰਜਾਬੀ ਸਾਹਿੱਤ ਦੀਆਂ ਮੁੱਖ ਪ੍ਰਵਿਰਤੀਆਂ ਬਾਰੇ ਲੇਖ ਲਿਖੋ। (ਅਪਰੈਲ 2012)

18. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਉੱਤਰ ਲਿਖੋ :

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿੱਤਕ ਮੁਲਾਂਕਣ ਕਰੋ।
(ਅ) ਭਗਤੀ ਕਾਲ ਵਿਚ ਹੋਏ ਭਗਤ ਕਵੀਆਂ ਬਾਰੇ ਚਰਚਾ ਕਰੋ।
(ੲ) ਪੰਜਾਬੀ ਲੋਕ ਸਾਹਿੱਤ ਬਾਰੇ ਉਦਾਹਰਣ ਸਹਿਤ ਚਰਚਾ ਕਰੋ। (ਅਪਰੈਲ 2013)

19. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਉੱਪਰ ਨੋਟ ਲਿਖੋ :

(ੳ) ਪੂਰਵ-ਨਾਨਕ ਕਾਲ ਦੇ ਬੀਰ ਰਸੀ ਸਾਹਿੱਤ ਉੱਪਰ ਨੋਟ ਲਿਖੋ।
(ਅ) 1700 ਈ. ਤੱਕ ਦੇ ਸੂਫ਼ੀ ਸਾਹਿੱਤ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਤੇ ਨੋਟ ਲਿਖੋ।
(ੲ) 1700 ਈ. ਤੱਕ ਦੇ ਕਿੱਸਾ ਸਾਹਿੱਤ ਵਿਚੋਂ ਭਾਰਤੀ ਜੀਵਨ ਮੁੱਲ-ਵਿਧਾਨ ਅਤੇ ਇਸਲਾਮੀ ਕਦਰਾਂ-ਕੀਮਤਾਂ ਦੀ ਜੋ ਤੁਲਨਾਤਮਕ ਤਸਵੀਰ ਪ੍ਰਾਪਤ ਹੁੰਦੀ ਹੈ, ਉਸ ਦੀ ਵਿਆਖਿਆ ਕਰੋ। (ਅਪਰੈਲ 2014)

20. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਉੱਤੇ ਨੋਟ ਲਿਖੋ :

(ੳ) ਗੁਰੂ ਨਾਨਕ ਕਾਲ ਵਿਚ ਰਚੀ ਕਿੱਸਾ-ਕਾਵਿ ਧਾਰਾ ਦਾ ਵਰਣਨ ਕਰੋ।
(ਅ) ਗੁਰੂ ਨਾਨਕ ਕਾਲ ਵਿਚ ਉਪਜੀ ਵਾਰਤਕ ਨਾਲ ਜਾਣ-ਪਛਾਣ ਕਰਵਾਓ।
(ੲ) ਨਾਥ-ਜੋਗੀ ਕਾਵਿ ਧਾਰਾ ਦਾ ਮੁਲਾਂਕਣ ਕਰੋ। (ਅਪਰੈਲ 2015)

21. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਲਿਖੋ :

(ੳ) 1700 ਈ. ਤੱਕ ਦੀ ਅਧਿਆਪਨ ਪਰੰਪਰਾ ਤੇ ਨੋਟ ਲਿਖੋ।
(ਅ) 1700 ਈ. ਤੱਕ ਦੀ ਵਾਰਤਕ ਪਰੰਪਰਾ ਤੇ ਨੋਟ ਲਿਖੋ।
(ੲ) 1700 ਈ. ਤੱਕ ਦੀ ਕਿੱਸਾ-ਕਾਵਿ ਪਰੰਪਰਾ ਦੀਆਂ ਵਿਸ਼ੇਸ਼ਤਾਵਾਂ ਦਰਸਾਓ। (ਅਪਰੈਲ 2016)

## ਸਹਾਇਕ ਪੁਸਤਕਾਵਲੀ


1. ਅਮਰਜੀਤ ਸਿੰਘ, *ਪੰਜਾਬੀ ਸਾਹਿੱਤ ਦਾ ਇਤਿਹਾਸ : ਕਿੱਸਾ ਕਾਲ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.
2. ਸੁਰਿੰਦਰ ਸਿੰਘ ਨਰੂਲਾ, *ਪੰਜਾਬੀ ਸਾਹਿੱਤ ਦਾ ਇਤਿਹਾਸ*, ਅੰਮ੍ਰਿਤਸਰ, 1954.
3. ਸੁਰਿੰਦਰ ਸਿੰਘ ਕੋਹਲੀ, *ਪੰਜਾਬੀ ਸਾਹਿੱਤ ਦਾ ਇਤਿਹਾਸ*, ਲਾਹੌਰ ਬੁਕ ਸ਼ਾਪ ਲੁਧਿਆਣਾ, 1955.
4. ਸੁਰਿੰਦਰ ਸਿੰਘ ਕੋਹਲੀ (ਸੰਪਾ.), *ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿੱਤ ਦਾ ਇਤਿਹਾਸ*, 1973.
5. ਸੇਰੇਬਰੀਆਕੋਵ, *ਪੰਜਾਬੀ ਸਾਹਿੱਤ*, ਨਿਊ ਏਜ, ਅੰਮ੍ਰਿਤਸਰ, 1971.
6. ਜਗਬੀਰ ਸਿੰਘ, *ਪੰਜਾਬੀ ਸਾਹਿੱਤ ਦਾ ਇਤਿਹਾਸ : ਆਦਿ ਕਾਲ, ਭਗਤੀ ਕਾਲ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.
7. ਜੀਤ ਸਿੰਘ ਸੀਤਲ, *ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ*, ਪੈਪਸੂ ਬੁਕ ਡਿਪੋ, ਪਟਿਆਲਾ, 1973.
8. ਪਰਮਿੰਦਰ ਸਿੰਘ, *ਪੰਜਾਬੀ ਸਾਹਿੱਤ ਦਾ ਇਤਿਹਾਸ (ਆਦਿ ਕਾਲ ਤੋਂ 1700 ਈ. ਤਕ)*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011.
9. ______, ਕਿਰਪਾਲ ਸਿੰਘ ਕਸੇਲ, *ਪੰਜਾਬੀ ਸਾਹਿੱਤ ਦੀ ਉਤਪਤੀ ਤੇ ਵਿਕਾਸ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1982.
10. *ਪੰਜਾਬੀ ਸਾਹਿੱਤ ਦਾ ਇਤਿਹਾਸ : ਭਾਗ ਪਹਿਲਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.
11. ਮੋਹਨ ਸਿੰਘ ਦੀਵਾਨਾ, *ਪੰਜਾਬੀ ਅਦਬ ਦੀ ਮੁਖ਼ਤਸਿਰ ਤਾਰੀਖ*, ਲਾਹੌਰ, 1939.
12. ਬ੍ਰਹਮਜਗਦੀਸ਼ ਸਿੰਘ, ਰਾਜਬੀਰ ਕੌਰ, *ਪੰਜਾਬੀ ਸਾਹਿੱਤ ਦਾ ਇਤਿਹਾਸ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2011.
13. ਬ੍ਰਹਮਜਗਦੀਸ਼ ਸਿੰਘ, *ਮੱਧਕਾਲੀਨ ਪੰਜਾਬੀ ਸਾਹਿੱਤ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2013.
14. ਮੌਲਾ ਬਖ਼ਸ਼ ਕੁਸ਼ਤਾ, *ਪੰਜਾਬੀ ਸ਼ਾਇਰਾਂ ਦਾ ਤਜ਼ਕਰਾ*, ਪੰਜਾਬੀ ਸਾਹਿੱਤ ਅਕਾਦਮੀ, ਲੁਧਿਆਣਾ, 2013.

ਪਾਠ ਨੰਃ 1.11 — ਪ੍ਰੋ. ਬ੍ਰਹਮਜਗਦੀਸ਼ ਸਿੰਘ

# ਸਾਹਿੱਤ ਦੀ ਪਰਿਭਾਸ਼ਾ ਅਤੇ ਪ੍ਰਯੋਜਨ, ਸਾਹਿਤ ਦੇ ਤੱਤ

## 11.1 ਭੂਮਿਕਾ :

ਸਾਹਿੱਤ, ਕਲਾ ਦਾ ਇਕ ਅਜਿਹਾ ਰੂਪ ਹੈ ਜਿਸ ਨੂੰ ਸ਼ਬਦਾਂ ਦੁਆਰਾ ਰੂਪਮਾਨ ਕੀਤਾ ਜਾਂਦਾ ਹੈ। ਹੋਰ ਕਲਾਵਾਂ ਵਾਂਗ ਇਹ ਵੀ ਪਰਿਵਰਤਨਸ਼ੀਲ ਹੈ ਅਤੇ ਪਿਛਲੀਆਂ ਕਈ ਸਦੀਆਂ ਤੋਂ ਇਸ ਦੇ ਸਰੂਪ, ਪ੍ਰਕਿਰਤੀ ਅਤੇ ਤੱਤਾਂ ਵਿਚ ਤਬਦੀਲੀ ਆਉਂਦੀ ਰਹੀ ਹੈ। ਇਸ ਕਾਰਨ ਸਾਹਿੱਤ ਦੀ ਕੋਈ ਸਰਬ-ਪ੍ਰਵਾਨਿਤ ਅਤੇ ਸਰਬਾਂਗੀ ਪਰਿਭਾਸ਼ਾ ਨਿਸ਼ਚਿਤ ਕਰਨੀ ਕਾਫ਼ੀ ਕਠਿਨ ਕਾਰਜ ਹੈ। ਸਮੇਂ-ਸਮੇਂ, ਆਪਣੇ ਯੁਗ ਦੀਆਂ ਜ਼ਰੂਰਤਾਂ ਅਤੇ ਦਬਾਵਾਂ ਅਨੁਸਾਰ, ਸਾਹਿੱਤ-ਸ਼ਾਸਤਰੀ ਅਤੇ ਆਲੋਚਕ, ਸਾਹਿੱਤ ਦੀਆਂ ਪਰਿਭਾਸ਼ਾਵਾਂ ਤਿਆਰ ਕਰਦੇ ਆ ਰਹੇ ਹਨ, ਜਿਨ੍ਹਾਂ ਵਿਚੋਂ ਕੁਝ ਇਕ ਪ੍ਰਮੁੱਖ ਪਰਿਭਾਸ਼ਾਵਾਂ ਨੂੰ ਅਸੀਂ ਆਪਣੇ ਵਿਦਿਆਰਥੀਆਂ ਦੇ ਸਨਮੁਖ ਰੱਖਾਂਗੇ। ਵਿਸ਼ਵ ਦੇ ਵੱਖ-ਵੱਖ ਸਭਿਆਚਾਰਾਂ ਵਿਚ ਅੱਜ ਤੋਂ ਕੋਈ ਢਾਈ-ਤਿੰਨ ਹਜ਼ਾਰ ਵਰ੍ਹੇ ਪਹਿਲਾਂ ਸਾਹਿੱਤ-ਸਿਰਜਣਾ ਦਾ ਅਮਲ ਸ਼ੁਰੂ ਹੋ ਗਿਆ ਸੀ। ਪੁਰਾਤਨ ਵਿਅਕਤੀ, ਸਾਹਿੱਤ ਨੂੰ ਅਜੋਕੇ ਯੁੱਗ ਅਨੁਸਾਰ ਇਕ ਪੜ੍ਹਨਯੋਗ ਸਮੱਗਰੀ ਨਹੀਂ ਸੀ ਸਮਝਦਾ, ਬਲਕਿ ਇਹ ਉਸ ਲਈ ਇਕ ਪਵਿੱਤਰ ਅਤੇ ਦੈਵੀ ਅਮਲ ਸੀ। ਜਿਸ ਦੇ ਮਾਧਿਅਮ ਦੁਆਰਾ ਉਹ ਆਪਣੇ ਫ਼ਿਕਰਾਂ ਅਤੇ ਦੁੱਖਾਂ ਤੋਂ ਛੁਟਕਾਰਾ ਚਾਹੁੰਦਾ ਸੀ। ਪੁਰਾਤਨ ਸਾਹਿੱਤ ਦਾ ਪ੍ਰਭਾਵ ਜਾਦੂਮਈ (magical) ਮੰਨਿਆ ਜਾਂਦਾ ਸੀ ਅਤੇ ਸਾਹਿੱਤ ਦੇ ਰੂਪ ਵਿਚ ਵੇਦ-ਮੰਤਰਾਂ ਜਾਂ ਧਾਰਮਿਕ ਗ੍ਰੰਥਾਂ ਦਾ ਉਚਾਰਣ ਕਰਕੇ ਲੋਕ ਆਪਣੇ ਦਿਸਦੇ -ਅਣਦਿਸਦੇ ਦੁੱਖਾਂ-ਕਸ਼ਟਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਦਾ ਯਤਨ ਕਰਦੇ ਸਨ। ਜਿਵੇਂ-ਜਿਵੇਂ ਮਨੁੱਖ ਦੀ ਜੀਵਨ ਅਤੇ ਜਗਤ ਦੇ ਬਾਰੇ ਵਿਚ ਸੂਝ ਵਧਦੀ ਗਈ, ਗਿਆਨ-ਵਿਗਿਆਨ ਵਿਚ ਪ੍ਰਗਤੀ ਹੁੰਦੀ ਗਈ ਤਾਂ ਮਨੁੱਖੀ ਜੀਵਨ ਵਿਚ ਸਾਹਿੱਤ ਦੀ ਭੂਮਿਕਾ ਵੀ ਬਦਲ ਗਈ ਅਤੇ ਇਸਦੇ ਨਾਲ ਹੀ ਸਾਹਿੱਤ ਦਾ ਸਰੂਪ ਅਤੇ ਪ੍ਰਕਿਰਤੀ ਵੀ ਬਦਲ ਗਏ। ਸੋ ਸਾਹਿੱਤ ਦੀ ਪਰਿਭਾਸ਼ਾ ਅਤੇ ਤੱਤਾਂ ਦੇ ਵਰਗੀਕਰਣ ਲਈ ਸਾਨੂੰ ਮਨੁੱਖੀ ਸਭਿਆਚਾਰ ਦੇ ਵੱਖ-ਵੱਖ ਕਲਾਂ ਦੀਆਂ ਵਸਤੂ-ਸਥਿਤੀਆਂ ਅਤੇ ਪ੍ਰਮੁੱਖ ਸਰੋਕਾਰਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਪੈਂਦੀ ਹੈ।

ਸਿਲੇਬਸ ਅਨੁਸਾਰ ਇਸ ਯੂਨਿਟ ਵਿਚ ਦਿੱਤੇ ਗਏ ਵਿਸ਼ਿਆਂ ਵਿੱਚ ਕੋਈ ਤਿੰਨ ਵਿਸ਼ੇ ਦੇ ਕੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। ਇਹ ਪ੍ਰਸ਼ਨ 20 ਨੰਬਰਾਂ ਦਾ ਹੋਵੇਗਾ।

## 11.2 ਉਦੇਸ਼ :

ਸਾਹਿੱਤ ਦੀ ਪਰਿਭਾਸ਼ਾ ਅਤੇ ਤੱਤਾਂ ਸੰਬੰਧੀ ਪਿਛਲੀਆਂ ਕਈ ਸਦੀਆਂ ਤੋਂ ਵਿਚਾਰ-ਚਰਚਾ ਹੁੰਦੀ ਆ ਰਹੀ ਹੈ। ਕਿਉਂਕਿ ਆਪਣੇ-ਆਪਣੇ ਯੁਗ ਦੀਆਂ ਲੋੜਾਂ ਅਤੇ ਦਬਾਵਾਂ ਦੇ ਕਾਰਨ ਸਾਹਿੱਤ ਦਾ ਸਰੂਪ ਨਿਰੰਤਰ ਪਰਿਵਰਤਿਤ ਹੁੰਦਾ ਰਿਹਾ ਹੈ। ਇਸ ਕਾਰਨ ਸਾਡੇ ਪਾਸ ਸਾਹਿੱਤ ਦੀਆਂ ਅਨੇਕ ਪਰਿਭਾਸ਼ਾਵਾਂ ਇਕੱਤਰ ਹੋ ਗਈਆਂ ਹਨ। ਅਸੀਂ ਇਨ੍ਹਾਂ ਵਿਚੋਂ ਕੁਝ ਅਜਿਹੀਆਂ ਪਰਿਭਾਸ਼ਾਵਾਂ ਆਪਣੇ ਵਿਦਿਆਰਥੀਆਂ ਦੇ ਸਨਮੁਖ ਪੇਸ਼ ਕਰ ਰਹੇ ਹਾਂ, ਜਿਹੜੀਆਂ ਅੱਜ ਵੀ ਪ੍ਰਾਸੰਗਿਕ ਅਤੇ ਅਰਥਪੂਰਨ ਹਨ। ਇਨ੍ਹਾਂ ਪਰਿਭਾਸ਼ਾਵਾਂ ਦੇ ਨਾਲ ਹੀ ਅਸੀਂ ਆਪਣੇ ਸਮਕਾਲੀ ਯੁੱਗ ਦੇ ਆਲੋਚਕਾਂ ਅਤੇ ਸਾਹਿੱਤ-ਸ਼ਾਸਤਰੀਆਂ ਵਲੋਂ ਦਿੱਤੀਆਂ ਪਰਿਭਾਸ਼ਾਵਾਂ ਵੀ ਅੰਕਿਤ ਕਰ ਰਹੇ ਹਾਂ ਤਾਂ ਜੋ ਵਿਦਿਆਰਥੀਆਂ ਨੂੰ ਅਜੋਕੇ ਯੁਗ ਵਿਚ ਰਚੇ ਜਾ ਰਹੇ ਸਾਹਿੱਤ ਦੇ ਸਰੂਪ ਅਤੇ ਸੁਭਾ ਬਾਰੇ ਜਾਣਕਾਰੀ ਹਾਸਲ ਹੋ ਸਕੇ। ਗਰੈਜੂਏਟ ਪੱਧਰ ਦੇ ਵਿਦਿਆਰਥੀ ਪਿਛਲੇ ਕੁਝ ਸਾਲਾਂ ਤੋਂ ਸਾਹਿੱਤ ਦੇ ਵੱਖਰੇ-ਵੱਖਰੇ ਰੂਪਾਂ-ਕਾਵਿ, ਨਾਵਲ, ਕਹਾਣੀ, ਨਾਟਕ ਅਤੇ ਵਾਰਤਕ ਆਦਿ ਦਾ ਅਧਿਐਨ ਕਰਦੇ ਆ ਰਹੇ ਹਨ, ਇਸ ਕਾਰਨ ਸਾਹਿੱਤ ਬਾਰੇ ਉਨ੍ਹਾਂ ਦੀ ਸੂਝ ਕਾਫ਼ੀ ਤੀਖਣ ਹੋ ਚੁੱਕੀ ਹੈ। ਇਸ ਪਾਠ ਵਿਚ ਅਸੀਂ ਸਾਹਿੱਤ ਦੇ ਕੁਝ ਉਨ੍ਹਾਂ ਤੱਤਾਂ ਬਾਰੇ ਜਾਣਕਾਰੀ ਦੇ ਰਹੇ ਹਾਂ। ਜੋ ਸਾਹਿੱਤ ਦੇ ਹਰ ਰੂਪ ਵਿਚ ਘੱਟ ਜਾਂ ਵੱਧ ਮਾਤਰਾ ਵਿਚ ਮੌਜੂਦ ਰਹਿੰਦੇ ਹਨ ਅਤੇ

ਜੋ ਹਰ ਯੁਗ ਵਿਚ ਰਚੇ ਗਏ ਸਾਹਿੱਤ ਦਾ ਅਭਿੰਨ ਅੰਗ ਬਣੇ ਰਹੇ ਹਨ। ਇਸ ਪਾਠ ਨੂੰ ਪੜ੍ਹ ਕੇ ਸਾਡੇ ਵਿਦਿਆਰਥੀਆਂ ਦੀ ਸਾਹਿੱਤ ਦੇ ਸਰੂਪ ਸੰਬੰਧੀ ਸੂਝ ਹੋਰ ਵੀ ਤਿੱਖੀ ਅਤੇ ਪ੍ਰਚੰਡ ਹੋ ਜਾਵੇਗੀ।

**11.3.1 ਸਾਹਿੱਤ ਦੀ ਪਰਿਭਾਸ਼ਾ**

ਹਰ ਯੁੱਗ ਦੇ ਸਾਹਿੱਤਕਾਰਾਂ ਅਤੇ ਆਲੋਚਕਾਂ ਵਲੋਂ ਸਾਹਿੱਤ ਨੂੰ ਪਰਿਭਾਸ਼ਿਤ ਕਰਨ ਦੇ ਪ੍ਰਯਤਨ ਹੁੰਦੇ ਰਹੇ ਹਨ। ਪਲੈਟੋ, ਸਾਹਿੱਤ ਨੂੰ ਜੀਵਨ ਅਤੇ ਜਗਤ ਦਾ ਇਕ ਅਨੁਕਰਣ (imitation) ਮੰਨਦਾ ਸੀ। ਉਸ ਅਨੁਸਾਰ ਸਾਹਿੱਤਕਾਰ ਲੋਕ ਪਰਮਾਤਮਾ ਵਲੋਂ ਸਿਰਜੀ ਪ੍ਰਕਿਰਤੀ ਅਤੇ ਸ੍ਰਿਸ਼ਟੀ ਦੀ ਨਕਲ ਕਰਦੇ ਹਨ, ਇਸ ਲਈ ਸਾਹਿੱਤਕਾਰੀ ਨੂੰ ਸੱਚ ਨਹੀਂ ਕਿਹਾ ਜਾ ਸਕਦਾ ਪਰੰਤੂ ਅਰਸਤੂ ਅਨੁਸਾਰ ਸਿਰਜਣਾ ਦੇ ਛਿਣਾਂ ਵਿਚ ਸਾਹਿੱਤਕਾਰ ਲੋਕ, ਪਰਮਾਤਮਾ ਵੱਲੋਂ ਪ੍ਰਾਪਤ ਆਵੇਸ਼ ਨਾਲ ਜੁੜੇ ਹੁੰਦੇ ਹਨ। ਇਸ ਕਾਰਨ ਉਹ ਸੱਚ ਦਾ ਪ੍ਰਕਾਸ਼ ਕਰਦੇ ਹਨ। ਇਸ ਤਰ੍ਹਾਂ ਕਲਾਸੀਕਲ ਯੁਗ ਵਿਚ ਸਾਹਿੱਤਕਾਰੀ ਦਾ ਸੰਬੰਧ ਸੱਚ ਦੇ ਪ੍ਰਕਾਸ਼ ਨਾਲ ਜੁੜਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਵੀ ਸਾਹਿੱਤ ਦੀ ਕੁਝ ਇਸੇ ਪ੍ਰਕਾਰ ਦੀ ਪਰਿਭਾਸ਼ਾ ਦਿੰਦੇ ਹਨ : ਸਚੁ ਸੁਣਾਇਸੀ ਸਚੁ ਕੀ ਬੇਲਾ।। ਅਰਥਾਤ ਸਾਹਿੱਤਕਾਰ ਨੂੰ ਸੱਚ ਦਾ ਨਿਰੂਪਣ ਕਰਨਾ ਚਾਹੀਦਾ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਵੀ ਸਾਹਿੱਤ ਨੂੰ ਸੱਚ ਦੇ ਹਵਾਲੇ ਨਾਲ ਦੇਖਿਆ ਜਾਂਦਾ ਰਿਹਾ ਹੈ। ਸਤਿਅਮ, ਸ਼ਿਵਮ, ਸੁੰਦਰਮ– ਭਾਰਤੀ ਆਚਾਰੀਆਂ ਅਨੁਸਾਰ ਸਾਹਿੱਤ ਦੀ ਪ੍ਰਕਿਰਤੀ ਦੇ ਇਹ ਮੁਖ ਅੰਗ ਜਾਂ ਤੱਤ ਹੋਣੇ ਚਾਹੀਦੇ ਹਨ।

**11.3.2** ਪੱਛਮੀ ਆਲੋਚਕਾਂ ਨੇ ਆਪਣੇ-ਆਪਣੇ ਯੁਗ ਅਤੇ ਸਮਾਜ ਦੀਆਂ ਜ਼ਰੂਰਤਾਂ ਦੇ ਅਨੁਸਾਰ ਸਾਹਿੱਤ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਪੇਸ਼ ਕੀਤੀਆਂ ਹਨ। ਮੈਥਿਊ ਆਰਨਲਡ (Matthew Arnold) ਸਾਹਿੱਤ ਨੂੰ ਗਿਆਨ ਦਾ ਸਭ ਤੋਂ ਉੱਤਮ ਸਰੂਪ ਮੰਨਦਾ ਹੈ। ਉਸ ਅਨੁਸਾਰ, "The best that is thought and known in the world is the nature of literature." ਆਰਨਲਡ ਦੀ ਇਸੇ ਧਾਰਨਾ ਨੂੰ ਹੋਰ ਸਪਸ਼ਟ ਕਰਦਾ ਹੋਇਆ ਆਰਨਲਡ ਬੈਨੇਟ (Arnold Bennet) ਸਾਹਿੱਤ ਨੂੰ ਸੱਚੇ-ਸੁੱਚੇ ਵਿਚਾਰਾਂ ਅਤੇ ਉਚੇਰੀਆਂ ਭਾਵਨਾਵਾਂ ਦਾ ਭੰਡਾਰ ਕਹਿੰਦਾ ਹੈ। ਉਹ ਲਿਖਦਾ ਹੈ, ''Literature is the reservior of true ideas and high emotions.'' ਐਮਰਸਨ (Emerson) ਵੀ ਉਕਤ ਵਿਦਵਾਨਾਂ ਨਾਲ ਸਹਿਮਤੀ ਦਰਸਾਉਂਦਾ ਹੋਇਆ ਲਿਖਦਾ ਹੈ, ''Literature is the record of the best thoughts.'' ਅਰਥਾਤ ਸਾਹਿੱਤਕਾਰੀ ਉਤਮ ਵਿਚਾਰਾਂ ਦਾ ਦਸਤਾਵੇਜ਼ ਹੁੰਦੀ ਹੈ। ਪ੍ਰਸਿੱਧ ਸਮਾਜਵਾਦੀ ਲੇਖਕ ਗੋਰਕੀ (Gorky) ਸਾਹਿੱਤ ਨੂੰ ਸਮਾਜ ਦਾ 'ਦਿਲ' ਕਹਿੰਦਾ ਹੈ, ''Literature is the heart of the world.'' ਸਾਹਿੱਤ ਦੀਆਂ ਕੁਝ ਹੋਰ ਪਰਿਭਾਸ਼ਾਵਾਂ ਇਸ ਪ੍ਰਕਾਰ ਹਨः

**11.3.3** ਸਾਹਿੱਤ, ਉਨ੍ਹਾਂ ਲਿਖਤਾਂ ਨੂੰ ਕਹਿੰਦੇ ਹਨ, ਜੋ ਰੂਪ ਦੀ ਸੁੰਦਰਤਾ ਜਾਂ ਭਾਵਾਂ ਦੇ ਪ੍ਰਕਾਸ਼ ਲਈ ਲਿਖੀਆਂ ਜਾਂਦੀਆਂ ਹਨ। (ਆਕਸਫੋਰਡ ਡਿਕਸ਼ਨਰੀ)

**11.3.4** ਸਾਹਿੱਤ, ਉਨ੍ਹਾਂ ਰਚਨਾਵਾਂ ਨੂੰ ਕਿਹਾ ਜਾਂਦਾ ਹੈ ਜੋ ਭਾਵਾਂ ਦੇ ਪ੍ਰਕਾਸ਼ ਅਤੇ ਉਚੇਰੀ ਸ਼ੈਲੀ ਦੇ ਕਾਰਨ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਕਾਵਿ, ਨਾਟਕ ਅਤੇ ਗਲਪ ਆਦਿਕ ਰੂਪ ਸ਼ਾਮਲ ਹੁੰਦੇ ਹਨ। (ਵੈਬਸਟਰ ਡਿਕਸ਼ਨਰੀ)।

**11.3.5** ਸਾਹਿੱਤ, ਸਭ ਤੋਂ ਚੰਗੇਰੇ ਅਤੇ ਪ੍ਰਸੰਨ ਮਨਾਂ ਵਿਚੋਂ ਪੈਦਾ ਹੋਏ ਭਾਵਾਂ ਦੇ ਕਲਾਮਈ ਰੂਪ ਦਾ ਨਾਮ ਹੈ। (ਸ਼ੈਲੇ)

**11.3.6** ਵਾਲਟਰ ਪੇਟਰ (Walter Pater) ਅਨੁਸਾਰ ਵਿਗਿਆਨ ਦਾ ਖੇਤਰ ਤੱਥ (fact) ਹੁੰਦੇ ਹਨ ਜਦੋਂ ਕਿ ਸਾਹਿੱਤ ਦਾ ਕਾਰਜ-ਖੇਤਰ ਇਨ੍ਹਾਂ ਤੱਥਾਂ ਦੁਆਰਾ ਪੈਦਾ ਹੋਣ ਵਾਲਾ 'ਪ੍ਰਭਾਵ' ਹੁੰਦਾ ਹੈ।

**11.4.1 ਸਾਹਿੱਤ ਦੀ ਪ੍ਰਕਿਰਤੀ :**

'ਸਾਹਿੱਤ' ਅੰਗਰੇਜ਼ੀ ਸ਼ਬਦ ਲਿਟਰੇਚਰ (Literature) ਦਾ ਪੰਜਾਬੀ ਸਮਰੂਪ ਹੈ। 'ਲਿਟਰੇਚਰ' ਦਾ ਮੂਲ, ਲਾਤੀਨੀ ਸ਼ਬਦ 'Literature' ਹੈ ਜੋ 'Letter' ਵਿਚੋਂ ਨਿਕਲਿਆ ਹੈ। 'ਲੈਟਰ' ਦਾ ਅਰਥ ਹੈः ਅੱਖਰ। ਅੱਖਰਾਂ (Letters) ਦੁਆਰਾ ਬਿਆਨ ਕੀਤੀ ਗਈ ਕਲਾ ਨੂੰ ਹੀ 'Literature' ਕਿਹਾ ਜਾਣ ਲੱਗਾ। ਅਜੋਕੇ ਯੁਗ

ਵਿਚ 'ਲਿਟਰੇਚਰ' ਸ਼ਬਦ ਦਾ ਪ੍ਰਯੋਗ ਹਰ ਪ੍ਰਕਾਰ ਦੇ ਗਿਆਨ-ਵਿਗਿਆਨ ਲਈ ਕੀਤਾ ਜਾਣ ਲੱਗ ਪਿਆ ਹੈ ਜਿਵੇਂ ਵਿਗਿਆਨ ਦਾ ਲਿਟਰੇਚਰ, ਸਮਾਜ ਸ਼ਾਸਤਰ ਦਾ ਲਿਟਰੇਚਰ ਅਤੇ ਬਿਜਲੀ ਉਪਕਰਣਾਂ ਦਾ ਲਿਟਰੇਚਰ ਆਦਿ। ਇਸੇ ਤੱਥ ਨੂੰ ਮੁੱਖ ਰੱਖ ਕੇ ਅੰਗਰੇਜ਼ੀ ਆਲੋਚਕ ਡੀ. ਕੁਇਨਸੀ (De Quincey) ਨੇ ਸਾਹਿੱਤ ਨੂੰ ਦੋ ਸ੍ਰੇਣੀਆਂ ਵਿਚ ਵੰਡਿਆ ਹੈ : ਗਿਆਨ ਸਾਹਿੱਤ (Literature of knowledge) ਅਤੇ ਕਲਪਣਾਤਮਕ ਸ਼ਕਤੀ ਦਾ ਸਾਹਿੱਤ (Literature of power) ਡੀ. ਕੁਇਨਸੀ ਦੀ ਇਸ ਵੰਡ ਨੂੰ ਅੱਜ ਕਲ੍ਹ, ਵਿਗਿਆਨ-ਸਾਹਿੱਤ ਅਤੇ ਕਲਾ-ਸਾਹਿੱਤ ਦਾ ਨਾਮ ਦਿੱਤਾ ਜਾਂਦਾ ਹੈ।

**11.4.2**ਕਲਾ ਸਾਹਿੱਤ, ਅਜਿਹੇ ਸਾਹਿੱਤ ਨੂੰ ਕਿਹਾ ਜਾਂਦਾ ਹੈ, ਜੋ ਲਲਿਤ ਕਲਾਵਾਂ ਦਾ ਇਕ ਪ੍ਰਮੁੱਖ ਰੂਪ ਹੈ। ਲਲਿਤ ਕਲਾਵਾਂ ਦੀ ਗਿਣਤੀ ਪੰਜ ਹੈ : ਸਾਹਿੱਤ ਕਲਾ, ਸੰਗੀਤ ਕਲਾ, ਬੁੱਤ ਕਲਾ, ਭਵਨ ਨਿਰਮਾਣ ਕਲਾ ਅਤੇ ਚਿਤਰ ਕਲਾ। ਇਹ ਕਲਾਵਾਂ ਉਪਯੋਗੀ ਕਲਾਵਾਂ ਤੋਂ ਵੱਖਰੀਆਂ ਕਲਾਵਾਂ ਹਨ। ਉਪਯੋਗੀ ਕਲਾਵਾਂ ਵਿਚ ਖੇਤੀਬਾੜੀ, ਕੱਪੜੇ ਬੁਣਨਾ, ਜੁੱਤੀਆਂ ਬਣਾਉਣਾ, ਲੱਕੜੀ ਦੇ ਉਪਕਰਣ (ਸੰਦ) ਬਣਾਉਣਾ ਅਤੇ ਸਿਲਾਈ-ਕਢਾਈ ਆਦਿਕ ਕਲਾਵਾਂ ਨੂੰ ਗਿਣਿਆ ਜਾਂਦਾ ਹੈ। ਇਹ ਮਨੁੱਖੀ ਜੀਵਨ ਵਿਚ 'ਕੰਮ' ਆਉਂਦੀਆਂ ਹਨ ਜਦੋਂ ਕਿ ਲਲਿਤ ਕਲਾਵਾਂ ਸਿੱਧੇ ਰੂਪ ਵਿਚ ਮਨੁੱਖ ਦੀ ਕਿਸੇ ਭੌਤਿਕ ਲੋੜ ਨੂੰ ਪੂਰੀਆਂ ਨਹੀਂ ਕਰਦੀਆਂ।

**11.4.3**ਸਾਹਿੱਤ ਮਨੁੱਖ ਦੇ ਸੁਹਜ-ਸੁਆਦ ਦੀ ਤ੍ਰਿਪਤੀ ਕਰਦਾ ਹੈ। ਸਾਹਿੱਤ ਦੀ ਸਾਮਗਰੀ ਉਸ ਨੂੰ ਆਨੰਦ ਪ੍ਰਦਾਨ ਕਰਦੀ ਹੈ। ਸਾਹਿੱਤ ਦੀ ਇਕ ਹੋਰ ਪ੍ਰਕਿਰਤੀ ਸੰਚਾਰ ਨਾਲ ਜੁੜੀ ਹੋਈ ਹੈ। ਸਾਹਿੱਤਕਾਰ ਲੋਕ ਆਪਣੀਆਂ ਖੁਸ਼ੀਆਂ ਅਤੇ ਥੁੜਾਂ ਨੂੰ ਆਪਣੇ ਪਾਠਕਾਂ ਤੱਕ ਪਹੁੰਚਾਉਂਦੇ ਹਨ, ਉਨ੍ਹਾਂ ਨਾਲ ਆਪਣੇ ਭਾਵ ਸਾਂਝੇ ਕਰਦੇ ਹਨ। ਇਸ ਪ੍ਰਕਾਰ ਉਹ ਆਪਣੇ ਤਣਾਉ ਅਤੇ ਮਨੋਵਿਗਿਆਨਕ ਦਬਾਵਾਂ ਤੋਂ ਮੁਕਤੀ ਪ੍ਰਾਪਤ ਕਰਦੇ ਹਨ। ਸੰਚਾਰ ਹਰ ਮਨੁੱਖ ਦੀ ਬੁਨਿਆਦੀ ਲੋੜ ਹੈ। ਸੰਚਾਰ-ਉਪਰੰਤ ਉਸ ਨੂੰ ਆਪਣਾ ਜੀਵਨ ਅਰਥਪੂਰਨ ਅਤੇ ਮੁਕੰਮਲ ਪ੍ਰਤੀਤ ਹੁੰਦਾ ਹੈ। ਉਸ ਨੂੰ ਇਕ ਪਹਿਚਾਣ ਅਤੇ ਸ਼ਨਾਖ਼ਤ ਮਿਲ ਜਾਂਦੀ ਹੈ। ਸਾਹਿੱਤ, ਪਾਠਕਾਂ ਨੂੰ ਅਗਵਾਈ ਪ੍ਰਦਾਨ ਕਰਦਾ ਹੈ। ਅਨੁਭਵੀ ਅਤੇ ਉੱਤਮ ਲੇਖਕਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਉਨ੍ਹਾਂ ਨੂੰ ਇਹ ਪਤਾ ਚੱਲ ਜਾਂਦਾ ਹੈ ਕਿ ਕਿਹੜੇ ਜੀਵਨ-ਮੁੱਲ, ਸਮਾਜ ਲਈ ਉਪਯੋਗੀ ਅਤੇ ਕਲਿਆਣਕਾਰੀ ਹੁੰਦੇ ਹਨ। ਇਸ ਤਰ੍ਹਾਂ ਉੱਤਮ ਸਾਹਿੱਤ, ਸਮਾਜ ਨੂੰ ਸੰਤੁਲਿਤ, ਕਲਿਆਣਕਾਰੀ ਅਤੇ ਖ਼ੂਬਸੂਰਤ ਬਣਾਉਂਦਾ ਹੈ।

**11.5.1 ਸਾਹਿੱਤ : ਭਾਰਤੀ ਦ੍ਰਿਸ਼ਟੀਕੋਣ :**

ਸਾਹਿੱਤ ਦੇ ਸਰੂਪ ਅਤੇ ਪ੍ਰਕਿਰਤੀ ਬਾਰੇ ਭਾਰਤੀ ਰਿਸ਼ੀਆਂ-ਮੁਨੀਆਂ ਨੇ ਵੀ ਭਰਪੂਰ ਚਰਚਾ ਕੀਤੀ ਹੈ। ਇਸ ਪ੍ਰਸੰਗ ਵਿਚ ਭਾਰਤ ਦੀ ਸਭ ਤੋਂ ਪੁਰਾਤਨ ਆਲੋਚਨਾਤਮਕ ਰਚਨਾ ਆਚਾਰੀਆ ਭਰਤ ਮੁਨੀ ਰਚਿਤ 'ਨਾਟਯ ਸ਼ਾਸਤਰ' ਹੈ। ਇਸ ਗ੍ਰੰਥ ਵਿਚ ਭਰਤ ਮੁਨੀ ਨੇ ਸਾਹਿੱਤ ਦਾ ਵਰਗੀਕਰਣ ਅਤੇ ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਕਾਵਿ ਦੀ ਆਤਮਾ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਭਰਤ ਮੁਨੀ ਅਨੁਸਾਰ ਕਾਵਿ ਦੇ ਦੋ ਭੇਦ ਹੁੰਦੇ ਹਨ:

(ੳ) ਸ਼ਰੱਵ ਕਾਵਿ (ਮਹਾਂਕਾਵਿ, ਖੰਡ ਕਾਵਿ ਅਤੇ ਮੁਕਤਕ)

(ਅ) ਦ੍ਰਿੱਸ਼ ਕਾਵਿ (ਰੂਪਕ ਅਤੇ ਉਪਰੂਪਕ)

**11.5.2**ਭਾਰਤੀ ਆਚਾਰੀਆ ਸਾਹਿੱਤ ਦੇ ਰਚਨਾ-ਪ੍ਰਬੰਧ ਜਾਂ ਸ਼ਿਲਪ ਦੀ ਬਜਾਇ ਇਸ ਦੀ ਆਤਮਾ ਵੱਲ ਧਿਆਨ ਦਿੰਦੇ ਰਹੇ ਹਨ। ਭਰਤ ਮੁਨੀ ਅਨੁਸਾਰ ਕਾਵਿ ਦੀ ਆਤਮਾ ਰਸ ਵਿਚ ਨਿਵਾਸ ਕਰਦੀ ਹੈ। ਉਸ ਅਨੁਸਾਰ ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵ ਮਿਲ ਕੇ ਰਸ ਦੀ ਨਿਸ਼ਪੱਤੀ ਕਰਦੇ ਹਨ: ਵਿਭਾਵ ਅਨੁਭਾਵ ਵਿਭਚਾਰੀ ਸੰਯੋਗਾਦਿ ਰਸ ਨਿਸ਼ਪਤੀ। ਭਰਤ ਮੁਨੀ ਅਨੁਸਾਰ ਉੱਤਮ ਕਾਵਿ ਰਸਯੁਕਤ ਹੋਣਾ ਚਾਹੀਦਾ ਹੈ ਅਤੇ ਜਿਸ ਕਾਵਿ ਵਿਚ ਰਸ ਨਹੀਂ ਹੈ। ਉਸ ਨੂੰ ਉੱਤਮ ਕੋਟੀ ਦਾ ਕਾਵਿ ਨਹੀਂ ਕਿਹਾ ਜਾ ਸਕਦਾ। ਉਸ ਨੇ ਰਸ ਦੀਆਂ ਨੌ ਸ੍ਰੇਣੀਆਂ ਨਿਸ਼ਚਿਤ ਕੀਤੀਆਂ ਹਨ, ਜਿਨ੍ਹਾਂ ਦੇ ਸਥਾਈ ਭਾਵ ਇਸ ਪ੍ਰਕਾਰ ਹਨ:

| | ਰਸ ਸ਼੍ਰੇਣੀ | ਸਥਾਈ ਭਾਵ |
|---|---|---|
| 1. | ਸ਼ਿੰਗਾਰ ਰਸ | ਰਤੀ ਜਾਂ ਪ੍ਰੇਮ |
| 2. | ਕਰੁਣਾ ਰਸ | ਵਿਛੋੜਾ ਜਾਂ ਸ਼ੋਕ |
| 3. | ਵੀਰ ਰਸ | ਉਤਸਾਹ ਜਾਂ ਜੋਸ਼ |
| 4. | ਰੌਦਰ ਰਸ | ਗੁੱਸਾ ਜਾਂ ਕ੍ਰੋਧ |
| 5. | ਅਦਭੁਤ ਰਸ | ਹੈਰਾਨੀ ਜਾਂ ਵਿਸਮੈ |
| 6. | ਹਾਸ ਰਸ | ਹਾਸਾ ਜਾਂ ਖੁਸ਼ੀ |
| 7. | ਭਿਆਨਕ ਰਸ | ਡਰ ਜਾਂ ਭੈ |
| 8. | ਵੀਭਤਸ | ਘ੍ਰਿਣਾ ਜਾਂ ਨਫ਼ਰਤ |
| 9. | ਸ਼ਾਂਤ ਰਸ | ਸਹਿਜ ਜਾਂ ਸ਼ਾਂਤੀ |

**11.5.3**ਭਾਰਤੀ ਕਾਵਿ ਸ਼ਾਸਤਰ ਨਾਲ ਸੰਬੰਧਿਤ ਕੁਝ ਹੋਰ ਆਚਾਰੀਆਂ ਨੇ ਅਲੰਕਾਰਾਂ, ਧੁਨੀ, ਰੀਤੀ, ਔਚਿਤਯ, ਅਤੇ ਵਕ੍ਰੋਕਤੀ ਆਦਿ ਨੂੰ ਵੀ 'ਕਾਵਿ ਦੀ ਆਤਮਾ' ਦਾ ਨਾਮ ਦਿੱਤਾ ਹੈ। ਇਸ ਪ੍ਰਸੰਗ ਵਿਚ ਆਚਾਰੀਆ ਭਾਮਹ, ਆਨੰਦ ਵਰਧਨ, ਵਾਮਨ, ਕਸ਼ੇਮੇਂਦ੍ਰ, ਕੁੰਤਕ ਆਦਿ ਦੇ ਨਾਮ ਉਲੇਖਯੋਗ ਹਨ। ਹਰ ਇਕ ਆਚਾਰੀਆ ਨੇ ਆਪਣੇ -ਆਪਣੇ ਮਤਿ ਅਨੁਸਾਰ ਉਕਤ ਅੰਗਾਂ ਜਾਂ ਤੱਤਾਂ ਵਿਚੋਂ ਕਿਸੇ ਇੱਕ ਨੂੰ ਕਾਵਿ ਦੀ ਆਤਮਾ ਘੋਸ਼ਿਤ ਕਰਕੇ ਬਾਕੀ ਦੇ ਅੰਗਾਂ ਜਾਂ ਤੱਤਾਂ ਨੂੰ ਸਹਿਯੋਗੀ ਤੱਤਾਂ ਦਾ ਨਾਮ ਦਿੱਤਾ। ਭਾਰਤੀ ਆਚਾਰੀਆਂ ਅਨੁਸਾਰ ਸਾਹਿੱਤ ਦਾ ਮਨੋਰਥ ਚਤੁਰਫ਼ਲ ਦੀ ਪ੍ਰਾਪਤੀ ਹੈ ਅਤੇ ਉੱਤਮ ਸਾਹਿੱਤ ਉਹੀ ਹੈ ਜਿਹੜਾ ਸੰਵੇਦਨਸ਼ੀਲ ਪਾਠਕਾਂ ਨੂੰ ਇਨ੍ਹਾਂ ਚਾਰ ਫਲਾਂ ਦੀ ਸਮੁੱਚੀ ਪ੍ਰਾਪਤੀ ਕਰਵਾਏ। ਇਹ ਚਾਰ ਫ਼ਲ ਹਨ : ਧਰਮ, ਅਰਥ, ਕਾਮ ਅਤੇ ਮੋਕਸ਼। ਇਉਂ ਸਾਹਿੱਤ ਨੂੰ ਜੀਵਨ ਦੀ ਸਮੁੱਚਤਾ ਨਾਲ ਜੋੜਿਆ ਗਿਆ।

**11.5.4**ਮੱਧਕਾਲ ਤਕ ਭਾਰਤੀ ਕਾਵਿ-ਸ਼ਾਸਤਰ, ਜੀਵਨ ਅਤੇ ਕਲਾਂ ਦੇ ਮੁੱਲਾਂ ਦਾ ਨਿਰਧਾਰਨ ਕਰਦਾ ਰਿਹਾ ਪਰੰਤੂ ਆਧੁਨਿਕ ਯੁਗ ਵਿਚ ਪਹੁੰਚ ਕੇ ਭਾਰਤੀ ਕਾਵਿ ਸ਼ਾਸਤਰ ਦੀ ਉਪੇਖਿਆ ਕੀਤੀ ਜਾਣ ਲੱਗੀ। ਸਾਹਿੱਤਕਾਰ ਲੋਕ ਜੀਵਨ ਅਤੇ ਕਲਾ ਆਦਿ ਖੇਤਰਾਂ ਵਿਚ ਅਗਵਾਈ ਪ੍ਰਾਪਤ ਕਰਨ ਲਈ ਪੱਛਮੀ ਸਾਹਿੱਤ-ਸ਼ਾਸਤਰ ਵਿਚੋਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਕਰਨ ਲੱਗੇ। ਅਜ ਕਲ੍ਹ ਵੀ ਇਹੀ ਨੀਤੀ ਚੱਲ ਰਹੀ ਹੈ। ਆਧੁਨਿਕ ਚਿੰਤਕ ਇਸ ਨੀਤੀ ਨੂੰ ਬਸਤੀਵਾਦ (Colonialism) ਦਾ ਨਾਮ ਦਿੰਦੇ ਹਨ। ਉਨ੍ਹਾਂ ਦੀ ਰਾਇ ਹੈ ਕਿ ਹਰ ਦੇਸ਼ ਅਤੇ ਸੱਭਿਆਚਾਰ ਨੂੰ ਆਪਣੀਆਂ ਸਮਾਜਿਕ-ਰਾਜਨੈਤਿਕ ਪਰਿਸਥਿਤੀਆਂ ਅਤੇ ਜੀਵਨ-ਮੁੱਲਾਂ ਦੇ ਆਧਾਰ ਉੱਤੇ ਆਪਣੇ ਸਾਹਿੱਤ-ਸ਼ਾਸਤਰ ਦਾ ਨਿਰਮਾਣ ਆਪ ਕਰਨਾ ਚਾਹੀਦਾ ਹੈ ਅਤੇ ਇਸ ਦਿਸ਼ਾ ਵਿਚ ਕੁਝ ਕੰਮ ਵੀ ਸ਼ੁਰੂ ਵੀ ਹੋਇਆ ਹੈ। ਪਰ ਅਜੇ ਵੀ ਪੱਛਮ ਅਤੇ ਪੱਛਮੀਵਾਦ ਦਾ ਹੀ ਬੋਲ-ਬਾਲਾ ਹੈ।

**11.6.1ਸਾਹਿੱਤ ਦੇ ਤੱਤ :**

ਸਾਹਿੱਤ ਸਿਰਜਣਾ ਇਕ ਅਜਿਹੀ ਪ੍ਰਕਿਰਿਆ ਹੈ, ਜੋ ਜੀਵੰਤ ਅਤੇ ਗਤੀਸ਼ੀਲ ਹੈ। ਕਲਾ ਦੇ ਹੋਰ ਰੂਪਾਂ ਵਾਂਗ ਇਸ ਨੂੰ ਤੱਤਾਂ ਵਿਚ ਵਿਭਾਜਿਤ ਕਰਕੇ ਵੇਖਣਾ ਕਾਫ਼ੀ ਕਠਿਨ ਕਾਰਜ ਹੈ। ਤਾਂ ਵੀ ਅਕਾਦਮਿਕ ਹਲਕਿਆਂ ਵਿਚ ਸਾਹਿੱਤ ਨੂੰ ਤੱਤਾਂ ਵਿਚ ਵੰਡ ਕੇ ਵੇਖਣ-ਪਰਖਣ ਦੀ ਰੁਚੀ ਆਮ ਦੇਖੀ ਜਾ ਸਕਦੀ ਹੈ। ਸਮੇਂ-ਸਮੇਂ ਆਲੋਚਕਾਂ ਨੇ ਸਾਹਿੱਤ ਦੇ ਇਕ ਜਾਂ ਦੂਜੇ ਤੱਤ ਨੂੰ ਆਪਣੇ ਅਧਿਐਨ-ਵਿਸ਼ਲੇਸ਼ਣ ਦਾ ਵਿਸ਼ਾ ਬਣਾਈ ਰੱਖਿਆ ਹੈ। ਪੱਛਮ ਵਿਚ ਅਰਸਤੂ, ਲੋਨਜਾਈਨਸ, ਜਾਨਸਨ, ਡਰਾਈਡਨ, ਪੋਪ, ਵਰਡਜ਼ਵਰਥ, ਆਰਨਲਡ, ਐਲੀਅਟ ਅਤੇ ਕੁਝ ਹੋਰ ਨਵ-ਆਲੋਚਕਾਂ ਨੇ ਸਾਹਿੱਤ ਦੇ ਕਿਸੇ ਇੱਕ ਜਾਂ ਵੱਧ ਤੱਤਾਂ ਨੂੰ ਬੁਨਿਆਦੀ ਮੰਨ ਕੇ ਸਾਹਿੱਤ-ਸਮੀਖਿਆ ਦੇ ਸਿੱਧਾਂਤਾਂ ਦੀ ਸਥਾਪਨਾ ਦਾ ਕੰਮ ਜਾਰੀ ਰੱਖਿਆ ਹੈ।

**11.6.2ਅਨੁਭਵ :**

ਹਰ ਸਾਹਿਤਕ ਕ੍ਰਿਤ, ਸਾਹਿੱਤਕਾਰ ਦੇ ਅਨੁਭਵ ਦਾ ਪ੍ਰਕਾਸ਼ ਹੁੰਦੀ ਹੈ। ਸਾਹਿੱਤਕਾਰ ਆਪਣੇ ਜੀਵਨ ਵਿਚ

ਵਿਚਰਦਾ ਹੋਇਆ ਨਿਤ ਨਵੇਂ ਅਨੁਭਵ ਗ੍ਰਹਿਣ ਕਰਦਾ ਹੈ। ਉਸ ਦੁਆਰਾ ਪ੍ਰਾਪਤ ਕੀਤੇ ਕਈ ਅਨੁਭਵ ਸਾਧਾਰਣ ਕਿਸਮ ਦੇ ਹੁੰਦੇ ਹਨ ਪਰ ਕਈ ਅਨੁਭਵ ਅਜਿਹੇ ਹੁੰਦੇ ਹਨ, ਜਿਹੜੇ ਉਸਦੇ ਵਜੂਦ ਨੂੰ ਹਿਲੂਣ ਕੇ ਰੱਖ ਦਿੰਦੇ ਹਨ। ਉਹ ਅਜਿਹੇ ਅਨੁਭਵਾਂ ਨੂੰ ਹੋਰ ਲੋਕਾਂ ਨਾਲ ਸਾਂਝਾ ਕਰਨਾ ਚਾਹੁੰਦਾ ਹੈ। ਉਸ ਦੀ ਇਸੇ ਇੱਛਾ ਵਿਚੋਂ ਹੀ ਕਿਸੇ ਕਵਿਤਾ, ਕਹਾਣੀ, ਨਾਵਲ, ਨਾਟਕ ਜਾਂ ਕਿਸੇ ਹੋਰ ਸਾਹਿੱਤ-ਰੂਪ ਦਾ ਜਨਮ ਹੁੰਦਾ ਹੈ। ਹਰ ਸਾਹਿੱਤਕਾਰ ਦੀ ਇੱਛਾ ਹੁੰਦੀ ਹੈ ਕਿ ਉਸਦਾ ਅਨੁਭਵ ਨਵਾਂ, ਮੌਲਿਕ, ਕਲਿਆਣਕਾਰੀ, ਪ੍ਰਾਸੰਗਿਕ ਅਤੇ ਲੋਕਪੱਖੀ ਹੋਵੇ, ਤਾਂ ਹੀ ਹੋਰ ਲੋਕ (ਸਰੋਤੇ ਜਾਂ ਪਾਠਕ) ਉਸਦੇ ਅਨੁਭਵ ਵਿਚ ਦਿਲਚਸਪੀ ਲੈਣਗੇ। ਜੇ ਉਸਦਾ ਅਨੁਭਵ ਪੁਰਾਣਾ, ਲੋਕ ਹਿੱਤਾਂ ਦਾ ਵਿਰੋਧੀ ਅਤੇ ਅਪ੍ਰਸੰਗਿਕ ਹੋਵੇਗਾ ਤਾਂ ਪਾਠਕ ਅਤੇ ਸਰੋਤੇ ਉਸ ਦੀ ਰਚਨਾ ਨੂੰ ਪੜ੍ਹਨਗੇ ਹੀ ਨਹੀਂ। ਜੇ ਅਸੀਂ ਅਜੋਕੇ ਸਾਹਿਤਿਕ ਦ੍ਰਿਸ਼ ਉਪਰ ਝਾਤੀ ਮਾਰੀਏ ਤਾਂ ਅਸੀਂ ਦੇਖਦੇ ਹਾਂ ਕਿ ਹਰ ਵਰ੍ਹੇ ਸੈਂਕੜੇ ਪੁਸਤਕਾਂ ਪ੍ਰਕਾਸ਼ਿਤ ਹੋ ਰਹੀਆਂ ਹਨ ਪਰੰਤੂ ਇਨ੍ਹਾਂ ਵਿਚੋਂ ਗਿਣਤੀ ਦੀਆਂ ਪੁਸਤਕਾਂ ਵਿਚ ਹੀ ਪਾਠਕ ਦਿਲਚਸਪੀ ਲੈਂਦੇ ਹਨ। ਇਸ ਦਾ ਵੱਡਾ ਕਾਰਨ ਇਹ ਹੁੰਦਾ ਹੈ ਕਿ ਬਹੁਤੇ ਲੇਖਕਾਂ ਦਾ ਅਨੁਭਵ ਪੁਰਾਣਾ ਅਤੇ ਅਪ੍ਰਾਸੰਗਿਕ ਹੁੰਦਾ ਹੈ। ਜਿਸ ਅਨੁਭਵ ਨੂੰ ਪਹਿਲਾਂ ਹੀ ਚੰਗੇ ਢੰਗ ਨਾਲ ਪ੍ਰਕਾਸ਼ਮਾਨ ਕਰ ਦਿੱਤਾ ਗਿਆ ਹੋਵੇ, ਉਸ ਨੂੰ ਦੋਬਾਰਾ ਕੋਈ ਕਿਉਂ ਪੜ੍ਹੇਗਾ? ਇਸ ਕਾਰਨ ਹਰ ਲੇਖਕ ਨੂੰ ਚਾਹੀਦਾ ਹੈ ਕਿ ਉਹ ਆਪਣੇ ਅਨੁਭਵ ਨੂੰ ਲੋਕ-ਕਸਵੱਟੀ ਉਪਰ ਰੱਖ ਕੇ ਨਿਰਖੇ-ਪਰਖੇ ਅਤੇ ਜੇ ਉਸ ਨੂੰ ਯਕੀਨ ਹੋ ਜਾਵੇ ਕਿ ਉਸਦਾ ਅਨੁਭਵ ਵਾਕਈ ਪ੍ਰਕਾਸ਼ਮਾਨ ਅਤੇ ਅੰਕਿਤ ਕਰਨ ਯੋਗ ਹੈ, ਤਾਂ ਹੀ ਉਹ ਉਸ ਨੂੰ ਸ਼ਬਦਾਂ ਦਾ ਜਾਮਾ ਪਹਿਨਾਵੇ। ਕਈ ਹਉਮੈਵਾਦੀ ਅਤੇ ਆਤਮ-ਕੇਂਦ੍ਰਿਤ ਲੋਕ ਹਰ ਤਰ੍ਹਾਂ ਦੇ ਅਨੁਭਵ ਦਾ ਅਭਿਵਿਅੰਜਨ ਕਰਨ ਦੀ ਜ਼ਿੱਦ ਵਿਚ ਲੱਗੇ ਰਹਿੰਦੇ ਹਨ, ਸਿੱਟੇ ਵਜੋਂ ਉਨ੍ਹਾਂ ਨੂੰ ਪਾਠਕਾਂ ਦਾ ਉਚਿਤ ਹੁੰਗਾਰਾ ਨਹੀਂ ਮਿਲਦਾ ਅਤੇ ਉਹ ਬਹੁਤ ਹੀ ਸਾਧਾਰਣ ਪੱਧਰ ਦੇ ਲੇਖਕ ਬਣ ਕੇ ਰਹਿ ਜਾਂਦੇ ਹਨ।

**11.6.3**ਪ੍ਰਮਾਣਿਕ ਅਨੁਭਵ ਨੂੰ ਅਰਜਿਤ ਕਰਨ ਲਈ ਲੇਖਕ ਨੂੰ ਉਨ੍ਹਾਂ ਸਥਾਨਾਂ ਦੀ ਯਾਤਰਾ ਕਰਨੀ ਪੈਂਦੀ ਹੈ, ਜਿਥੇ ਇਤਿਹਾਸ ਬਣ ਰਿਹਾ ਹੋਵੇ। ਆਮ ਆਦਮੀ ਦੇ ਰੋਜ਼-ਮਰ੍ਹਾ ਦੇ ਜੀਵਨ ਵਿਚ ਇਤਿਹਾਸਕ ਮੌਕੇ ਬਹੁਤ ਘੱਟ ਹੁੰਦੇ ਹਨ। ਇਸ ਲਈ ਰੋਜ਼-ਮਰ੍ਹਾ ਦੇ ਜੀਵਨ ਨੂੰ ਆਧਾਰ ਬਣਾ ਕੇ ਮਹਾਨ ਰਚਨਾਵਾਂ ਲਿਖਣੀਆਂ ਸੰਭਵ ਨਹੀਂ ਹੁੰਦਾ। ਇਸ ਤੱਥ ਨੂੰ ਸਮਝਣ ਲਈ ਅਸੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਉਦਾਹਰਣ ਲੈਂਦੇ ਹਾਂ। ਗੁਰੂ ਨਾਨਕ ਦੇਵ ਜੀ ਨਾਥਾਂ-ਜੋਗੀਆਂ, ਹਰਿਦੁਆਰ ਦੇ ਪਾਂਡਿਆਂ, ਬੰਗਾਲ ਦੀਆਂ ਜਾਦੂਗਰਨੀਆਂ, ਏਮਨਾਬਾਦ ਵਿਚ ਭਾਈ ਲਾਲੋਆਂ ਅਤੇ ਬਾਬਰ ਵਰਗੇ ਮੁਗ਼ਲ ਹਮਲਾਵਰਾਂ ਨੂੰ ਮਿਲੇ। ਇਨ੍ਹਾਂ ਥਾਵਾਂ ਉਪਰ ਭਾਰਤ ਦਾ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਇਤਿਹਾਸ ਰਚਿਆ ਜਾ ਰਿਹਾ ਸੀ। ਗੁਰੂ ਸਾਹਿਬ ਨੇ ਇਸ ਇਤਿਹਾਸ ਨੂੰ ਆਪਣੀ ਬਾਣੀ ਦਾ ਵਿਸ਼ਾ ਬਣਾ ਕੇ ਅਮਰ ਸਾਹਿੱਤ ਦੀ ਰਚਨਾ ਕੀਤੀ। ਹੋਰ ਮਹਾਨ ਲੇਖਕ ਵੀ ਇਸੇ ਤਰ੍ਹਾਂ ਕਰਦੇ ਹਨ। ਘਰ ਵਿਚ ਬੈਠੇ ਬਿਠਾਇਆ ਜਾਂ ਜ਼ੁਲਮ ਤੋਂ ਡਰ ਕੇ ਕਿਸੇ ਕੋਨੇ ਵਿਚ ਛਿਪਣ ਦੁਆਰਾ ਪ੍ਰਮਾਣਿਕ ਅਨੁਭਵ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਨਾਨਕ ਦੇਵ ਜੀ ਨੇ ਹਿਮਾਲਾ ਪਰਬਤ ਦੀਆਂ ਗੁਫ਼ਾਵਾਂ ਵਿਚ ਛਿਪੇ ਬੈਠੇ ਨਾਥ-ਜੋਗੀਆਂ ਦੁਆਰਾ ਰਚੇ ਗਏ ਸਾਹਿੱਤ ਦੀ ਇਸੇ ਕਾਰਨ ਕੋਈ ਪ੍ਰਾਸੰਗਿਕਤਾ ਨਹੀਂ ਬਣਦੀ ਕਿਉਂਕਿ ਉਹ ਲੋਕ ਅਵਾਮ ਦੇ ਹਿੱਤਾਂ ਵਾਸਤੇ ਵਚਨਬੱਧ ਨਹੀਂ ਸਨ ਅਤੇ ਉਨ੍ਹਾਂ ਦੁਆਰਾ ਪ੍ਰਾਪਤ ਕੀਤਾ ਅਨੁਭਵ ਜੀਵਨ ਨਾਲੋਂ ਟੁੱਟਿਆ ਜਾਂ ਵਿਛੁੰਨਿਆ ਹੋਇਆ ਸੀ।

**11.6.4**ਅਨੁਭਵ ਦੀ ਪ੍ਰਮਾਣਿਕਤਾ ਲਈ ਇਸ ਵਿਚ ਚੇਤਨਤਾ ਹੋਣੀ ਵੀ ਜ਼ਰੂਰੀ ਹੈ। ਜਿਹੜੇ ਲੋਕ ਯਥਾਸਥਿਤੀਵਾਦੀ ਹੁੰਦੇ ਹਨ, ਆਪਣੇ ਯੁੱਗ ਦੀਆਂ ਲੋਕ ਵਿਰੋਧੀ ਪਰਿਸਥਿਤੀਆਂ ਨੂੰ ਬਦਲਣ ਦੇ ਚਾਹਵਾਨ ਨਹੀਂ ਹੁੰਦੇ, ਉਨ੍ਹਾਂ ਦਾ ਅਨੁਭਵ ਪ੍ਰਤੀਗਾਮੀ ਜਾਂ ਪਿਛਾਂਹਖਿਚੂ ਹੁੰਦਾ ਹੈ। ਅਜਿਹੇ ਅਨੁਭਵ ਦੁਆਰਾ ਵੀ ਉੱਤਮ ਸਾਹਿੱਤ ਦੀ ਰਚਨਾ ਨਹੀਂ ਕੀਤੀ ਜਾ ਸਕਦੀ। ਸੋ ਮੌਲਿਕ ਅਤੇ ਨਵੇਂ ਅਨੁਭਵ ਦੇ ਨਾਲ-ਨਾਲ ਇਸ ਵਿਚ ਚੇਤਨਤਾ ਹੋਣੀ ਵੀ ਜ਼ਰੂਰੀ ਹੈ। ਅਜ ਕਲ੍ਹ ਦਲੇਰੀ ਅਤੇ ਮੌਲਿਕਤਾ ਦੇ ਨਾਮ ਉਪਰ ਮਰਦ-ਇਸਤ੍ਰੀ ਦੇ ਕਾਮੁਕ ਰਿਸ਼ਤਿਆਂ ਬਾਰੇ ਅਜਿਹਾ ਸਾਹਿੱਤ ਰਚਿਆ ਜਾ ਰਿਹਾ ਹੈ, ਜਿਸ ਵਿਚ ਚੇਤਨਤਾ ਦਾ ਅਭਾਵ ਹੈ। ਇਸ ਸਾਹਿੱਤ

ਵਿਚ ਇਸਤ੍ਰੀ ਨੂੰ ਭੋਗ-ਵਿਲਾਸ ਦੀ ਸਮੱਗਰੀ ਅਤੇ ਪੁਰਸ਼ ਨੂੰ ਇਕ ਉਪਭੋਗਤਾ (Consumer) ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਅਜਿਹੀਆਂ ਪੇਸ਼ਕਾਰੀਆਂ ਵਿਚ ਚੇਤਨਤਾ ਕਿੱਥੇ ਹੈ? ਸਪਸ਼ਟ ਹੈ ਕਿ ਅਜਿਹਾ ਸਾਹਿੱਤ ਕਦੇ ਵੀ ਮਹਾਨਤਾ ਦੀ ਸ਼੍ਰੇਣੀ ਵਿਚ ਨਹੀਂ ਰਖਿਆ ਜਾ ਸਕੇਗਾ।

**11.7.1 ਕਲਪਨਾ (Imagination)**

ਸਾਹਿੱਤ-ਰਚਨਾ ਦਾ ਮੰਤਵ, ਜੀਵਨ-ਅਨੁਭਵ ਨੂੰ ਜਿਉਂ-ਦਾ-ਤਿਉਂ, ਇੰਨ-ਬਿੰਨ ਰੂਪ ਵਿਚ ਬਿਆਨ ਕਰ ਦੇਣਾ ਨਹੀਂ ਹੁੰਦਾ। ਜੀਵਨ ਵਿਚ ਜੋ ਮਹੱਤਵਪੂਰਨ ਘਟਨਾਵਾਂ ਵਾਪਰਦੀਆਂ ਹਨ, ਅਖ਼ਬਾਰ-ਨਵੀਸ ਅਤੇ ਇਤਿਹਾਸਕਾਰ ਉਨ੍ਹਾਂ ਨੂੰ ਜਿਉਂ-ਦਾ-ਤਿਉਂ ਬਿਆਨ ਕਰ ਦਿੰਦੇ ਹਨ। ਇਹ ਵੇਰਵੇ ਦਿਲਚਸਪ ਜਾਂ ਗਿਆਨਭਰਪੂਰ ਤਾਂ ਹੁੰਦੇ ਹਨ ਪਰ ਇਹ ਸਾਹਿਤਿਕ ਨਹੀਂ ਹੁੰਦੇ। ਸਾਹਿੱਤਕਾਰ ਆਪਣੀ ਕਲਪਣਾ ਦੇ ਮਾਧਿਅਮ ਦੁਆਰਾ ਜੀਵਨ ਦੀਆਂ ਘਟਨਾਵਾਂ ਨੂੰ ਵਧੇਰੇ ਰੋਚਕ, ਵੰਨਸੁਵੰਨੀਆਂ ਅਤੇ ਆਨੰਦਦਾਇਕ ਬਣਾ ਦਿੰਦੇ ਹਨ। ਹਰ ਸਾਹੱਤਿਕਾਰ ਨੇ ਆਪਣੇ ਜੀਵਨ ਵਿਚ ਬਹੁਤ ਕੁਝ ਦੇਖਿਆ ਹੁੰਦਾ ਹੈ – ਸੁੰਦਰ ਚਿਹਰੇ, ਬਹਾਦਰ ਨੌਜਵਾਨ, ਵਿਸ਼ਾਲ ਨਦੀਆਂ, ਉੱਚੇ ਪਹਾੜ, ਅਸਗਾਹ ਸਾਗਰ ਅਤੇ ਹਰੇ-ਭਰੇ ਜੰਗਲ। ਇਹ ਸਾਮਗਰੀ ਉਸਦੇ ਮਨ ਵਿਚ ਬਿੰਬਾਂ ਦੇ ਰੂਪ ਵਿਚ ਸਾਂਭੀ ਰਹਿੰਦੀ ਹੈ। ਜਦੋਂ ਉਸਨੇ ਕੋਈ ਰਚਨਾ ਕਰਨੀ ਹੁੰਦੀ ਹੈ ਤਾਂ ਇਹ ਸਾਮਗਰੀ ਉਸ ਦੁਆਰਾ ਰਚੇ ਜਾ ਰਹੇ ਮਨੁੱਖੀ ਜੀਵਨ ਨੂੰ ਵਧੇਰੇ ਰੋਚਕ ਅਤੇ ਖ਼ੂਬਸੂਰਤ ਬਣਾਉਣ ਲਈ ਵਰਤੀ ਜਾਂਦੀ ਹੈ। ਉਦਾਹਰਣ ਲਈ ਜੇ ਕਿਸੇ ਲੇਖਕ ਨੇ ਹੀਰ-ਰਾਂਝੇ ਦੀ ਪ੍ਰੇਮ ਕਹਾਣੀ ਨੂੰ ਉਲੀਕਣਾ ਹੈ ਤਾਂ ਉਸ ਨੂੰ ਝਨਾਂ ਦਰਿਆ, ਲੁਡੱਣ ਮਲਾਹ ਦੀ ਬੇੜੀ, ਹਰੇ-ਭਰੇ ਬੇਲੇ ਅਤੇ ਇਕ ਘੁੱਗ ਵਸਦੇ ਪਿੰਡ ਦੀ ਵੀ ਲੋੜ ਪਵੇਗੀ। ਇਹ ਵੇਰਵੇ ਉਹ ਆਪਣੀ ਸਿਮ੍ਰਤੀ ਵਿਚੋਂ ਹਾਸਲ ਕਰੇਗਾ ਕਿਉਂਕਿ ਸਿਮ੍ਰਤੀ ਵਿਚ ਕਿਸੇ ਵਿਅਕਤੀ ਵਲੋਂ ਵੇਖੇ ਗਏ ਅਜਿਹੇ ਦ੍ਰਿਸ਼ ਅਤੇ ਸਥਾਨ ਸਾਂਭੇ ਰਹਿੰਦੇ ਹਨ। ਪਰ ਸਿਮ੍ਰਤੀ ਕੇਵਲ ਉਨ੍ਹਾਂ ਚੀਜ਼ਾਂ ਨੂੰ ਹੀ ਸੰਭਾਲ ਸਕਦੀ ਹੈ, ਜੋ ਕਿਸੇ ਵਿਅਕਤੀ ਨੇ ਦੇ ਖੀਆਂ ਹੋਣ। ਸੋ ਕਲਪਨਾ ਨੂੰ ਜਾਗ੍ਰਿਤ ਕਰਨ ਲਈ ਵੀ ਨਿੱਜੀ ਅਨੁਭਵ ਦੀ ਜ਼ਰੂਰਤ ਪੈਂਦੀ ਹੈ।

**11.7.2**ਇਕ ਮਹਾਨ ਸਾਹਿੱਤਕਾਰ ਕਲਪਨਾ ਦਾ ਪ੍ਰਯੋਗ ਸਿਰਜਣਾਤਮਕ ਰੂਪ ਵਿਚ ਕਰਦਾ ਹੈ। ਇਸ ਵਿਧੀ ਦੁਆਰਾ ਸਾਹਿੱਤਕਾਰ ਇਕ ਅਜਿਹੀ ਦੁਨੀਆਂ ਦੀ ਰਚਨਾ ਕਰ ਲੈਂਦੇ ਹਨ, ਜੋ ਵਾਸਤਵ ਵਿਚ ਕਿਧਰੇ ਨਹੀਂ ਹੁੰਦੀ। ਉਦਾਹਰਣ ਲਈ 'ਸੋਨਾ' ਇਕ ਵਸਤੂ ਹੈ ਅਤੇ 'ਪਹਾੜ' ਇਕ ਹੋਰ ਚੀਜ਼ ਹੈ। ਇਕ ਕਲਪਨਾਸ਼ੀਲ ਸਾਹਿੱਤਕਾਰ ਆਪਣੀ ਕਲਪਨਾ ਦੇ ਮਾਧਿਅਮ ਦੁਆਰਾ 'ਸੋਨੇ ਦਾ ਪਹਾੜ', 'ਦੁੱਧ ਦਾ ਦਰਿਆ' ਅਤੇ 'ਸ਼ਹਿਦ ਦੀ ਨਦੀ' ਆਦਿ ਅਜਿਹੀਆਂ ਚੀਜ਼ਾਂ ਦੀ ਰਚਨਾ ਕਰ ਲੈਂਦਾ ਹੈ, ਜੋ ਵਾਸਤਵਿਕ ਦੁਨੀਆਂ ਵਿਚ ਕਿਧਰੇ ਵੀ ਮੌਜੂਦ ਨਹੀਂ ਹਨ। ਇਉਂ ਇਕ ਸਾਹਿੱਤਕਾਰ ਪਰਮਾਤਮਾ ਦੀ ਸਾਜੀ ਹੋਈ ਦੁਨੀਆਂ ਦੇ ਪੈਟਰਨ ਉਪਰ ਇਕ ਵੱਖਰੇ, ਵੈਕਲਪਿਕ ਜਗਤ ਦੀ ਰਚਨਾ ਕਰ ਲੈਂਦਾ ਹੈ। ਇਸ ਸੂਰਤ ਵਿਚ ਉਹ ਪਰਮਾਤਮਾ ਵਾਂਗ ਆਪ ਵੀ ਇਕ ਸੁਤੰਤਰ ਰਚਨਾਕਾਰ ਬਣ ਜਾਂਦਾ ਹੈ। ਕਲਪਣਾ ਸ਼ਕਤੀ ਦਾ ਇਕ ਹੋਰ ਪ੍ਰਯੋਗ ਵੱਖ-ਵੱਖ ਪਾਤਰਾਂ ਦੀ ਸਿਰਜਣਾ ਸਮੇਂ ਵੀ ਕੀਤਾ ਜਾਂਦਾ ਹੈ। ਉਦਾਹਰਣ ਲਈ ਵਾਰਿਸ ਸ਼ਾਹ ਵਲੋਂ ਸਿਰਜਿਆ ਗਿਆ ਹੀਰ ਦਾ ਕਿਰਦਾਰ, ਭੌਤਿਕ ਜਗਤ ਦੇ ਕਿਸੇ ਇਕ ਕਿਰਦਾਰ ਦੀ ਹੂਬਹੂ ਕਾਪੀ ਨਹੀਂ ਹੈ। ਭੌਤਿਕ ਜਗਤ ਵਿਚ ਵਿਚਰਣ ਵਾਲੀਆਂ ਸੁੰਦਰ ਮੁਟਿਆਰਾਂ ਵਿਚੋਂ ਕਿਸੇ ਦੇ ਨੈਣ ਸ਼ਰਬਤੀ ਹੁੰਦੇ ਹਨ, ਕਿਸੇ ਦੀਆਂ ਗੱਲ੍ਹਾਂ ਵਿਚ ਟੋਏ ਪੈਂਦੇ ਹਨ, ਕਿਸੇ ਦੀ ਧੌਣ ਸੁਰਾਹੀਦਾਰ ਹੁੰਦੀ ਹੈ। ਕਿਸੇ ਦੇ ਕੇਸ ਲੰਬੇ ਹੁੰਦੇ ਹਨ, ਕਿਸੇ ਦੀ ਚਾਲ ਮੋਰਾਂ ਵਰਗੀ ਹੁੰਦੀ ਹੈ, ਕੋਈ ਹੋਰ ਚਤੁਰ ਚਲਾਕ ਜਾਂ ਦਲੇਰ ਹੁੰਦੀ ਹੈ...ਇਤਿਆਦਿ। ਵਾਰਿਸ ਸ਼ਾਹ ਨੇ ਹੀਰ ਦੇ ਕਿਰਦਾਰ ਵਿਚ ਉਕਤ ਬਹੁਤ ਸਾਰੀਆਂ ਮੁਟਿਆਰਾਂ ਦੀ ਖ਼ੂਬਸੂਰਤੀ ਦੇ ਵੱਖਰੇ-ਵੱਖਰੇ ਪ੍ਰਮਾਣਾਂ ਨੂੰ ਇੱਕੋ-ਥਾਂ ਇਕੱਠਿਆਂ ਕਰ ਦਿੱਤਾ ਹੈ। ਇਸ ਵਿਧੀ ਨੂੰ ਸਾਹਿਤ ਸ਼ਾਸਤਰੀ 'ਪ੍ਰਤੀਨਿਧ ਪਾਤਰ-ਸਿਰਜਣ' ਆਖਦੇ ਹਨ। ਪ੍ਰਤੀਨਿਧ ਪਾਤਰਾਂ ਵਿਚ, ਬਹੁਤ ਸਾਰੇ ਵਾਸਤਵਿਕ ਲੋਕਾਂ ਦੇ ਵੱਖ-ਵੱਖ ਗੁਣ ਲੱਛਣ ਇਕ ਹੀ ਕਿਰਦਾਰ ਵਿਚ ਇਕੱਠੇ ਕਰ ਦਿੱਤੇ ਜਾਂਦੇ ਹਨ। ਸਾਹਿੱਤ ਦੀ ਦੁਨੀਆਂ ਦੇ ਵੱਖ-ਵੱਖ ਕਿਰਦਾਰ ਚੋਰ, ਡਾਕੂ, ਸਾਧ, ਦੁਕਾਨਦਾਰ, ਪਟਵਾਰੀ, ਪੂੰਜੀਪਤੀ, ਮੁੱਲਾਂ (ਕਾਜ਼ੀ) ਆਦਿਕ ਇਸੇ ਵਿਧੀ ਦੁਆਰਾ ਘੜੇ ਜਾਂ ਸਿਰਜੇ ਜਾਂਦੇ ਹਨ।

**11.7.3**ਸਾਹਿੱਤਕਾਰ ਲੋਕ ਆਪਣੀ ਕਲਪਨਾ ਦੁਆਰਾ ਕੁਝ ਅਜਿਹੇ ਕਿਰਦਾਰਾਂ ਜਾਂ ਸ਼ਕਤੀਆਂ ਦੀ ਸਿਰਜਣਾ ਵੀ ਕਰ ਲੈਂਦੇ ਹਨ, ਜੋ ਇਸ ਜਗਤ ਵਿਚ ਨਾ ਤਾਂ ਕਦੇ ਹੋਈਆਂ ਹਨ ਅਤੇ ਨਾ ਹੋਣਗੀਆਂ। ਸ਼ਿਵ, ਵਿਸ਼ਨੂੰ, ਬ੍ਰਹਮਾ, ਇੰਦਰ, ਪਾਰਬਤੀ, ਦੁਰਗਾ, ਵਿਸ਼ਵਕਰਮਾ, ਰਾਮ ਅਤੇ ਕ੍ਰਿਸ਼ਨ ਆਦਿਕ ਦੇਵੀ-ਦੇਵਤੇ ਜਾਂ ਅਵਤਾਰ, ਮਹਾਨ ਕਵੀਆਂ ਦੀ ਕਲਪਣਾ ਦੇ ਹੀ ਚਮਤਕਾਰ ਹਨ। ਨਰਕ ਅਤੇ ਸੁਰਗ ਵੀ ਇਨਸਾਨੀ ਕਲਪਣਾ ਦੇ ਹੀ ਕੁਝ ਹੋਰ ਪ੍ਰਮਾਣ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਪਰਮਾਤਮਾ ਦਾ ਸੰਕਲਪ ਮਹਾਂਕਵੀਆਂ ਦੀ ਕਲਪਣਾ ਦਾ ਸਰਵਉੱਚ ਕ੍ਰਿਸ਼ਮਾ ਹੈ।

**11.7.4**ਕਲਪਨਾ ਦੇ ਕੁਸ਼ਲ ਪ੍ਰਯੋਗ ਦੁਆਰਾ ਕਵੀ ਆਪਣੇ ਰਚਨਾ ਸੰਸਾਰ ਨੂੰ ਵੰਨ-ਸੁਵੰਨਾ, ਆਕ੍ਰਸ਼ਕ ਅਤੇ ਵਚਿੱਤਰ ਬਣਾ ਲੈਂਦੇ ਹਨ। ਕਲਪਣਾਯੁਕਤ ਰਚਨਾਵਾਂ ਨੂੰ ਪਾਠਕ ਪੂਰੇ ਧਿਆਨ ਨਾਲ ਪੜ੍ਹਦਾ ਹੈ, 'ਪਾਠ' ਵਿਚ ਕ੍ਰਿਆਸ਼ੀਲ (active) ਹੁੰਦਾ ਹੈ ਅਤੇ ਇਸ ਵਿਧੀ ਦੁਆਰਾ ਉਸ ਨੂੰ ਪਾਠ ਵਿਚੋਂ ਵਧੇਰੇ ਆਨੰਦ ਪ੍ਰਾਪਤ ਹੁੰਦਾ ਹੈ। ਰੋਲਾਂ ਬਾਰਤ (Roland Barthes) ਵਰਗੇ ਵਿਦਵਾਨ ਇਸ ਤਰ੍ਹਾਂ ਦੀ ਕਿਰਤ ਨੂੰ ਆਨੰਦੀ ਪਾਠ (text of pleasure) ਦਾ ਨਾਮ ਦਿੰਦੇ ਹਨ। ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਡਾ. ਹਰਿਭਜਨ ਸਿੰਘ ਅਤੇ ਸ਼ਿਵ ਕੁਮਾਰ ਵਰਗੇ ਕਵੀ ਕਲਪਣਾ ਦਾ ਬਹੁਤ ਕਲਾਤਮਕ ਪ੍ਰਯੋਗ ਕਰਦੇ ਹਨ। ਸ਼ਿਵ ਕੁਮਾਰ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਦੋਵੇਂ ਕੰਢੇ ਸਾਂਵਲੀ ਜਹੀ ਸੜਕ ਦੇ
ਉਹਦੇ ਬੁਲ੍ਹਾਂ ਵਾਂਗ ਪਏ ਸੀ ਫਰਕਦੇ 1
ਜਾਪਦਾ ਸੀ ਮੀਲ-ਪੱਥਰ, ਬੁਰਜੀਆਂ
ਸੜਕ ਦੇ ਪਏ ਦੰਦ ਹੋਵਣ ਹੱਸਦੇ।
ਪੌਣ ਦਾ ਚਿਮਟਾ ਪਿਆ ਸੀ ਵੱਜਦਾ
ਟਾਹਲੀਆਂ ਦੇ ਪੱਤ ਪਏ ਸੀ ਖੜਕਦੇ।
ਵੇਖ ਰਹੇ ਸਨ ਸਾਡੀ ਵੱਲੇ ਨਾਮੁਰਾਦ,
ਕਾਸ਼ਨੀ ਜਹੇ ਫੁੱਲ ਪਹਾੜੀ ਅੱਕ ਕੇ।
ਬੀਜ ਰਹੇ ਸਨ ਮੇਰੇ ਦਿਲ ਵਿਚ ਸਰਘੀਆਂ,
ਲਾਲ ਸੂਹੇ ਕੋਰ ਉਹਦੀ ਅੱਖ ਦੇ।

(ਇਕ ਸਫ਼ਰ, ਆਟੇ ਦੀਆਂ ਚਿੜੀਆਂ)

**11.8.1ਭਾਵਨਾ (Emotion)**

ਸਾਹਿੱਤ ਦੇ ਮਾਧਿਅਮ ਦੁਆਰਾ ਦਿੱਤਾ ਜਾਣ ਵਾਲਾ ਸੰਦੇਸ਼ ਬੌਧਿਕ ਨਾ ਹੋ ਕੇ ਭਾਵਨਾਤਮਕ ਹੁੰਦਾ ਹੈ। ਬਹੁਤੇ ਵਿਦਵਾਨ ਸਾਹਿਤਕ ਅਤੇ ਅਣ-ਸਾਹਿਤਕ ਕ੍ਰਿਤਾਂ ਵਿਚ ਨਿਖੇੜਾ, ਭਾਵਨਾ ਦੀ ਦ੍ਰਿਸ਼ਟੀ ਤੋਂ ਹੀ ਕਰਦੇ ਹਨ। ਇਤਿਹਾਸ ਅਤੇ ਸਮਾਜ ਸ਼ਾਸਤਰ ਆਦਿਕ ਸਮਾਜ-ਵਿਗਿਆਨਾਂ ਦੁਆਰਾ ਦਿੱਤੀਆਂ ਜਾਣ ਵਾਲੀਆਂ ਸੂਚਨਾਵਾਂ ਬੌਧਿਕ ਹੁੰਦੀਆਂ ਹਨ ਜਦੋਂ ਕਿ ਸਾਹਿੱਤ ਦੁਆਰਾ ਦਿੱਤੀ ਗਈ ਸੂਚਨਾ ਭਾਵਨਾਤਮਕ ਹੁੰਦੀ ਹੈ। ਇਤਿਹਾਸ ਦੁਆਰਾ ਔਰੰਗਜ਼ੇਬ ਬਾਰੇ ਪੇਸ਼ ਕੀਤੇ ਗਏ ਤੱਥ ਪਾਠਕ ਦੇ ਬੌਧਿਕ ਧਰਾਤਲ ਨੂੰ ਵਿਸਤਾਰਦੇ ਹਨ ਜਦੋਂ ਕਿ ਸਾਹਿੱਤਕਾਰਾਂ ਵੱਲੋਂ ਪੇਸ਼ ਕੀਤੀ ਗਈ ਔਰੰਗਜ਼ੇਬ ਦੀ ਤਸਵੀਰ ਪਾਠਕਾਂ ਨੂੰ ਭਾਵਨਾਤਮਕ ਤੌਰ ਤੇ ਹਿਲੂਣਦੀ ਅਤੇ ਅੰਦੋਲਿਤ ਕਰਦੀ ਹੈ। ਇਸੇ ਕਾਰਨ ਸਾਹਿੱਤ ਵਿਚ ਪੇਸ਼ ਕੀਤੇ ਗਏ ਸੱਚ ਨੂੰ ਇਤਿਹਾਸ ਨਾਲੋਂ ਵਧੇਰੇ ਗਹਿਰ ਗੰਭੀਰ, ਸਥਾਈ ਅਤੇ ਅਰਥਪੂਰਨ ਮੰਨਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਤਿਹਾਸਕ ਸੱਚ ਕੇਵਲ ਇਕ ਵਾਰ ਹੀ ਵਾਪਰਦਾ ਹੈ ਜਦੋਂ ਕਿ ਸਾਹਿਤਿਕ ਸੱਚ ਵਾਰ-ਵਾਰ ਵਾਪਰਣ ਦੀ ਸੰਭਾਵਨਾ ਰੱਖਦਾ ਹੈ।

**11.8.2**ਵਿਲੀਅਮ ਵਰਡਜ਼ਵਰਥ ਵਰਗੇ ਕਵੀਆਂ ਨੇ ਕਾਵਿ ਦੀ ਪਰਿਭਾਸ਼ਾ, ਭਾਵਨਾ ਦੇ ਆਪਮੁਹਾਰੇਪਣ ਦੇ ਆਧਾਰ ਉਪਰ ਹੀ ਕੀਤੀ ਹੈ। ਉਸ ਅਨੁਸਾਰ, ਕਵਿਤਾ ਭਾਵਾਂ ਦੇ ਖੁਲ੍ਹੇ-ਡੁਲ੍ਹੇ ਅਤੇ ਸੁਤੰਤਰ ਪ੍ਰਗਟਾਵੇ ਦਾ ਨਾਮ ਹੈ।

(Poetry is a spontaneous overflow of powerful feelings) ਭਾਰਤੀ ਕਾਵਿ ਸ਼ਾਸਤਰ ਵਿਚ ਰਸ ਸੰਪਰਦਾਇ ਦੇ ਸੰਚਾਲਕਾਂ ਅਥਵਾ ਸਮਰਥਕਾਂ ਨੇ, ਭਾਵਨਾ ਨੂੰ 'ਰਸ' ਦੇ ਹਵਾਲੇ ਨਾਲ ਬਿਆਨ ਕੀਤਾ ਹੈ। ਆਚਾਰੀਆ ਵਿਸ਼ਵਨਾਥ ਅਨੁਸਾਰ ਰਸਯੁਕਤ ਵਾਕ ਹੀ ਕਾਵਿ ਹੈ। (ਰਸਾਤਮਕੰ ਵਾਕਿਅਮ ਕਾਵਯਮ।) ਭਾਰਤੀ ਕਾਵਿ ਸ਼ਾਸਤਰ ਵਿਚ ਦਰਸਾਏ ਗਏ ਰਸ ਦੇ ਭਿੰਨ-ਭਿੰਨ ਰੂਪ ਅਸਲ ਵਿਚ ਵੱਖ-ਵੱਖ ਭਾਵਨਾਵਾਂ ਜਾਂ ਜਜ਼ਬੇ ਹੀ ਹਨ ਜਿਵੇਂ ਪ੍ਰੇਮ, ਸ਼ੋਕ (ਉਦਾਸੀ), ਉਤਸ਼ਾਹ, ਹਾਸਾ, ਭੈ, ਘ੍ਰਿਣਾ, ਕ੍ਰੋਧ, ਸ਼ਾਂਤੀ ਅਤੇ ਹੈਰਾਨੀ ਆਦਿਕ। ਸਾਹਿੱਤਕਾਰ ਲੋਕ ਆਪਣੀਆਂ ਰਚਨਾਵਾਂ ਦੁਆਰਾ ਇਨ੍ਹਾਂ ਭਾਵਨਾਵਾਂ ਨੂੰ ਪ੍ਰਗਟਾਉਂਦੇ ਅਤੇ ਪੁਸ਼ਟ ਕਰਦੇ ਹਨ। ਦੇਖੋ:

**11.8.3ਪ੍ਰੇਮ ਭਾਵ :**

ਕੇਹੀ ਹੀਰ ਦੀ ਕਰੇ ਤਾਰੀਫ਼ ਸ਼ਾਇਰ, ਮੱਥੇ ਚਮਕਦਾ ਹੁਸਨ ਮਹਿਤਾਬ ਦਾ ਜੀ।
ਖ਼ੂਨੀ ਚੂੰਡੀਆਂ ਰਾਤ ਜਿਉਂ ਚੰਦ ਗਿਰਦੇ, ਸੁਰਖ਼ ਰੰਗ ਜਿਉਂ ਰੰਗ ਸ਼ਰਾਬ ਦਾ ਜੀ।
ਨੈਣ ਨਰਗਸੀ ਮਿਰਗ ਮਮੋਲੜੇ ਦੇ, ਗਲ੍ਹਾਂ ਟਹਿਕੀਆਂ ਫੁੱਲ ਗੁਲਾਬ ਦਾ ਜੀ।
ਸੁਰਮਾ ਨੈਣਾਂ ਦੀ ਧਾਰ ਵਿਚ ਫਬ ਰਿਹਾ, ਚੜ੍ਹਿਆਂ ਹਿੰਦ ਤੇ ਕਟਕ ਪੰਜਾਬ ਦਾ ਜੀ।
(ਹੀਰ ਵਾਰਿਸ)

**11.8.4ਸ਼ੋਕ ਜਾਂ ਉਦਾਸੀ ਦੇ ਭਾਵ**

ਮਾਏ ਨੀ ਮਾਏ ! ਮੇਰੇ ਗੀਤਾਂ ਦੇ ਨੈਣਾਂ ਵਿਚ
ਬਿਰਹੋਂ ਦੀ ਰੜਕ ਪਵੇ।
ਅੱਧੀ ਅੱਧੀ ਰਾਤੀਂ
ਉਠ ਰੋਣ ਮੋਏ ਮਿਤਰਾਂ ਨੂੰ
ਮਾਏ ਸਾਨੂੰ ਨੀਂਦ ਨਾ ਪਵੇ।
(ਸ਼ਿਵ ਕੁਮਾਰ)

**11.8.5ਉਤਸ਼ਾਹ ਅਤੇ ਜੋਸ਼ ਦੇ ਭਾਵ**

ਆਈਆਂ ਪਲਟਣਾਂ ਬੀੜ ਕੇ ਤੋਪਖਾਨੇ, ਅਗੋਂ ਸਿੰਘ ਨੇ ਪਾਸੜੇ ਮੋੜ ਸੁੱਟੇ।
ਸੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ ਬੰਨ੍ਹ ਸ਼ਸ਼ਤਰੀ ਤੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਚੋੜ ਸੁੱਟੇ। (ਸ਼ਾਹ ਮੁਹੰਮਦ)

**11.9.1ਸ਼ਿਲਪ ਅਤੇ ਰੂਪਾਕਾਰਕ ਤੱਤ :**

ਸਾਹਿੱਤ ਦੇ ਹਰ ਰੂਪ ਦੇ ਆਪਣੇ-ਆਪਣੇ ਰੂਪਾਕਾਰਕ ਤੱਤ ਵੀ ਹੁੰਦੇ ਹਨ। ਇਨ੍ਹਾਂ ਤੱਤਾਂ ਦੇ ਨਿਰਮਾਣ ਦੁਆਰਾ ਹੀ ਸਾਹਿੱਤ ਦੇ ਵੱਖ-ਵੱਖ ਰੂਪ ਹੋਂਦ ਵਿਚ ਆਉਂਦੇ ਹਨ। ਕਾਵਿ ਦੀ ਸਿਰਜਣਾ ਲਈ ਬਿੰਬਾਂ, ਅਲੰਕਾਰ ਅਤੇ ਛੰਦ ਆਦਿਕ ਤੱਤਾਂ ਦਾ ਨਿਰਮਾਣ ਕਰਨਾ ਪੈਂਦਾ ਹੈ। ਬਿੰਬ ਅਜਿਹੀਆਂ ਤਸਵੀਰਾਂ ਨੂੰ ਕਹਿੰਦੇ ਹਨ ਜੋ ਪਾਠਕ ਦੇ ਸਨਮੁਖ ਜੀਵਨ ਦੇ ਨਜ਼ਾਰੇ ਰੂਪਮਾਨ ਕਰ ਦਿੰਦੀਆਂ ਹਨ। ਬਿੰਬਾਂ ਦੀਆਂ ਕਈ ਸ਼੍ਰੇਣੀਆਂ ਮੰਨੀਆਂ ਜਾਂਦੀਆਂ ਹਨ, ਜਿਵੇਂ : ਦ੍ਰਿਸ਼ ਬਿੰਬ, ਨਾਦ ਬਿੰਬ, ਸਵਾਦ ਬਿੰਬ, ਗੰਧ ਬਿੰਬ, ਸਪਰਸ਼ ਬਿੰਬ, ਪ੍ਰਤੀਕਮੂਲਕ ਬਿੰਬ। ਸੁਪਨ ਬਿੰਬ ਅਤੇ ਸਿਮ੍ਰਤੀਮੂਲਕ ਬਿੰਬ। ਅਲੰਕਾਰ, ਕਾਵਿ-ਕਥਨ ਨੂੰ ਸਜਾਉਣ-ਸੰਵਾਰਨ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦੀ ਗਿਣਤੀ ਅਨੇਕ ਹੈ ਪਰ ਇਨ੍ਹਾਂ ਨੂੰ ਤਿੰਨ ਮੁਖ ਸ਼੍ਰੇਣੀਆਂ ਵਿੱਚ ਵਿਭਾਜਿਤ ਕੀਤਾ ਗਿਆ ਹੈ, ਜਿਵੇਂ : ਸ਼ਬਦ ਅਲੰਕਾਰ, ਅਰਥ ਅਲੰਕਾਰ ਅਤੇ ਸ਼ਬਦ-ਅਰਥ ਅਲੰਕਾਰ। ਕਾਵਿ ਭਾਸ਼ਾ ਪ੍ਰਤੀਕਾਤਮਕ (symbolic) ਹੁੰਦੀ ਹੈ। ਪ੍ਰੇਮੀ ਨੂੰ 'ਸ਼ਿਕਰਾ' ਕਹਿਣਾ, ਮਹਾਂਪੁਰਖਾਂ ਨੂੰ 'ਹੰਸ' ਦਾ ਨਾਮ ਦੇਣਾ ਅਤੇ ਢੋਂਗੀ (ਦੰਭੀ) ਸਾਧਾਂ ਨੂੰ 'ਬਗਲਾ ਭਗਤ' ਆਖਣਾ ਪ੍ਰਤੀਕਾਤਮਕ ਅਭਿਵਿਅੰਜਨ ਦੀਆਂ ਵਿਧੀਆਂ ਹਨ। ਕਵਿਤਾ ਦਾ ਤੁਕਾਂਤ ਮੇਲ ਕੇ ਇਸ ਨੂੰ ਸੰਗੀਤਕ ਗੁਣ-ਲੱਛਣ ਪ੍ਰਦਾਨ ਕਰਨ ਲਈ ਛੰਦ-ਵਿਧਾਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਛੰਦ ਵਿਧੀਆਂ ਦੁਆਰਾ ਕਾਵਿ-

ਪੰਕਤੀਆਂ ਵਿਚ ਅੱਖਰਾਂ ਜਾਂ ਮਾਤ੍ਰਾਵਾਂ ਦੀ ਗਿਣਤੀ ਮਿਣਤੀ ਨੂੰ ਸੁਨਿਸ਼ਚਿਤ ਕਰਨਾ ਹੀ ਛੰਦ-ਵਿਧਾਨ ਦਾ ਮੂਲ ਮੰਤਵ ਹੈ। ਛੰਦ ਨੂੰ 'ਪਿੰਗਲ' ਜਾਂ 'ਅਰੂਜ਼' ਵੀ ਕਿਹਾ ਜਾਂਦਾ ਹੈ। ਪੰਜਾਬੀ ਕਾਵਿ ਵਿਚ ਤਿੰਨ ਪ੍ਰਕਾਰ ਦੇ ਛੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ। 1. ਵਰਣਿਕ ਛੰਦ, ਜਿਸ ਵਿਚ ਕੇਵਲ ਵਰਣ ਜਾਂ ਅੱਖਰ ਗਿਣੇ ਜਾਂਦੇ ਹਨ, 2. ਮਾਤ੍ਰਿਕ ਛੰਦ, ਜਿਸ ਵਿਚ ਅੱਖਰਾਂ ਅਤੇ ਲਗਾਂ ਦੀਆਂ ਮਾਤ੍ਰਾਵਾਂ ਗਿਣੀਆਂ ਜਾਂਦੀਆਂ ਹਨ ਅਤੇ 3. ਗਣਿਕ ਛੰਦ, ਜਿਸ ਵਿਚ ਅੱਖਰਾਂ ਦੇ ਕੁਝ ਗਣਾਂ ਨੂੰ ਸੁਨਿਸ਼ਚਿਤ ਕਰਕੇ, ਸਮੁੱਚੀ ਕਵਿਤਾ ਵਿਚ ਨਿਭਾਇਆ ਜਾਂਦਾ ਹੈ। ਕਾਵਿ ਵਿਚ ਉਕਤ ਤੱਤਾਂ ਦੇ ਮਹੱਤਵ ਨੂੰ ਸਵੀਕਾਰ ਕੀਤਾ ਜਾਂਦਾ ਹੈ।

**11.9.2**ਗਲਪ ਦਾ ਰੂਪ ਕਾਵਿ ਨਾਲੋਂ ਭਿੰਨ ਹੁੰਦਾ ਹੈ। ਗਲਪ ਦੀਆਂ ਜ਼ਰੂਰਤਾਂ ਵੱਖਰੀਆਂ ਹੋਣ ਕਰਕੇ ਇਸ ਦੇ ਤੱਤ ਵੀ ਵੱਖਰੇ ਹੁੰਦੇ ਹਨ। ਗਲਪ ਵਿਚ ਕਥਾਨਕ ਅਤੇ ਪਾਤਰ ਚਿਤ੍ਰਣ ਉਪਰ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਕਥਾਨਕ, ਕਹਾਣੀ ਦੀਆਂ ਵੱਖ-ਵੱਖ ਤੰਦਾਂ ਨੂੰ ਕਲਾਤਮਕ ਢੰਗ ਨਾਲ ਬੀੜਨ ਦਾ ਨਾਮ ਹੈ। ਗਲਪ ਦੀ ਹਰ ਵਿਧਾ ਵਿਚ ਮਨੁੱਖੀ ਜੀਵਨ ਦੇ ਛੋਟੇ ਜਾਂ ਵੱਡੇ ਭਾਗ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਇਸ ਪੇਸ਼ਕਾਰੀ ਨੂੰ ਮੁਕੰਮਲ ਕਰਨ ਲਈ ਬਹੁਤ ਸਾਰੀਆਂ ਘਟਨਾਵਾਂ ਅਤੇ ਵੇਰਵਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕੋਈ ਵੀ ਘਟਨਾ ਕਿਸੇ ਨਿਸ਼ਚਿਤ ਕਾਲ-ਖੰਡ ਵਿਚ ਵਾਪਰਦੀ ਹੈ। ਗਲਪਕਾਰ ਇਸ ਕਾਲ-ਖੰਡ ਨੂੰ ਆਪਣੀ ਲੋੜ ਅਨੁਸਾਰ ਅੱਗੇ -ਪਿੱਛੇ ਖਿਸਕਾ ਲੈਂਦਾ ਹੈ। ਕੋਈ ਲੇਖਕ ਕਹਾਣੀ ਨੂੰ ਆਰੰਭ ਤੋਂ ਸ਼ੁਰੂ ਕਰਦਾ ਹੈ, ਕੋਈ ਮੱਧ ਵਿਚੋਂ ਸ਼ੁਰੂ ਕਰਕੇ ਪਿਛੇ ਰਹਿ ਗਏ ਵੇਰਵਿਆਂ ਨੂੰ ਹੌਲੀ ਹੌਲੀ ਕਹਾਣੀ ਦੀ ਲੋੜ ਅਨੁਸਾਰ ਸਮੇਂ-ਸਮੇਂ ਬਿਆਨ ਕਰਦਾ ਰਹਿੰਦਾ ਹੈ ਅਤੇ ਕੋਈ ਹੋਰ ਲੇਖਕ ਕਹਾਣੀ ਨੂੰ ਬਿਲਕੁਲ ਅੰਤ ਤੋਂ ਸ਼ੁਰੂ ਕਰਦਾ ਹੈ ਅਤੇ ਪਿਛਲਾ-ਝਾਤ (flash-back) ਦੀ ਵਿਧੀ ਦੁਆਰਾ 'ਨੈਰੇਟ' ਕਰਦਾ ਹੈ। ਇਉਂ ਕਹਾਣੀ ਬਿਆਨ ਕਰਨ ਦੀਆਂ ਕਈ ਵਿਧੀਆਂ ਹੁੰਦੀਆਂ/ਹੋ ਸਕਦੀਆਂ ਹਨ। ਕਹਾਣੀ ਅਤੇ ਨਾਵਲ ਦਾ ਇਕ ਹੋਰ ਮਹੱਤਵਪੂਰਨ ਤੱਤ ਪਾਤਰ-ਚਿਤ੍ਰਣ ਹੈ। ਲੇਖਕ ਆਪਣੀਆਂ ਗਲਪ-ਰਚਨਾਵਾਂ ਵਿਚ ਜੀਵਨ ਦੇ ਕੁਝ ਪ੍ਰਤੀਨਿਧ ਪਾਤਰ ਪੇਸ਼ ਕਰਦੇ ਹਨ। ਇਨ੍ਹਾਂ ਪਾਤਰਾਂ ਨਾਲ ਕੁਝ ਘਟਨਾਵਾਂ ਵਾਪਰਦੀਆਂ ਹਨ, ਜਿਨ੍ਹਾਂ ਦੁਆਰਾ ਉਨ੍ਹਾਂ ਦੇ ਚਰਿੱਤਰ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ। ਪ੍ਰਸਿੱਧ ਆਲੋਚਕ ਈ.ਐਮ.ਫਾਰਸਟਰ ਅਨੁਸਾਰ ਪਾਤਰ ਦੋ ਪ੍ਰਕਾਰ ਦੇ ਹੁੰਦੇ ਹਨ : 1. ਚਪਟੇ (flat) ਪਾਤਰ, ਜੋ ਕਿਸੇ ਵੀ ਸਥਿਤੀ ਵਿਚ ਬਦਲਦੇ ਨਹੀਂ ਅਤੇ ਆਪਣੇ ਸੁਭਾਉ ਉਪਰ ਸਥਿਰ ਬਣੇ ਰਹਿੰਦੇ ਹਨ, ਅਤੇ 2. ਗੋਲ (round) ਪਾਤਰ, ਜੋ ਸਥਿਤੀਆਂ ਦੇ ਅਨੁਸਾਰ ਤਬਦੀਲ ਹੁੰਦੇ ਰਹਿੰਦੇ ਹਨ ਅਰਥਾਤ ਉਨ੍ਹਾਂ ਦੇ ਚਰਿੱਤਰ ਵਿਚ ਵਿਕਾਸ ਹੁੰਦਾ ਰਹਿੰਦਾ ਹੈ। ਫਾਰਸਟਰ 'ਰਾਊਂਡ' ਪਾਤਰਾਂ ਨੂੰ ਤਰਜੀਹ ਦਿੰਦਾ ਹੈ। ਗਲਪ ਵਿਚ ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ ਦਾ ਭਰਪੂਰ ਪ੍ਰਯੋਗ ਹੁੰਦਾ ਹੈ। ਇਸ ਕਾਰਨ ਇਨ੍ਹਾਂ ਨੂੰ ਵੀ ਗਲਪਕਾਰੀ ਦੇ ਪ੍ਰਮੁੱਖ ਤੱਤਾਂ ਵਿਚ ਗਿਣ ਲਿਆ ਜਾਂਦਾ ਹੈ।

**11.9.3**ਨਾਟਕ ਵਿਚ ਕਥਾਨਕ ਅਤੇ ਪਾਤਰਾਂ ਦੇ ਨਾਲ-ਨਾਲ ਵਾਰਤਾਲਾਪ ਅਤੇ ਰੰਗਮੰਚ ਦੀ ਵਿਸ਼ੇਸ਼ ਭੂਮਿਕਾ ਰਹਿੰਦੀ ਹੈ। ਸਾਹਿੱਤ ਦੇ ਇਸ ਰੂਪ ਵਿਚ ਲੇਖਕ ਆਪ ਆਪਣੇ ਵਲੋਂ ਕੁਝ ਨਹੀਂ ਕਹਿ ਸਕਦਾ। ਉਸ ਨੇ ਜੋ ਕੁਝ ਵੀ ਦੱਸਣਾ-ਦਿਖਾਉਣਾ ਹੁੰਦਾ ਹੈ, ਉਹ ਵਾਰਤਾਲਾਪ ਦੇ ਮਾਧਿਅਮ ਦੁਆਰਾ ਹੀ ਦੱਸਿਆ-ਦਿਖਾਇਆ ਜਾਂਦਾ ਹੈ। ਨਾਟਕੀ ਵਾਰਤਾਲਾਪ, ਰੋਜ਼-ਮੱਰਾ ਦੀ ਗੱਲ-ਬਾਤ ਨਾਲੋਂ ਵਧੇਰੇ ਚੁਸਤ, ਉੱਦੇਸ਼ ਪੂਰਨ ਅਤੇ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ ਤਾਂ ਹੀ ਇਹ ਦਰਸ਼ਕਾਂ ਨੂੰ ਆਪਣੇ ਨਾਲ ਬੰਨ੍ਹ ਕੇ ਰੱਖ ਸਕੇਗੀ। ਪੰਜਾਬੀ ਨਾਟਕ ਵਿਚ ਪ੍ਰੋ. ਆਈ.ਸੀ.ਨੰਦਾ, ਬਲਵੰਤ ਗਾਰਗੀ, ਚਰਨ ਦਾਸ ਸਿੱਧੂ ਅਤੇ ਅਜਮੇਰ ਸਿੰਘ ਔਲਖ, ਵਾਰਤਾਲਾਪ ਦੀ ਸਿਰਜਣਾ ਵਿਚ ਬਹੁਤ ਨਿਪੁੰਨ ਮੰਨੇ ਜਾਂਦੇ ਹਨ। ਨਾਟਕ ਵਿਚ ਕੁਝ ਐਕਟ ਅਤੇ ਦ੍ਰਿਸ਼ ਵੀ ਵਿਉਂਤਬੱਧ ਕੀਤੇ ਜਾਂਦੇ ਹਨ, ਜਿਨ੍ਹਾਂ ਦੁਆਰਾ ਸਮੇਂ ਅਤੇ ਸਥਾਨ ਦੀਆਂ ਤਬਦੀਲੀਆਂ ਨੂੰ ਪੇਸ਼ ਕੀਤਾ ਜਾਂਦਾ ਹੈ। ਨਾਟਕ ਦਾ ਸਭ ਤੋਂ ਮਹੱਤਵਪੂਰਨ ਤੱਤ ਰੰਗਮੰਚ ਹੈ। ਇਸ ਨੂੰ ਕੁਝ ਪਾਤਰਾਂ ਦੇ ਮਾਧਿਅਮ ਦੁਆਰਾ ਰੰਗਮੰਚ ਉਤੇ ਖੇਡਿਆ (ਅਭਿਨੀਤ ਕੀਤਾ) ਜਾਂਦਾ ਹੈ। ਰੰਗਮੰਚ ਦੀਆਂ ਕਈ ਵੰਨਗੀਆਂ ਹੋ ਸਕਦੀਆਂ ਹਨ : ਯਥਾਰਥਵਾਦੀ ਰੰਗ ਮੰਚ, ਪ੍ਰਭਾਵਵਾਦੀ ਰੰਗਮੰਚ, ਪ੍ਰਤੀਕਵਾਦੀ ਰੰਗਮੰਚ, ਕਲਪਣਾਤਮਕ ਰੰਗਮੰਚ, ਐਪਿਕ ਰੰਗਮੰਚ, ਲੋਕ ਰੰਗਮੰਚ ਆਦਿਕ। ਰੰਗਮੰਚ ਉਪਰ

ਅਭਿਨੈ ਕਰਨ ਵਾਲੇ ਪਾਤਰਾਂ ਦਾ ਉਨ੍ਹਾਂ ਦੇ ਚਰਿੱਤਰ ਅਨੁਸਾਰ ਮੇਕਅੱਪ ਕੀਤਾ ਜਾਂਦਾ ਹੈ। ਨਾਟਕ ਦੀ ਲੋੜ ਅਨੁਸਾਰ ਉਨ੍ਹਾਂ ਨੂੰ ਪੋਸ਼ਾਕ (costume) ਪਹਿਨਾਈ ਜਾਂਦੀ ਹੈ। ਪਾਤਰਾਂ ਦੇ ਰੰਗ-ਮੰਚ ਉਪਰ ਫੇਰੇ-ਤੋਰੇ ਨੂੰ ਸੁਨਿਸ਼ਚਿਤ ਕਰਨ ਵਾਸਤੇ 'ਬਲਾਕਿੰਗ' ਦੀ ਤਕਨੀਕ ਵਰਤੀ ਜਾਂਦੀ ਹੈ। ਪ੍ਰਕਾਸ਼, ਸੰਗੀਤ, ਪਰਦਾ (curtain), ਪਰਾਪਰਟੀ ਅਤੇ ਦ੍ਰਿਸ਼ ਵਿਉਂਤ (ਸਟੇਜ ਡੀਜ਼ਾਈਨਿੰਗ) ਨਾਟਕ ਦੇ ਕੁਝ ਹੋਰ ਮਹੱਤਵਪੂਰਨ ਤੱਤ ਹਨ, ਜਿਹੜੇ ਨਾਟਕੀ ਪੇਸ਼ਕਾਰੀ ਨੂੰ ਪ੍ਰਭਾਵਸ਼ਾਲੀ ਅਤੇ ਜੀਵਨ-ਵਰਗਾ (life-like) ਬਣਾਉਂਦੇ ਹਨ। ਇਨ੍ਹਾਂ ਤੱਤਾਂ ਦੇ ਕੁਸ਼ਲ ਪ੍ਰਯੋਗ ਅਤੇ ਪੇਸ਼ਕਾਰੀ ਲਈ ਕੀਤੀਆਂ ਰੀਹਰਸਲਾਂ ਦੁਆਰਾ ਹੀ ਕਿਸੇ ਨਾਟਕ ਨੂੰ ਸਫ਼ਲਤਾ ਸਹਿਤ ਰੰਗਮੰਚ ਉਪਰ ਪ੍ਰਸਤੁਤ ਕੀਤਾ ਜਾ ਸਕਦਾ ਹੈ।

### 11.10.1 ਨਿਸ਼ਕਰਸ਼

ਜਿਵੇਂ-ਜਿਵੇਂ ਆਰਥਿਕ ਪਦਾਰਥਕ ਢਾਂਚਾ ਤਬਦੀਲ ਹੁੰਦਾ ਜਾਂਦਾ ਹੈ। ਸਾਹਿੱਤ ਅਤੇ ਕਲਾ ਦੇ ਹੋਰ ਰੂਪ ਵੀ ਉਸੇ ਤਰ੍ਹਾਂ ਨਾਲ ਬਦਲਦੇ ਰਹਿੰਦੇ ਹਨ। ਆਰਥਿਕ-ਪਦਾਰਥਕ ਢਾਂਚਾ ਉਹ ਆਧਾਰ-ਪ੍ਰਬੰਧ ਹੈ, ਜਿਸ ਉਪਰ ਸਾਹਿੱਤ, ਕਾਨੂੰਨ ਅਤੇ ਸੱਭਿਆਚਾਰ ਦੇ ਕੁਝ ਹੋਰ ਅੰਗ ਉਸਰਦੇ ਹਨ। ਪੂਰਵ ਖੇਤੀਬਾੜੀ ਸਮਾਜ ਤੋਂ ਲੈ ਕੇ ਆਧੁਨਿਕ ਉਪਭੋਗਵਾਦੀ ਸਮਾਜ ਤਕ ਸਾਹਿੱਤ ਦੇ ਸੁਰੂਪ ਅਤੇ ਪ੍ਰਕਿਰਤੀ ਵਿਚ ਬਹੁਤ ਤਬਦੀਲੀ ਆ ਗਈ ਹੈ। ਫਿਰ ਵੀ ਮਨੁੱਖੀ ਅਨੁਭਵ, ਕਲਪਣਾ, ਭਾਵਨਾ ਅਤੇ ਸਾਹਿੱਤ ਦੇ ਸ਼ਿਲਪਗਤ ਪਹਿਲੂ ਆਦਿਕ ਕੁਝ ਅਜਿਹੇ ਤੱਤ ਹਨ, ਜਿਹੜੇ ਹਰ ਯੁਗ ਦੇ ਸਾਹਿੱਤ ਵਿਚ ਮੌਜੂਦ ਰਹੇ ਹਨ। ਇਨ੍ਹਾਂ ਤੱਤਾਂ ਦੇ ਵਿਸ਼ਲੇਸ਼ਣ ਦੁਆਰਾ ਅਸੀਂ ਕਿਸੇ ਯੁਗ ਵਿਚ ਰਚੇ ਗਏ ਸਾਹਿੱਤ ਦੀ ਪ੍ਰਕਿਰਤੀ ਨੂੰ ਜਾਣ-ਸਮਝ ਸਕਦੇ ਹਾਂ। ਹਰ ਯੁਗ ਵਿਚ ਸਾਹਿੱਤ ਦਾ ਬੁਨਿਆਦੀ ਖਾਸਾ ਪ੍ਰਗਤੀਸ਼ੀਲਤਾ ਅਤੇ ਮਨੁੱਖੀ ਕਲਿਆਣਕਾਰਤਾ ਆਦਿਕ ਪਹਿਲੂ ਰਹੇ ਹਨ। ਅਜੋਕੇ ਉਪਭੋਗਤਾਵਾਦੀ ਦੌਰ ਵਿਚ ਵੀ ਅਸੀਂ ਪ੍ਰਗਤੀਸ਼ੀਲਤਾ ਅਤੇ ਕਲਿਆਣਕਾਰਤਾ ਨੂੰ ਪ੍ਰਮਾਣਿਕ ਸਾਹਿੱਤ ਦੀ ਕਸੌਟੀ ਸਮਝਦੇ ਹਾਂ। ਸਾਹਿੱਤ ਦੇ ਅਧਿਐਨ ਵਿਸ਼ਲੇਸ਼ਣ ਲਈ ਇਸ ਦੇ ਤੱਤਾਂ ਬਾਰੇ ਜਾਣਕਾਰੀ ਅਤਿ ਆਵੱਸ਼ਕ ਹੈ।

– – – –

### ਉਕਤ-ਪਾਠ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।

1. ਸਾਹਿੱਤ ਵਿਚ ਅਨੁਭਵ ਦਾ ਕੀ ਮਹੱਤਵ ਹੈ?
2. ਸਾਹਿੱਤ ਵਿਚ ਕਲਪਨਾ ਅਤੇ ਭਾਵਨਾ ਦੇ ਮਹੱਤਵ ਉੱਤੇ ਇਕ ਨੋਟ ਲਿਖੋ।
3. ਸਾਹਿੱਤ ਦੇ ਸ਼ਿਲਪਗਤ ਪਹਿਲੂ ਬਾਰੇ ਵਿਚਾਰ ਪ੍ਰਗਟ ਕਰੋ।
4. 'ਸਾਹਿੱਤ ਸਮਾਜ ਦਾ ਸ਼ੀਸ਼ਾ ਹੈ''-ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ? ਪੰਜਾਬੀ ਸਾਹਿਤ ਵਿਚੋਂ ਉਦਾਹਰਣਾਂ ਸਹਿਤ ਸਮਝਾਉ। (ਅਪਰੈਲ 2000)
5. ਸਾਹਿੱਤ ਦੇ ਤੱਤਾਂ ਬਾਰੇ ਜਾਣਕਾਰੀ ਦਿਓ। (ਅਪਰੈਲ 2004, ਅਪਰੈਲ 2010, ਅਪਰੈਲ 2011, ਅਪਰੈਲ 2012)
6. ਸਾਹਿਤ ਦੀ ਪਰਿਭਾਸ਼ਾ ਅਤੇ ਤੱਤਾਂ ਬਾਰੇ ਚਰਚਾ ਕਰੋ। (ਅਪਰੈਲ 2013)

ਪਾਠ ਨੰ: 1.12 — ਪ੍ਰੋ. ਬ੍ਰਹਮਜਗਦੀਸ਼ ਸਿੰਘ

## ਸਾਹਿੱਤ ਅਤੇ ਹੋਰ ਗਿਆਨ-ਵਿਗਿਆਨ (ਸਮਾਜ, ਮਨੋਵਿਗਿਆਨ, ਇਤਿਹਾਸ)

### 12.1 **ਭੂਮਿਕਾ** :

ਸਾਹਿੱਤ ਦਾ ਕਾਰਜ ਖੇਤਰ ਮਨੁੱਖੀ ਜੀਵਨ ਜਿਤਨਾ ਹੀ ਵਿਸ਼ਾਲ ਅਤੇ ਵਿਆਪਕ ਹੈ। ਮਨੁੱਖੀ ਜੀਵਨ ਨੂੰ ਸਮਝਣ ਲਈ, ਇਸਦਾ ਰੀਕਾਰਡ ਰੱਖਣ ਲਈ ਅਤੇ ਇਸ ਨੂੰ ਦਿਸ਼ਾ-ਨਿਰਦੇਸ਼ ਦੇਣ ਲਈ, ਗਿਆਨ-ਵਿਗਿਆਨ ਦੇ ਜਿੰਨੇ ਵੀ ਸੋਮੇ ਲੋੜੀਂਦੇ ਹਨ। ਉਨਾਂ ਸਾਰਿਆਂ ਦਾ ਸਾਹਿੱਤ ਕਾਲ ਵੀ ਡੂੰਘਾ ਸੰਬੰਧ ਹੈ। ਸਾਹਿੱਤ ਨਾ ਕੇਵਲ ਜੀਵਨ ਦਾ ਅਨੁਕਰਣ (imitation) ਕਰਦਾ ਹੈ ਬਲਕਿ ਇਸਦੀ ਸਿਰਜਣਾਤਮਕ ਵਿਆਖਿਆ ਵੀ ਕਰਦਾ ਹੈ। ਇਹ ਮਨੁੱਖੀ ਜੀਵਨ ਦੀ ਆਲੋਚਨਾਤਮਕ ਤਸਵੀਰ ਪੇਸ਼ ਕਰਦਾ ਹੈ, ਤਾਂ ਜੋ ਮਨੁੱਖ ਚੰਗੀਆਂ ਜਾਂ ਉਚੇਰੀਆਂ ਕਦਰਾਂ-ਕੀਮਤਾਂ ਨਾਲ ਜੁੜਿਆ ਰਹੇ, ਉਨ੍ਹਾਂ ਦੀ ਸਲਾਮਤੀ ਵਾਸਤੇ ਡਟ ਕੇ ਸੰਘਰਸ਼ ਕਰੇ ਅਤੇ ਬੁਰੀਆਂ ਜਾਂ ਪਿਛਾਂਹ-ਖਿਚੂ ਕਦਰਾਂ ਕੀਮਤਾਂ ਨੂੰ ਤਜਦਾ ਰਹੇ; ਉਨ੍ਹਾਂ ਦੇ ਖ਼ਤਰਨਾਕ ਸਿੱਟਿਆਂ ਬਾਰੇ ਲੋਕ ਸਮੂਹ ਨੂੰ ਜਾਗ੍ਰਿਤ ਕਰਦਾ ਰਹੇ। ਇਸ ਪਾਠ ਵਿਚ ਅਸੀਂ ਸਾਹਿੱਤ-ਰਚਨਾਵਾਂ ਦੇ ਸਮਾਜ, ਮਨੋਵਿਗਿਆਨ ਅਤੇ ਇਤਿਹਾਸ ਨਾਲ ਅੰਤਰ-ਸੰਬੰਧਾਂ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ। ਹਰ ਚੰਗਾ ਸਾਹਿੱਤਕਾਰ ਜਿਥੇ ਸਮਾਜ, ਮਨੋਵਿਗਿਆਨ ਅਤੇ ਇਤਿਹਾਸ ਵਿਚੋਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਕਰਦਾ ਹੈ, ਉਥੇ ਉਹ ਇਨ੍ਹਾਂ ਅਨੁਸ਼ਾਸਨਾਂ ਨੂੰ ਆਪਣੀਆਂ ਲਿਖਤਾਂ ਦੁਆਰਾ ਵਧੇਰੇ ਅਮੀਰ ਅਤੇ ਪੂਰਨ ਬਣਾਉਂਦਾ ਚਲਾ ਜਾਂਦਾ ਹੈ। ਸਾਹਿੱਤਿਕ ਕਿਰਤਾਂ ਦੀ ਪੁਣ-ਛਾਣ ਕਰਨ ਲਈ ਅਤੇ ਇਨ੍ਹਾਂ ਵਿਚ ਪੇਸ਼ ਵਸਤੂ-ਸਾਮਗਰੀ ਨੂੰ ਠੀਕ ਰੂਪ ਵਿਚ ਸਮਝਣ ਲਈ ਸਾਨੂੰ ਸਮਾਜ, ਮਨੋਵਿਗਿਆਨ ਅਤੇ ਇਤਿਹਾਸ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

### 12.2 **ਉੱਦੇਸ਼** :

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸਾਹਿੱਤ ਨਾਲ ਸੰਬੰਧਤ ਗਿਆਨ-ਵਿਗਿਆਨ ਦੇ ਹੋਰ ਖੇਤਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਸਾਹਿੱਤ ਦੇ ਰੂਪ ਸਮਾਜ, ਮਨੋਵਿਗਿਆਨ ਅਤੇ ਇਤਿਹਾਸ ਨਾਲ ਬੜੇ ਡੂੰਘੇ ਤੌਰ ਤੇ ਜੁੜੇ ਰਹਿੰਦੇ ਹਨ। ਸਮਾਜ ਵਿਚ ਜੋ ਤਬਦੀਲੀਆਂ ਆਉਂਦੀਆਂ ਹਨ, ਸਾਹਿੱਤਕਾਰ ਉਨ੍ਹਾਂ ਨੂੰ ਬੜੇ ਧਿਆਨ ਨਾਲ ਵੇਖਦਾ ਹੈ ਅਤੇ ਇਨ੍ਹਾਂ ਤਬਦੀਲੀਆਂ ਬਾਰੇ ਆਪਣੀ ਰਾਇ ਦਾ ਇਜ਼ਹਾਰ ਬੜੇ ਸੁਝਾਊ, ਸੂਖਮ ਅਤੇ ਮਾਨਵ ਹਿੱਤਕਾਰੀ ਅੰਦਾਜ਼ ਵਿਚ ਕਰਦਾ ਹੈ। ਉਹ ਆਮ ਆਦਮੀ ਦੀਆਂ ਸਮੱਸਿਆਵਾਂ ਅਤੇ ਸਰੋਕਾਰਾਂ ਦੀ ਪੇਸ਼ਕਾਰੀ ਕਰਕੇ ਸਮਾਜ ਨੂੰ ਕਲਿਆਣਕਾਰੀ ਅਤੇ ਲੋਕਪੱਖੀ ਬਣਾਉਣਾ ਲੋਚਦਾ ਹੈ। ਇਸੇ ਤਰ੍ਹਾਂ ਉਹ ਆਪਣੇ ਪਾਤਰਾਂ ਦੀ ਮਨੋਸਥਿਤੀ ਦਾ ਵੀ ਵਿਸ਼ਲੇਸ਼ਣ ਕਰਦਾ ਹੈ। ਉਹ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਕਿਸੇ ਸਮਾਜ ਵਿਚ ਰਹਿਣ ਵਾਲੇ ਲੋਕ ਅਸੰਤੁਸ਼ਟ ਅਤੇ ਬੇਚੈਨ ਕਿਉਂ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਕਿਵੇਂ ਸੰਤੁਸ਼ਟ ਅਤੇ ਸਹਿਜ ਜਾਂ ਸ਼ਾਂਤ ਬਣਾਇਆ ਜਾ ਸਕਦਾ ਹੈ। ਜੇ ਸਮਾਜ ਵਿਚ ਰਹਿਣ ਵਾਲੇ ਬਹੁਤੇ ਲੋਕ ਖੁਸ਼ ਅਤੇ ਸੰਤੁਸ਼ਟ ਨਹੀਂ ਹਨ ਤਾਂ ਇਸਦਾ ਅਰਥ ਇਹ ਹੈ ਕਿ ਸਮਾਜ ਨੂੰ ਤਬਦੀਲ ਕਰਨ ਦੀ ਲੋੜ ਹੈ। ਇਕ ਚੰਗਾ ਸਾਹਿੱਤਕਾਰ ਉਨ੍ਹਾਂ ਖੇਤਰਾਂ ਉਪਰ ਉਂਗਲ ਧਰਦਾ ਹੈ, ਜਿਥੇ ਤਬਦੀਲੀ ਦੀ ਜ਼ਰੂਰਤ ਹੈ। ਸਾਹਿੱਤ ਦਾ ਇਤਿਹਾਸ ਨਾਲ ਵੀ ਬਹੁਤ ਡੂੰਘਾ ਸੰਬੰਧ ਹੈ। ਬਹੁਤੇ ਸਾਹਿੱਤਕਾਰ ਆਪਣੀ ਵਸਤੂ-ਸਾਮਗਰੀ ਇਤਿਹਾਸ ਵਿਚੋਂ ਲੈਂਦੇ ਹਨ ਅਤੇ ਦੱਸਦੇ ਹਨ ਕਿ ਕਿਵੇਂ ਕੁਝ ਲੋਕਾਂ ਵੱਲੋਂ ਲਏ ਗਏ ਗ਼ਲਤ ਫ਼ੈਸਲਿਆਂ ਜਾਂ ਉਨ੍ਹਾਂ ਦੀ ਲਾਪਰਵਾਹੀ ਦੇ ਸਦਕਾ ਕਿਸੇ ਦੇਸ਼ ਨੂੰ ਗ਼ੁਲਾਮ ਹੋਣਾ ਪਿਆ, ਜਾਂ ਹੋਰ ਅਨੇਕ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਸਾਹਿੱਤ ਨਾਲ ਸੰਬੰਧਿਤ ਇਹ ਸਾਰੇ ਅਨੁਸ਼ਾਸਨ, ਵਿਦਿਆਰਥੀਆਂ ਦੀ ਸਾਹਿੱਤ ਬਾਰੇ

ਜਾਣਕਾਰੀ ਨੂੰ ਵਧੇਰੇ ਪ੍ਰਮਾਣਿਕ ਬਣਾਉਂਦੇ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਖੇਤਰਾਂ ਦਾ ਅਧਿਐਨ ਬਹੁਤ ਜ਼ਰੂਰੀ ਅਤੇ ਲਾਭਕਾਰੀ ਹੈ।

**12.3.1 ਸਾਹਿੱਤ ਅਤੇ ਸਮਾਜ:**

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਹ ਆਪਣਾ ਆਚਾਰ-ਵਿਹਾਰ, ਬੋਲ-ਬਾਣੀ ਅਤੇ ਰਹਿਣ-ਸਹਿਣ ਸਮਾਜ ਤੋਂ ਸਿੱਖਦਾ ਹੈ। ਇਸ ਕਾਰਨ ਸਾਹਿੱਤਕਾਰ ਲੋਕ ਸਮਾਜ ਤੋਂ ਵੱਖਰੇ ਨਹੀਂ ਹੁੰਦੇ। ਹਰ ਸਾਹਿੱਤਕਾਰ ਦੇ ਨਿਰਮਾਣ ਵਿਚ ਉਸਦੇ ਸਮਾਜ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਉਹ ਆਪਣੇ ਵਿਸ਼ੇ, ਵਸਤੂ-ਸਾਮਗਰੀ, ਉਦੇਸ਼ ਅਤੇ ਸਰੋਕਾਰ ਆਪਣੇ ਸਮਾਜ ਤੋਂ ਪ੍ਰਾਪਤ ਕਰਦਾ ਹੈ। ਪੰਜਾਬੀ ਸਾਹਿੱਤਕਾਰ ਨਾ ਕੇਵਲ ਸਮਾਜ ਨਾਲ ਜੁੜੇ ਰਹੇ ਹਨ ਬਲਕਿ ਸਮਾਜਿਕ ਬੁਰਾਈਆਂ ਅਤੇ ਕੁਰੀਤੀਆਂ ਦੂਰ ਕਰਨ ਵਿਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਸ਼ੇਖ਼ ਫ਼ਰੀਦ ਜੀ ਆਪਣੇ ਸਮੇਂ ਦੇ ਸਮਾਜ ਦਾ ਵਿਸ਼ਲੇਸ਼ਣ ਕਰਕੇ ਇਹ ਸਿੱਟਾ ਕੱਢਦੇ ਹਨ ਕਿ ਜਾਗੀਰਦਾਰੀ ਯੁਗ ਵਿਚ ਲੋਕ ਧਨ ਅਤੇ ਜਾਇਦਾਦ ਦੇ ਗ਼ੁਲਾਮ ਬਣਦੇ ਜਾ ਰਹੇ ਹਨ। ਉਹ ਕਾਮ-ਕ੍ਰੋਧ ਆਦਿਕ ਵਿਕਾਰਾਂ ਦਾ ਸ਼ਿਕਾਰ ਬਣ ਗਏ ਹਨ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਮਾਨਵੀ ਗੁਣ-ਲੱਛਣ ਲੋਪ ਹੋ ਗਏ ਹਨ। ਇਸ ਕਾਰਨ ਉਹ ਮਨੁੱਖ ਨੂੰ ਚੰਗਾ ਇਨਸਾਨ ਬਣਨ ਦਾ ਉਪਦੇਸ਼ ਦਿੰਦੇ ਹਨ। ਫ਼ਰੀਦ ਜੀ ਦੇ ਯੁਗ ਵਿਚ ਲੋਕ ਪਾਖੰਡੀ ਹੁੰਦੇ ਜਾ ਰਹੇ ਸਨ। ਉਨ੍ਹਾਂ ਦੇ ਦਿਲ ਵਿਚ ਕੁਝ ਹੋਰ ਹੁੰਦਾ ਸੀ, ਮੁਖ ਉੱਤੇ ਕੁਝ ਹੋਰ। ਆਪ ਨੇ ਲੋਕਾਂ ਨੂੰ ਅੰਦਰੋਂ-ਬਾਹਰੋਂ ਇਕ ਹੋਣ ਦਾ ਉਪਦੇਸ਼ ਦਿੱਤਾ। ਅੰਦਰੋਂ-ਬਾਹਰੋਂ ਇਕ ਹੋਣ ਵਾਲਾ ਵਿਅਕਤੀ ਸੱਚਾ-ਸੁੱਚਾ ਹੁੰਦਾ ਹੈ। ਉਹ ਨਿਰਭੈ ਹੋ ਜਾਂਦਾ ਹੈ। ਸ਼ੇਖ਼ ਫ਼ਰੀਦ ਇਹ ਜਿਹੇ ਨਿਰਭੈ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ। ਦੇਖੋ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੇ ਨਾ ਦੇਹਿ।।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।

**12.3.2** ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਵੀ ਵਿਅਕਤੀ ਨੂੰ ਸੱਚਾ ਅਤੇ ਸਚਿਆਰਾ ਵੇਖਣਾ ਲੋਚਦੇ ਸਨ। ਗੁਰੂ ਨਾਨਕ ਦੇਵ ਜੀ 'ਸਚਿਆਰਾ' ਬਣਨ ਲਈ ਪ੍ਰਭੂ ਦੀ ਇੱਛਾ ਉੱਪਰ ਚੱਲਣ ਦਾ ਉਪਦੇਸ਼ ਦਿੰਦੇ ਹਨ : ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ।। ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ।। ਗੁਰੂ ਨਾਨਕ ਦੇਵ ਜੀ ਦੇ ਯੁਗ ਵਿਚ ਰਾਜਤੰਤਰ ਜ਼ਾਲਮ, ਭ੍ਰਸ਼ਟ ਅਤੇ ਦੁਰਾਚਾਰੀ ਬਣ ਚੁੱਕਾ ਸੀ। ਆਮ ਲੋਕ ਵਹਿਮਾਂ-ਭਰਮਾਂ ਦੇ ਅਨ੍ਹੇਰੇ ਵਿਚ ਫਸ ਕੇ ਭਟਕ ਰਹੇ ਸਨ। ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਵਾਸਤੇ ਉਨ੍ਹਾਂ ਦੇ ਖਾਣ-ਪਾਣ ਅਤੇ ਭਾਸ਼ਾ ਨੂੰ ਅਪਣਾਇਆ ਜਾਣ ਲੱਗਾ ਸੀ। ਇਸਤ੍ਰੀ ਜਾਤੀ ਦੀ ਬੇਪੱਤੀ ਹੋ ਰਹੀ ਸੀ ਅਤੇ ਆਮ ਆਦਮੀ ਦੀ ਬਾਂਹ ਫੜਨ ਵਾਲੀ ਕੋਈ ਧਿਰ ਨਹੀਂ ਸੀ। ਗੁਰੂ ਸਾਹਿਬ ਸਮਾਜ ਵਿਚ ਆਈ ਇਸ ਅਧੋਗਤੀ ਦੀ ਤਸਵੀਰ ਖਿੱਚ ਕੇ ਇਸ ਨੂੰ ਬਦਲਣ ਦੀ ਪ੍ਰੇਰਣਾ ਕਰਦੇ ਹਨ। ਦੇਖੋ:

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖਿ ਕਰਿ ਉਡਰਿਆ।।
ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ।।
ਹਉ ਭਾਲਿ ਵਿਕੁੰਨੀ ਹੋਈ।।
ਆਧੇਰੈ ਰਾਹ ਨਹੀਂ ਕੋਈ।।

**12.3.3** ਕਿੱਸਾ ਕਵੀਆਂ ਵਿਚੋਂ ਵਾਰਿਸ ਸ਼ਾਹ ਉੱਤਰ-ਮੁਗਲਕਾਲੀਨ ਸਮਾਜ ਦੀਆਂ ਢਹਿ-ਢੇਰੀ ਹੁੰਦੀਆਂ ਜਾ ਰਹੀਆਂ ਸੰਸਥਾਵਾਂ ਦੀ ਆਲੋਚਨਾਤਮਕ ਤਸਵੀਰ ਪੇਸ਼ ਕਰਦਾ ਹੈ। ਉਸ ਅਨੁਸਾਰ ਹਾਕਮ ਸ਼੍ਰੇਣੀ ਪੂਰੀ ਤਰ੍ਹਾਂ ਪਤਿਤ ਹੋ ਚੁੱਕੀ ਸੀ। ਚਾਰੇ ਪਾਸੇ ਲੁੱਟ-ਖਸੁੱਟ ਦਾ ਸਾਮਰਾਜ ਸੀ। ਕਾਜ਼ੀ ਲੋਕ ਵੱਢੀ ਲੈ ਕੇ ਫ਼ੈਸਲੇ ਕਰਦੇ ਸਨ। ਇਸਤ੍ਰੀ ਦੀ ਕੋਈ ਸੁਣਵਾਈ ਨਹੀਂ ਸੀ, ਉਸ ਨੂੰ ਕਿਸੇ ਕਿਸਮ ਦਾ ਕੋਈ ਅਧਿਕਾਰ ਪ੍ਰਾਪਤ ਨਹੀਂ ਸੀ। ਸਮਾਜ ਦੇ ਚੌਧਰੀ ਆਪਣੀ ਮਰਜ਼ੀ ਨਾਲ ਜਿਥੇ ਚਾਹੁਣ, ਉਸ ਨੂੰ ਨਰੜ ਦਿੰਦੇ ਸਨ। ਹੀਰ ਵਰਗੀਆਂ ਸੁੰਦਰ ਅਤੇ ਸੁਤੰਤਰ ਤਬੀਅਤ ਮੁਟਿਆਰਾ ਵੀ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣ ਵਿਚ ਅਸਫ਼ਲ ਰਹਿ ਗਈਆਂ। ਆਪਣੇ ਸਮੇਂ ਦੇ ਭ੍ਰਸ਼ਟ

ਸਮਾਜ ਦਾ ਚਿਤ੍ਰਣ ਕਰਦਾ ਹੋਇਆ ਵਾਰਿਸ ਸ਼ਾਹ ਲਿਖਦਾ ਹੈ:

ਹਜ਼ਰਤ ਕਾਜ਼ੀ ਤੇ ਪੈਂਚ ਸਦਾਇ ਸਾਰੇ, ਭਈਆਂ ਜ਼ਿਮੀਂ ਨੂੰ ਕੱਛ ਪਵਾਈਆ ਈ।
ਵੱਢੀ ਦੇਇ ਕੇ ਭੁਈਂ ਦੇ ਬਣੇ ਵਾਰਿਸ, ਬੰਜਰ ਜ਼ਿਮੀਂ ਰੰਝੇਟੇ ਨੂੰ ਆਈਆ ਈ।
(ਬੰਦ 13)

ਯਾਰੋ ਠੱਗ ਸਿਆਲ ਤਹਿਕੀਕ ਜਾਣੋ, ਧੀਆਂ ਠੱਗਣੀਆਂ ਦਗ਼ਾ ਕਮਾਵੰਦੇ ਨੇ।
ਕੌਲ ਹਾਰ ਜ਼ਬਾਨ ਦਾ ਸਾਕ ਖੋਹਵਣ, ਪੈਵੰਦ ਹੋਰ ਦਾ ਹੋਰ ਥਾਂ ਲਾਵੰਦੇ ਨੇ।
ਪੁਰ ਠੱਗ ਸਰਦਾਰ ਦਾ ਸਿੱਠਿਆਂ ਹੋ, ਉਹਨੂੰ ਮਹੀਂ ਦਾ ਚਾਕ ਬਣਾਵੰਦੇ ਨੇ।
ਦਾੜ੍ਹੀ ਸ਼ੇਖਾਂ ਦੀ ਛੁਰਾ ਕਸਾਈਆਂ ਦਾ, ਬਹਿ ਪਰ੍ਹੇ ਵਿਚ ਪੈਚ ਸਦਾਵੰਦੇ ਨੇ।
(ਬੰਦ 221)

**12.3.4**ਆਧੁਨਿਕ ਕਾਲ ਵਿਚ ਪੂੰਜੀਵਾਦ ਦੀ ਸਥਾਪਨਾ ਹੋ ਜਾਣ ਨਾਲ ਸਮਾਜਿਕ-ਸਮੱਸਿਆਵਾਂ ਵਿਚ ਤਬਦੀਲੀ ਆ ਗਈ। ਪੜ੍ਹਾਈ-ਲਿਖਾਈ ਦੇ ਕਾਰਨ ਲੋਕਾਂ ਨੂੰ ਸਮਾਜਿਕ-ਸਭਿਆਚਾਰਕ ਢਾਂਚੇ ਬਾਰੇ ਨਵੀਂ ਚੇਤਨਾ ਪ੍ਰਾਪਤ ਹੋ ਗਈ। ਇਸ ਸੂਰਤ ਵਿਚ ਸ. ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਅਤੇ ਸੋਹਣ ਸਿੰਘ ਸੀਤਲ ਵਰਗੇ ਨਾਵਲਕਾਰਾਂ ਨੇ ਫ਼ਿਰਕਾਪ੍ਰਸ਼ਤੀ, ਜ਼ਾਤ-ਪਾਤ, ਇਸਤ੍ਰੀ ਦੀ ਅਧੋਗਤੀ, ਕਿਸਾਨੀ ਦੇ ਸੰਕਟ ਅਤੇ ਬੇਰੁਜ਼ਗਾਰੀ ਆਦਿ ਸਮਾਜਿਕ ਸਮੱਸਿਆਵਾਂ ਦੇ ਵਿਰੁੱਧ ਬਹੁਤ ਜ਼ੋਰਦਾਰ ਢੰਗ ਨਾਲ ਲਿਖਿਆ। ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਸੁਜਾਨ ਸਿੰਘ, ਸੰਤੋਖ ਸਿੰਘ ਧੀਰ ਅਤੇ ਕੁਲਵੰਤ ਸਿੰਘ ਵਿਰਕ ਨੇ ਨਿੱਕੀ ਕਹਾਣੀ ਦੇ ਮਾਧਿਅਮ ਦੁਆਰਾ ਸਮਾਜ ਅਤੇ ਸੱਭਿਆਚਾਰ ਵਿਚ ਆਈਆਂ ਕੁਰੀਤੀਆਂ ਅਤੇ ਵਿਕ੍ਰਤੀਆਂ ਨੂੰ ਬੇਨਕਾਬ ਕੀਤਾ। ਆਧੁਨਿਕ ਪੰਜਾਬੀ ਕਾਵਿ ਦੇ ਪ੍ਰਸੰਗ ਵਿਚ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਅਤੇ ਸੁਰਜੀਤ ਪਾਤਰ ਵਰਗੇ ਕਵੀਆਂ ਨੇ ਪੂੰਜੀਵਾਦੀ ਵਿਕਾਰਾਂ ਦਾ ਨਿਖੇਧ ਕਰਕੇ ਇਕ ਸਵਸਥ, ਸੰਤੁਲਿਤ ਅਤੇ ਸੁਤੰਤਰ ਸਮਾਜ ਦੀ ਸਿਰਜਣਾ ਦੀ ਪ੍ਰੇਰਣਾ ਦਿੱਤੀ। ਨਾਟਕ ਦੇ ਖੇਤਰ ਵਿਚ ਪ੍ਰੋ. ਆਈ.ਸੀ.ਨੰਦਾ, ਡਾ. ਹਰਚਰਨ ਸਿੰਘ, ਬਲਵੰਤ ਗਾਰਗੀ ਅਤੇ ਪ੍ਰੋ. ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਅਤੇ ਰੰਗਮੰਚ ਦੇ ਮਾਧਿਅਮ ਦੁਆਰਾ ਇਕ ਚੰਗੇ ਅਤੇ ਕਲਿਆਣਕਾਰੀ ਸਮਾਜ ਦੇ ਨਕਸ਼ ਉਘਾੜੇ। ਇਉਂ ਪੰਜਾਬੀ ਸਾਹਿੱਤ ਮੱਧਕਾਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਸਮਾਜ ਵਿਚ ਆਏ ਉਲਾਰਾਂ-ਵਿਗਾੜਾਂ ਦੇ ਚਿੱਤਰ ਪੇਸ਼ ਕਰਕੇ ਇਕ ਨਵੇਂ-ਨਰੋਏ ਸਮਾਜ ਦੀ ਸਥਾਪਨਾ ਉੱਤੇ ਜ਼ੋਰ ਦਿੰਦਾ ਆਇਆ ਹੈ।

**12.3.5**ਦੁਨੀਆਂ ਦੀਆਂ ਕਈ ਭਾਸ਼ਾਵਾਂ ਵਿਚ ਸਮੇਂ ਸਮੇਂ ਸਾਹਿੱਤਕਾਰ, ਰਾਜਿਆਂ ਅਤੇ ਅਮੀਰਾਂ-ਵਜ਼ੀਰਾਂ ਦੇ ਰਹਿਮੋ-ਕਰਮ ਉਪਰ ਪਲਦੇ ਰਹੇ ਹਨ। ਮੱਧਕਾਲ ਤੱਕ ਰਾਜੇ-ਰਜਵਾੜੇ ਸਾਹਿੱਤਕਾਰਾਂ ਨੂੰ ਆਪਣੇ ਦਰਬਾਰਾਂ ਵਿਚ ਰੱਖਦੇ ਸਨ ਤਾਂ ਕਿ ਇਹ ਲੋਕ ਉਨ੍ਹਾਂ ਦੀ ਵਡਿਆਈ, ਬਹਾਦਰੀ ਅਤੇ ਸਖਾਵਤ ਬਾਰੇ ਕਿੱਸੇ ਕਹਾਣੀਆਂ ਲਿਖ ਕੇ ਉਨ੍ਹਾਂ ਦੀ ਖੁਸ਼ਾਮਦ ਕਰਦੇ ਰਹਿਣ। ਕਈ ਵਾਰ ਅਜਿਹੇ ਲੇਖਕ ਇਸ਼ਕ-ਮੁਸ਼ਕ ਦੀਆਂ ਹਲਕੇ ਪੱਧਰ ਦੀਆਂ ਰਚਨਾਵਾਂ ਲਿਖ ਕੇ ਰਾਜਿਆਂ-ਰਜਵਾੜਿਆਂ ਦਾ ਮਨੋਰੰਜਨ ਕਰਦੇ ਸਨ। ਅਜਿਹੇ ਸਾਹਿੱਤ ਦਾ ਸਮਾਜ ਨਾਲ ਬਹੁਤਾ ਵਾਹ-ਵਾਸਤਾ ਨਹੀਂ ਸੀ ਹੁੰਦਾ ਪਰੰਤੂ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬੀ ਸਾਹਿੱਤ ਕਦੇ ਵੀ ਰਾਜਿਆਂ-ਰਜਵਾੜਿਆਂ ਦੇ ਦਰਬਾਰ ਦੀ ਸਾਮੱਗਰੀ ਨਹੀਂ ਬਣਿਆ। ਇਹ ਸਦਾ ਲੋਕਾਂ ਦੇ ਹਿੱਤਾਂ ਨਾਲ ਜੁੜਿਆ ਰਿਹਾ ਹੈ ਅਤੇ ਇਸ ਨੇ ਕਦੇ ਵੀ ਸਮਾਜਿਕ-ਸਰੋਕਾਰਾਂ ਨੂੰ ਪਿੱਠ ਨਹੀਂ ਵਿਖਾਈ।

**12.3.6**ਕਈ ਦੇਸ਼ਾਂ ਵਿਚ ਸਾਹਿੱਤਕਾਰ ਲੋਕ, ਸਮਾਜ ਵਿਚ ਉਨ੍ਹਾਂ ਨਾਲ ਕੀਤੇ ਗਏ ਬੁਰੇ ਵਿਵਹਾਰ ਕਾਰਨ ਸਮਾਜ ਨਾਲ ਰੁੱਸ ਵੀ ਜਾਂਦੇ ਰਹੇ ਹਨ। ਇਸ ਸੂਰਤ ਵਿਚ ਉਹ ਸੋਚਣ ਲੱਗਦੇ ਹਨ ਕਿ ਜੇ ਸਮਾਜ ਨੂੰ ਉਨ੍ਹਾਂ ਦੀ ਕੋਈ ਲੋੜ ਨਹੀਂ ਤਾਂ ਉਨ੍ਹਾਂ ਨੂੰ ਵੀ ਸਮਾਜ ਦੀ ਕੋਈ ਲੋੜ ਨਹੀਂ ਹੈ। ਅਜਿਹੇ ਸਾਹਿੱਤਕਾਰ ਸਮਾਜ ਵੱਲ ਬੇਰੁਖ਼ੀ ਦਾ ਰਵੱਈਆ ਅਪਣਾ ਕੇ ਅਜਿਹਾ ਸਾਹਿੱਤ ਸਿਰਜਣ ਲੱਗਦੇ ਹਨ ਜਿਸ ਵਿਚ ਸਮਾਜਿਕ ਸਮੱਸਿਆਵਾਂ ਅਤੇ ਸਰੋਕਾਰਾਂ ਬਾਰੇ ਕੋਈ ਜ਼ਿਕਰ ਨਹੀਂ ਹੁੰਦਾ। ਉਨੀਵੀਂ ਸਦੀ ਦੇ ਫਰਾਂਸ ਅਤੇ ਇੰਗਲੈਂਡ ਦੇ ਕੁਝ ਸਾਹਿੱਤਕਾਰਾਂ ਨੇ 'ਕਲਾ ਕਲਾ

ਲਈ' (Art for art's sake) ਦੇ ਨਾਅਰੇ ਹੇਠ ਸਮਾਜਿਕ ਸੰਦਰਭਾਂ ਤੋਂ ਟੁੱਟਣ ਦੀ ਚੇਤੰਨ ਕੋਸ਼ਿਸ਼ ਕੀਤੀ ਸੀ। ਅਜਿਹੇ ਸਾਹਿੱਤਕਾਰਾਂ ਵਿਚ ਗੋਤੀਏ। ਵਾਲਟਰ ਪੇਟਰ ਅਤੇ ਆਸਕਰ ਵਾਈਲਡ ਆਦਿ ਦੇ ਨਾਮ ਪ੍ਰਮੁੱਖ ਸਨ। ਪਰ ਇਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਕਿਸੇ ਵੀ ਪਾਠਕ ਨੇ ਪਸੰਦ ਨਾ ਕੀਤਾ ਕਿਉਂਕਿ ਸਮਾਜਿਕ ਸੰਦਰਭਾਂ ਤੋਂ ਟੁੱਟਿਆ ਹੋਇਆ ਸਾਹਿੱਤ ਆਪਣੀ ਸਾਰਥਿਕਤਾ ਅਤੇ ਪ੍ਰਭਾਵ ਗੁਆ ਬੈਠਦਾ ਹੈ। ਹਰ ਪਾਠਕ ਕੇਵਲ ਇਹੋ ਜਿਹੇ ਸਾਹਿੱਤ ਦਾ ਹੀ ਪਠਨ-ਪਾਠਣ ਕਰਦਾ ਹੈ। ਜੋ ਸਮਾਜਿਕ ਸੰਦਰਭਾਂ ਨਾਲ ਜੁੜਿਆ ਹੋਇਆ ਹੋਵੇ; ਭਾਸ਼ਾ ਆਪਣੇ ਆਪ ਵਿਚ ਇਕ ਸਮਾਜਿਕ ਅਮਲ ਹੈ, ਫਿਰ ਇਸ ਦੁਆਰਾ ਰਚਿਆ ਗਿਆ ਸਾਹਿੱਤ ਸਮਾਜ ਨਾਲੋਂ ਕਿਵੇਂ ਨਿੱਖੜ ਸਕਦਾ ਹੈ?

**12.3.7**ਸਾਹਿੱਤ ਅਤੇ ਸਮਾਜ ਦੇ ਸੰਬੰਧ ਇਕਤਰਫੇ ਨਹੀਂ ਹਨ। ਜੇ ਸਾਹਿੱਤ ਸਮਾਜ ਤੋਂ ਸਾਮੱਗਰੀ ਹਾਸਲ ਕਰਦਾ ਹੈ ਤਾਂ ਇਹ ਸਮਾਜ ਦੀ ਅਗਵਾਈ ਵੀ ਕਰਦਾ ਹੈ। ਸਾਹਿੱਤ, ਸਮਾਜ ਦੀਆਂ ਸਾਰੀਆਂ ਸੰਸਥਾਵਾਂ-ਵਿਆਹ,




ਪਰਿਵਾਰ, ਸਿੱਖਿਆ ਪ੍ਰਣਾਲੀ, ਰਿਸ਼ਤੇ-ਨਾਤੇ, ਕੰਮ-ਕਾਰ, ਧਰਮ ਅਤੇ ਅਰਥਚਾਰੇ ਆਦਿ ਨੂੰ ਆਪਣੀ ਵਸਤੂ-ਸਾਮੱਗਰੀ ਵਜੋਂ ਵਰਤਦਾ ਹੈ। ਜੇ ਅਸੀਂ ਕਿਸੇ ਯੁਗ ਵਿਚ ਸਮਾਜ ਦੀਆਂ ਇਨ੍ਹਾਂ ਸੰਸਥਾਵਾਂ ਦੇ ਰੂਪ ਜਾਂ ਪ੍ਰਕਿਰਤੀ ਬਾਰੇ ਗਿਆਨ ਪ੍ਰਾਪਤ ਕਰਨਾ ਹੋਵੇ ਤਾਂ ਸਾਡੇ ਲਈ ਸਭ ਤੋਂ ਉਚਿਤ ਸਾਮੱਗਰੀ ਉਸ ਯੁੱਗ ਵਿਚ ਰਚਿਆ ਗਿਆ ਸਾਹਿੱਤ ਹੀ ਸਿੱਧ ਹੋਵੇਗਾ। ਤੇਰ੍ਹਵੀਂ ਸਦੀ ਦੇ ਸਮਾਜ ਨੂੰ ਦੇਖਣ ਲਈ ਸ਼ੇਖ ਫ਼ਰੀਦ ਦੀ ਬਾਣੀ, ਚੌਧਵੀਂ ਸਦੀ ਦੇ ਅਧਿਐਨ ਵਾਸਤੇ ਭਗਤ ਕਬੀਰ ਅਤੇ ਰਵਿਦਾਸ ਜੀ ਦੀ ਬਾਣੀ ਅਤੇ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੇ ਪੰਜਾਬੀ ਸਮਾਜ ਦਾ ਵਿਸ਼ਲੇਸ਼ਣ ਕਰਨ ਲਈ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਉੱਤਮ ਸੋਮਾ, ਹੋਰ ਕੋਈ ਨਹੀਂ ਹੋ ਸਕਦਾ। ਇਸੇ ਤਰ੍ਹਾਂ ਸਤਾਰ੍ਹਵੀਂ, ਅਠਾਰ੍ਹਵੀਂ ਅਤੇ ਉਨੀਵੀਂ ਸਦੀ ਦੇ ਪੰਜਾਬੀ ਸਮਾਜ ਦਾ ਜਾਇਜ਼ਾ ਲੈਣ ਵਾਸਤੇ ਦਮੋਦਰ, ਮੁਕਬਲ, ਵਾਰਿਸ, ਕਾਦਰ ਯਾਰ ਅਤੇ ਹਾਸ਼ਮ ਦੀਆਂ ਰਚਨਾਵਾਂ ਸਭ ਤੋਂ ਵੱਧ ਪ੍ਰਮਾਣਿਕ ਸਾਮੱਗਰੀ ਮੁਹਈਆਂ ਕਰਦੀਆਂ ਹਨ। ਇਨ੍ਹਾਂ ਯੁਗਾਂ ਵਿਚ ਰਚੇ ਗਏ ਸਾਹਿੱਤ ਨੇ ਸਮਾਜ ਦੀ ਸੁਯੋਗ ਅਗਵਾਈ ਵੀ ਕੀਤੀ ਅਤੇ ਸਮਾਜਿਕ ਬੁਰਾਈਆਂ ਵੱਲ ਬੜੀ ਦਲੇਰੀ ਨਾਲ ਸੰਕੇਤ ਵੀ ਕੀਤੇ। ਇਉਂ ਸਾਹਿੱਤ ਅਤੇ ਸਮਾਜ ਦਾ ਪਰਸਪਰ ਆਦਾਨ-ਪ੍ਰਦਾਨ ਨਿਰੰਤਰ ਚਲਦਾ ਆਇਆ ਹੈ।

**12.3.8**ਜਦੋਂ ਅਤੇ ਜਿਸ ਯੁੱਗ ਵਿਚ ਸਾਹਿੱਤ ਆਪਣੀ ਸਮਾਜਿਕ ਜ਼ਿੰਮੇਵਾਰੀ ਦੇ ਕਾਰਜ ਤੋਂ ਖੁੰਝ ਜਾਂਦਾ ਹੈ, ਇਹ ਆਪਣੀ ਪ੍ਰਾਸੰਗਿਕਤਾ ਖੋ ਬੈਠਦਾ ਹੈ ਅਤੇ ਪਾਠਕ ਲੋਕ ਇਸ ਵਿਚ ਕੋਈ ਰੁਚੀ ਨਹੀਂ ਲੈਂਦੇ। ਪੰਜਾਬੀ ਸਾਹਿੱਤ ਦੇ ਪ੍ਰਸੰਗ ਵਿਚ ਵੀ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਇਹੀ ਕੁਝ ਵਾਪਰ ਰਿਹਾ ਹੈ। ਪੂੰਜੀਵਾਦ ਦੇ ਪ੍ਰਭਾਵ ਅਧੀਨ ਸਾਡੇ ਸਾਹਿੱਤਕਾਰ ਲੋਕ ਆਤਮ-ਕੇਂਦ੍ਰਿਤ ਅਤੇ ਸਵਾਰਥੀ ਬਣ ਗਏ ਹਨ। ਉਹ ਆਪਣੀ ਸਮਾਜਿਕ- ਸੱਭਿਆਚਾਰਕ ਭੂਮਿਕਾ ਤੋਂ ਬੇਮੁੱਖ ਹੋ ਕੇ ਇਨਾਮਾਂ-ਸਨਮਾਨਾਂ ਦੇ ਰੂਪ ਵਿਚ ਨਿੱਜੀ ਲੋਭ-ਲਾਲਚ ਵਿਚ ਫਸ ਗਏ ਹਨ, ਜਿਸ ਦੇ ਸਿੱਟੇ ਵਜੋਂ ਲੋਕਾਂ ਨੇ ਉਨ੍ਹਾਂ ਨੂੰ ਪੜ੍ਹਨਾ ਬੰਦ ਕਰ ਦਿੱਤਾ ਹੈ। ਅੱਜ ਸਥਿਤੀ ਇਹ ਹੈ ਕਿ ਪੜ੍ਹਾਈ ਲਿਖਾਈ ਦੇ ਮੌਕੇ ਵੱਧ ਜਾਣ ਕਰਕੇ ਅਤੇ ਪ੍ਰਕਾਸ਼ਨਾਲਿਆਂ ਦੀ ਸਹੂਲਤ ਸੁਲੱਭ ਹੋਣ ਕਰਕੇ ਪੰਜਾਬੀ ਸਾਹਿੱਤ ਵਿਚ ਅਨੇਕ ਲੇਖਕ ਪੈਦਾ ਹੋ ਗਏ ਹਨ, ਪੁਸਤਕਾਂ ਵੀ ਬੇਅੰਤ ਛਪ ਰਹੀਆਂ ਹਨ ਪਰ ਉਨ੍ਹਾਂ ਨੂੰ ਪੜ੍ਹਨ ਵਾਲਾ ਕੋਈ ਨਹੀਂ ਹੈ। ਇਸ ਸੰਕਟ ਲਈ ਪਾਠਕਾਂ ਨਾਲੋਂ ਲੇਖਕ ਆਪ ਵਧੇਰੇ ਜ਼ਿੰਮੇਵਾਰ ਹਨ। ਜਿਤਨੀ ਦੇਰ ਉਹ ਸਮਾਜਿਕ ਸਰੋਕਾਰਾਂ ਦੀ ਗੱਲ ਨਹੀਂ ਕਰਨਗੇ, ਉਨ੍ਹਾਂ ਨੂੰ ਪੜ੍ਹਨ ਵਾਸਤੇ ਕੋਈ ਪਾਠਕ ਵੀ ਅੱਗੇ ਨਹੀਂ ਆਵੇਗਾ। ਆਪਣੀ ਪੁਸਤਕਾਂ ਦੀ ਗਿਣਤੀ-ਮਿਣਤੀ ਉਹ ਖ਼ੁਦ ਹੀ ਕਰਨਗੇ। ਉਨ੍ਹਾਂ ਨੂੰ ਪਾਠਕਾਂ ਦਾ ਹੁੰਗਾਰਾ ਪ੍ਰਾਪਤ ਨਹੀਂ ਹੋਵੇਗਾ।

**12.4.1 ਸਾਹਿੱਤ ਅਤੇ ਮਨੋਵਿਗਿਆਨ :**

'ਮਨ' ਦੀਆਂ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਦਾ ਵਿਸ਼ਲੇਸ਼ਣ ਕਰਨ ਵਾਲੇ ਵਿਗਿਆਨ ਨੂੰ ਮਨੋਵਿਗਿਆਨ (psychology) ਕਿਹਾ ਜਾਂਦਾ ਹੈ। ਮਨ ਨੂੰ ਇੱਛਾਵਾਂ ਦਾ ਕੇਂਦਰੀ-ਸਥਲ ਮੰਨਿਆ ਗਿਆ ਹੈ। ਗੁਰਬਾਣੀ ਵਿਚ 'ਮਨ' ਬਾਰੇ ਬਹੁਤ ਸਾਰੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ। ਜਿਵੇਂ :

(ੳ) ਮਨਿ ਜੀਤੈ ਜਗੁ ਜੀਤੁ।। (ਗੁਰੂ ਨਾਨਕ ਦੇਵ ਜੀ)

(ਅ) ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲ ਪਛਾਣੁ।। (ਗੁਰੂ ਅਮਰ ਦਾਸ ਜੀ)

(ੲ) ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ।। (ਗੁਰੂ ਅਮਰ ਦਾਸ ਜੀ)

**12.4.2** ਪੱਛਮ ਵਿਚ ਯੂਨਾਨੀ ਦਾਰਸ਼ਨਿਕਾਂ ਸੁਕਰਾਤ, ਪਲੈਟੋ ਅਤੇ ਅਰਸਤੂ ਨੇ ਮਨ ਵਿਚ ਪੈਦਾ ਹੋਣ ਵਾਲੇ ਸੰਕਲਪਾਂ ਅਤੇ ਫੁਰਨਿਆਂ ਬਾਰੇ ਛਾਣ-ਬੀਣ ਕਰਨੀ ਆਰੰਭ ਕਰ ਦਿੱਤੀ ਸੀ। ਦਾਰਸ਼ਿਨਕਾਂ ਵਿਚੋਂ ਡੇਕਾਰਟੈ, ਸ਼ਾਪਨਹਿਊਰ ਅਤੇ ਨਿਤਸ਼ੇ ਆਦਿ ਦੀਆਂ ਰਚਨਾਵਾਂ ਵਿਚ ਮਨ ਦੀ ਕਾਰਜ-ਸ਼ੈਲੀ ਬਾਰੇ ਕਾਫ਼ੀ ਵੇਰਵੇ ਮਿਲ ਜਾਂਦੇ ਹਨ ਪਰੰਤੂ ਮਨੋਵਿਗਿਆਨ ਨੂੰ ਸਥਾਪਿਤ ਕਰਨ ਦਾ ਮਹੱਤਵਪੂਰਨ ਕਾਰਜ ਸਿਗਮੰਡ ਫ਼ਰਾਇਡ ਨੇ ਕੀਤਾ। ਉਸ ਨੇ ਮਨੋਵਿਗਿਆਨ ਨੂੰ ਇਕ ਚਕਿਤਸਾ-ਪ੍ਰਣਾਲੀ ਦੇ ਰੂਪ ਵਿਚ ਸ਼ੁਰੂ ਕੀਤਾ ਅਤੇ ਮਨ ਦੀ ਸੰਰਚਨਾ ਬਾਰੇ ਕਈ ਮਹੱਤਵਪੂਰਨ ਤੱਥ ਪ੍ਰਕਾਸ਼ ਵਿਚ ਲਿਆਂਦੇ। ਸਾਹਿੱਤ ਆਲੋਚਨਾ ਨਾਲ ਸੰਬੰਧਿਤ ਮਨੋਵਿਗਿਆਨਕ ਪ੍ਰਣਾਲੀ ਵਿਚ ਵੱਡਾ ਯੋਗਦਾਨ ਫ਼ਰਾਇਡ ਦਾ ਹੀ ਮੰਨਿਆ ਜਾਂਦਾ ਹੈ। ਫ਼ਰਾਇਡ ਨੇ ਅਚੇਤ ਮਨ (unconscious) ਦਾ ਨਵਾਂ ਸੰਕਲਪ ਹੋਂਦ ਵਿਚ ਲਿਆਂਦਾ। ਉਸ ਅਨੁਸਾਰ ਜਦੋਂ ਕੋਈ ਵਿਅਕਤੀ ਆਪਣੀਆਂ ਇੱਛਾਵਾਂ ਨੂੰ ਦਬਾਉਣ (repression) ਲਈ ਮਜ਼ਬੂਰ ਹੋ ਜਾਂਦਾ ਹੈ ਤਾਂ ਇਹ ਇੱਛਾਵਾਂ ਉਸਦੇ ਅਚੇਤ ਮਨ ਵਿਚ ਚਲੀਆਂ ਜਾਂਦੀਆਂ ਹਨ ਪਰ ਇਹ ਉਸ ਵਿਅਕਤੀ ਉਪਰ ਨਿਰੰਤਰ ਪ੍ਰਭਾਵ ਪਾਉਂਦੀਆਂ ਰਹਿੰਦੀਆਂ ਹਨ। ਕਿਸੇ ਵਿਅਕਤੀ ਦੀ ਸ਼ਖਸੀਅਤ ਦੇ ਨਿਰਮਾਣ ਵਿਚ ਉਸ ਦੀਆਂ ਇਹ ਦਮਿਤ ਇੱਛਾਵਾਂ (repressed desires) ਮਹੱਤਵਪੂਰਨ, ਭੂਮਿਕਾ ਨਿਭਾਉਂਦੀਆਂ ਹਨ। ਫ਼ਰਾਇਡ ਦਾ ਇਕ ਹੋਰ ਸੰਕਲਪ ਉੱਦਾਤੀਕਰਣ (sublimation) ਹੈ, ਜਿਸ ਅਨੁਸਾਰ ਕੋਈ ਵਿਅਕਤੀ, ਸਮਾਜ ਵਲੋਂ ਵਰਜਿਤ ਭਾਵਾਂ ਨੂੰ ਉੱਦਾਤ (sublime) ਅਤੇ ਮਹਾਨ (grand) ਬਣਾ ਲੈਂਦਾ ਹੈ। ਉਦਾਹਰਣ ਵਜੋਂ ਕਾਮ-ਵਾਸਨਾ ਨਾਲ ਸੰਬੰਧਿਤ ਇੱਛਾਵਾਂ ਨੂੰ ਬਹੁਤੇ ਲੋਕ ਸਾਹਿੱਤ-ਰਚਨਾ ਦੀ ਸਾਮੱਗਰੀ ਬਣਾ ਲੈਂਦੇ ਹਨ ਜਾਂ ਭਗਤੀ-ਭਾਵਾਂ ਨਾਲ ਜੋੜ ਕੇ ਚੰਗੇਰਾ ਅਤੇ ਉਚੇਰਾ ਬਣਾ ਲੈਂਦੇ ਹਨ।

**12.4.3** ਫ਼ਰਾਇਡ ਨੇ ਮਨ ਦਾ ਤਿੰਨ-ਅੰਗੀ ਮਾਡਲ ਪੇਸ਼ ਕੀਤਾ, ਜਿਸ ਵਿਚ ਹਉਮੈ (ego), ਸੁਚੇਤ ਮਨ (super ego) ਅਤੇ ਅਚੇਤ ਮਨ (id) ਆਦਿਕ ਅੰਗਾਂ ਨੂੰ ਸ਼ਾਮਲ ਕੀਤਾ ਗਿਆ। ਫ਼ਰਾਇਡ ਦੇ ਬਹੁਤੇ ਵਿਚਾਰ ਕਿਸੇ ਮਨੁੱਖ ਦੀਆਂ ਕਾਮ-ਇੱਛਾਵਾਂ (sexuality) ਦੇ ਆਲੇ-ਦੁਆਲੇ ਘੁੰਮਦੇ ਹਨ। ਉਸ ਦਾ ਵਿਚਾਰ ਸੀ ਕਿ ਕਾਮੁਕ-ਇੱਛਾਵਾਂ ਸ਼ਿਸ਼ੂਪਣ (infant) ਦੀ ਅਵਸਥਾ ਵਿਚ ਹੀ ਪੈਦਾ ਹੋ ਜਾਂਦੀਆਂ ਹਨ। ਮਾਂ ਨਾਲ ਸ਼ਿਸ਼ੂ ਦੇ ਸੰਬੰਧਾਂ ਵਿਚ ਇਹ ਕਾਮੁਕ-ਇੱਛਾਵਾਂ ਵੇਖੀਆਂ ਜਾ ਸਕਦੀਆਂ ਹਨ। ਮਾਂ ਅਤੇ ਪੁੱਤਰ ਦੇ ਸੰਬੰਧਾਂ ਵਿਚ ਉਹ ਇਡੀਪਸ ਗ੍ਰੰਥੀ (Oedipus Complex) ਦੇਖਦਾ ਹੈ, ਜਿਸ ਅਨੁਸਾਰ ਪੁੱਤਰ, ਪਿਤਾ ਨੂੰ ਖ਼ਤਮ ਕਰਕੇ ਮਾਤਾ ਉਪਰ ਕਬਜ਼ਾ ਕਰਨ ਦੀ ਲੋਚਾ ਰੱਖਦਾ ਹੈ। ਫ਼ਰਾਇਡ ਦਾ ਇਕ ਹੋਰ ਕੇਂਦਰੀ ਸੂਤਰ ਲਿਬਿਡੋ (libido) ਹੈ, ਜਿਸ ਅਨੁਸਾਰ ਕੋਈ ਵਿਅਕਤੀ ਕੰਮ ਕਰਨ ਦੀ ਪ੍ਰੇਰਣਾ ਅਤੇ ਸ਼ਕਤੀ ਆਪਣੀਆਂ ਕਾਮੁਕ ਇੱਛਾਵਾਂ ਤੋਂ ਪ੍ਰਾਪਤ ਕਰਦਾ ਹੈ। ਫ਼ਰਾਇਡ ਦਾ ਇਕ ਹੋਰ ਪ੍ਰਮੁੱਖ ਸਿੱਧਾਂਤ, ਸੁਪਨਿਆਂ (dreams) ਦੇ ਵਿਸ਼ਲੇਸ਼ਣ ਨਾਲ ਸੰਬੰਧਿਤ ਹੈ। ਉਸ ਅਨੁਸਾਰ ਮਨੁੱਖ ਦੀਆਂ ਦਮਿਤ ਅਤੇ ਵਰਜਿਤ ਕਾਮਨਾਵਾਂ ਸੁਪਨਿਆਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਸੁਪਨਿਆਂ ਦੀ ਸਿਰਜਣਾ ਵਿਚ ਰੂਪ-ਪਰਿਵਰਤਣ (displacement) ਅਤੇ ਘਣੀਕਰਨ (condensation) ਦੀ ਪ੍ਰਕਿਰਿਆ ਕਾਰਜਸ਼ੀਲ ਰਹਿੰਦੀ ਹੈ। ਰੂਪ-ਪਰਿਵਰਤਨ ਦਾ ਅਰਥ ਹੈ, ਕਿਸੇ ਇਕ ਵਿਅਕਤੀ ਦਾ ਪ੍ਰਤੀਕਾਤਮਕ (symbolic) ਰੂਪ ਅਖਤਿਆਰ ਕਰ ਲੈਣਾ ਜਿਵੇਂ ਸੱਪ, ਸ਼ੇਰ ਪੂਹ ਆਦਿਕ ਅਤੇ

ਘਣੀਕਰਨ ਦਾ ਅਰਥ ਹੈ ਬਹੁਤ ਸਾਰੀਆਂ ਚੀਜ਼ਾਂ ਦਾ ਇਕ ਹੀ ਪ੍ਰਤੀਕ ਵਿਚ ਜੰਮ-ਜੁੜ ਜਾਣਾ ਜਿਵੇਂ ਜੰਗਲ, ਰੇਵਲੇ ਸਟੇਸ਼ਨ ਆਦਿਕ। ਸਾਹਿੱਤਿਕ ਰਚਨਾਵਾਂ ਵਾਂਗ ਸੁਪਨੇ ਵੀ ਸਿੱਧ-ਪੱਧਰੇ ਸੰਦੇਸ਼ ਨਹੀਂ ਦਿੰਦੇ ਬਲਕਿ ਸੰਦੇਸ਼ਾਂ ਨੂੰ ਇਨ੍ਹਾਂ ਵਿਚੋਂ ਢੂੰਡਣਾ ਪੈਂਦਾ ਹੈ। ਸੁਪਨੇ, ਕਿਸੇ ਮਨੁੱਖ ਨਾਲ ਸੰਬੰਧਿਤ ਵੇਰਵਿਆਂ ਨੂੰ ਦੱਸਦੇ ਨਹੀਂ ਬਲਕਿ ਵਿਖਾਉਂਦੇ ਹਨ। ਸਾਹਿੱਤ ਵੀ ਇਹੀ ਕੁਝ ਕਰਦਾ ਹੈ। ਇਸ ਤਰ੍ਹਾਂ ਸੁਪਨਿਆਂ ਅਤੇ ਸਾਹਿੱਤ ਦੀ ਆਪਸ ਵਿਚ ਡੂੰਘੀ ਸਾਂਝ ਹੈ।

**12.3.7**ਮਨੋਵਿਗਿਆਨਕ ਲੇਖਕ ਅਤੇ ਆਲੋਚਕ ਸਾਹਿੱਤ ਦੀ ਸਿਰਜਣਾ ਅਤੇ ਵਿਆਖਿਆ ਕਰਨ ਸਮੇਂ ਸੁਚੇਤ ਅਤੇ ਅਚੇਤ ਵਿਚਲੀ ਪਹਿਚਾਣ ਉੱਤੇ ਵਿਸ਼ੇਸ਼ ਬਲ ਦਿੰਦੇ ਹਨ। ਉਹ ਮਨੁੱਖ ਦੇ ਅਚੇਤ ਵਿਵਹਾਰ, ਅਤੇ ਦਮਿਤ ਇੱਛਾਵਾਂ ਦੀ ਪੇਸ਼ਕਾਰੀ ਕਰਦੇ ਹਨ ਤਾਂ ਜੋ ਉਸਦੀ ਸ਼ਖਸੀਅਤ ਵਧੇਰੇ ਚੰਗੀ ਤਰ੍ਹਾਂ ਨਾਲ ਉਜਾਗਰ ਹੋ ਸਕੇ। ਉਹ ਮਨੋਵਿਗਿਆਨਕ ਸੰਕਲਪਾਂ ਦਾ ਭਰਪੂਰ ਪ੍ਰਯੋਗ ਕਰਦੇ ਹਨ ਅਤੇ ਸਮਾਜਿਕ ਜਾਂ ਇਤਿਹਾਸਕ ਸੰਦਰਭ ਦੀ ਬਜਾਇ ਮਨੋਵਿਗਿਆਨਕ ਸੰਦਰਭ ਨੂੰ ਵਧੇਰੇ ਮਹੱਤਵ ਦਿੰਦੇ ਹਨ। ਫਰਾਇਡ ਦੇ ਮਨੋਵਿਗਿਆਨ ਨੂੰ ਐਡਲਰ ਅਤੇ ਯੁੰਗ ਨੇ ਹੋਰ ਅੱਗੇ ਵਧਾਇਆ। ਇਨ੍ਹਾਂ ਨੇ ਵਿਅਕਤੀ ਅੰਦਰ ਹੁਕਮ ਚਲਾਉਣ ਦੀ ਭਾਵਨਾ (will to rule) ਅਤੇ ਵਿਅਕਤੀ ਦੇ ਸਾਮੂਹਿਕ ਅਵਚੇਤਨ ਵਰਗੇ ਸੰਕਲਪਾਂ ਦੁਆਰਾ ਰਚਨਾਵਾਂ ਦਾ ਵਿਸ਼ਲੇਸ਼ਣ ਕਰਨ ਦੀ ਜ਼ਰੂਰਤ ਵੱਲ ਧਿਆਨ ਦਿਵਾਇਆ।

**12.3.8**ਮਨੋਵਿਗਿਆਨ ਦੇ ਖੇਤਰ ਨੂੰ ਨਵਾਂ ਵਿਸਤਾਰ ਦੇਣ ਵਿਚ ਯੈਕ ਲਾਕਾਂ (Jacques lacan) ਦੀ ਵਿਸ਼ੇਸ਼ ਭੂਮਿਕਾ ਹੈ। ਸਾਹਿੱਤ ਦੇ ਖੇਤਰ ਵਿਚ ਉਸ ਦਾ ਪ੍ਰਭਾਵ ਉੱਲੇਖਯੋਗ ਰਿਹਾ ਹੈ। ਉਸਨੇ ਵਿਅਕਤੀ ਦੇ ਅਚੇਤ ਮਨ ਨੂੰ ਉਸਦੇ ਵਜੂਦ ਦਾ ਕੇਂਦਰੀ ਤੱਤ ਮੰਨਿਆ। ਉਸ ਅਨੁਸਾਰ ਅਚੇਤ (unconscious) ਦੀ ਸੰਰਚਨਾ ਭਾਸ਼ਾ ਵਾਂਗ ਹੈ। (unconscious is structured like a language) ਉਹ ਭਾਸ਼ਾ ਨੂੰ ਬਹੁਤ ਮਹੱਤਵ ਦਿੰਦਾ ਹੈ ਕਿਉਂਕਿ ਅਚੇਤ ਦਾ ਵਿਸ਼ਲੇਸ਼ਣ ਕਰਨ ਵਾਲਾ ਨਿਰੀਖਿਅਕ ਜਾਂ ਮਨੋਵਿਗਿਆਨੀ ਵਿਅਕਤੀ ਦੀ ਭਾਸ਼ਾ ਨੂੰ ਹੀ ਆਧਾਰ ਬਣਾਉਂਦਾ ਹੈ। ਅਸਲ ਵਿਚ ਫਰਾਇਡ ਦਾ ਮਨੋਵਿਗਿਆਨ ਇਕ ਭਾਸ਼ਕ-ਵਿਗਿਆਨ (verbal-science) ਹੀ ਹੈ। ਲਾਕਾਂ ਕਿਸੇ ਸਾਹਿੱਤਿਕ ਕਿਰਤ ਦਾ ਵਿਸ਼ਲੇਸ਼ਣ ਕਰਨ ਸਮੇਂ ਪਾਤਰਾਂ ਜਾਂ ਲੇਖਕ ਦੇ ਮਨੋਵਿਗਿਆਨ ਦੀ ਬਜਾਇ ਰਚਨਾ ਵਿਚ ਅੰਤਰ-ਵਿਰੋਧੀ ਉਕਤੀਆਂ ਦੀ ਤਲਾਸ਼ ਕਰਦਾ ਹੈ। ਇਸ ਤਰ੍ਹਾਂ ਉਹ ਟੈਕਸਟ ਦੇ ਸੁਚੇਤ ਪਹਿਲੂਆਂ ਦੀ ਬਜਾਇ ਉਹ ਇਸ ਦੇ ਅਚੇਤ ਪਹਿਲੂਆਂ ਵੱਲ ਧਿਆਨ ਦਿੰਦਾ ਹੈ।

**12.3.9**ਪੰਜਾਬੀ ਸਾਹਿੱਤ ਦੇ ਪ੍ਰਸੰਗ ਵਿਚ ਸਾਹਿੱਤ ਦੇ ਮਨੋਵਿਗਿਆਨਕ ਸੰਦਰਭਾਂ ਦਾ ਜ਼ਿਕਰ ਮੱਧਕਾਲ ਤੋਂ ਹੋਣ ਲੱਗ ਪਿਆ ਸੀ। ਪੰਜਾਬੀ ਕਿੱਸਾ ਕਵੀਆਂ ਨੇ ਪਾਤਰਾਂ ਦਾ ਚਰਿੱਤਰ-ਚਿਤ੍ਰਣ ਕਰਨ ਸਮੇਂ ਮਨੋਵਿਗਿਆਨਕ ਸੂਝ ਤੋਂ ਵੀ ਕਾਫ਼ੀ ਕੰਮ ਲਿਆ ਸੀ। ਭਾਵੇਂ ਇਹ ਸਪਸ਼ਟ ਹੈ ਕਿ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿਚ ਸਾਹਿੱਤਕਾਰਾਂ ਨੂੰ ਮਨੋਵਿਗਿਆਨ ਬਾਰੇ ਬਹੁਤ ਘੱਟ ਵਾਕਫ਼ੀਅਤ ਸੀ ਪਰ ਉਹ ਮਨ ਵਿਚ ਉੱਠਣ ਵਾਲੀਆਂ ਤਰੰਗਾਂ ਤੋਂ ਪਰਿਚਿਤ ਸਨ। ਵਾਰਿਸ ਸ਼ਾਹ, ਹਾਸ਼ਮ ਅਤੇ ਫ਼ਜ਼ਲ ਸ਼ਾਹ ਵਰਗੇ ਕਿੱਸਾ ਕਵੀਆਂ ਨੇ ਨਾਇਕ-ਨਾਇਕਾ ਦੇ ਆਪਸੀ ਸੰਬੰਧਾਂ ਨੂੰ ਮਨੋਵਿਗਿਆਨਕ ਢੰਗ ਨਾਲ ਚਿਤਰਿਆ ਹੈ। ਵਾਰਿਸ ਸ਼ਾਹ ਹੀਰ ਅਤੇ ਰਾਂਝੇ ਦੀ ਪ੍ਰਥਮ ਮਿਲਣ ਨੂੰ ਇਕ ਕੁਸ਼ਲ ਮਨੋਵਿਗਿਆਨੀ ਵਾਂਗ ਬਿਆਨ ਕਰਦਾ ਹੈ। ਦੇਖੋ:

ਕੂਕੇ ਮਾਰ ਹੀ ਮਾਰ ਤੇ ਪਕੜ ਛਮਕਾਂ, ਪਰੀ ਆਦਮੀ ਤੇ ਕਹਿਰਵਾਨ ਹੋਈ।
ਰਾਂਝੇ ਉੱਠ ਕੇ ਆਖਿਆ ਵਾਹ ਸਜਣ, ਹੀਰ ਹੱਸ ਕੇ ਤੇ ਮਿਹਰਬਾਨ ਹੋਈ।
ਕੱਛੇ ਵੰਝਲੀ ਕੰਨਾਂ ਦੇ ਵਿਚ ਵਾਲੇ, ਜ਼ੁਲਫ਼ ਮੁੱਖੜੇ ਤੇ ਪਰੇਸ਼ਾਨ ਹੋਈ।
ਸੂਰਤ ਯੂਸਫ਼ ਦੀ ਵੇਖ ਤੈਮੂਸ ਬੇਟੀ ਸਣੇ ਮਾਲ ਤੇ ਜਾਨ ਕੁਰਬਾਨ ਹੋਈ।
ਆਈ ਬਗਲ ਵਿਚ ਬੈਠ ਕੇ ਕਰੇ ਗੱਲਾਂ, ਜਿਵੇਂ ਵਿਚ ਕਿਰਬਾਨ ਕਮਾਨ ਹੋਈ।
ਭਲਾ ਹੋਇਆ ਮੈਂ ਤੈਨੂੰ ਨਾ ਮਾਰ ਬੈਠੀ, ਕਾਈ ਨਹੀਂ ਸੀ ਗੱਲ ਬੇ-ਸ਼ਾਨ ਹੋਈ।
ਰੂਪ ਜੱਟ ਦਾ ਵੇਖ ਕੇ ਚਾਟ ਲੱਗੀ, ਹੀਰ ਘੋਲ ਘੱਤੀ ਕੁਰਬਾਨ ਹੋਈ।

ਵਾਰਿਸ ਸ਼ਾਹ ਨਾ ਥਾਉਂ ਦਮ ਮਾਰਨੀ ਦੀ, ਚਾਰੋਂ ਚਸ਼ਮ ਦੀ ਜਦੋਂ ਘਮਸਾਨ ਹੋਈ।

**12.3.10** ਹਾਸ਼ਮ ਨੇ ਆਪਣੀ ਪ੍ਰਸਿੱਧ ਰਚਨਾ 'ਸੱਸੀ ਹਾਸ਼ਮ' ਵਿਚ ਮਨੋਵਿਗਿਆਨਕ ਵੇਰਵਿਆਂ ਦਾ ਬੜਾ ਸੁਚੱਜਾ ਪ੍ਰਯੋਗ ਕੀਤਾ ਹੈ। 'ਸੱਸੀ' ਨੇ ਆਪਣੇ ਬਾਗ਼ ਵਿਚ ਇਕ ਚਿਤੱਰਕਾਰ ਦੁਆਰਾ ਬਣਾਏ ਪੁੰਨੂੰ ਦੇ ਚਿੱਤਰ ਨੂੰ ਦੇਖਿਆ ਤਾਂ ਇਸ ਚਿੱਤਰ ਨੇ ਉਸ ਦੇ ਮਨ ਵਿਚ ਪ੍ਰੇਮ-ਤਰੰਗਾਂ ਨੂੰ ਇਸ ਕਦਰ ਤੀਬਰ ਕਰ ਦਿੱਤਾ ਕਿ ਪੁੰਨੂੰ ਤੋਂ ਬਿਨਾਂ ਉਸ ਲਈ ਇਕ ਪਲ ਜਿਉਣਾ ਵੀ ਮੁਹਾਲ ਹੋ ਗਿਆ। ਉਹ ਉਸਦੇ ਬਿਰਹਾ ਵਿਚ ਬੇਚੈਨ ਅਤੇ ਅਸ਼ਾਂਤ ਰਹਿਣ ਲੱਗੀ। ਇਕ ਚਿੱਤਰ ਨੂੰ ਵੇਖ ਕੇ ਕਿਸੇ ਮੁਟਿਆਰ ਦੇ ਮਨ ਵਿਚ ਪੈਦਾ ਹੋਣ ਵਾਲੀ ਪ੍ਰਬਲ ਇੱਛਾ (desire) ਦੀ ਪੇਸ਼ਕਾਰੀ, ਹਾਸ਼ਮ ਨੇ ਮਨੋਵਿਗਿਆਨਕ ਨਿਪੁੰਨਤਾ ਨਾਲ ਕੀਤੀ ਹੈ। ਦੇਖੋ:

ਦਿਲ ਵਿਚ ਸੋਜ਼ ਫ਼ਿਰਾਕ ਪੁੰਨੂੰ ਦਾ, ਰੋਜ਼ ਅਲੰਬਾ ਬਾਲੇ।
ਬਿਰਹੋਂ ਮੂਲ ਆਰਾਮ ਨਾ ਦੇਂਦਾ, ਵਾਂਗ ਚਿਖ਼ਾ ਨਿਤ ਜਾਲੇ।
ਆਤਿਸ਼ ਆਪ ਆਪ ਪਟਿਆਰਾ, ਆਪ ਜਲੇ ਨਿਤ ਜਾਲੇ।
ਹਾਸ਼ਮ ਫੇਰ ਕਿਹਾ ਸੁਖ ਸੋਵਣ, ਜਦ ਪੀਤੇ ਪ੍ਰੇਮ ਪਿਆਲੇ। (46)

**12.3.11** ਆਧੁਨਿਕ ਪੰਜਾਬੀ ਸਾਹਿੱਤ ਵਿਚ ਮਨੋਵਿਗਿਆਨ ਦਾ ਪ੍ਰਭਾਵ ਬਹੁਤ ਵੱਧ ਗਿਆ ਹੈ। ਕਾਵਿ ਦੇ ਖੇਤਰ ਵਿਚ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਡਾ. ਹਰਿਭਜਨ ਸਿੰਘ, ਸੁਰਜੀਤ ਪਾਤਰ ਅਤੇ ਡਾ. ਜਸਵੰਤ ਸਿੰਘ ਨੇਕੀ ਨੇ ਮਨੁੱਖੀ ਮਨ ਵਿਚ ਪੈਦਾ ਹੋਣ ਵਾਲੇ ਉਦਾਗਾਰਾਂ, ਉਲਾਰਾਂ, ਵਿਕਾਰਾਂ, ਉਮੰਗਾਂ ਅਤੇ ਤਰੰਗਾਂ ਨੂੰ ਵਿਸ਼ਾ ਬਣਾਇਆ ਹੈ। ਪ੍ਰੋ. ਮੋਹਨ ਸਿੰਘ ਨੇ ਆਪਣੀਆਂ ਪਿਛਲੇ ਦੌਰ ਦੀ ਕਵਿਤਾਵਾਂ ਵਿਚ ਮਨੁੱਖੀ ਮਨ ਦੇ ਬਹੁਤ ਸਾਰੇ ਧਰਾਤਲਾਂ ਨੂੰ ਰੂਪਮਾਨ ਕੀਤਾ। ਅੰਮ੍ਰਿਤਾ ਪ੍ਰੀਤਮ ਨੇ 'ਕਾਗਜ਼ ਅਤੇ ਕੈਨਵਸ' ਵਿਚ ਆਧੁਨਿਕ ਵਿਅਕਤੀਆਂ ਦੀਆਂ ਮਨੋਗ੍ਰੰਥੀਆਂ ਨੂੰ ਪੇਸ਼ ਕੀਤਾ। ਡਾ. ਜਸਵੰਤ ਸਿੰਘ ਨੇਕੀ ਇਕ ਮਨੋਚਕਿਤਸਕ ਰਿਹਾ ਹੈ, ਇਸ ਕਾਰਨ ਮਨੁੱਖੀ ਅਚੇਤ ਮਨ ਦੇ ਬਹੁਤ ਸਾਰੇ ਧਰਾਤਲ ਉਸ ਦੀਆਂ ਕਵਿਤਾਵਾਂ ਵਿਚ ਪਹਿਲੀ ਵਾਰ ਪੇਸ਼ ਹੋਏ ਹਨ। ਬਾਵਾ ਬਲਵੰਤ ਨੇ 'ਸੁਗੰਧ ਸਮੀਰ' ਵਿਚ ਮਨੁੱਖੀ ਸਿਮ੍ਰਤੀ (memory) ਨੂੰ ਕਾਵਿ-ਬੱਧ ਕੀਤਾ। ਸੁਰਜੀਤ ਪਾਤਰ ਵੀ ਮਨੋਵਿਗਿਆਨਕ ਯਥਾਰਥਵਾਦ ਦਾ ਇਕ ਪ੍ਰਮੁੱਖ ਕਵੀ ਹੈ। ਇਸ ਪ੍ਰਸੰਗ ਵਿਚ ਉਸਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਮੇਰੇ ਮਨ ਵਿਚ ਖੌਫ਼ ਬਹੁਤ ਨੇ ਥੋੜ੍ਹੀ ਥੋੜ੍ਹੀ ਆਸ ਵੀ ਹੈ।
ਕਾਲੀ ਰਾਤ ਹੈ ਪਰ ਇਕ ਨਿੰਮ੍ਹੇ ਦੀਵੇ ਦੀ ਧਰਵਾਸ ਹੈ।
ਮੇਰੀ ਕਵਿਤਾ ਮੇਰੇ ਮਨ ਦੇ ਹਰ ਮੌਸਮ ਦੀ ਵਿਥਿਆ ਹੈ,
ਬਹੁਤਾ ਮੇਰਾ, ਥੋੜ੍ਹਾ ਥੋੜ੍ਹਾ, ਸਮਿਆਂ ਦਾ ਇਤਿਹਾਸ ਵੀ ਹੈ।
ਮੇਰੇ ਮਨ ਵਿਚ ਸਾਜ਼ ਹਜ਼ਾਰਾ ਆਪਣਾ ਆਪਣਾ ਰਾਗ ਵਜਾਉਣ
ਸ਼ੋਰ ਜਿਹਾ ਇਕ ਦਿਨ ਸਾਜ਼ੀਨਾ ਬਣ ਜਾਊ ਇਹ ਆਸ ਵੀ ਹੈ।
ਹਉਮੈ, ਮਮਤਾ, ਖੌਫ਼, ਦੁਚਿੱਤੀ ਚਾਰੇ ਪਾਸੇ ਕੰਧਾਂ ਨੇ,
ਐ ਮਨ ਟੌਲ ਕੋਈ ਦਰਵਾਜ਼ਾ, ਹੋਣਾ ਬੰਦ ਖਲਾਸ ਵੀ ਹੈ।
(ਬਿਰਖ ਅਰਜ਼ ਕਰੇ)

**12.3.13** ਆਧੁਨਿਕ ਪੰਜਾਬੀ ਸਾਹਿੱਤ ਦੇ ਹੋਰ ਰੂਪਾਂ ਵਿਚ ਵੀ ਮਨੋਵਿਗਿਆਨ ਦਾ ਭਰਪੂਰ ਪ੍ਰਯੋਗ ਹੁੰਦਾ ਰਿਹਾ ਹੈ। ਸ. ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਅਤੇ ਸੰਤ ਸਿੰਘ ਸੇਖੋਂ ਵਰਗੇ ਗਲਪਕਾਰਾਂ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਵਿਚ ਪਾਤਰਾਂ ਦੇ ਮਨੋਵਿਗਿਆਨਕ ਸੰਦਰਭਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਹੈ। ਸ. ਨਾਨਕ ਸਿੰਘ ਨੇ 'ਪਵਿੱਤਰ ਪਾਪੀ', ਜਸਵੰਤ ਸਿੰਘ ਕੰਵਲ ਨੇ 'ਪੂਰਨਮਾਸ਼ੀ', 'ਹਾਣੀ', 'ਲਹੂ ਦੀ ਲੋਅ' ਅਤੇ ਸੰਤ ਸਿੰਘ ਸੇਖੋਂ ਨੇ 'ਲਹੂ ਮਿੱਟੀ' ਆਦਿਕ ਨਾਵਲਾਂ ਵਿਚ ਆਪਣੇ ਪਾਤਰਾਂ ਦੇ ਚਰਿੱਤਰ ਨੂੰ ਮਨੋਵਿਗਿਆਨ ਵਿਚੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦੁਆਰਾ ਰੂਪਮਾਨ ਕੀਤਾ ਹੈ। ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਅਤੇ ਅਜੀਤ ਕੌਰ ਆਦਿਕ

ਇਸਤ੍ਰੀ ਲੇਖਕਾਂ ਨੇ ਪੰਜਾਬੀ ਔਰਤ ਦੇ ਮਨੋਵਿਗਿਆਨ ਨੂੰ ਪ੍ਰਗਟ ਕਰਦੀਆਂ ਗਲਪ-ਰਚਨਾਵਾਂ ਲਿਖੀਆਂ। ਸੁਰਜੀਤ ਸਿੰਘ ਸੇਠੀ, ਨਰਿੰਜਨ ਤਸਨੀਮ ਅਤੇ ਪ੍ਰੇਮ ਪ੍ਰਕਾਸ਼ ਨੇ ਚੇਤਨਾ ਪ੍ਰਵਾਹ ਧਾਰਾ ਤਕਲੀਕ ਦਾ ਪ੍ਰਯੋਗ ਕੀਤਾ ਹੈ। ਇਹ ਤਕਨੀਕ ਫਰਾਇਡ ਦੀ 'ਫਰੀ ਐਸੋਸੀਏਸ਼ਨ' (free association) ਵਿਧੀ ਦੁਆਰਾ ਪਾਤਰਾਂ ਦੇ ਅਰਧ-ਚੇਤ ਅਤੇ ਅਚੇਤ ਮਨ ਦੀ ਪੇਸ਼ਕਾਰੀ ਕਰਦੀ ਹੈ। ਕਹਾਣੀ ਦੇ ਖੇਤਰ ਵਿਚ ਮਨੋਵਿਗਿਆਨ ਦਾ ਸੁਚੱਜਾ ਪ੍ਰਯੋਗ ਕਰਤਾਰ ਸਿੰਘ ਦੁੱਗਲ ਨੇ ਕੀਤਾ। ਦੁੱਗਲ ਦੀਆਂ ਕਈ ਕਹਾਣੀਆਂ ਫਰਾਇਡ ਦੇ ਮਨੋਵਿਗਿਆਨਕ ਸੰਕਲਪਾਂ ਦੀ ਬੜੀ ਸੱਚੀ ਅਤੇ ਸ਼ਕਤੀਸ਼ਾਲੀ ਪੇਸ਼ਕਾਰੀ ਕਰਦੀਆਂ ਹਨ। ਉਹ ਫ਼ਰਾਇਡ ਦੇ ਕਥਨ ਅਨੁਸਾਰ ਮਨੁੱਖ ਦੇ ਕਾਮੁਕ-ਵਿਵਹਾਰ (sexual behaviour) ਨੂੰ ਉਸਦੀ ਪ੍ਰੇਰਕ-ਸ਼ਕਤੀ ਦੇ ਰੂਪ ਵਿਚ ਪੇਸ਼ ਕਰਦਾ ਹੈ। ਕੁਲਵੰਤ ਸਿੰਘ ਵਿਰਕ, ਜਸਵੰਤ ਸਿੰਘ ਵਿਰਦੀ। ਵਰਿਆਮ ਸਿੰਘ ਸੰਧੂ, ਮੋਹਨ ਭੰਡਾਰੀ ਅਤੇ ਬਲਦੇਵ ਸਿੰਘ ਧਾਲੀਵਾਲ ਆਦਿਕ ਕਹਾਣੀਕਾਰ ਵੀ ਮਨੋਵਿਗਿਆਨ ਨੂੰ ਆਪਣੀਆਂ ਕਹਾਣੀ ਦੀ ਵਸਤੂ-ਸਾਮੱਗਰੀ ਦਾ ਅਨਿੱਖੜ ਅੰਗ ਬਣਾਉਂਦੇ ਹਨ। ਬਲਵੰਤ ਗਾਰਗੀ (ਲੋਹਾ ਕੁੱਟ, ਧੂਣੀ ਦੀ ਅੱਗ, ਕਣਕ ਦੀ ਬੱਲੀ), ਡਾ. ਹਰਚਰਨ ਸਿੰਘ (ਕਲ੍ਹ, ਅਜ ਤੇ ਭਲਕ), ਕਪੂਰ ਸਿੰਘ ਘੁੰਮਣ (ਮੂਕ ਸੰਸਾਰ), ਚਰਨ ਦਾਸ ਸਿੱਧੂ (ਕਲ੍ਹ ਕਾਲਜ ਬੰਦ ਰਹੇਗਾ) ਅਤੇ ਅਜਮੇ ਰ ਸਿੰਘ ਔਲਖ (ਤੂੜੀ ਵਾਲਾ ਕੋਠਾਂ, ਝਨਾਂ ਦੇ ਪਾਣੀ) ਅਤੇ ਆਤਮਜੀਤ (ਪੂਰਨ) ਆਦਿਕ ਨਾਟਕਕਾਰਾਂ ਦੀਆਂ ਰਚਨਾਵਾਂ ਵਿਚ ਮਨੋਵਿਗਿਆਨਕ ਸੰਦਰਭ ਮੂਲ ਕਥਾ-ਵਸਤੂ ਦਾ ਅਨਿੱਖੜ ਅੰਗ ਬਣਦੇ ਹਨ। ਇਸ ਤਰ੍ਹਾਂ ਪੰਜਾਬੀ ਸਾਹਿੱਤ ਦੇ ਹਰ ਰੂਪ ਉੱਪਰ ਮਨੋਵਿਗਿਆਨ ਦਾ ਵਿਆਪਕ ਪ੍ਰਭਾਵ ਦੇਖਿਆ ਜਾ ਸਕਦਾ ਹੈ। ਇਸ ਵਿਗਿਆਨ ਨੂੰ ਜਾਣੇ ਬਗ਼ੈਰ ਮਨੁੱਖੀ ਜੀਵਨ ਨੂੰ ਸੱਚੇ-ਸੁੱਚੇ ਰੂਪ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ।

**12.4.1 ਸਾਹਿੱਤ ਅਤੇ ਇਤਿਹਾਸ :**

ਸਾਹਿੱਤ ਅਤੇ ਇਤਿਹਾਸ ਦੀ ਬਹੁਤ ਨੇੜੇ ਦੀ ਸਾਂਝ ਰਹੀ ਹੈ। ਪੁਰਾਤਨ ਯੁਗ ਵਿਚ ਸਾਹਿੱਤ ਲਈ ਵਸਤੂ-ਸਾਮੱਗਰੀ ਇਤਿਹਾਸ ਵਿਚੋਂ ਹੀ ਹਾਸਲ ਕੀਤੀ ਜਾਂਦੀ ਸੀ। ਭਾਰਤ ਦੀਆਂ ਪ੍ਰਮੁੱਖ ਪੌਰਾਣਿਕ ਰਚਨਾਵਾਂ ਰਾਮਾਇਣ ਅਤੇ ਮਹਾਭਾਰਤ ਦੇ ਸੋਮੇ ਇਤਿਹਾਸ ਵਿਚੋਂ ਹੀ ਲਏ ਗਏ ਸਨ। ਮਹਾਕਵੀ ਕਾਲੀਦਾਸ, ਭਾਸ ਅਤੇ ਹਰਸ਼ ਦੇ ਨਾਟਕ ਵੀ ਇਤਿਹਾਸ ਵਿਚੋਂ ਲਏ ਗਏ ਸਨ। ਪੰਜਾਬੀ ਸਾਹਿੱਤ ਦੀਆਂ ਕਈ ਪ੍ਰਮੁੱਖ ਪਰੰਪਰਾਵਾਂ ਇਤਿਹਾਸ ਵਿਚੋਂ ਸਾਮੱਗਰੀ ਪ੍ਰਾਪਤ ਕਰਦੀਆਂ ਰਹੀਆਂ। ਦਮੋਦਰ, ਮੁਕਬਲ, ਵਾਰਿਸ ਸ਼ਾਹ ਅਤੇ ਕਾਦਰ ਯਾਰ ਵਰਗੇ ਕਿੱਸਾ ਕਵੀ, ਇਤਿਹਾਸਕ ਸਾਮੱਗਰੀ ਦਾ ਪ੍ਰਯੋਗ ਕਰਦੇ ਰਹੇ ਹਨ। ਦਮੋਦਰ ਆਪਣੇ ਕਿੱਸੇ ਵਿਚ ਕਈ ਥਾਵਾਂ ਤੇ ਜ਼ਿਕਰ ਕਰਦਾ ਹੈ ਕਿ ਹੀਰ ਰਾਂਝੇ ਦੇ ਕਿੱਸੇ ਦੀਆਂ ਸਾਰੀਆਂ ਘਟਨਾਵਾਂ ਇਤਿਹਾਸਕ ਹਨ ਅਤੇ ਇਹ ਉਸ ਦੀਆਂ ਅੱਖਾਂ ਦੇ ਸਾਹਮਣੇ ਵਾਪਰੀਆਂ। ਉਹ ਲਿਖਦਾ ਹੈ : ਅੱਖੀਂ ਡਿੱਠਾ ਕਿੱਸਾ ਕੀਤਾ ਮੈਂ ਤਾਂ ਗੁਣੀ ਨ ਕੋਈ। ਵਾਰਿਸ ਸ਼ਾਹ ਅਤੇ ਹੋਰ ਕਿੱਸਾ ਕਵੀ ਵੀ ਇਸੇ ਰੂੜ੍ਹੀ ਦਾ ਪ੍ਰਯੋਗ ਕਰਦੇ ਹਨ।

**12.4.2** ਪੁਰਾਤਨ ਮਨੁੱਖ ਕਲਪਣਾ ਦਾ ਬਹੁਤ ਪ੍ਰਯੋਗ ਨਹੀਂ ਸੀ ਕਰ ਸਕਦਾ। ਪੰਜਾਬੀ ਸਾਹਿੱਤ ਵਿਚ ਅੱਜ ਵੀ ਲਗਭਗ ਇਹੀ ਸਥਿਤੀ ਬਣੀ ਹੋਈ ਹੈ। ਸਾਡੇ ਲੇਖਕ ਸਮਾਜ ਵਿਚ ਵਾਪਰ ਚੁੱਕੀਆਂ ਵਾਸਤਵਿਕ ਘਟਨਾਵਾਂ ਨੂੰ ਹੀ ਆਪਣੀਆਂ ਰਚਨਾਵਾਂ ਦਾ ਵਿਸ਼ੈ ਬਣਾਉਂਦੇ ਹਨ। ਰਾਮ ਸਰੂਪ ਅਣਖੀ, ਪ੍ਰੋ. ਅਜਮੇਰ ਔਲਖ ਅਤੇ ਵਰਿਆਮ ਸਿੰਘ ਸੰਧੂ ਵਰਗੇ ਆਧੁਨਿਕ ਸਾਹਿੱਤਕਾਰ ਵੀ ਆਪਣੇ ਆਲੇ-ਦੁਆਲੇ ਦੇ ਸਮਾਜ ਵਿਚ ਵਾਪਰੀਆਂ ਘਟਨਾਵਾਂ ਨੂੰ ਆਪਣੇ ਨਾਵਲਾਂ, ਨਾਟਕਾਂ ਅਤੇ ਕਹਾਣੀਆਂ ਦੀ ਵਸਤੂ-ਸਾਮੱਗਰੀ ਬਣਾਉਂਦੇ ਹਨ। ਭਾਈ ਵੀਰ ਸਿੰਘ, ਨਰਿੰਦਰ ਪਾਲ ਸਿੰਘ ਅਤੇ ਹਰਨਾਮ ਦਾਸ ਸਹਿਰਾਈ ਵਰਗੇ ਨਾਵਲਕਾਰਾਂ ਨੇ ਆਪਣੇ ਨਾਵਲ ਲਿਖਣ ਵਾਸਤੇ ਪੰਜਾਬ ਅਤੇ ਰਾਜਸਥਾਨ ਦੇ ਇਤਿਹਾਸ ਨੂੰ ਬੜੇ ਸੁਚੱਜੇ ਢੰਗ ਨਾਲ ਵਰਤਿਆ ਹੈ।

**12.4.3** ਪੱਛਮੀ ਲੇਖਕਾਂ ਨੇ ਵੀ ਇਤਿਹਾਸਕ ਸੋਮਿਆਂ ਦਾ ਭਰਪੂਰ ਪ੍ਰਯੋਗ ਕੀਤਾ ਹੈ, ਪ੍ਰਾਚੀਨ ਯੂਨਾਨ ਦੇ ਪ੍ਰਮੁੱਖ ਨਾਟਕਕਾਰਾਂ ਅਸਕੀਲਸ, ਯੂਰੀਪਿਡੀਜ਼ ਅਤੇ ਸੋਫ਼ੋਕਲੀਜ਼ ਨੇ ਆਪਣੇ ਦੁਖਾਂਤ ਨਾਟਕਾਂ ਦੀ ਰਚਨਾ ਵਾਸਤੇ ਇਤਿਹਾਸਕ ਘਟਨਾਵਾਂ ਦਾ ਪ੍ਰਯੋਗ ਕੀਤਾ। ਹੋਮਰ ਨੇ ਆਪਣੀਆਂ ਮਹਾਂਕਾਵਿਕ ਰਚਨਾਵਾਂ 'ਈਲੀਅਡ' ਅਤੇ 'ਓਡਿਸੀ' ਵਿਚ

ਇਤਿਹਾਸ ਦਾ ਸੁਚੱਜਾ ਪ੍ਰਯੋਗ ਕੀਤਾ। ਸ਼ੈਕਸਪੀਅਰ ਦੇ ਬਹੁਤੇ ਨਾਟਕਾਂ ਦੀ ਕਥਾ-ਵਸਤੂ ਯੂਰਪ ਦੇ ਇਤਿਹਾਸ ਵਿਚੋਂ ਲਈ ਗਈ ਹੈ। ਅਰਸਤੂ ਨੇ ਤ੍ਰਾਸਦੀ ਨਾਟਕਾਂ ਵਿਚ ਕਥਾ-ਵਸਤੂ ਦੀ ਚੋਣ ਲਈ ਇਤਿਹਾਸਕ ਸੋਮਿਆਂ ਦੀ ਵਕਾਲਤ ਕੀਤੀ। ਇਉਂ ਅਸੀਂ ਵੇਖਦੇ ਹਾਂ ਕਿ ਵਿਸ਼ਵ ਦੇ ਸਮੁੱਚੇ ਸਾਹਿੱਤ ਵਿਚ ਇਤਿਹਾਸ ਦਾ ਭਰਪੂਰ ਪ੍ਰਯੋਗ ਹੁੰਦਾ ਰਿਹਾ ਹੈ।

**12.4.4**ਸਾਹਿੱਤ ਵਿਚ ਇਤਿਹਾਸ ਦਾ ਲੇਖਣ ਆਮ ਆਦਮੀ ਦੇ ਦ੍ਰਿਸ਼ਟੀਕੋਣ ਤੋਂ ਹੁੰਦਾ ਹੈ ਜਦੋਂ ਕਿ ਇਤਿਹਾਸ ਰਾਜਿਆਂ, ਰਜਵਾੜਿਆਂ ਅਤੇ ਸੱਤਾਧਾਰੀ ਵਿਅਕਤੀਆਂ ਦੇ ਕਾਰਨਾਮਿਆਂ ਨੂੰ ਬਿਆਨ ਕਰਦਾ ਹੈ ਅਤੇ ਇਹ ਆਮ ਤੌਰ ਤੇ ਇਨ੍ਹਾਂ ਵਿਸ਼ੇਸ਼ ਵਿਅਕਤੀਆਂ ਨੂੰ ਮਹਿਮਾ ਮੰਡਿਤ (glorify) ਕਰਦਾ ਹੈ। ਪਰ ਸਾਹਿੱਤ ਵਿਚ ਸਾਧਾਰਣ ਵਿਅਕਤੀ ਦੇ ਸੰਘਰਸ਼ ਦੀ ਦਾਸਤਾਨ ਕਲਮਬੰਦ ਕੀਤੀ ਜਾਂਦੀ ਹੈ। ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਵਰਿਆਮ ਸਿੰਘ ਸੰਧੂ ਅਤੇ ਮੋਹਨ ਭੰਡਾਰੀ ਆਦਿਕ ਆਧੁਨਿਕ ਲੇਖਕ ਆਮ ਆਦਮੀ ਦੇ ਇਤਿਹਾਸਕ ਵੇਰਵਿਆਂ ਨੂੰ ਬਿਆਨ ਕਰਦੇ ਹਨ। ਇਤਿਹਾਸ ਵਿਚ ਝੂਠ-ਸੱਚ ਦਾ ਨਿਤਾਰਾ ਕਰਨ ਲਈ ਸਾਨੂੰ ਸਮਕਾਲੀ ਸਾਹਿੱਤਕਾਰਾਂ ਦੀਆਂ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਨਾ ਬੜਾ ਜ਼ਰੂਰੀ ਹੋ ਜਾਂਦਾ ਹੈ। ਮੁਸਲਮਾਨ ਇਤਿਹਾਸਕਾਰਾਂ ਨੇ ਮੁਗ਼ਲ ਰਾਜਿਆਂ ਦੀ ਖ਼ੁਸ਼ਾਮਦ ਕਰਨ ਵਾਸਤੇ ਜਹਾਂਗੀਰ, ਸ਼ਾਹ ਜਹਾਨ, ਔਰੰਗਜ਼ੇਬ ਅਤੇ ਫ਼ਰੁਖਸੀਅਰ ਵਰਗੇ ਜ਼ਾਲਮ ਬਾਦਸ਼ਾਹਾਂ ਦਾ ਬੜਾ ਗੁਣ-ਗਾਨ ਕੀਤਾ ਹੈ ਪਰ ਜਦੋਂ ਅਸੀਂ ਇਨ੍ਹਾਂ ਇਤਿਹਾਸਕਾਰਾਂ ਦੇ ਸਮਕਾਲੀ ਸਾਹਿੱਤਕਾਰਾਂ ਦੀਆਂ ਸਾਹਿੱਤਿਕ ਰਚਨਾਵਾਂ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਹ ਰਾਜੇ ਬੜੇ ਜ਼ਾਲਮ ਅਤੇ ਮੁਤਅੱਸਬੀ ਹੁੰਦੇ ਸਨ। ਦੇਖੋ ਭਾਈ ਗੁਰਦਾਸ ਜੀ ਦਾ ਇਕ ਕਥਨ : ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕੋ ਖਾਈ।।

**12.4.5**ਉੱਤਮ ਸ਼੍ਰੇਣੀ ਦੇ ਸਾਹਿੱਤ ਵਿਚ ਇਹ ਸਮਰੱਥਾ ਹੁੰਦੀ ਹੈ ਕਿ ਇਹ ਇਤਿਹਾਸਕ ਦਸਤਾਵੇਜ਼ ਦਾ ਰੂਪ ਧਾਰਨ ਕਰ ਜਾਂਦਾ ਹੈ। ਗੁਰਦਿਆਲ ਸਿੰਘ ਦਾ ਨਾਵਲ 'ਮੜ੍ਹੀ ਦਾ ਦੀਵਾ', ਦਲੀਪ ਕੌਰ ਟਿਵਾਣਾ ਦੀ ਰਚਨਾ 'ਏਹੁ ਹਮਾਰਾ ਜੀਵਣਾ' ਅਤੇ ਬਲਦੇਵ ਸਿੰਘ ਦਾ ਨਾਵਲ 'ਲਾਲ ਬੱਤੀ' ਮੂਲ ਰੂਪ ਵਿਚ ਸਾਹਿੱਤਕ ਰਚਨਾਵਾਂ ਹਨ ਪਰੰਤੂ ਇਨ੍ਹਾਂ ਵਿਚ ਜੀਵਨ ਦਾ ਸੱਚ ਇੰਨੀ ਸ਼ਿੱਦਤ ਨਾਲ ਬਿਆਨ ਕੀਤਾ ਗਿਆ ਹੈ ਕਿ ਇਹ ਇਤਿਹਾਸ ਦਾ ਰੂਪ ਧਾਰਨ ਕਰ ਗਈਆਂ ਹਨ। ਇਉਂ ਸਾਹਿੱਤ, ਇਤਿਹਾਸਕਾਰੀ ਦੀ ਭੂਮਿਕਾ ਵੀ ਨਿਭਾਉਂਦਾ ਹੈ।

**12.4.6**ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਕੁਝ ਅਜਿਹੀਆਂ ਰਚਨਾਵਾਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ, ਜੋ ਇਤਿਹਾਸ ਦੇ ਸ਼ੁੱਧ ਸੋਮੇ ਹਨ। ਅਜਿਹੀਆਂ ਰਚਨਾਵਾਂ ਵਿਚ ਭਾਈ ਰਤਨ ਸਿੰਘ ਭੰਗੂ ਦਾ 'ਪ੍ਰਾਚੀਨ ਪੰਥ ਪ੍ਰਕਾਸ਼' ਨਜਾਬਤ ਦੁਆਰਾ ਰਚਿਤ 'ਨਾਦਰ ਸ਼ਾਹ ਦੀ ਵਾਰ', ਸ਼ਾਹ ਮੁਹੰਮਦ ਦਾ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਅਵਤਾਰ ਸਿੰਘ ਆਜ਼ਾਦ ਦਾ 'ਮਰਦ ਅਰਮਿੜਾ' ਅਤੇ 'ਵਿਸ਼ਵ ਨੂਰ', ਪ੍ਰੋ. ਮੋਹਨ ਸਿੰਘ ਦੇ ਮਹਾਂਕਾਵਿ 'ਨਾਨਕਾਇਣ' ਆਦਿ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿਚ ਇਤਿਹਾਸ ਅਤੇ ਸਾਹਿੱਤ ਦਾ ਸੁੰਦਰ ਸੁਮੇਲ ਹੋਇਆ ਹੈ। ਹਰਨਾਮ ਦਾਸ ਸਹਿਰਾਈ ਅਤੇ ਬਲਦੇਵ ਸਿੰਘ ਦੇ ਕੁਝ ਇਤਿਹਾਸਕ ਨਾਵਲ ਵੀ ਇਸੇ ਸ਼੍ਰੇਣੀ ਵਿਚ ਰੱਖੇ ਜਾ ਸਕਦੇ ਹਨ।

## 12.5 ਨਿਸ਼ਕਰਸ਼ :

ਸਾਹਿੱਤ ਮਨੁੱਖੀ ਜੀਵਨ ਦੀ ਸਿਰਜਣਾਤਮਕ ਅਭਿਵਿਅਕਤੀ ਹੈ। ਇਸ ਕਾਰਨ ਮਨੁੱਖੀ ਜੀਵਨ ਨਾਲ ਜਿਨ੍ਹਾਂ ਵਿਗਿਆਨਾਂ ਅਤੇ ਅਨੁਸ਼ਾਸਨਾਂ ਦਾ ਸੰਬੰਧ ਹੈ, ਉਹ ਸਾਰੇ-ਦੇ-ਸਾਰੇ ਸਾਹਿੱਤ ਲਈ ਵੀ ਅਰਥਪੂਰਨ ਅਤੇ ਉਪਯੋਗੀ ਹਨ। ਸਾਹਿੱਤ ਦਾ ਇਨ੍ਹਾਂ ਸਭਨਾਂ ਨਾਲ ਪਰਸਪਰ ਆਦਾਨ-ਪ੍ਰਦਾਨ ਦਾ ਰਿਸ਼ਤਾ ਹੈ। ਇਹ ਇਕ ਦੂਜੇ ਪਾਸੋਂ ਕੁਝ ਲੈਂਦੇ ਹਨ ਅਤੇ ਬਦਲੇ ਵਿਚ ਕਾਫ਼ੀ ਕੁਝ ਪ੍ਰਦਾਨ ਕੀ ਕਰਦੇ ਹਨ।

- ਸਾਹਿੱਤ ਦੀ ਵਸਤੂ-ਸਮੱਗਰੀ ਮਨੁੱਖੀ ਸਮਾਜ ਹੈ। ਸਾਹਿੱਤ ਵਿਚ ਸਮਾਜ ਦੇ ਸਾਰੇ ਅੰਗ ਅਤੇ ਸੰਸਥਾਵਾਂ ਰੂਪਮਾਨ ਹੁੰਦੀਆਂ ਰਹੀਆਂ ਹਨ। ਸਾਹਿੱਤ ਸਮਾਜ ਵਿਚੋਂ ਉਗਮਦਾ ਹੈ, ਸਮਾਜ ਲਈ ਉਪਯੋਗੀ ਹੈ ਅਤੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਸਮਾਜਿਕ ਸੰਦਰਭਾਂ ਤੋਂ ਬਿਨਾਂ ਸਾਹਿੱਤ

ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ।

- ਸਾਹਿੱਤ ਦੇ ਵੱਖ-ਵੱਖ ਰੂਪਾਂ ਨੂੰ ਮਨੋਵਿਗਿਆਨ ਨੇ ਨਵੀਂ ਉਰਜਾ ਅਤੇ ਸ਼ਨਾਖਤ ਪ੍ਰਦਾਨ ਕੀਤੀ ਹੈ। ਮਨੁੱਖ ਨੂੰ ਸਮਝਣ ਵਾਸਤੇ ਅਤੇ ਸਾਹਿੱਤ ਵਿਚ ਉਸਦੀ ਪੇਸ਼ਕਾਰੀ ਲਈ ਮਨੋਵਿਗਿਆਨ ਦਾ ਅਧਿਐਨ ਬੜਾ ਜ਼ਰੂਰੀ ਹੈ। ਕਿਉਂਕਿ ਮਨੁੱਖ ਨੂੰ ਸਮਝਣ ਵਾਸਤੇ ਉਸਦੀ ਮਾਨਸਿਕ ਕਸ਼ਮਕਸ਼ ਬਹੁਤ ਮਹੱਤਵਪੂਰਨ ਸਾਮੱਗਰੀ ਮੁਹੱਈਆ ਕਰਦੀ ਹੈ।
- ਸਾਹਿੱਤ ਮਨੁੱਖੀ ਜੱਦੋਜਹਿਦ ਦਾ ਇਕ ਸੱਚਾ-ਸੁੱਚਾ ਇਤਿਹਾਸ ਹੈ। ਇਸੇ ਕਾਰਨ ਇਤਿਹਾਸਕ ਘਟਨਾਵਾਂ ਵੀ ਸਾਹਿੱਤ ਦੁਆਰਾ ਨਿਰੰਤਰ ਰੂਪਮਾਨ ਹੁੰਦੀਆਂ ਰਹੀਆਂ ਹਨ।

– – – –

**ਉਪਰੋਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।**

1. ਸਾਹਿੱਤ ਅਤੇ ਸਮਾਜ ਦੇ ਸੰਬੰਧਾਂ ਬਾਰੇ ਜਾਣਕਾਰੀ ਦਿਉ। (ਅਪਰੈਲ 2004)
2. ਮਨੋਵਿਗਿਆਨ ਕੀ ਹੈ? ਇਸ ਨੇ ਸਾਹਿੱਤ ਉਪਰ ਕੀ ਪ੍ਰਭਾਵ ਪਾਇਆ ਹੈ।
3. ਸਾਹਿੱਤ ਅਤੇ ਇਤਿਹਾਸ ਦੇ ਪਰਸਪਰ ਸੰਬੰਧਾਂ ਉੱਤੇ ਇਕ ਨੋਟ ਲਿਖੋ।
4. ਸਾਹਿੱਤ ਅਤੇ ਮਨੋਵਿਗਿਆਨ ਦੇ ਸੰਬੰਧਾਂ ਬਾਰੇ ਭਰਪੂਰ ਜਾਣਕਾਰੀ ਦਿਉ। (ਅਪਰੈਲ 2000, ਅਪਰੈਲ 2009, ਅਪਰੈਲ 2013)
5. ਸਾਹਿਤ ਅਤੇ ਇਤਿਹਾਸ ਬਾਰੇ ਲੇਖ ਲਿਖੋ। (ਅਪਰੈਲ 2011)
6. ਹੇਠ ਲਿਖਿਆਂ ਵਿਚੋਂ ਕਿਸੇ ਦੋ ਉੱਤੇ ਨੋਟ ਲਿਖੋ :
   (ੳ) ਸਾਹਿਤ ਅਤੇ ਸ਼ਖ਼ਸੀਅਤ।
   (ਅ) ਸਾਹਿਤ ਅਤੇ ਸਮਾਜ।
   (ੲ) ਸਾਹਿਤ ਅਤੇ ਧਰਮ। (ਅਪਰੈਲ 2015)
7. ਹੇਠ ਲਿਖਿਆਂ ਵਿਚੋਂ ਕਿਸੇ ਇਕ ਬਾਰੇ ਚਰਚਾ ਕਰੋ :
   (ੳ) ਸਾਹਿਤ ਤੇ ਸਮਾਜ
   (ਅ) ਸਾਹਿਤ ਤੇ ਸਭਿਆਚਾਰ (ਅਪਰੈਲ 2018)

ਪਾਠ ਨੰ: 1.13 — ਪ੍ਰੋ. ਬ੍ਰਹਮਜਗਦੀਸ਼ ਸਿੰਘ

## ਸਾਹਿੱਤ ਅਤੇ ਹੋਰ ਅਨੁਸ਼ਾਸਨ (ਧਰਮ, ਸ਼ਖ਼ਸੀਅਤ, ਰਾਜਨੀਤੀ)

### 13.1 ਭੂਮਿਕਾ :

ਸਾਹਿੱਤ ਮਨੁੱਖੀ ਜੀਵਨ ਵਾਂਗ ਵਿਸ਼ਾਲ, ਬਹੁਅੰਗੀ ਅਤੇ ਬਹੁਪਸਾਰੀ ਵਰਤਾਰਾ ਹੈ। ਇਸ ਵਿਚ ਮਨੁੱਖੀ ਸ਼ਖ਼ਸੀਅਤ ਅਤੇ ਸੱਭਿਆਚਾਰ ਦਾ ਹਰ ਅੰਗ ਕ੍ਰਿਆਸ਼ੀਲ ਰਹਿੰਦਾ ਹੈ। ਇਹੀ ਕਾਰਨ ਹੈ ਕਿ ਸਾਹਿੱਤ ਨੂੰ ਇਸਦੇ ਬਹੁਤ ਸਾਰੇ ਨਿਰਮਾਣਕਾਰੀ ਅੰਗਾਂ ਦੇ ਹਵਾਲੇ ਨਾਲ ਸਮਝਣ-ਸਮਝਾਂਉਣ ਦੀਆਂ ਕੋਸ਼ਿਸ਼ਾਂ ਜਾਰੀ ਰਹਿੰਦੀਆਂ ਹਨ। ਮੁੱਢਲਾ ਸਾਹਿੱਤ ਧਰਮ ਦੇ ਇਕ ਅੰਗ ਵਜੋਂ ਹੀ ਪੈਦਾ ਹੋਇਆ ਸੀ। ਵੇਦ, ਉਨਿਸ਼ਦ ਅਤੇ ਪੁਰਾਣ ਮਨੁੱਖ ਦੀ ਧਾਰਮਿਕ ਜਗਿਆਸਾ ਦੀ ਤ੍ਰਿਪਤੀ ਕਰਨ ਵਾਲੇ ਸਾਹਿੱਤ-ਰੂਪ ਸਨ। ਗੁਰਬਾਣੀ ਅਤੇ ਸੂਫ਼ੀ ਕਾਵਿ ਦੀ ਅੰਤਰਾਤਮਾ ਤੱਕ ਪਹੁੰਚਣ ਲਈ ਵੀ ਧਰਮ ਨੂੰ ਜਾਣਨ-ਸਮਝਣ ਦੀ ਜ਼ਰੂਰਤ ਪੈਂਦੀ ਹੈ। ਪਰ ਜਿਵੇਂ-ਜਿਵੇਂ ਗਿਆਨ ਅਤੇ ਵਿਗਿਆਨ ਦਾ ਵਿਕਾਸ ਹੁੰਦਾ ਗਿਆ, ਸਾਹਿੱਤ ਦੀ ਪ੍ਰਕਿਰਤੀ ਵੀ ਬਦਲਦੀ ਚਲੀ ਗਈ। ਆਧੁਨਿਕ ਯੁਗ ਵਿਚ ਵਿਅਕਤੀ ਨੂੰ ਆਪਣੀ ਸ਼ਖ਼ਸੀਅਤ ਅਤੇ ਸ਼ਨਾਖ਼ਤ ਗੁੰਮਦੀ ਪ੍ਰਤੀਤ ਹੋਈ, ਇਸ ਕਾਰਨ ਇਸ ਯੁਗ ਦੇ ਸਾਹਿੱਤ ਵਿਚ ਮਨੁੱਖੀ ਸ਼ਖ਼ਸੀਅਤ ਦੇ ਨਿਰੂਪਣ ਉਪਰ ਜ਼ੋਰ ਦਿੱਤਾ ਗਿਆ। ਇਹ ਰੁੱਚੀ ਰੋਮਾਂਟਿਕ ਯੁੱਗ ਵਿਚ ਰਚੇ ਗਏ ਸਾਹਿੱਤ ਤੋਂ ਸ਼ੁਰੂ ਹੋਈ ਸੀ ਅਤੇ ਸਮਕਾਲੀ ਸਾਹਿੱਤਕਾਰ ਵੀ ਆਪਣੀਆਂ ਰਚਨਾਵਾਂ ਵਿਚ ਸ਼ਖ਼ਸੀਅਤ ਦੀ ਅਭਿਵਿਅਕਤੀ ਉਪਰ ਬਲ ਦੇ ਰਹੇ ਹਨ। ਵੀਹਵੀਂ ਸਦੀ ਵਿਚ ਵਿੱਦਿਆ ਅਤੇ ਵਿਗਿਆਨ ਦੇ ਪ੍ਰਸਾਰ ਨਾਲ ਜਨ-ਸਾਧਾਰਣ ਕਾਫ਼ੀ ਚੇਤੰਨ ਹੋ ਗਿਆ, ਇਸ ਕਾਰਨ ਉਹ ਰਾਜਨੀਤਕ ਸਰੋਕਾਰਾਂ ਵਿਚ ਵੀ ਭਰਪੂਰ ਦਿਲਚਸਪੀ ਲੈਣ ਲੱਗਾ। ਇਉਂ ਸਾਹਿੱਤ ਦੀ ਵਸਤੂ-ਸਾਮੱਗਰੀ ਵਿਚ ਮਾਨਵੀ ਸਰੋਕਾਰ ਨਿਰੰਤਰ ਬਦਲਦੇ ਰਹੇ ਹਨ ਅਤੇ ਪਾਠਕ ਲਈ ਇਨ੍ਹਾਂ ਦੀ ਪ੍ਰਕਿਰਤੀ ਤੋਂ ਸੁਪਰਿਚਿਤ ਹੋਣਾ ਜ਼ਰੂਰੀ ਬਣ ਗਿਆ ਹੈ।

### 13.2 ਉੱਦੇਸ਼

ਇਸ ਪਾਠ ਦਾ ਉੱਦੇਸ਼ ਬੀ.ਏ. ਦੇ ਵਿਦਿਆਰਥੀਆਂ ਨੂੰ ਸਾਹਿੱਤ ਦੀ ਵਸਤੂ-ਸਮੱਗਰੀ ਨਾਲ ਸੰਬੰਧਤ ਕੁਝ ਪ੍ਰਮੁੱਖ ਅੰਗਾਂ-ਧਰਮ, ਸ਼ਖ਼ਸੀਅਤ ਅਤੇ ਰਾਜਨੀਤੀ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਹ ਅੰਗ ਸਾਹਿੱਤ ਦੀ ਰਚਨਾ-ਪ੍ਰਕਿਰਿਆ ਵਿਚ ਸ਼ਾਮਲ ਹੋ ਕੇ ਇਸ ਦੇ ਸੁਰੂਪ ਅਤੇ ਪ੍ਰਕਿਰਤੀ ਉਪਰ ਕਾਫ਼ੀ ਪ੍ਰਭਾਵ ਪਾਉਂਦੇ ਹਨ। ਮੱਧਕਾਲ ਵਿਚ ਸਾਹਿੱਤ ਧਾਰਮਿਕ ਉੱਦੇਸ਼ਾਂ ਦੀ ਪੂਰਤੀ ਨਾਲ ਸੰਬੰਧਿਤ ਸੀ, ਪੁਨਰ-ਜਾਗ੍ਰਿਤੀ ਕਾਲ ਵਿਚ ਵਿਅਕਤੀਗਤ ਸੁਤੰਤਰਤਾ ਉਪਰ ਜ਼ੋਰ ਦਿੱਤਾ ਗਿਆ, ਜਿਸ ਕਾਰਨ ਸ਼ਖਸੀਅਤ ਦੀ ਅਭਿਵਿਅਕਤੀ ਨਾਲ ਜੁੜੇ ਮਸਲੇ ਸਾਹਮਣੇ ਆਏ। ਆਧੁਨਿਕ ਕਾਲ ਰਾਜਨੀਤਕ ਜੱਦੋਜਹਿਦ ਦਾ ਹੈ। ਰਾਜਸ਼ਾਹੀ ਖ਼ਤਮ ਹੋ ਜਾਣ ਦੇ ਕਾਰਨ, ਵੱਖ-ਵੱਖ ਗਰੁਪਾਂ, ਪਾਰਟੀਆਂ ਅਤੇ ਵਰਗਾਂ ਨੂੰ ਰਾਜਸੱਤਾ ਦੀ ਪ੍ਰਾਪਤੀ ਲਈ ਨਿਰੰਤਰ ਸੰਘਰਸ਼ ਕਰਨਾ ਪੈ ਰਿਹਾ ਹੈ। ਹਰ ਗਰੁੱਪ ਅਤੇ ਪਾਰਟੀ ਆਪਣੇ ਆਪ ਨੂੰ ਲੋਕ-ਹਿਤੈਸ਼ੀ ਘੋਸ਼ਿਤ ਕਰਕੇ ਲੋਕਾਂ ਤੋਂ ਹਿਮਾਇਤ ਦੇ ਰੂਪ ਵਿਚ ਵੋਟਾਂ ਦੀ ਮੰਗ ਕਰਦੀ ਹੈ। ਇਸ ਸੂਰਤ ਵਿਚ ਕੋਈ ਵਿਅਕਤੀ ਵੀ ਰਾਜਨੀਤੀ ਤੋਂ ਨਿਰਲੇਪ ਜਾਂ ਨਿਰਪੱਖ ਨਹੀਂ ਰਹਿ ਸਕਦਾ। ਇਹੀ ਕਾਰਨ ਹੈ ਕਿ ਸਮਕਾਲੀ ਸਾਹਿੱਤ ਵਿਚ ਰਾਜਨੀਤਕ ਸਰੋਕਾਰ ਸਰਵ-ਸ਼ਿਰੋਮਣੀ ਹੋ ਗਏ ਹਨ। ਸੋ ਵੱਖ-ਵੱਖ ਯੁੱਗਾਂ ਵਿਚ ਰਚੇ ਗਏ ਸਾਹਿੱਤ ਦਾ ਵਿਸ਼ਲੇਸ਼ਣ ਕਰਨ ਲਈ ਧਰਮ, ਸ਼ਖ਼ਸੀਅਤ ਅਤੇ ਰਾਜਨੀਤੀ ਨਾਲ ਜੁੜੇ ਮੁੱਦਿਆਂ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ।

### 13.3.1 ਸਾਹਿੱਤ ਅਤੇ ਧਰਮ

ਸਾਹਿੱਤ ਅਤੇ ਧਰਮ ਦਾ ਬਹੁਤ ਡੂੰਘਾ ਰਿਸ਼ਤਾ ਰਿਹਾ ਹੈ। ਆਦਿ ਕਾਲ ਵਿਚ ਜਦੋਂ ਮਨੁੱਖ ਨੂੰ ਪ੍ਰਕਿਰਤੀ

ਦੇ ਰਹੱਸਮਈ ਵਰਤਾਰੇ ਦੀ ਸਮਝ ਨਹੀਂ ਸੀ ਤਾਂ ਉਹ ਸਾਹਿੱਤ ਦੇ ਮਾਧਿਅਮ ਦੁਆਰਾ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਸੀ। ਉਸ ਨੇ ਪ੍ਰਕਿਰਤੀ ਦੀਆਂ ਵੱਖ-ਵੱਖ ਸ਼ਕਤੀਆਂ ਨੂੰ ਦੇਵੀ-ਦੇਵਤਿਆਂ ਦੇ ਰੂਪ ਵਿਚ ਸਥਾਪਿਤ ਕਰ ਲਿਆ ਸੀ ਅਤੇ ਇਨ੍ਹਾਂ ਨੂੰ ਰੀਝਾਉਣ ਲਈ ਸਾਹਿੱਤ ਦਾ ਪ੍ਰਯੋਗ ਕਰਦਾ ਸੀ। ਮੰਤਰ, ਭਜਨ ਅਤੇ ਧਾਰਮਿਕ ਗੀਤ ਹੀ ਵਿਸ਼ਵ ਦੇ ਵੱਖ-ਵੱਖ ਸੱਭਿਆਚਾਰਾਂ ਅਤੇ ਭਾਸ਼ਾਵਾਂ ਵਿਚ ਸਾਹਿੱਤ ਦੇ ਮੁੱਢਲੇ ਰੂਪਾਂ ਵਜੋਂ ਜਾਣੇ ਜਾਂਦੇ ਹਨ। ਯੂਨਾਨੀ ਸਾਹਿੱਤ ਦੀ ਪ੍ਰਾਸੰਗਿਕਤਾ ਬਾਰੇ ਵਿਚਾਰ ਕਰਦਿਆਂ ਪਲੈਟੋ ਨੇ ਆਪਣੇ ਆਦਰਸ਼ਕ ਗਣਰਾਜ 'ਰੀਪਬਲਿਕ' ਵਿਚ ਦੇਵੀ-ਦੇਵਤਿਆਂ ਦੀ ਉਸਤਤਿ ਵਿੱਚ ਲਿਖੇ ਭਜਨ-ਗੀਤਾਂ ਅਤੇ ਯੋਧਿਆਂ ਦੀ ਉਸਤਤਿ ਵਿਚ ਲਿਖੀਆਂ ਹੋਈਆਂ ਵਾਰਾਂ ਨੂੰ ਉੱਤਮ ਸਾਹਿੱਤ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਸੀ। ਉਹ ਤ੍ਰਾਸਦੀ-ਨਾਟਕਾਂ ਦੇ ਹੱਕ ਵਿਚ ਨਹੀਂ ਸੀ ਕਿਉਂਕਿ ਇਹੋ ਜਿਹੀਆਂ ਰਚਨਾਵਾਂ ਮਨੁੱਖ ਨੂੰ ਕਮਜ਼ੋਰ ਅਤੇ ਡਰਪੋਕ ਬਣਾਉਂਦੀਆਂ ਹਨ। ਬਾਅਦ ਵਿਚ ਅਰਸਤੂ ਨੇ ਤ੍ਰਾਸਦੀ ਨਾਟਕਾਂ ਦੀ ਵਕਾਲਤ ਕਰਕੇ ਇਨ੍ਹਾਂ ਨੂੰ ਉੱਤਮ ਕੋਟੀ ਵਿਚ ਸਵੀਕਾਰ ਕਰ ਲਿਆ ਸੀ। ਪਰੰਤੂ ਜੇ ਤ੍ਰਾਸਦੀ ਨਾਟਕਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਨ੍ਹਾਂ ਵਿਚ ਵੀ ਪ੍ਰਕਿਰਤੀ ਦੀਆਂ ਵੱਖ-ਵੱਖ ਸ਼ਕਤੀਆਂ ਨੂੰ ਹੀ ਮਹਿਮਾ ਮੰਡਿਤ ਕੀਤਾ ਗਿਆ ਹੈ। ਇਉਂ ਮੁੱਢਲਾ ਸਾਹਿੱਤ ਧਾਰਮਿਕ ਸ਼੍ਰੇਣੀ ਦਾ ਹੋਇਆ ਕਰਦਾ ਸੀ।

**13.3.2**ਆਦਿ ਕਾਲ ਵਿਚ ਧਰਮ ਦਾ ਕੋਈ ਸੰਗਠਿਤ ਅਤੇ ਸੰਸਥਾਗਤ ਰੂਪ ਅਜੇ ਤੱਕ ਸਾਹਮਣੇ ਨਹੀਂ ਸੀ ਆਇਆ। ਧਰਮ, ਲੋਕਾਂ ਦੀ ਇਕ ਜੀਵਨ-ਜਾਂਚ ਸੀ ਅਤੇ ਇਸ ਵਿਚ ਮੂਰਤੀ ਪੂਜਾ ਬਲੀ-ਰੀਤਾਂ ਅਤੇ ਹਵਨਾਂ ਆਦਿਕ ਕਰਮ-ਕਾਂਡਾਂ ਦੀ ਪ੍ਰਧਾਨਤਾ ਸੀ। ਮਨੁੱਖ ਹਰ ਦਿਨ ਦੀ ਸ਼ੁਰੂਆਤ ਕਿਸੇ ਦੇਵੀ-ਦੇਵਤੇ ਦੇ ਬੁੱਤ ਸਾਹਮਣੇ ਭਜਨ ਪ੍ਰਸਤੁਤੀ ਦੁਆਰਾ ਕਰਦਾ ਸੀ। ਜਦੋਂ ਕਿਸੇ ਮਨੁੱਖੀ ਸਮਾਜ ਉਪਰ ਮੁਸੀਬਤ ਆਉਂਦੀ ਸੀ ਤਾਂ ਪਸ਼ੂਆਂ-ਪੰਛੀਆਂ ਦੀ ਬਲੀ ਦੇ ਕੇ ਪ੍ਰਕਿਰਤੀ ਦੀ ਕਰੋਪ ਨੂੰ ਸ਼ਾਂਤ ਕਰਨ ਦੇ ਯਤਨ ਕੀਤੇ ਜਾਂਦੇ ਸਨ। ਪ੍ਰਕਿਰਤੀ ਦੀਆਂ ਵੱਖ-ਵੱਖ ਸ਼ਕਤੀਆਂ ਇੰਦਰ, ਅਗਨੀ ਅਤੇ ਵਰੁਣ ਆਦਿਕ ਨੂੰ ਰੀਝਾਉਣ ਲਈ ਹਵਨ ਆਦਿਕ ਵੀ ਕੀਤੇ ਜਾਂਦੇ ਸਨ। ਵਿਸ਼ਵ ਦੇ ਹਰ ਸਮਾਜ ਅਤੇ ਸੱਭਿਆਚਾਰ ਵਿਚ ਬੁੱਤ-ਪੂਜਾ, ਬਲੀ-ਰੀਤਾਂ ਅਤੇ ਯਗ-ਹਵਨ ਦੀ ਪਰੰਪਰਾ ਬਣੀ ਰਹੀ ਹੈ। ਇਨ੍ਹਾਂ ਕਰਮ-ਕਾਂਡਾਂ ਨੂੰ ਸੰਪੰਨ ਕਰਨ ਲਈ ਮੰਤਰਾਂ, ਭਜਨਾਂ ਅਤੇ ਅਰਦਾਸਾਂ ਦੇ ਰੂਪ ਵਿਚ ਜੋ ਕੁਝ ਬੋਲਿਆ, ਗਾਇਆ ਜਾਂ ਉਚਾਰਿਆ ਜਾਂਦਾ ਸੀ, ਉਹੀ ਵੱਖ-ਵੱਖ ਭਾਸ਼ਾਵਾਂ ਦੇ ਪ੍ਰਾਚੀਨ ਸਾਹਿੱਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

**13.3.3**ਜਿਵੇਂ ਜਿਵੇਂ ਮਨੁੱਖ ਦਾ ਗਿਆਨ ਅਤੇ ਵਿਵੇਕ ਵਧਦਾ ਗਿਆ, ਪੁਰਾਣੇ ਧਰਮ ਟੁੱਟਦੇ ਗਏ ਅਤੇ ਉਨ੍ਹਾਂ ਦੀ ਥਾਂ ਨਵੇਂ ਧਰਮ ਸਥਾਪਿਤ ਹੋ ਗਏ। ਅੱਜ ਤੋਂ ਢਾਈ ਕੁ ਹਜ਼ਾਰ ਵਰ੍ਹੇ ਪਹਿਲਾਂ ਭਾਰਤ ਵਿਚ ਬੁੱਧ-ਧਰਮ ਅਤੇ ਜੈਨ-ਧਰਮ ਦੀ ਸਥਾਪਨਾ ਹੋ ਗਈ। ਇਨ੍ਹਾਂ ਵਿਚ ਪੁਰਾਣੇ ਕਰਮ-ਕਾਂਡਾਂ ਨੂੰ ਤਿਆਗ ਕੇ ਈਸ਼ਵਰ-ਭਗਤੀ ਦੇ ਨਵੇਂ ਸਾਧਨ ਸਮਝਾਏ ਗਏ। ਦੋ ਹਜ਼ਾਰ ਵਰ੍ਹੇ ਪਹਿਲਾਂ ਹਜ਼ਰਤ ਈਸਾ ਨੇ ਈਸਾਈ ਧਰਮ ਦੀ ਨੀਂਹ ਰੱਖੀ ਅਤੇ ਡੇਢ ਕੁ ਹਜ਼ਾਰ ਵਰ੍ਹੇ ਪਹਿਲਾਂ ਹਜ਼ਰਤ ਮੁਹੰਮਦ ਨੇ ਇਸਲਾਮ ਦੀ ਨੀਂਹ ਰੱਖੀ। ਅੱਜ ਦੁਨੀਆਂ ਦੇ ਸਭ ਤੋਂ ਵੱਡੇ ਧਰਮ ਇਹੀ ਈਸਾਈ, ਇਸਲਾਮ ਅਤੇ ਬੁੱਧ ਧਰਮ ਹੀ ਹਨ। ਇਨ੍ਹਾਂ ਨੇ ਮਨੁੱਖਾਂ ਦੀ ਸਮਾਨਤਾ, ਸੁਤੰਤਰਤਾ ਅਤੇ ਸਦਭਾਵਨਾ ਦੇ ਆਧਾਰ ਉੱਤੇ ਨਵੀਨ ਮਾਨਵਵਾਦੀ ਧਰਮਾਂ ਦੀ ਨੀਂਹ ਰੱਖੀ। ਇਨ੍ਹਾਂ ਨਵੇਂ ਧਰਮਾਂ ਨੂੰ ਫੈਲਾਉਣ ਵਿਚ ਪ੍ਰਚਾਰਕਾਂ, ਮਿਸ਼ਨਰੀਆਂ ਅਤੇ ਭਿਕਸ਼ੂਆਂ ਨੇ ਵੱਡਾ ਯੋਗਦਾਨ ਪਾਇਆ। ਇਨ੍ਹਾਂ ਸਮੂਹ ਪ੍ਰਚਾਰਕਾਂ ਦੇ ਧਾਰਮਿਕ ਪ੍ਰਵਚਨ ਵਿਸ਼ਵ ਦਾ ਸ਼ਿਰੋਮਣੀ ਸਾਹਿੱਤ ਬਣ ਚੁੱਕੇ ਹਨ। ਇਉਂ ਨਵੇਂ ਧਰਮਾਂ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਵੀ ਸਾਹਿੱਤ ਦੀ ਭੂਮਿਕਾ ਉਲੇਖਯੋਗ ਰਹੀ ਹੈ।

**13.3.4**ਭਾਰਤ ਵਿਚ ਅੱਜ ਤੋਂ ਦਸ-ਬਾਰ੍ਹਾਂ ਹਜ਼ਾਰ ਵਰ੍ਹੇ ਪਹਿਲਾਂ ਸਿੰਧ ਘਾਟੀ ਦੀ ਸਭਿਅਤਾ ਨੇ ਬਹੁਤ ਵਿਕਾਸ ਕਰ ਲਿਆ ਸੀ। ਉਨ੍ਹਾਂ ਦੁਆਰਾ ਰਚਿਆ ਕੁਝ ਸਾਹਿੱਤ ਵੀ ਜ਼ਰੂਰ ਹੋਵੇਗਾ ਪਰੰਤੂ ਆਰੀਆਂ ਲੋਕਾਂ ਨੇ ਆ ਕੇ ਭਾਰਤ ਦੇ ਪ੍ਰਾਚੀਨ ਸੱਭਿਆਚਾਰ ਨੂੰ ਨਸ਼ਟ ਕਰ ਦਿੱਤਾ ਅਤੇ ਇਕ ਨਵੇਂ 'ਆਰੀਆ-ਸੱਭਿਆਚਾਰ' ਦੀ ਨੀਂਹ ਰੱਖ ਦਿੱਤੀ। ਹੌਲੀ-ਹੌਲੀ ਇਹ ਸੱਭਿਆਚਾਰ ਵੀ ਕਾਫ਼ੀ ਵਿਕਸਿਤ ਹੋ ਗਿਆ। ਇਸ ਸੱਭਿਆਚਾਰ ਨੂੰ ਸੰਗਠਿਤ ਕਰਨ

ਲਈ ਅਤੇ ਇਸ ਦੇ ਪ੍ਰਚਾਰ ਵਾਸਤੇ ਵੇਦਾਂ ਦੀ ਰਚਨਾ ਕੀਤੀ ਗਈ। ਰਿਗ, ਸਾਮ, ਯਜੁਰ ਅਤੇ ਅਥਰਵ ਵੇਦ ਦੇ ਰੂਪ ਵਿਚ ਚਾਰ ਵੇਦ ਪ੍ਰਾਚੀਨ ਆਰੀਆ ਸੱਭਿਆਚਾਰ ਅਤੇ ਸਾਹਿੱਤ ਦਾ ਇਕ ਉਤਕ੍ਰਿਸ਼ਟ ਪ੍ਰਮਾਣ ਪੇਸ਼ ਕਰਦੇ ਹਨ। ਇਨ੍ਹਾਂ ਵੇਦ-ਮੰਤਰਾਂ ਵਿਚ ਪ੍ਰਕਿਰਤੀ ਦੀਆਂ ਵੱਖ-ਵੱਖ ਸ਼ਕਤੀਆਂ ਦਾ ਯਸ਼-ਗਾਨ ਹੋਇਆ ਹੈ ਅਤੇ ਉਨ੍ਹਾਂ ਨੂੰ ਰੀਝਾਉਣ ਦੀਆਂ ਵਿਧੀਆਂ ਅੰਕਿਤ ਕੀਤੀ ਗਈਆਂ ਹਨ। ਬਾਅਦ ਵਿਚ ਇਨ੍ਹਾਂ ਵੇਦਾਂ ਦੀਆਂ ਉਪਨਿਸ਼ਦਾਂ ਅਤੇ ਸ਼ਾਸਤਰਾਂ ਦੇ ਰੂਪ ਵਿਚ ਵੱਖ-ਵੱਖ ਰਿਸ਼ੀਆਂ ਨੇ ਬੜੀਆਂ ਵਿਸਤ੍ਰਿਤ ਵਿਆਖਿਆਵਾਂ ਵੀ ਕੀਤੀਆਂ। ਵੇਦ, ਸ਼ਾਸਤਰ ਅਤੇ ਉਪਨਿਸ਼ਦਾਂ ਭਾਰਤ ਦੇ ਕਲਾਸਿਕੀ ਸਾਹਿੱਤ ਦਾ ਬੜਾ ਗੌਰਵਮਈ ਸਰਮਾਇਆ ਹਨ।

**13.3.5**ਗਿਆਰ੍ਹਵੀਂ ਸਦੀ ਵਿਚ ਭਾਰਤ ਉਪਰ ਇਸਲਾਮੀ ਹਕੂਮਤ ਕਾਇਮ ਹੋ ਗਈ ਜੋ ਅਠਾਰ੍ਹਵੀਂ ਸਦੀ ਤੱਕ ਚਲਦੀ ਰਹੀ। ਇਨ੍ਹਾਂ ਸੱਤ-ਅੱਠ ਸੌ ਵਰ੍ਹਿਆਂ ਵਿਚ ਵੱਖ-ਵੱਖ ਧਰਮਾਂ ਅਤੇ ਸੱਭਿਆਚਾਰਾਂ ਦੀ ਅੰਤਰ-ਕ੍ਰਿਆ ਦੁਆਰਾ ਬਹੁਤ ਸਾਰਾ ਸਾਹਿੱਤ ਰਚਿਆ ਗਿਆ। ਪੰਜਾਬੀ ਸਾਹਿੱਤ ਦੀ ਗੌਰਵਮਈ ਪਰੰਪਰਾ ਸ਼ੁਰੂ ਹੋਈ ਜੋ ਨਾਥ-ਜੋਗੀਆਂ ਤੋਂ ਚਲਦੀ ਹੋਈ ਸੂਫ਼ੀ ਸਾਹਿੱਤ ਅਤੇ ਗੁਰਬਾਣੀ ਕਾਵਿ ਧਾਰਾ ਦੁਆਰਾ ਇਸ ਸਮੁੱਚੇ ਕਾਲ ਖੰਡ ਦੀ ਬਹੁਪੱਖੀ ਪੇਸ਼ਕਾਰੀ ਕਰਦੀ ਹੈ। ਨਾਥ ਜੋਗੀਆਂ ਦੀ ਪਰੰਪਰਾ ਦਾ ਨਿਕਾਸ ਬੋਧ-ਭਿਕਸ਼ੂਆਂ ਦੇ ਪ੍ਰਵਚਨਾਂ ਅਤੇ ਸਿੱਧਾਂਤਾਂ ਵਿਚੋਂ ਹੋਇਆ। ਬਾਅਦ ਵਿਚ ਪਤੰਜਲੀ ਰਿਸ਼ੀ ਨੇ ਦੂਜੀ ਸਦੀ ਪੂਰਵ ਈਸਵੀ ਵਿਚ ਯੋਗ ਦੇ ਸੰਕਲਪ ਨੂੰ ਪਰਿਭਾਸ਼ਿਤ ਅਤੇ ਵਿਸ਼ਲੇਸ਼ਿਤ ਕੀਤਾ। ਪਤੰਜਲੀ ਦਾ ਯੋਗ ਮੁੱਖ ਰੂਪ ਵਿਚ ਇਕ ਮਾਨਸਿਕ ਅਨੁਸ਼ਾਸਨ ਪੱਧਤੀ ਹੈ, ਜਿਸ ਦੁਆਰਾ ਮਨੁੱਖ ਆਪਣੀ ਬੁੱਧੀ ਨੂੰ ਨਿਖਾਰ ਸਕਦਾ ਹੈ ਅਤੇ ਮਨ ਨੂੰ ਭੁਲੇਖਿਆਂ ਤੋਂ ਮੁਕਤ ਕਰ ਕੇ ਸੱਚ ਦੀ ਸਿੱਧੀ ਸੋਝੀ ਪ੍ਰਾਪਤ ਕਰ ਸਕਦਾ ਹੈ। ਪਾਤੰਜਲੀ ਦੇ ਯੋਗ-ਦਰਸ਼ਨ ਨੂੰ ਰਾਜ-ਯੋਗ ਦੀ ਸੰਗਿਆ ਦਿੱਤੀ ਗਈ ਹੈ ਕਿਉਂਕਿ ਇਹ ਮਨ ਨੂੰ ਨਿਯੰਤ੍ਰਿਤ ਕਰਨ ਅਤੇ ਸਮਾਧੀ ਵਿਚ ਟਿੱਕਣ ਦੀ ਪ੍ਰਕਿਰਿਆ ਦਾ ਵਿਸਤਾਰਪੂਰਵਕ ਵਰਣਨ ਕਰਦਾ ਹੈ। ਨਾਥ ਜੋਗੀਆਂ ਦੀ ਬਾਣੀ ਵਿਚ ਇਸਤ੍ਰੀ-ਨਿੰਦਾ, ਬ੍ਰਹਮਚਰਯ-ਆਸ਼ਰਮ ਦੀ ਪ੍ਰਸ਼ੰਸਾ ਅਤੇ ਤਿਆਗ ਆਦਿਕ ਸੰਕਲਪਾਂ ਦੀ ਪੇਸ਼ਕਾਰੀ ਹੋਈ ਹੈ। ਗੋਰਖ ਨਾਥ ਇਸਤ੍ਰੀ ਨੂੰ 'ਬਾਘਨਿ' ਕਹਿ ਕੇ ਇਸ ਤੋਂ ਦੂਰ ਰਹਿਣ ਦੀ ਪ੍ਰੇਰਣਾ ਕਰਦਾ ਹੈ। ਚਰਪਟ ਨਾਥ ਵਿਸ਼ੈ-ਵਿਕਾਰਾਂ ਤੋਂ ਮੁਕਤ ਹੋਣ ਦਾ ਉਪਦੇਸ਼ ਦਿੰਦਾ ਹੈ ਅਤੇ ਰਤਨ ਨਾਥ ਜੀਵਨ ਦੀ ਮੋਹ-ਮਾਇਆ ਤੋਂ ਨਿਰਲੇਪ ਰਹਿਣ ਦਾ ਸੰਦੇਸ਼ ਦਿੰਦਾ ਹੈ। ਨਾਥ-ਜੋਗੀਆਂ ਦਾ ਧਰਮ ਜੀਵਨ ਤੋਂ ਨਵਿਰਤੀ (ਪਰੇ ਰਹਿਣ) ਦਾ ਧਰਮ ਸੀ।

**13.3.6**ਪੰਜਾਬੀ ਸੂਫ਼ੀ ਕਾਵਿ ਪਰੰਪਰਾ ਨੇ ਇਸਲਾਮ ਧਰਮ ਦੇ ਪ੍ਰਮੁੱਖ ਸੰਕਲਪਾਂ ਨੂੰ ਪੰਜਾਬੀ ਸਾਹਿੱਤ ਦੀ ਵਸਤੂ-ਸਾਮੱਗਰੀ ਬਣਾਇਆ। ਇਹ ਕਾਰਜ ਬਾਰ੍ਹਵੀਂ-ਤੇਰਵ੍ਹੀਂ ਦੇ ਪ੍ਰਸਿੱਧ ਸੂਫ਼ੀ ਦਰਵੇਸ਼ ਸ਼ੇਖ ਫ਼ਰੀਦ ਨੇ ਸ਼ੁਰੂ ਕੀਤਾ ਅਤੇ ਉਸ ਤੋਂ ਬਾਅਦ ਸੁਲਤਾਨ ਬਾਹੂ, ਸ਼ਾਹ ਹੁਸੈਨ, ਅਲੀ ਹੈਦਰ, ਬੁਲ੍ਹੇ ਸ਼ਾਹ, ਗ਼ੁਲਾਮ ਫ਼ਰੀਦ ਅਤੇ ਹੋਰ ਸੂਫ਼ੀ ਕਵੀਆਂ ਨੇ ਜਾਰੀ ਰੱਖਿਆ। ਇਸਲਾਮ ਵਿਚ ਸਾਦਗੀ, ਗ਼ਰੀਬੀ, ਨਿਮਰਤਾ, ਮੁਹੱਬਤ, ਬੰਦਗੀ, ਤੌਬਾ, ਰੱਬ ਉਤੇ ਪੂਰਨ ਵਿਸ਼ਵਾਸ ਅਤੇ ਸ਼ੁਭ ਕਰਮ ਕਰਨ ਉਪਰ ਬਲ ਦਿੱਤਾ ਗਿਆ ਹੈ। ਸ਼ੇਖ਼ ਫ਼ਰੀਦ ਨੇ ਇਸਲਾਮ ਦੇ ਇਨ੍ਹਾਂ ਸਾਰੇ ਸੰਕਲਪਾਂ ਨੂੰ ਬੜੀ ਮਿੱਠੀ ਅਤੇ ਸਰਲ ਪੰਜਾਬੀ ਦੁਆਰਾ ਪੇਸ਼ ਕਰਕੇ ਭਾਰਤ ਵਿਚ ਇਕ ਨਵੇਂ ਭਾਈਚਾਰੇ ਦੀ ਨੀਂਹ ਰੱਖੀ। ਬਾਅਦ ਵਿਚ ਹੋਰ ਸੂਫ਼ੀ ਕਵੀਆਂ ਨੇ ਵੀ ਫ਼ਰੀਦ ਜੀ ਦੀ ਪਰੰਪਰਾ ਨੂੰ ਪੂਰਨ ਸੁਹਿਰਦਤਾ ਸਹਿਤ ਨਿਭਾਇਆ। ਫ਼ਰੀਦ ਜੀ ਦੁਆਰਾ ਪ੍ਰਸਤੁਤ ਇਸਲਾਮ ਧਰਮ ਦੇ ਕੁਝ ਸੰਕਲਪ ਦੇਖੋ:

ਫਰੀਦਾ ਸਾਹਿਬ ਦੀ ਕਰ ਚਾਕਰੀ ਦਿਲ ਦੀ ਲਾਹਿ ਭਰਾਂਦਿ।।
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।।੬0।।

ਅਤੇ

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ।।
ਕਮਾਦੈ ਅਰੁ ਕਾਗਦੈ ਕੁੰਨੈ ਕੋਇਲਿਆਹ।।
ਮੰਦੇ ਅਮਲ ਕਰੇਦਿਆਂ ਏਹ ਸਜਾਇ ਤਿਨਾਹ।।੪੯।।

**13.3.7**ਭਾਰਤ ਦੀ ਸਰਜ਼ਮੀਨ ਉਤੇ ਪੈਦਾ ਹੋਣ ਵਾਲਾ ਸਭ ਤੋਂ ਨਵੀਨ ਅਤੇ ਮਾਨਵਤਾਵਾਦੀ ਧਰਮ ਸਿੱਖ ਧਰਮ ਹੈ, ਜਿਸ ਦਾ ਆਰੰਭ ਪੰਦਰ੍ਹਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ (1369–1539) ਦੇ ਪ੍ਰਗਟ ਹੋਣ ਨਾਲ ਹੋਇਆ। ਗੁਰੂ ਨਾਨਕ ਦੇਵ ਜੀ ਨੇ ਇਹ ਅਨੁਭਵ ਕਰ ਲਿਆ ਸੀ ਕਿ ਭਾਰਤ ਵਿਚ ਹਿੰਦੂ ਧਰਮ, ਕਰਮ–ਕਾਂਡਾਂ, ਵਹਿਮਾਂ–ਭਰਮਾਂ ਅਤੇ ਰੂੜ੍ਹੀਵਾਦੀ ਪਰੰਪਰਾਵਾਂ ਦਾ ਇਕ ਪਾਖੰਡ ਮਾਤਰ ਬਣ ਕੇ ਰਹਿ ਗਿਆ ਹੈ। ਜ਼ਾਤ–ਪਾਤ, ਸੰਪਰਦਾਇ ਅਤੇ ਊਚ–ਨੀਚ ਦੀ ਵਰਗ–ਵੰਡ ਵਿਚ ਵਿਭਾਜਿਤ ਹੋਇਆ ਭਾਰਤੀ ਸਮਾਜ ਨਵੇਂ ਯੁਗ ਦੇ ਹਾਣ ਦਾ ਨਹੀਂ ਰਿਹਾ ਸੀ। ਕਿਸੇ ਵੀ ਭਾਰਤਵਾਸੀ ਵਿਚ ਸ੍ਵੈਮਾਨ, ਅਣਖ ਅਤੇ ਸੁਤੰਤਰਤਾ ਲਈ ਮਰ ਮਿਟਣ ਦਾ ਜਜ਼ਬਾ ਨਹੀਂ ਸੀ ਬਲਕਿ ਹਰ ਕੋਈ ਮੁਸਲਮਾਨ ਹੁਕਮਰਾਨਾਂ ਦੀ ਮਿੰਨਤ–ਖੁਸ਼ਾਮਦ ਕਰਕੇ ਉਨ੍ਹਾਂ ਦੀ ਕ੍ਰਿਪਾ ਹਾਸਲ ਕਰਨ ਦਾ ਕੋਝਾ ਪ੍ਰਯਤਨ ਕਰ ਰਿਹਾ ਸੀ। ਮੁਸਲਮਾਨ ਲੋਕ, ਹੁਕਮਰਾਨ ਸ਼੍ਰੇਣੀ ਨਾਲ ਸੰਬੰਧ ਰੱਖਣ ਕਰਕੇ ਬੇਤਰਸ ਅਤੇ ਜ਼ਾਲਮ ਬਣ ਗਏ ਸਨ। ਉਹ ਹਰ ਸਮੇਂ ਹਿੰਦੂਆਂ ਨੂੰ ਨੀਵਾਂ ਅਤੇ ਨਖਿੱਧ ਦਿਖਾਉਣ ਵਿਚ ਰੁੱਝੇ ਰਹਿੰਦੇ ਸਨ। ਨਾਥ–ਜੋਗੀ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰ ਅਤੇ ਸੁਹਿਰਦ ਨਹੀਂ ਸਨ। ਹਰ ਕੋਈ ਆਤਮ–ਕੇਂਦ੍ਰਿਤ, ਸਵਾਰਥੀ ਅਤੇ ਹਿੰਸਕ ਬਣ ਚੁੱਕਾ ਸੀ। ਇਸ ਤਰਸਯੋਗ ਸਥਿਤੀ ਵਿਚ ਗੁਰੂ ਨਾਨਕ ਦੇਵ ਜੀ ਮਨੁੱਖੀ ਸੁਤੰਤਰਤਾ, ਸ੍ਵੈਮਾਨ ਅਤੇ ਪਰਸਪਰ ਸਦਭਾਵਨਾ ਉਪਰ ਆਧਾਰਿਤ ਸਿੱਖ ਧਰਮ ਦੀ ਨੀਂਹ ਰੱਖੀ ਗੁਰਮਤਿ ਕਾਵਿ ਪਰੰਪਰਾ ਵਿਚ ਗੁਰੂ ਨਾਨਕ ਅਤੇ ਹੋਰ ਸਿੱਖ ਸਤਿਗੁਰੂ ਸਾਹਿਬਾਨ ਦੇ ਧਾਰਮਿਕ ਅਤੇ ਦਾਰਸ਼ਨਿਕ ਸੰਕਲਪਾਂ ਦੀ ਪੇਸ਼ਕਾਰੀ ਹੋਈ ਹੈ। ਜਿਵੇਂ:

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣ ਨ ਜਾਈ।।
ਅੰਤਰ ਪੂਜਾ ਪੜਹਿ ਦਤੇਬਾ ਸੰਜਮੁ ਤੁਰਕਾ ਭਾਈ।।
ਛੋਡੀਲੇ ਪਾਖੰਡਾ।। ਨਾਮਿ ਲਇਐ ਜਾਹਿ ਤਰੰਦਾ।।

(ਆਸਾ ਦੀ ਵਾਰ, ਮਹਲਾ ੧)

ਕਾਜੀ ਹੋਇ ਕੈ ਬਹੈ ਨਿਆਇ।।
ਫੇਰੇ ਤਸਬੀ ਕਰੇ ਖੁਦਾਇ।।
ਵਢੀ ਲੈ ਕੇ ਹਕੁ ਗਵਾਏ।।
ਜੇ ਕੋ ਪੁਛੈ ਤਾ ਪੜਿ ਸੁਣਾਏ।।

(ਰਾਮਕਲੀ ਸਲੋਕ ਮਹਲਾ ੧)

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ।।
ਹਉ ਭਾਲਿ ਵਿਕੁੰਨੀ ਹੋਈ।।
ਆਧੇਰੈ ਰਾਹਿ ਨਹੀਂ ਕੋਈ।।

(ਵਾਰ ਮਾਝ ਕੀ, ਮਹਲਾ ੧)

**13.3.8**ਮੱਧਕਾਲ ਦੀ ਇਕ ਹੋਰ ਪ੍ਰਮੁੱਖ ਕਾਵਿ ਪਰੰਪਰਾ ਕਿੱਸਾ ਕਾਵਿ ਵਿਚ ਵੀ ਧਰਮ ਸੰਬੰਧੀ ਟਿੱਪਣੀਆਂ ਅੰਕਿਤ ਹੋਈਆਂ ਹਨ। ਪੰਜਾਬੀ ਵਿਚ ਬਹੁਤੇ ਕਿੱਸਾ ਕਵੀ ਇਸਲਾਮ ਨਾਲ ਸੰਬੰਧਿਤ ਸਨ, ਇਸ ਲਈ ਉਨ੍ਹਾਂ ਦੀਆਂ ਰਚਨਾਵਾਂ ਵਿਚ ਇਸਲਾਮ ਧਰਮ ਬਾਰੇ ਬਹੁਤ ਸਾਰੇ ਹਵਾਲੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਸਮੇਂ ਇਸਲਾਮ ਧਰਮ ਵਿਚ ਵੀ ਬਹੁਤ ਸਾਰੇ ਵਿਕਾਰ ਆ ਗਏ ਸਨ, ਮੁਸਲਮਾਨ ਲੋਕ ਧਰਮ ਦੀ ਬਜਾਇ ਧਨ–ਦੌਲਤ ਵੱਲ ਰੁਚਿਤ ਹੋ ਰਹੇ ਸਨ। ਚਾਰੇ ਪਾਸੇ ਵੱਢੀਖੋਰੀ ਅਤੇ ਕੁਨਬਾ–ਪ੍ਰਸਤੀ ਦਾ ਬੋਲ–ਬਾਲਾ ਸੀ। ਵਾਰਿਸ ਸ਼ਾਹ ਵਰਗੇ ਚੇਤੰਨ ਕਵੀਆਂ ਨੇ ਧਰਮ ਦੇ ਖੇਤਰ ਵਿਚ ਆ ਰਹੀ ਇਸ ਅਧੋਗਤੀ ਦੇ ਚਿੱਤਰ ਪੇਸ਼ ਕੀਤੇ ਹਨ।

**13.3.9**ਆਧੁਨਿਕ ਯੁੱਗ ਵਿਚ ਧਰਮ, ਮਨੁੱਖੀ ਜੀਵਨ ਦੇ ਕੇਂਦਰ ਵਿਚ ਨਹੀਂ ਰਹਿੰਦਾ, ਕੇਂਦਰ ਵਿਚ ਪੂੰਜੀ ਅਤੇ ਪਦਾਰਥਕ ਪ੍ਰਾਪਤੀਆਂ ਆ ਜਾਂਦੀਆਂ ਹਨ। ਇਸ ਲਈ ਆਧੁਨਿਕ ਸਾਹਿੱਤ ਵਿਚ ਧਰਮ ਬਾਰੇ ਸਿੱਧੇ ਰੂਪ ਵਿਚ ਬਹੁਤ ਘੱਟ ਲਿਖਿਆ ਗਿਆ ਹੈ। ਪੰਜਾਬੀ ਸਾਹਿੱਤ ਦੇ ਸੰਦਰਭ ਵਿਚ ਭਾਈ ਵੀਰ ਸਿੰਘ ਹੀ ਇਕ ਅਜਿਹਾ ਪ੍ਰਮੁੱਖ

ਕਵੀ ਹੈ, ਜੋ ਧਰਮ ਨੂੰ ਆਪਣੇ ਸਾਹਿੱਤ ਦੀ ਵਸਤੂ-ਸਾਮੱਗਰੀ ਬਣਾਉਂਦਾ ਹੈ। ਬਾਕੀ ਲੇਖਕ ਸੈਕੂਲਰ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ। ਕਈ ਪ੍ਰਗਤੀਸ਼ੀਲ ਸਾਹਿੱਤਕਾਰ ਧਰਮ ਦਾ ਵਿਰੋਧ ਕਰਦੇ ਵੀ ਨਜ਼ਰ ਆਉਂਦੇ ਹਨ ਕਿਉਂਕਿ ਧਰਮ ਮਨੁੱਖਤਾ ਵਿਚ ਵੰਡੀਆਂ ਪਾ ਕੇ, ਇਕ ਧਰਮ ਦੇ ਲੋਕਾਂ ਨੂੰ ਦੂਜੇ ਧਰਮਾਂ ਵਾਲਿਆਂ ਤੋਂ ਨਿਖੇੜਦਾ ਹੈ। ਪਰੰਤੂ ਇਸ ਦੇ ਬਾਵਜੂਦ ਨੈਤਿਕ-ਸ਼ਾਸਤਰ (ethics) ਦੇ ਪ੍ਰੇਰਣਾ-ਸਰੋਤ ਵਜੋਂ ਧਰਮ ਆਧੁਨਿਕ ਕਾਲ ਦੇ ਸਾਹਿੱਤ ਵਿਚ ਵੀ ਸਜੀਵ ਹੈ। ਸਦਭਾਵਨਾ, ਮੁਹੱਬਤ, ਖਿਮਾ ਕਰਨਾ, ਮਿੱਠਾ ਬੋਲਣਾ, ਕਿਸੇ ਦਾ ਦਿਲ ਨਾ ਦੁਖਾਉਣਾ, ਦੂਜੇ ਦੇ ਕੰਮ ਆਉਣਾ ਅਤੇ ਮਨੁੱਖਤਾ ਦੀ ਸੇਵਾ ਨੂੰ ਆਪਣਾ ਪਰਮ-ਕਰਤੱਵ ਮੰਨਣਾ ਆਦਿਕ ਸੰਦੇਸ਼ ਧਰਮ ਵਿਚੋਂ ਹੀ ਆਏ ਹਨ। ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਸ. ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਡਾ. ਹਰਚਰਨ ਸਿੰਘ, ਪ੍ਰੋ. ਗੁਰਦਿਆਲ ਸਿੰਘ ਅਤੇ ਸੁਰਜੀਤ ਪਾਤਰ ਆਦਿਕ ਲੇਖਕ, ਧਰਮ ਵਿਚੋਂ ਪ੍ਰਾਪਤ ਹੋਈਆਂ ਮਾਨਵਤਾਵਾਦੀ ਅੰਤਰ-ਦ੍ਰਿਸ਼ਟੀਆਂ ਦਾ ਨਿਰੂਪਣ ਕਰਕੇ ਧਰਮ ਦੀ ਇਕ ਨਵੀਂ, ਸਰਬ-ਸਾਂਝੀ ਅਤੇ ਪ੍ਰਗਤੀਸ਼ੀਲ ਪਰਿਭਾਸ਼ਾ ਤਿਆਰ ਕਰ ਰਹੇ ਹਨ। ਇਉਂ ਜੀਵਨ ਦੇ ਇਕ ਸੁਚੱਜੇ ਮਾਡਲ ਦੇ ਨਿਰਮਾਣ ਲਈ ਸਾਹਿੱਤ ਨੂੰ ਧਰਮ ਦੇ ਮੂਲ ਸੰਕਲਪਾਂ ਦੀ ਸਦਾ ਜ਼ਰੂਰਤ ਰਹੇਗੀ।

### 13.4.1 ਸਾਹਿੱਤ ਅਤੇ ਸ਼ਖ਼ਸੀਅਤ

ਸਾਹਿੱਤ ਵਿਚ ਸ਼ਖ਼ਸੀਅਤ ਦਾ ਨਿਰੂਪਣ ਆਧੁਨਿਕ ਯੁੱਗ ਵਿਚ ਹੀ ਸੰਭਵ ਹੋਇਆ ਹੈ। ਮੱਧਕਾਲ ਤੱਕ ਸ਼ਖ਼ਸੀਅਤ ਦੇ ਨਿਰੂਪਣ ਨੂੰ ਵਿਅਕਤੀ ਦੀ ਹਉਮੈ ਜਾਂ ਅਭਿਮਾਨ ਨਾਲ ਜੋੜ ਕੇ ਵੇਖਿਆ ਜਾਂਦਾ ਸੀ। ਉਸ ਸਮੇਂ ਸਾਹਿੱਤ ਵਿਚ ਕੇਵਲ ਰਾਜਿਆਂ-ਰਜਵਾੜਿਆਂ ਜਾਂ ਸੰਤਾਂ-ਮਹਾਂਪੁਰਖਾਂ ਦੇ ਸ਼ਖਸੀਅਤ ਦਾ ਨਿਰੂਪਣ ਹੀ ਜਾਇਜ਼ ਅਤੇ ਉਚਿਤ ਸਮਝਿਆ ਜਾਂਦਾ ਸੀ। ਇਸ ਵੰਨਗੀ ਦੇ ਸਾਹਿੱਤ ਵਿਚ ਮਹਾਨ ਸ਼ਖ਼ਸੀਅਤਾਂ ਨੂੰ ਬਹੁਤ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਸੀ। ਰਾਜਿਆਂ-ਰਜਵਾੜਿਆਂ ਦੀ ਸ਼ਖ਼ਸੀਅਤ ਬਾਰੇ ਸਹੀ ਅਤੇ ਸੱਚ ਲਿਖਣਾ, ਸਮਕਾਲੀ ਲੇਖਕਾਂ ਦੇ ਵੱਸ ਦੀ ਗੱਲ ਨਹੀਂ ਸੀ ਕਿਉਂਕਿ ਉਸ ਸਮੇਂ ਦੇ ਬਹੁਤੇ ਲੇਖਕ ਇਨ੍ਹਾਂ ਰਾਜਿਆਂ ਦੇ ਦਰਬਾਰੀ ਜਾਂ ਨੌਕਰ ਹੁੰਦੇ ਸਨ। ਲਿਖਣ ਦੇ ਇਵਜ਼ ਵਿਚ ਉਨ੍ਹਾਂ ਨੂੰ ਰਾਜਿਆਂ ਵਲੋਂ ਇਨਾਮ, ਸਨਮਾਨ ਜਾਂ ਮਿਹਨਤਾਨਾ ਮਿਲਦਾ ਸੀ। ਪ੍ਰਕਾਸ਼ਨਾਲੇ ਅਜੇ ਹੋਂਦ ਵਿਚ ਨਹੀਂ ਸੀ ਆਏ ਕਿਉਂਕਿ ਪ੍ਰਿੰਟਿੰਗ ਪ੍ਰੈੱਸਾਂ ਦਾ ਨਿਰਮਾਣ ਨਹੀ ਸੀ ਹੋਇਆ। ਇਸ ਲਈ ਕੋਈ ਪੁਸਤਕ ਜਨ-ਸਾਧਾਰਣ ਤੱਕ ਨਹੀਂ ਸੀ ਪਹੁੰਚਦੀ। ਕੇਵਲ ਰਾਜੇ-ਰਜਵਾੜੇ ਜਾਂ ਸਾਮੰਤ ਲੋਕ ਹੀ ਹੱਥ-ਲਿਖਤ ਪੁਸਤਕਾਂ ਦੀਆਂ ਪ੍ਰਤੀਆਂ ਆਪਣੇ ਕੋਲ ਰੱਖ ਸਕਦੇ ਸਨ।

**13.4.2** ਮਹਾਂਪੁਰਖਾਂ ਦੇ ਜੀਵਨ-ਬਿਰਤਾਂਤ ਕਰਾਮਾਤੀ ਜਾਂ ਪੌਰਾਣਿਕ ਵਿਧੀ ਦੁਆਰਾ ਲਿਖੇ ਜਾਂਦੇ ਸਨ। ਵੱਖ-ਵੱਖ ਧਰਮਾਂ ਨਾਲ ਸੰਬੰਧਤ ਲੋਕ ਆਪਣੇ-ਆਪਣੇ ਧਰਮ-ਗੁਰੂਆਂ ਜਾਂ ਸੰਤਾਂ-ਮਹਾਤਾਵਾਂ ਦੇ ਜੀਵਨ-ਬ੍ਰਿਤਾਂਤ ਸ਼ਰਧਾਮੂਲਕ ਬਿਰਤੀ ਨਾਲ ਲਿਖਦੇ ਸਨ। ਉਨ੍ਹਾਂ ਦੇ ਜੀਵਨ ਨਾਲ ਬਹੁਤ ਸਾਰੇ ਚਮਤਕਾਰ ਜਾਂ ਕਰਾਮਾਤਾਂ ਜੋੜ ਕੇ ਇਹ ਦਰਸਾਇਆ ਜਾਂਦਾ ਸੀ ਕਿ ਇਹ ਗੁਰੂਜਨ ਅਤੇ ਸੰਤ, ਪਰਮਾਤਮਾ ਦੇ ਅਵਤਾਰ, ਪੈਗੰਬਰ ਜਾਂ ਪੁੱਤਰ ਹਨ। ਇਨ੍ਹਾਂ ਨੂੰ ਪਰਮਾਤਮਾ ਨੇ ਖ਼ੁਦ ਇਕ ਵਿਸ਼ੇਸ਼ ਮਿਸ਼ਨ ਦੇ ਕਾਰਨ ਵਿਚ ਜਗਤ ਵਿਚ ਭੇਜਿਆ ਹੈ। ਇਸ ਕਾਰਨ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਆਮ ਲੋਕਾਂ ਵਾਲੇ ਲੱਛਣ ਜਾਂ ਕਮਜ਼ੋਰੀਆਂ ਨਹੀਂ ਹੁੰਦੀਆਂ। ਹਜ਼ਰਤ ਈਸਾ, ਹਜ਼ਰਤ ਮੁਹੰਮਦ, ਮਹਾਤਮਾ ਬੁੱਧ, ਸ੍ਰੀ ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਆਦਿਕ ਧਰਮ-ਗੁਰੂਆਂ ਜਾਂ ਅਵਤਾਰਾਂ ਦੇ ਜੀਵਨ-ਬ੍ਰਿਤਾਂਤ ਇਸੇ ਵਿਧੀ ਦੁਆਰਾ ਲਿਖੇ ਗਏ ਹਨ। ਇਸੇ ਲਈ ਇਨ੍ਹਾਂ ਮਹਾਂਪੁਰਖਾਂ ਦੀ ਸ਼ਖ਼ਸੀਅਤ ਪ੍ਰਮਾਣਿਕ ਢੰਗ ਨਾਲ ਪੇਸ਼ ਨਹੀਂ ਹੋ ਸਕੀ। ਆਧੁਨਿਕ ਕਾਲ ਦੇ ਕੁਝ ਲੇਖਕਾਂ ਨੇ ਇਨ੍ਹਾਂ ਮਹਾਂਪੁਰਖਾਂ ਦੀ ਸ਼ਖ਼ਸੀਅਤ ਨੂੰ ਮਨੋਵਿਗਿਆਨਕ ਅਤੇ ਸਮਾਜ-ਸ਼ਾਸਤਰੀ ਵਿਧੀ ਨਾਲ ਲਿਖਣ ਦੀਆਂ ਕੋਸ਼ਿਸ਼ਾਂ ਤਾਂ ਜ਼ਰੂਰ ਕੀਤੀਆਂ ਹਨ ਪਰ ਬਾਅਦ ਵਿਚ ਇਨ੍ਹਾਂ ਲਿਖਤਾਂ ਉਪਰ ਇਤਨਾ ਹੋ-ਹੱਲਾ ਮੱਚਿਆ ਕਿ ਅਜਿਹੇ ਲੇਖਕਾਂ ਨੂੰ ਆਪਣੀ ਜਾਨ ਦੇ ਲਾਲੇ ਪੈ ਗਏ।

**13.4.3** ਮੱਧਕਾਲ ਵਿਚ ਇਨਸਾਨੀ ਜੀਵਨ ਪਰਮਾਤਮਾ ਵਲੋਂ ਨਿਰਧਾਰਿਤ, ਨਿਯੰਤ੍ਰਿਤ ਅਤੇ ਕਾਲਬੱਧ ਸੀ। ਮਨੁੱਖ ਪਰਮਾਤਮਾ ਦੇ ਭਾਣੇ ਵਿਚ ਧਰਤੀ ਉਪਰ ਆਉਂਦਾ ਸੀ, ਉਸ ਦੇ ਹੁਕਮ ਅਨੁਸਾਰ ਚੰਗੇ-ਮੰਦੇ ਕਰਮ ਕਰਦਾ ਸੀ

ਅਤੇ ਉਸਦੇ ਹੁਕਮ ਅਨੁਸਾਰ ਹੀ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਕੇ ਚਲਦਾ ਬਣਦਾ ਸੀ। ਉਹ ਕਿਸੇ ਵੀ ਕਰਮ ਵਿਚ ਸੁਤੰਤਰ ਨਹੀਂ ਸੀ ਅਤੇ ਨਾ ਹੀ ਉਹ ਕਿਸੇ ਚੰਗੇ ਕਰਮ ਦਾ ਖ਼ੁਦ 'ਕਰੈਡਿਟ' ਲੈ ਸਕਦਾ ਸੀ। ਗੁਰਮਤਿ ਕਾਵਿ ਪਰੰਪਰਾ ਵਿਚ ਵੀ ਮਨੁੱਖ ਨੂੰ ਪਰਮਾਤਮਾ ਦੇ ਹੁਕਮ ਅਧੀਨ ਵਿਚਰਦਾ ਦਰਸਾਇਆ ਗਿਆ ਹੈ। ਦੇਖੋ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ।।
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਮਾਇਆ।।
ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ।।
ਗੁਰਪਰਸਾਦੀ ਬੁਝਿਆ ਤਾਂ ਚਲਤੁ ਹੋਆ ਚਲਤੁ ਨਦਰੀ ਆਇਆ।।
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ।।੩੩।।
(ਰਾਮਕਲੀ ਮਹਲਾ ੩, ਅਨੰਦ)

ਭਈ ਪਰਾਪਤਿ ਮਨੁਖ ਦੇਹੁਰੀਆ।। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।
ਅਵਰਿ ਕਾਜ ਤੇਰੈ ਕਿਤੈ ਨ ਕਾਮ।। ਮਿਲ ਸਾਧ ਸੰਗਤਿ ਭਜੁ ਕੇਵਲ ਨਾਮ।।
ਸਰੰਜਾਮਿ ਲਾਗੁ ਭਵਜਲ ਤਰਨ ਕੈ।।
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।।੧।। ਰਹਾਉ।।
(ਆਸਾ ਮਹਲਾ ੫)

**13.4.4**ਆਧੁਨਿਕ ਕਾਲ ਵਿਚ ਪੂੰਜੀਵਾਦ ਦੇ ਪ੍ਰਭਾਵ ਅਧੀਨ ਮਨੁੱਖ ਦਾ ਆਪਣੇ ਜੀਵਨ ਅਤੇ ਜਗਤ ਪ੍ਰਤੀ ਨਵਾਂ ਦ੍ਰਿਸ਼ਟੀਕੋਣ ਪੈਦਾ ਹੋਇਆ। ਚਾਰਲਜ਼ ਡਾਰਵਿਨ ਨੇ 'ਪ੍ਰਜਾਤੀਆਂ ਦੇ ਵਿਕਾਸ' ਬਾਰੇ ਆਪਣਾ ਇਨਕਲਾਬੀ ਸੰਕਲਪ ਪੇਸ਼ ਕਰਕੇ ਸਿੱਧ ਕਰ ਦਿੱਤਾ ਕਿ ਮਨੁੱਖ ਜਾਤੀ ਦਾ ਵੀ ਹੋਰ ਜਾਤੀਆਂ ਪ੍ਰਜਾਤੀਆਂ ਵਿਚੋਂ ਵਿਕਾਸ ਹੋਇਆ ਹੈ। ਹੁਣ ਪਰਮਾਤਮਾ ਦਾ ਮਨੁੱਖ ਦੀ ਹੋਂਦ ਵਿਚ ਸਿੱਧਾ ਦਖ਼ਲ ਨਾ ਰਿਹਾ ਅਤੇ ਉਹ ਆਪਣੇ ਕਰਮਾਂ-ਕੁਕਰਮਾਂ ਲਈ ਖ਼ੁਦ ਉੱਤਰਦਾਈ ਹੋ ਗਿਆ। ਨਵੇਂ ਮਨੁੱਖ ਨੂੰ ਪਰਿਭਾਸ਼ਿਤ ਕਰਨ ਲਈ ਕਾਰਲ ਮਾਰਕਸ, ਸਿਗਮੰਡ ਫਰਾਇਡ ਅਤੇ ਦੁਰਖੀਮ ਵਰਗੇ ਸਮਾਜ-ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਨੇ ਮਨੁੱਖੀ ਸ਼ਖ਼ਸੀਅਤ ਬਾਰੇ ਮੌਲਿਕ ਸੰਕਲਪ ਪੇਸ਼ ਕੀਤੇ। ਹੁਣ ਮਨੁੱਖ ਦੇ ਦਿਲ-ਦਿਮਾਗ਼ ਤੋਂ ਧਰਮ ਅਤੇ ਪਰਮਾਤਮਾ ਦਾ ਭਰਮ-ਭਉ ਖ਼ਤਮ ਹੋ ਗਿਆ ਅਤੇ ਉਹ ਆਪਣੇ ਵਿਕਾਸ ਲਈ ਪੂਰਨ ਭਾਂਤ ਸੁਤੰਤਰ ਹੋ ਗਿਆ। ਇਸ ਦੌਰ ਵਿਚ ਮਨੁੱਖੀ ਸ਼ਖਸੀਅਤ ਦੀ ਪ੍ਰਕਿਰਤੀ, ਸਰੂਪ ਅਤੇ ਵਿਕਾਸ ਬਾਰੇ ਬਹੁਤ ਸਾਰਾ ਖੋਜ ਕਾਰਜ ਹੋਇਆ। ਇਸੇ ਦੌਰ ਵਿਚ ਮਨੁੱਖ ਆਪਣੀ-ਆਪਣੀ ਸ਼ਖਸੀਅਤ ਨੂੰ ਪ੍ਰਕਾਸ਼ਮਾਨ ਕਰਨ ਲੱਗੇ।

**13.4.5**ਪੱਛਮੀ ਸਾਹਿੱਤ ਵਿਚ ਅਠਾਰ੍ਹਵੀਂ ਸਦੀ ਦੇ ਅੰਤ ਵਿਚ ਉਤਪੰਨ ਹੋਈ ਰੋਮਾਂਸਵਾਦੀ ਲਹਿਰ ਨੇ ਮਨੁੱਖੀ ਸ਼ਖ਼ਸੀਅਤ ਨੂੰ ਇਕ ਗੌਰਵਮਈ ਪ੍ਰਾਪਤੀ ਦੇ ਰੂਪ ਵਿਚ ਅਭਿਵਿਕਅਤ ਕਰਨਾ ਸ਼ੁਰੂ ਕੀਤਾ ਇਸ ਲਹਿਰ ਦਾ ਇਕ ਪ੍ਰਮੁੱਖ ਪ੍ਰਵਕਤਾ ਜੀਵਨ ਜੈਕ ਰੂਸੋ ਸੀ। ਉਸ ਨੇ ਮਨੁੱਖੀ ਸੰਭਾਵਨਾਵਾਂ ਦੀ ਪੂਰਤੀ ਲਈ ਇਕ ਉਦਾਰ ਅਤੇ ਸੁਤੰਤਰ ਮਾਹੌਲ ਤਿਆਰ ਕਰ ਦਿੱਤਾ। ਅੰਗਰੇਜ਼ੀ ਸਾਹਿੱਤ ਦੇ ਕੁਝ ਪ੍ਰਮੁੱਖ ਕਵੀਆਂ-ਵਿਲੀਅਮ ਵਰਡਜ਼ਵਰਥ, ਬਾਇਰਨ, ਸ਼ੈਲੇ ਅਤੇ ਕੀਟਸ ਆਦਿਕ ਨੇ ਇਸ ਉਦਾਰ ਮਾਹੌਲ ਤੋਂ ਉੱਤੇਜਿਤ ਹੋ ਕੇ ਮਨੁੱਖੀ ਸ਼ਖਸੀਅਤ ਦਾ ਨਿਰੂਪਣ ਕਰਨ ਵਾਲੀਆਂ ਉੱਤਮ ਕਵਿਤਾਵਾਂ ਦੀ ਸਿਰਜਣਾ ਕੀਤੀ। ਫਰਾਂਸ ਵਿਚ ਬਾਦਲੇਅਰ, ਮਲਾਰਮੇ, ਵਲੇਰੀ ਅਤੇ ਰਿੰਬੋ ਵਰਗੇ ਕਵੀਆਂ ਨੇ ਆਪਣੀ-ਆਪਣੀ ਸ਼ਖ਼ਸੀਅਤ ਦੇ ਕੁਝ ਪ੍ਰਮੁੱਖ ਪਹਿਲੂਆਂ ਨੂੰ ਕਾਵਿਬੱਧ ਕੀਤਾ ਅਤੇ ਇਉਂ ਉਨ੍ਹੀਵੀਂ ਸਦੀ ਦੇ ਆਰੰਭ ਵਿਚ ਸਾਹਿੱਤ ਅਤੇ ਸ਼ਖ਼ਸੀਅਤ ਦੇ ਪਰਸਪਰ ਸੰਬੰਧ ਬਹੁਤ ਗੂੜ੍ਹੇ ਅਤੇ ਜਟਿਲ ਬਣ ਗਏ।

**13.4.6**ਆਧੁਨਿਕ ਯੁੱਗ ਵਿਚ ਇਹ ਸਪਸ਼ਟ ਹੋ ਗਿਆ ਕਿ ਮਨੁੱਖ ਨੂੰ ਆਪਣੀ ਸ਼ਖ਼ਸੀਅਤ, ਉਪਰੋਂ, ਕਿਸੇ ਪਰਮਾਤਮਾ ਜਾਂ ਅਵਤਾਰ ਪਾਸੋਂ ਦੈਵੀ-ਦਾਤ ਦੇ ਰੂਪ ਵਿਚ ਨਹੀਂ ਮਿਲਦੀ ਬਲਕਿ ਉਸ ਨੂੰ ਆਪ ਸਖ਼ਤ ਮਿਹਨਤ

ਕਰਕੇ ਆਪਣੀ ਸ਼ਖ਼ਸੀਅਤ ਕਮਾਉਣੀ ਪੈਂਦੀ ਹੈ। ਉਹ ਜਿਹੋ-ਜਿਹੇ ਫ਼ੈਸਲੇ ਲਵੇਗਾ, ਜਿਹੋ ਜਿਹੇ ਕਰਮ ਕਰੇਗਾ। ਉਸ ਦੀ ਸ਼ਖ਼ਸੀਅਤ ਉਸੇ ਤਰ੍ਹਾਂ ਨਾਲ ਬਣਦੀ-ਵਿਗੜਦੀ ਜਾਵੇਗੀ। ਸ਼ਖ਼ਸੀਅਤ ਦੇ ਨਿਰਮਾਣ ਵਿਚ ਕਿਸੇ ਵਿਅਕਤੀ ਦੇ ਪਰਿਵੇਸ਼ ਦਾ ਬਹੁਤ ਦਖ਼ਲ ਹੁੰਦਾ ਹੈ। ਮਨੁੱਖ ਜਿਹੋ-ਜਿਹੇ ਸਮਾਜਿਕ, ਆਰਥਿਕ ਅਤੇ ਪਰਿਵਾਰਿਕ ਪਰਿਵੇਸ਼ ਵਿਚ ਜਨਮਦਾ ਅਤੇ ਵਧਦਾ-ਫੁੱਲਦਾ ਹੈ, ਉਸ ਦੀ ਸ਼ਖ਼ਸੀਅਤ ਉਹੋ ਜਿਹੀ ਬਣ ਜਾਂਦੀ ਹੈ। ਗ਼ੁਲਾਮ ਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਦੀ ਸ਼ਖ਼ਸੀਅਤ ਗ਼ੁਲਾਮਾਨਾ ਬਣ ਜਾਦੀ ਹੈ ਅਤੇ ਆਜ਼ਾਦ ਮੁਲਕਾਂ ਵਿਚ ਜੀਣ-ਥੀਣ ਵਾਲੇ ਲੋਕ ਆਜ਼ਾਦ ਸ਼ਖ਼ਸੀਅਤ ਦੇ ਸਵਾਮੀ ਬਣ ਜਾਂਦੇ ਹਨ। ਮਨੁੱਖ ਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਉਸਦੀ ਪੜ੍ਹਾਈ-ਲਿਖਾਈ ਦੀ ਵੀ ਵਿਸ਼ੇਸ਼ ਭੂਮਿਕਾ ਰਹਿੰਦੀ ਹੈ। ਪੜ੍ਹਨ-ਲਿਖਣ ਨਾਲ ਮਨੁੱਖ ਨੂੰ ਆਪਣੇ ਆਲੇ-ਦੁਆਲੇ ਬਾਰੇ ਨਵੀਂ ਸੋਝੀ ਪ੍ਰਾਪਤ ਹੁੰਦੀ ਹੈ। ਉਹ ਜਾਣ ਲੈਂਦਾ ਹੈ ਕਿ ਸਮਾਜਿਕ-ਆਰਥਿਕ ਪਰਿਵੇਸ਼ ਦੁਆਰਾ ਪ੍ਰਾਪਤ ਹੋਈ ਸ਼ਖ਼ਸੀਅਤ ਨੂੰ ਬਦਲਿਆ ਵੀ ਜਾ ਸਕਦਾ ਹੈ। ਸੰਸਾਰ ਦੇ ਬਹੁਤੇ ਇਨਕਲਾਬੀਆਂ ਨੇ ਪੜ੍ਹਾਈ-ਲਿਖਾਈ ਦੁਆਰਾ ਹੀ ਵਿਰਸੇ ਵਿਚੋਂ ਪ੍ਰਾਪਤ ਆਪਣੀ ਸ਼ਖ਼ਸੀਅਤ ਦਾ ਨਵ-ਨਿਰਮਾਣ ਕੀਤਾ ਸੀ। ਉਨ੍ਹਾਂ ਨੇ ਨਾ ਕੇਵਲ ਆਪਣੀ ਬਲਕਿ ਆਪਣੇ ਬਹੁਤ ਸਾਰੇ ਦੇਸ਼ਵਾਸੀਆਂ ਦੀ ਸ਼ਖ਼ਸੀਅਤ ਨੂੰ ਵੀ ਬਦਲ ਕੇ ਰੱਖ ਦਿੱਤਾ।

**13.4.7**ਪੰਜਾਬੀ ਸਾਹਿੱਤ ਦੇ ਪ੍ਰਸੰਗ ਵਿਚ ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਸ਼ਿਵ ਕੁਮਾਰ ਵਰਗੇ ਕਵੀ ਅਜਿਹੇ ਲੇਖਕਾਂ ਦੀ ਪਰੰਪਰਾ ਵਿਚ ਪ੍ਰਮੁੱਖ ਹਨ, ਜਿਨ੍ਹਾਂ ਨੇ ਸਾਹਿੱਤ ਦੀ ਵਸਤੂ-ਸਾਮੱਗਰੀ ਵਿਚ ਆਪਣੀ-ਆਪਣੀ ਸ਼ਖ਼ਸੀਅਤ ਨੂੰ ਪ੍ਰਕਾਸ਼ਮਾਨ ਕੀਤਾ। ਦੇਖੋ:

ਪਰ ਮੈਂ ਇਸ ਕਰਕੇ ਨਾ ਸਾਂਝੀਵਾਲਤਾ ਦੇ ਲਈ
ਲੜਦਾ ਤੇ ਲਿਖਦਾ ਸੋਹਣੀਏ
ਕਿ ਇਸ ਦੇ ਨਾਲ ਸਭ ਦੀ ਹੋਣੀ ਏਂ-ਏਕਤਾ,
ਭ੍ਰਾਤ੍ਰੀਅਤਾ, ਸਵੈ-ਤੰਤਰਤਾ
ਮੈਂ ਸਗੋਂ ਚਾਹੁੰਦਾ ਹਾਂ ਸਾਂਝੀਵਾਲਤਾ
ਕਿਉਂਕਿ ਆਜ਼ਾਦ ਹੋ ਕੇ ਮਿਲ ਜਾਏਂਗੀ ਤੂੰ।
ਨਹੀਂ ਤੇ ਕੀ ਵੱਖਰਾ ਤੇ ਕੀ ਸਾਂਝਾ ਜਨੂੰ
ਇਸ਼ਕ ਨੇ ਕਿਤਨਾ ਕਮੀਨਾ ਕਰ ਦਿੱਤਾ।
(ਮੋਹਨ ਸਿੰਘ ਅੱਧਵਾਟੇ)

ਅੰਨ ਦਾਤਾ !
ਮੈਂ ਚੰਮ ਦੀ ਗੁੱਡੀ ਖੇਡ ਲੈ, ਖਿਡਾ ਲੈ
ਤੇਰੇ ਸਾਹਵੇਂ ਖੜੀ ਹਾਂ ਅਹਿ, ਵਰਤਣ ਦੀ ਸ਼ੈ
ਜਿਵੇਂ ਚਾਹੇਂ ਵਰਤ ਲੈ !
ਮੇਰੀ ਜ਼ਬਾਨ ਤੇ ਇਨਕਾਰ? ਇਹ ਕਿਵੇਂ ਹੋ ਸਕਦੈ !
...ਹਾਂ .... ਪਿਆਰ .... ਇਹ ਤੇਰੇ ਮਤਲਬ ਦੀ ਸ਼ੈ ਨਹੀਂ।
(ਅੰਮ੍ਰਿਤਾ ਪ੍ਰੀਤਮ, ਅੰਨ ਦਾਤਾ)

**13.4.8**ਆਧੁਨਿਕ ਕਵਿਤਾ ਦੇ ਪ੍ਰਸੰਗ ਵਿਚ ਕਵੀ ਲੋਕ ਆਪਣੇ ਨਿੱਜੀ ਭਾਵਾਂ ਅਤੇ ਉਦਗਾਰਾਂ ਨੂੰ ਕਾਵਿ ਦੀ ਵਸਤੂ-ਸਾਮੱਗਰੀ ਬਣਾ ਕੇ ਪੇਸ਼ ਕਰ ਰਹੇ ਹਨ, ਇਸ ਰੁਚੀ ਸਦਕਾ ਵਿਚ ਕਈ ਵਾਰ ਅਰਥ-ਸੰਚਾਰ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਨਾਟਕ ਅਤੇ ਗਲਤ ਆਦਿ ਸਾਹਿੱਤ-ਰੂਪਾਂ ਵਿਚ ਸ਼ਖ਼ਸੀਅਤ ਦੀ ਪੁਨਰ-ਸਿਰਜਣਾ ਲਈ ਸਾਹਿੱਤਕਾਰ ਲੋਕ ਮਨੋਵਿਗਿਆਨ, ਸੱਭਿਆਚਾਰ ਅਤੇ ਸਮਾਜ-ਸ਼ਾਸਤਰ ਵਿਚੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦਾ ਬੜਾ ਸੁਚੱਜਾ ਪ੍ਰਯੋਗ ਕਰ ਰਹੇ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਜੋਕੇ ਦੌਰ ਵਿਚ ਸਾਹਿੱਤ ਅਤੇ ਸ਼ਖ਼ਸੀਅਤ ਦਾ ਰਿਸ਼ਤਾ ਘਣੇ ਤੋਂ ਘਣੇਰਾ ਹੁੰਦਾ ਜਾ ਰਿਹਾ ਹੈ।

## 13.5 ਸਾਹਿੱਤ ਅਤੇ ਰਾਜਨੀਤੀ

ਸਾਹਿੱਤ ਅਤੇ ਰਾਜਨੀਤੀ ਦਾ ਸੰਬੰਧ ਬਹੁਤਾ ਪੁਰਾਣਾ ਨਹੀਂ ਹੈ। ਆਧੁਨਿਕ ਕਾਲ ਵਿਚ ਹੀ ਸਾਹਿੱਤਕਾਰ ਲੋਕ ਰਾਜਨੀਤੀ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲੱਗੇ ਹਨ। ਮੱਧਕਾਲ ਵਿਚ ਬਹੁਤੇ ਸਾਹਿੱਤਕਾਰ ਰਾਜ-ਆਸ਼ਰਤ ਜ਼ਰੂਰ ਹੁੰਦੇ ਸਨ ਅਰਥਾਤ ਉਹ ਦਰਬਾਰੀ ਲੇਖਕ ਹੁੰਦੇ ਸਨ।ਸੰਸਕ੍ਰਿਤ ਦੇ ਬਹੁਤ ਸਾਰੇ ਲੇਖਕਾਂ ਦਾ ਰਾਜ-ਘਰਾਣਿਆਂ ਨਾਲ ਸੰਬੰਧਿਤ ਹੋਣਾ ਪੜ੍ਹਿਆ-ਸੁਣਿਆ ਗਿਆ ਹੈ। ਮਹਾਂਕਵੀ ਕਾਲੀਦਾਸ, ਭਾਸ ਅਤੇ ਸ਼ੁਦ੍ਰਕ ਆਦਿਕ ਸੰਸਕ੍ਰਿਤ ਕਵੀ ਰਾਜ ਦਰਬਾਰਾਂ ਨਾਲ ਸੰਬੰਧਿਤ ਰਹੇ ਹਨ। ਅਬੁਅਲ ਫੈਜ਼ਲ ਮਹਾਰਾਜਾ ਅਕਬਰ ਦੇ ਦਰਬਾਰ ਨਾਲ ਸੰਬੰਧਿਤ ਸੀ। ਗੁਰੂ ਗੋਬਿੰਦ ਸਿੰਘ ਜੀ ਸਾਹਿੱਤਕਾਰਾਂ ਦੇ ਵੱਡੇ ਸਰਪਰਸਤ ਸਨ, ਉਨ੍ਹਾਂ ਦੇ ਦਰਬਾਰ ਵਿਚ 52 ਕਵੀ ਹਾਜ਼ਰ ਰਹਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਹਾਸ਼ਮ ਅਤੇ ਕਾਦਰ ਯਾਰ ਆਦਿਕ ਪੰਜਾਬੀ ਕਵੀਆਂ ਦੀ ਸਰਪਰਸਤੀ ਕੀਤੀ। ਪਰੰਤੂ ਮੱਧਕਾਲ ਦੇ ਇਨ੍ਹਾਂ ਕਵੀਆ ਦੀ ਕਵਿਤਾ ਵਿਚ ਰਾਜਨੀਤਕ ਸਰੋਕਾਰ ਉੱਭਰ ਕੇ ਸਾਹਮਣੇ ਨਹੀਂ ਆਉਂਦੇ। ਰਾਜੇ-ਰਜਵਾੜੇ ਆਪਣਾ ਕੰਮ ਕਰਦੇ ਰਹਿੰਦੇ ਸਨ ਅਤੇ ਕਵੀ ਲੋਕ ਆਪਣਾ। ਕਵੀਆਂ ਦਾ ਕੰਮ ਸਾਹਿੱਤ ਸਿਰਜਣਾ ਹੁੰਦਾ ਸੀ।

**13.5.2**ਪੰਜਾਬੀ ਸਾਹਿੱਤ ਦੇ ਪ੍ਰਸੰਗ ਵਿਚ ਜਿਹੜੇ ਕਵੀਆਂ ਨੇ ਰਾਜਨੀਤਕ ਵਿਸ਼ਿਆਂ ਨੂੰ ਛੋਹਿਆ, ਉਨ੍ਹਾਂ ਵਿਚ ਸਰਵ ਪ੍ਰਥਮ ਗੁਰੂ ਨਾਨਕ ਦੇਵ ਜੀ ਦਾ ਨਾਮ ਲਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਆਪਣੇ ਸਮਕਾਲੀਨ ਰਾਜਿਆਂ ਦੇ ਜ਼ਾਲਿਮਾਨਾ ਚਰਿੱਤਰ ਬਾਰੇ ਬੜੀਆਂ ਸਖ਼ਤ ਟਿੱਪਣੀਆਂ ਕੀਤੀਆਂ। ਆਪ ਫੁਰਮਾਉਂਦੇ ਹਨ:

ਰਾਜੇ ਸੀਹ ਮੁਕਦਮ ਕੁਤੇ।। ਜਾਇ ਜਗਾਇਨਿ ਬੈਠੇ ਸੁਤੇ।।
ਚਾਕਰ ਨਹਦਾ ਪਾਇਨਿ ਘਾਉ।। ਰਤੁ ਪਿਤੁ ਕੁਤਿਹੋ ਚਟਿ ਜਾਹੁ।।
(ਵਾਰ ਮਲਾਰ ਕੀ)

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।।
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।।
(ਤਿਲੰਗ ਮਹਲਾ ੧)

**13.5.3**ਗੁਰਮਤਿ ਕਾਵਿ ਪਰੰਪਰਾ ਦਾ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਵੀ ਰਾਜਨੀਤਕ ਸਰੋਕਾਰਾਂ ਉਪਰ ਟਿੱਪਣੀਆਂ ਕਰਦਾ ਹੈ। ਗੁਰੂ ਘਰ ਦੀ ਵਡਿਆਈ ਕਰਨ ਦੇ ਨਾਲ ਨਾਲ ਉਹ ਆਪਣੇ ਸਮਕਾਲੀਨ ਰਾਜਿਆਂ ਦੇ ਲੋਕ-ਦੋਖੀ ਵਿਹਾਰ ਦੀ ਆਲੋਚਨਾ ਕਰਨ ਤੋਂ ਵੀ ਨਹੀਂ ਖੁੰਝਦਾ। ਦੇਖੋ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।।
(ਵਾਰ ਪਹਿਲੀ, ਪਉੜੀ ੩੦)

**13.5.4**ਮੱਧਕਾਲ ਦੇ ਸੂਫ਼ੀ ਕਵੀਆਂ ਵਿਚੋਂ ਅਲੀ ਹੈਦਰ ਨੇ ਭਾਰਤ ਦੀ ਰਾਜਨੀਤਕ ਵਿਵਸਥਾ ਬਾਰੇ ਆਪਣੇ ਮਨੋਭਾਵਾਂ ਦਾ ਇਜ਼ਹਾਰ ਖੁਲ੍ਹ ਕੇ ਕੀਤਾ ਹੈ। ਭਾਰਤੀ ਲੋਕਾਂ ਦੀ ਨਾਇਤਫ਼ਾਕੀ, ਖ਼ੁਦਗਰਜ਼ੀ ਅਤੇ ਕਾਇਰਤਾ ਨੂੰ ਭੰਡਦਾ ਹੋਇਆ ਉਹ ਲਿਖਦਾ ਹੈ:

ਜ਼ੇ-ਜ਼ਹਿਰ ਨਹੀਂ ਜੋ ਖਾ ਮਰਨ, ਕੁਝ ਸ਼ਰਮ ਨਾ ਹਿੰਦੁਸਤਾਨੀਆਂ ਨੂੰ।
ਕੀ ਹੋਇਆ ਏਨ੍ਹਾਂ ਰਾਜਿਆਂ ਨੂੰ, ਕੁਝ ਲੱਜ ਨਹੀਂ ਤੂਰਾਨੀਆਂ ਨੂੰ।

**13.5.5**ਨਜਾਬਤ ਅਤੇ ਸ਼ਾਹ ਮੁਹੰਮਦ ਦੀਆਂ ਵਾਰਾਂ / ਜੰਗਨਾਮਿਆਂ ਵਿਚ ਵੀ ਪੰਜਾਬ ਦੀ ਰਾਜਨੀਤਕ ਸਥਿਤੀ ਉਪਰ ਟਿੱਪਣੀਆਂ ਮਿਲਦੀਆਂ ਹਨ। ਨਜਾਬਤ ਨੂੰ ਹਿੰਦੁਸਤਾਨੀ ਸਰਦਾਰਾਂ ਵੱਲੋਂ ਆਪਣੇ ਦੇਸ਼ ਨਾਲ ਧ੍ਰੋਹ ਕਮਾਉਂਦਿਆਂ ਵੇਖ ਕੇ ਉਸ ਨੂੰ ਬਹੁਤ ਗੁੱਸਾ ਆਉਂਦਾ ਹੈ। ਉਹ ਨਾਦਰ ਸ਼ਾਹ ਨੂੰ ਹਿੰਦੁਸਤਾਨ ਉਪਰ ਹਮਲਾ ਕਰਨ ਲਈ ਉਕਸਾਉਣ ਵਾਲੇ ਨਿਜ਼ਾਮ-ਉਲ-ਮੁਲਕ ਨੂੰ ਰੱਜਵੀਂ ਫਿਟਕਾਰ ਅਤੇ ਧਿਰਕਾਰ ਪਾਉਂਦਾ ਹੈ। ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ, ਸਿੱਖ ਰਾਜ ਵਿਚ ਫੈਲੀ ਅਰਾਜਕਿਤਾ ਉਪਰ ਬੜੀਆਂ

ਅਰਥਪੂਰਨ ਟਿੱਪਣੀਆਂ ਕੀਤੀਆਂ ਹਨ। ਦੇਖੋ:

ਮਨਸੂਰ ਨਿਜ਼ਾਮ-ਉਲ-ਮੁਲਕ ਦੀ ਜੜ੍ਹ ਮੁੱਢੋਂ ਜਾਏ।
ਜਿਨ੍ਹਾਂ ਬਾਲ ਮਤਾਬੀ ਚੋਰ ਨੂੰ ਘਰ ਆਪ ਵਿਖਾਏ।
(ਵਾਰ ਨਜਾਬਤ)

ਆਈਆਂ ਪਲਟਣਾਂ ਬੀੜ ਕੇ ਤੋਪਖਾਨੇ, ਅੱਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ।
ਸੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ।
(ਜੰਗਨਾਮਾ ਸ਼ਾਹ ਮੁਹੰਮਦ)

**13.5.6**ਆਧੁਨਿਕ ਕਾਲ ਵਿਚ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਅਤੇ ਸੰਤੋਖ ਸਿੰਘ ਧੀਰ ਦੇ ਕਾਵਿ ਵਿਚ ਰਾਜਨੀਤਕ ਪਰਿਵੇਸ਼ ਦਾ ਨਿਰੂਪਣ ਹੋਇਆ ਹੈ। ਉਕਤ ਕਵੀ ਪੰਜਾਬੀ ਦੀ ਪ੍ਰਗਤੀਵਾਦੀ ਪਰੰਪਰਾ ਨਾਲ ਸੰਬੰਧਿਤ ਰੱਖਦੇ ਹਨ। ਪ੍ਰਗਤੀਵਾਦ ਦਾ ਇਕ ਮੁੱਖ ਲੱਛਣ ਪੂੰਜੀਵਾਦੀ ਰਾਜ-ਪ੍ਰਬੰਧ ਦੀ ਆਲੋਚਨਾ ਨਾਲ ਜੁੜਿਆ ਹੋਇਆ ਹੈ। ਪੂੰਜੀਵਾਦੀ ਵਿਵਸਥਾ ਵਿਚ ਆਮ ਆਦਮੀ ਦੇ ਅਧਿਕਾਰਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਕਾਰਨ ਅਜਿਹੀ ਵਿਵਸਥਾ ਦੀ ਆਲੋਚਨਾ ਕਰਨਾ ਇਨ੍ਹਾਂ ਕਵੀਆਂ ਦਾ ਪਰਮ-ਧਰਮ ਰਿਹਾ। ਇਨ੍ਹਾਂ ਤੋਂ ਪਿਛੋਂ ਜੁਝਾਰਵਾਦੀ ਕਾਵਿ ਧਾਰਾ ਨਾਲ ਜੁੜੇ ਹੋਏ ਕਵੀ ਜਗਤਾਰ, ਪਾਸ਼ ਅਤੇ ਦਰਸ਼ਨ ਖਟਕੜ ਆਦਿਕ ਵੀ ਰਾਜਨੀਤਕ ਸਰੋਕਾਰਾਂ ਨੂੰ ਪੂਰੀ ਸ਼ਿੱਦਤ ਨਾਲ ਉਠਾਉਂਦੇ ਹਨ। ਰਾਜਨੀਤਕ ਚੇਤੰਨਤਾ ਦੁਆਰਾ ਲਿਖੀ ਗਈ ਆਧੁਨਿਕ ਪੰਜਾਬੀ ਕਵਿਤਾ ਆਮ ਆਦਮੀ ਨੂੰ ਉਸਦੇ ਅਧਿਕਾਰਾਂ ਲਈ ਜਾਗਰੂਕ ਕਰਦੀ ਹੈ ਅਤੇ ਉਸ ਨੂੰ ਇਨਕਲਾਬ ਵਿਚ ਸ਼ਾਮਲ ਹੋਣ ਲਈ ਪ੍ਰੇਰਦੀ ਵੀ ਹੈ। ਦੇਖੋ:

ਦਾਤੀਆਂ, ਕਲਮਾਂ ਅਤੇ ਹਥੌੜੇ, ਕੱਠੇ ਕਰ ਲੌ ਸੰਦ ਓ ਯਾਰ।
ਤਗੜੀ ਇਕ ਤ੍ਰਿਸ਼ੂਲ ਬਣਾਓ, ਯੁੱਧ ਕਰੋ ਪ੍ਰਾਚੰਡ ਓ ਯਾਰ।
ਜੈ ਜੈ ਕਾਰ ਕਿਰਤ ਦੀ ਹੋਵੇ, ਲੱਗੇ ਜ਼ੁਲਮ ਦੀ ਕੰਡ ਓ ਯਾਰ।
(ਪ੍ਰੋ. ਮੋਹਨ ਸਿੰਘ)

ਮੈਂ ਤੱਤੀ ਧੀ ਪੰਜਾਬ ਦੀ, ਮੇਰੇ ਫੁੱਟੇ ਵੇਖ ਨਸੀਬ।
ਕੀਕਣ ਦੱਸਾਂ ਬੋਲ ਕੇ, ਟੁੱਕੀ ਗਈ ਮੇਰੀ ਜੀਭ।
ਨੂੜੇ ਹੋਏ ਮੇਰੇ ਹੱਥ ਵੇ, ਜੂੜੇ ਹੋਏ ਮੇਰੇ ਪੈਰ।
ਕਿਹਾ ਕੁ ਡਿੱਗਾ ਜ਼ੁਲਮ ਵੇ ਕਿਹਾ ਕੁ ਢੱਠਾ ਕਹਿਰ।
(ਅੰਮ੍ਰਿਤਾ ਪ੍ਰੀਤਮ)

ਐ ਝੁੱਗੀਆਂ 'ਚ ਜਾਗਦਿਓ, ਇਨਕਲਾਬ ਝੁੱਗੀਆਂ 'ਚੋਂ ਨਿਕਲਣਾ।
ਐ ਖੇਤਾਂ 'ਚ ਜਾਗਦਿਓ, ਇਨਕਲਾਬ ਖੇਤਾਂ ਵਿਚੋਂ ਪੈਦਾ ਹੁੰਦਾ।
ਐ ਮਿੱਲਾਂ 'ਚੋਂ ਤਕਦੇ ਸਵੇਰ ਲੋਕੋ, ਇਨਕਲਾਬ ਮਿੱਲਾਂ ਵਿਚੋਂ ਜਾਗਦਾ।
ਐ ਨਾਲੀਆਂ ਦੇ ਕੰਢਿਆਂ ਤੇ ਰੁਲਦਿਓ,
ਇਨਕਲਾਬ ਬੰਦੂਕਾਂ ਦੀਆਂ ਨਾਲੀਆਂ 'ਚੋਂ ਨਿਕਲਦਾ।
(ਲਾਲ ਸਿੰਘ ਦਿਲ)

**13.5.7**ਪੂੰਜੀਵਾਦੀ ਅਰਥ-ਵਿਵਸਥਾ ਅਤੇ ਰਾਜ-ਪ੍ਰਬੰਧ ਆਮ ਲੋਕਾਂ ਨੂੰ ਰਾਜਸੀ ਸੱਤਾਂ ਤੋਂ ਦੂਰ ਰੱਖਣ ਦਾ ਯਤਨ ਕਰਦੇ ਹਨ। ਇਨ੍ਹਾਂ ਦੇ ਇਸ ਪ੍ਰਤੀਗਾਮੀ ਅਤੇ ਲੋਕ-ਦੋਖੀ ਚਰਿੱਤਰ ਦੇ ਕਾਰਨ ਹੀ ਪੰਜਾਬੀ ਸਾਹਿੱਤਕਾਰਾਂ ਨੇ ਇਨ੍ਹਾਂ ਦੇ ਵਿਰੁੱਧ ਪੂਰੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਸ ਪ੍ਰਸੰਗ ਵਿਚ ਜਸਵੰਤ ਸਿੰਘ ਕੇਵਲ, ਮਿੱਤਰ ਸੈਨ ਮੀਤ, ਵਰਿਆਮ ਸੰਧੂ, ਅਜਮੇਰ ਸਿੰਘ ਔਲਖ, ਸੁਰਜੀਤ ਪਾਤਰ ਅਤੇ ਮੋਹਨ ਭੰਡਾਰੀ ਆਦਿਕ ਲੇਖਕਾਂ ਨੇ ਆਪਣੀ ਰਾਜਨੀਤਕ ਸੋਚ ਅਤੇ ਪ੍ਰਤੀਬੱਧਤਾ ਦਾ ਇਜ਼ਹਾਰ ਸਪਸ਼ਟ ਤੌਰ ਤੇ ਕੀਤਾ ਹੈ। ਅਜੋਕੇ

ਪ੍ਰਸੰਗ ਵਿਚ ਰਾਜਨੀਤੀ ਕੁਝ ਗਿਣੇ-ਚੁਣੇ ਚਿੰਤਕਾਂ ਜਾਂ ਲੇਖਕਾਂ ਦਾ ਸਰੋਕਾਰ ਨਹੀਂ ਰਹਿ ਗਈ ਬਲਕਿ ਹਰ ਇਕ ਵਿਅਕਤੀ ਦੀ ਸੋਚ ਅਤੇ ਜੀਵਨ ਦਾ ਜ਼ਰੂਰੀ ਅੰਗ ਬਣ ਗਈ ਹੈ। ਰਾਜਨੀਤੀ ਤੋਂ ਨਿਰਲੇਪ ਹੋਣ ਦਾ ਅਰਥ ਹੈ, ਪੂੰਜੀਵਾਦੀ ਰਾਜ-ਪ੍ਰਬੰਧ ਨੂੰ ਸਮਰਥਨ ਦੇਣਾ ਅਤੇ ਇਸ ਨੂੰ ਜਿਉਂ-ਦਾ-ਤਿਉਂ ਚੱਲੀ ਜਾਣ ਲਈ ਸਮਰਥਨ ਦੇਣਾ। ਇਸ ਲਈ ਅੱਜ ਦਾ ਹਰ ਸਾਹਿੱਤਕਾਰ ਅਤੇ ਪਾਠਕ ਰਾਜਨੀਤੀ ਦੇ ਉਲਝੇ ਸਵਾਲਾਂ ਨੂੰ ਸੁਲਝਾਉਣ ਵਾਸਤੇ ਪ੍ਰਯਤਨਸ਼ੀਲ ਹੈ।

### 13.6 ਨਿਸ਼ਕਰਸ਼

ਸਾਹਿੱਤ ਮਨੁੱਖੀ ਜੀਵਨ ਨਾਲ ਸੰਬੰਧਤ ਬਹੁਤ ਸਾਰੇ ਧਰਾਤਲਾਂ, ਅਨੁਸ਼ਾਸਨਾਂ ਅਤੇ ਸਰੋਕਾਰਾਂ ਨਾਲ ਜੁੜੀ ਰਹਿਣ ਵਾਲੀ ਇਕ ਸਿਰਜਣਾਤਮਕ ਪ੍ਰਕਿਰਿਆ ਹੈ। ਜੀਵਨ ਦਾ ਕੋਈ ਵੀ ਪੱਖ ਜਾਂ ਕਿਰਿਆ ਇਸ ਲਈ ਅਛੂਤੀ ਨਹੀਂ। ਇਹੀ ਕਾਰਨ ਹੈ ਕਿ ਸਾਹਿੱਤ ਵਿਚ ਅਚੇਤ ਜਾਂ ਸੁਚੇਤ ਬਹੁਤ ਸਾਰੇ ਸਰੋਕਾਰ ਸ਼ਾਮਲ ਰਹਿੰਦੇ ਹਨ। ਸਾਹਿੱਤ-ਸਿਰਜਣਾ ਇਕ ਜਟਿਲ ਪ੍ਰਬੰਧ ਹੈ ਅਤੇ ਇਸਦੀ ਜਟਿਲਤਾ ਵਿਚ ਹੀ ਇਸਦੀ ਕੀਰਤੀ ਅਤੇ ਸਾਰਥਿਕਤਾ ਮੌਜੂਦ ਰਹਿੰਦੀ ਹੈ। ਇਕਹਿਰਾ ਜਾਂ ਇਕ ਪੱਖੀ ਹੋਣਾ, ਉੱਤਮ ਸਾਹਿੱਤ ਦਾ ਲੱਛਣ ਨਹੀਂ ਹੈ।

**ਉਪਰੋਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ** :

1. ਸਾਹਿੱਤ ਅਤੇ ਧਰਮ ਦੇ ਅੰਤਰ ਸੰਬੰਧਾਂ ਦਾ ਵਿਸ਼ਲੇਸ਼ਣ ਕਰੋ।
2. ਸਾਹਿੱਤ ਅਤੇ ਸ਼ਖ਼ਸੀਅਤ ਦੇ ਸੰਬੰਧਾਂ ਉਪਰ ਇਕ ਨੋਟ ਲਿਖੋ।
3. ਸਾਹਿੱਤ ਅਤੇ ਰਾਜਨੀਤੀ ਦੇ ਅੰਤਰ-ਸੰਬੰਧਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। (ਅਪਰੈਲ 2010)
4. ''ਰਾਜਨੀਤੀ ਸਾਹਿੱਤ ਨੂੰ ਪ੍ਰਭਾਵਤ ਕਰਦੀ ਹੈ'' ਤੁਸੀਂ ਇਸ ਕਥਨ ਨਾਲ ਸਹਿਮਤ ਹੋ ਜਾਂ ਅਸਹਿਮਤ? ਉੱਤਰ ਦਲੀਲਾਂ ਸਹਿੱਤ ਦਿਉ। (ਅਪਰੈਲ 2000)
5. ਸਾਹਿੱਤ ਅਤੇ ਸ਼ਖ਼ਸੀਅਤ ਦੇ ਅੰਤਰ ਸੰਬੰਧਾਂ ਬਾਰੇ ਨੋਟ ਲਿਖੋ। (ਅਪਰੈਲ 2009)

ਪਾਠ ਨੰ: 1.14 —ਪ੍ਰੋ. ਬ੍ਰਹਮਜਗਦੀਸ਼ ਸਿੰਘ

## (i) ਸਾਹਿੱਤ ਅਤੇ ਵਿਚਾਰਧਾਰਾ
## (ii) ਸਾਹਿੱਤ ਅਤੇ ਸਭਿਆਚਾਰ

**14.1.1 ਭੂਮਿਕਾ :**

ਸਾਹਿੱਤ ਇਕ ਵਿਚਾਰਧਾਰਕ ਪ੍ਰਵਚਨ ਹੈ। ਇਹ ਆਪਣੇ ਯੁੱਗ ਦੀ ਵਿਚਾਰਧਾਰਾ ਦਾ ਸੱਚਾ-ਸੁੱਚਾ ਅੰਕਣ ਕਰਨ ਦਾ ਪ੍ਰਯਾਸ ਕਰਦਾ ਹੈ। ਕਿਸੇ ਯੁਗ ਵਿਸ਼ੇਸ਼ ਦੀ ਵਿਚਾਰਧਾਰਾ ਦੇ ਨਾਲ-ਨਾਲ ਹਰ ਪ੍ਰਮਾਣਿਕ ਸਾਹਿੱਤਕਾਰ ਦੀ ਆਪਣੀ ਨਿੱਜੀ ਵਿਚਾਰਧਾਰਾ ਵੀ ਹੁੰਦੀ ਹੈ। ਕਈ ਵਾਰ ਸਾਹਿੱਤਕਾਰ ਆਪਣੇ ਯੁਗ ਦੀ ਵਿਚਾਰਧਾਰਾ ਨਾਲ ਆਪਣੀ ਆਵਾਜ਼ ਮਿਲਾਉਂਦਾ ਪ੍ਰਤੀਤ ਹੁੰਦਾ ਹੈ ਪਰੰਤੂ ਬਹੁਤੀ ਵਾਰ ਉਹ ਆਪਣੇ ਯੁਗ ਦੀ ਵਿਚਾਰਧਾਰਾ ਨੂੰ ਪ੍ਰਤੀਗਾਮੀ ਜਾਂ ਮਨੁੱਖ-ਦੋਖੀ ਦਰਸਾ ਕੇ ਇਸ ਦੇ ਵਿਰੋਧ ਵਿਚ ਵੀ ਡਟ ਜਾਂਦਾ ਹੈ। ਆਮ ਤੌਰ ਤੇ ਕਿਸੇ ਯੁਗ ਦੀ ਵਿਚਾਰਧਾਰਾ ਸਥਾਪਤੀ ਜਾਂ ਸੱਤਾਧਾਰੀ ਵਰਗ ਦੇ ਹਿੱਤਾਂ ਦਾ ਪਾਲਣ ਕਰਨ ਵਾਲੀ ਹੁੰਦੀ ਹੈ; ਸਾਹਿੱਤਕਾਰ ਲੋਕ ਸਥਾਪਤੀ ਦਾ ਵਿਰੋਧ ਕਰਦੇ ਹਨ, ਇਸ ਲਈ ਉਹ ਸਥਾਪਤੀ ਦੀ ਵਿਚਾਰਧਾਰਾ ਦਾ ਵਿਰੋਧ ਕਰਦੇ ਹੋਏ ਦਿਖਾਈ ਦਿੰਦੇ ਹਨ।

**14.1.2** ਸਾਹਿੱਤ ਕਿਸੇ ਸਮਾਜ ਦੇ ਸੱਭਿਆਚਾਰ ਦਾ ਇਕ ਪ੍ਰਮੁੱਖ ਅੰਗ ਹੁੰਦਾ ਹੈ। ਸਾਹਿੱਤ ਅਤੇ ਕਲਾ ਦੇ ਮਾਧਿਅਮ ਦੁਆਰਾ ਹੀ ਕੋਈ ਸੱਭਿਆਚਾਰ ਆਪਣੇ ਮੁੱਖ ਅੰਗਾਂ ਅਤੇ ਲੱਛਣਾਂ ਦਾ ਸੰਚਾਰ ਕਦਾ ਹੈ। ਸਾਹਿੱਤ ਦੇ ਅਧਿਐਨ ਦੁਆਰਾ ਮਨੁੱਖ ਨਾ ਕੇਵਲ ਸੁਹਜ-ਸੁਆਦ ਅਤੇ ਵਿਚਾਰਧਾਰਕ ਸੂਝ ਦੀ ਪ੍ਰਾਪਤੀ ਕਰਦਾ ਹੈ, ਬਲਕਿ ਉਹ ਵਧੇਰੇ ਸੱਭਯ-ਆਚਾਰੀ ਵੀ ਬਣ ਜਾਂਦਾ ਹੈ। ਉਸ ਨੂੰ ਆਪਣੇ ਸੱਭਿਆਚਾਰ ਦੀ ਪਰੰਪਰਾ ਦਾ ਬੋਧ ਹੋ ਜਾਂਦਾ ਹੈ ਅਤੇ ਉਹ ਇਸ ਪਰੰਪਰਾ ਨੂੰ ਹੋਰ ਵਿਸਤਾਰਨ, ਨਿਖਾਰਣ ਅਤੇ ਸੰਵਾਰਨ ਬਾਰੇ ਚੇਤੰਨ ਹੋ ਜਾਂਦਾ ਹੈ। ਜਿੱਥੇ ਕੋਈ ਸਾਹਿੱਤਕਾਰ, ਆਪਣੇ ਸਭਿਆਚਾਰ ਵਿਚੋਂ ਸਾਹਿੱਤ-ਰਚਨਾ ਵਾਸਤੇ ਲੋੜੀਂਦੀ ਵਸਤੂ-ਸਾਮੱਗਰੀ ਹਾਸਲ ਕਰਦਾ ਹੈ, ਉਥੇ ਉਹ ਸਭਿਆਚਾਰ ਦੀਆਂ ਉਨ੍ਹਾਂ ਰੂੜ੍ਹੀਆਂ ਦਾ ਨਿਖੇਧ ਵੀ ਕਰਦਾ ਹੈ, ਜੋ ਮਨੁੱਖ ਦੇ ਮੌਲਿਕ ਅਧਿਕਾਰਾਂ ਅਤੇ ਉਸਦੀ ਨਿੱਜੀ ਸੁਤੰਤਰਤਾ ਦੀ ਪ੍ਰਾਪਤੀ ਦੇ ਰਾਹ ਵਿਚ ਰੁਕਾਵਟਾਂ ਪਾਉਂਦੀਆਂ ਹਨ।

**14.2 ਉੱਦੇਸ਼**

ਇਸ ਪਾਠ ਦਾ ਉਦੇਸ਼ ਬੀ.ਏ.ਭਾਗ ਤੀਜਾ ਦੇ ਵਿਦਿਆਰਥੀਆਂ ਨੂੰ ਵਿਚਾਰਧਾਰਾ ਅਤੇ ਸਭਿਆਚਾਰ ਆਦਿ ਸੰਕਲਪਾਂ ਦੇ ਪ੍ਰਸੰਗ ਵਿਚ ਸਾਹਿੱਤ ਦੀ ਭੂਮਿਕਾ ਤੋਂ ਜਾਣੂ ਕਰਵਾਉਣਾ ਹੈ। ਅਜੋਕੇ ਯੁੱਗ ਵਿਚ ਵਿਚਾਰਧਾਰਾ (Ideology) ਅਤੇ ਸਭਿਆਚਾਰ (culture), ਸਾਹਿੱਤ ਨੂੰ ਨਿਰਖਣ-ਪਰਖਣ ਵਾਲੀਆਂ ਸਭ ਤੋਂ ਪ੍ਰਮੁੱਖ ਪ੍ਰਣਾਲੀਆਂ ਬਣ ਚੁੱਕੀਆਂ ਹਨ। ਇਸ ਲਈ ਵਿਦਿਆਰਥੀਆਂ ਨੂੰ ਇਨ੍ਹਾਂ ਪ੍ਰਣਾਲੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ। ਇਨ੍ਹਾਂ ਸੰਕਲਪਾਂ ਅਤੇ ਪ੍ਰਣਾਲੀਆਂ ਬਾਰੇ ਪੱਛਮੀ ਚਿੰਤਕਾਂ ਨੇ ਵਧੇਰੇ ਕੰਮ ਕੀਤਾ ਹੈ। ਅਜਿਹੇ ਚਿੰਤਕਾਂ ਦੇ ਵਿਚਾਰਾਂ ਦੀ ਰੌਸ਼ਨੀ ਵਿਚ ਅਸੀਂ ਆਪਣੇ ਵਿਦਿਆਰਥੀਆਂ ਲਈ ਜ਼ਰੂਰੀ ਜਾਣਕਾਰੀ ਮੁਹੱਈਆ ਕਰ ਰਹੇ ਹਾਂ।

**14.3.1 ਸਾਹਿੱਤ ਅਤੇ ਵਿਚਾਰਧਾਰਾ**

ਆਧੁਨਿਕ ਯੁੱਗ ਵਿਚ ਵਿਚਾਰਧਾਰਾ ਇਕ ਬਹੁਤ ਜਟਿਲ ਸੰਕਲਪ ਬਣ ਗਿਆ ਹੈ। ਮੱਧਕਾਲ ਵਿਚ ਇਸ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਸੀ। ਵਿਚਾਰਧਾਰਾ ਦਾ ਅਰਥ ਹੁੰਦਾ ਸੀ-ਸੱਚ ਅਤੇ ਨੇਕੀ ਮਾਰਗ ਉਪਰ ਚੱਲਣਾ। ਸੱਚ, ਸ਼ਾਸਵਤ (ਸਦਾ ਰਹਿਣ ਵਾਲੀ) ਹਸਤੀ ਨੂੰ ਕਿਹਾ ਜਾਂਦਾ ਸੀ ਅਤੇ ਕੂੜ ਅਸਥਿਰ ਅਤੇ ਨਾਸ਼ਮਾਨ ਹਸਤੀਆਂ ਜਾਂ ਵਸਤਾਂ ਨੂੰ ਕਿਹਾ ਜਾਂਦਾ ਸੀ। ਪ੍ਰਭੂ ਦਾ ਨਾਮ ਅਤੇ ਉਸ ਦੀ ਪ੍ਰਾਪਤੀ ਲਈ ਕੀਤੇ ਸਾਰੇ ਉਪਰਾਲਿਆਂ ਨੂੰ 'ਸੱਚ' ਦਾ ਨਾਮ ਦਿੱਤਾ ਜਾਂਦਾ ਸੀ ਅਤੇ ਪ੍ਰਭੂ ਤੋਂ ਬੇਮੁਖ ਹੋਣ ਵਾਲੇ ਵਿਅਕਤੀਆਂ ਅਤੇ ਵਸਤਾਂ

ਨੂੰ 'ਕੂੜ' ਘੋਸ਼ਿਤ ਕੀਤਾ ਜਾਂਦਾ ਸੀ। ਇਉਂ ਸੱਚ ਅਤੇ ਕੂੜ ਦੀ ਪਹਿਚਾਣ ਕਰਨੀ ਕਠਿਨ ਨਹੀਂ ਸੀ, ਭਾਵੇਂ ਇਹ ਵੱਖਰੀ ਗੱਲ ਹੈ ਕਿ ਸੱਚ ਦੇ ਮਾਰਗ ਉਪਰ ਚਲਣਾ ਸੌਖਾ ਨਹੀਂ ਸੀ। ਵਿਕਾਰਾਂ ਅਤੇ ਮੋਹ-ਮਾਇਆ ਦੀ ਸੂਰਤ ਵਿਚ ਹਰ ਵਿਅਕਤੀ ਕੂੜ ਦੇ ਕੁਮਾਰਗ ਉਪਰ ਜਾ ਨਿਕਲਦਾ ਸੀ। ਮਨੁੱਖ ਨੂੰ ਸੱਚ ਦੇ ਮਾਰਗ ਉਪਰ ਚੱਲਣ ਦੀ ਪ੍ਰੇਰਨਾ ਦਿੰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ:

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।।
(ਮਹਲਾ ੫)

**14.3.2**ਸੱਚ ਦੀ ਤਲਾਸ਼, ਸੱਚ ਉਪਰ ਪਹਿਰਾ ਦੇਣਾ ਅਤੇ ਸੱਚਾ-ਸੁੱਚਾ ਜੀਵਨ ਜਿਉਣਾ, ਮੱਧਕਾਲੀਨ ਵਿਚਾਰਧਾਰਾ ਦਾ ਪ੍ਰਮੁੱਖ ਸੂਤਰ ਹੈ। ਸੱਚ ਦੀ ਸੋਝੀ ਧਰਮ ਦੁਆਰਾ ਪ੍ਰਾਪਤ ਹੁੰਦੀ ਹੈ, ਸਤਿਗੁਰੂ ਆਪਣੇ ਸਿੱਖਾਂ ਨੂੰ ਸੱਚ ਦੇ ਮਾਰਗ ਉੱਤੇ ਚਲਣਾ ਸਿਖਾਉਂਦਾ ਹੈ ਅਤੇ ਸੱਚੇ ਅਮਲ ਹੀ ਦਰਗਾਹ ਵਿਚ ਵਿਅਕਤੀ ਦੇ ਨਾਲ ਜਾਂਦੇ ਹਨ- ਇਹ ਵਿਚਾਰ ਸਾਰੇ ਧਰਮਾਂ ਵਿਚ ਸਾਂਝੇ ਸਨ। ਇਸ ਕਾਰਨ ਸੱਚੀ ਵਿਚਾਰਧਾਰਾ ਦੇ ਬਾਰੇ ਵਿਚ ਕਿਸੇ ਨੂੰ ਕੋਈ ਭਰਮ ਭੁਲੇਖਾ ਨਹੀਂ ਸੀ। ਹਰ ਮਹਾਂਪੁਰਖ ਨੇ ਸੱਚ ਦੇ ਬਾਰੇ ਵਿਚ ਆਪਣੇ-ਆਪਣੇ ਵਿਚਾਰ ਜ਼ਰੂਰ ਪੇਸ਼ ਕੀਤੇ ਹਨ। ਦੇਖੋ:

ਬੋਲੀਐ ਸਚੁ ਧਰਮੁ ਝੂਠ ਨਾ ਬੋਲੀਐ।।
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ।।
(ਸ਼ੇਖ਼ ਫ਼ਰੀਦ)

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।੧।।
(ਗੁਰੂ ਨਾਨਕ ਦੇਵ ਜੀ)

ਜਾ ਕਉ ਪ੍ਰਭ ਜੀਉ ਆਪਿ ਬੁਝਾਵੇ।।
ਸਚੁ ਨਾਮੁ ਸੋਈ ਜਨੁ ਪਾਏ।।
(ਗੁਰੂ ਅਰਜਨ ਦੇਵ ਜੀ)

**14.3.3**ਮੱਧਕਾਲ ਵਿਚ ਸੱਚ ਸਥਿਰ, ਸਥਾਈ, ਨਿਰਪੇਖ ਅਤੇ ਸਰਬ-ਸਾਂਝਾ ਸੀ। ਇਹ ਧੜਿਆਂ ਵਿਚ ਵੰਡਿਆ ਹੋਇਆ ਨਹੀਂ ਸੀ ਅਤੇ ਨਾ ਹੀ ਕਿਸੇ ਇਕ ਵਰਗ ਦਾ ਸੱਚ, ਦੂਜੇ ਵਰਗ ਲਈ ਕੂੜਾ ਸਿੱਧ ਹੁੰਦਾ ਸੀ ਪਰੰਤੂ ਆਧੁਨਿਕ ਪੂੰਜੀਵਾਦੀ ਯੁਗ ਵਿਚ ਆ ਕੇ ਸੱਚ ਵੀ ਸਾਪੇਖ ਹੋ ਗਿਆ ਹੈ। ਹਰ ਇਕ ਧੜੇ, ਵਰਗ ਅਤੇ ਜਾਤੀ ਦਾ ਆਪਣਾ-ਆਪਣਾ ਸੱਚ ਹੈ। ਜਿਹੜਾ ਸੱਚ ਪਹਿਲਾਂ ਮਨੁੱਖੀ ਜੀਵਨ ਦੇ ਕੇਂਦਰ ਵਿਚ ਸੀ, ਉਹ ਹੁਣ ਇਸ ਦੇ ਹਾਸ਼ੀਏ ਵਿਚ ਚਲਾ ਗਿਆ ਹੈ। ਮੱਧਕਾਲ ਦੇ ਸ਼ਾਸਵਤ ਅਤੇ ਸਥਾਈ ਸੱਚ ਤੋਂ ਟੁੱਟ ਜਾਣ ਦੇ ਕਾਰਨ ਵਿਚਾਰਧਾਰਾ ਵੀ ਝੂਠੀ ਅਤੇ ਰਸਮੀ ਬਣ ਕੇ ਰਹਿ ਗਈ ਹੈ। ਵਿਚਾਰਧਾਰਾ ਦੇ ਇਸ ਕੂੜੇ ਕਿਰਦਾਰ (false consciousness) ਵੱਲ ਆਧੁਨਿਕ ਯੁਗ ਦੇ ਕਈ ਸਮਾਜ-ਵਿਗਿਆਨੀਆਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਪੇਸ਼ ਕੀਤੇ ਹਨ।

**14.3.4**ਵਿਚਾਰਧਾਰਾ ਦੇ ਸੰਬੰਧ ਵਿਚ ਕਾਰਲ ਮਾਰਕਸ ਦੇ ਵਿਚਾਰ ਕਾਫ਼ੀ ਮਹੱਤਵਪੂਰਨ ਮੰਨੇ ਜਾਂਦੇ ਹਨ। ਉਸ ਅਨੁਸਾਰ ਪੂੰਜੀਵਾਦ ਦੇ ਸ਼ੋਸ਼ਣਕਾਰੀ ਆਰਥਿਕ ਰਿਸ਼ਤੇ ਸਮਾਜਿਕ ਖੇਤਰ ਉਪਰ ਵੀ ਆਪਣਾ ਪ੍ਰਭਾਵ ਪਾਉਂਦੇ ਹਨ। ਸਮਾਜਿਕ ਸੰਘਰਸ਼ ਵਿਚ ਵੱਖ-ਵੱਖ ਜਮਾਤਾਂ ਦੀ ਭੂਮਿਕਾ ਨਿਰਣੈਕਾਰੀ ਰਹਿੰਦੀ ਹੈ। ਜਮਾਤਾਂ ਦੀ ਪਹਿਚਾਣ ਉਤਪਾਦਨ ਦੇ ਸੋਮਿਆਂ ਉਪਰ ਮਲਕੀਅਤ ਜਾਂ ਨਾ-ਮਲਕੀਅਤ ਦੁਆਰਾ ਹੁੰਦੀ ਹੈ। ਉਤਪਾਦਨ ਦੇ ਸੋਮਿਆਂ ਉਪਰ ਕਾਬਜ਼ ਜਮਾਤ ਪੂੰਜੀਵਾਦੀ ਵਰਗ ਨਾਲ ਸੰਬੰਧ ਰੱਖਦੀ ਹੈ ਜਦੋਂ ਕਿ ਕਿਰਤੀ ਨੂੰ ਸਰੀਰਕ ਮਿਹਨਤ ਕਰਕੇ ਉਪਜੀਵਕਾ ਕਮਾਉਣੀ ਪੈਂਦੀ ਹੈ। ਪਰੰਤੂ ਕਿਰਤੀ ਵਰਗ ਦੇ ਰੂਪ ਵਿਚ ਇਹ ਸ਼ੋਸ਼ਿਤ ਸ਼੍ਰੇਣੀ ਅਜਿਹੀ ਨਾਬਰਬਰੀ ਨੂੰ ਇਕ ਕੁਦਰਤੀ ਗੱਲ ਸਮਝਦੀ ਹੈ। ਉਹ ਇਸ ਤੱਥ ਨੂੰ ਪਹਿਚਾਣ ਵੀ ਨਹੀਂ ਸਕਦੀ ਕਿ ਉਸ ਦਾ ਸ਼ੋਸ਼ਣ

ਕੀਤਾ ਜਾ ਰਿਹਾ ਹੈ। ਅਜਿਹੀ ਸੋਚ ਜਾਂ ਵਿਚਾਰਧਾਰਾ, ਜੋ ਨਾਬਰਾਬਰੀ ਨੂੰ ਜਾਇਜ਼ ਠਹਿਰਾਉਂਦੀ ਹੈ, ਵਿਚਾਰਧਾਰਾ ਦਾ ਨਾਮ ਦਿੱਤਾ ਜਾਂਦਾ ਹੈ। ਸੋ ਵਿਚਾਰਧਾਰਾ ਇਕ ਕੂੜੀ ਚੇਤਨਾ ਹੈ ਜੋ ਜ਼ਾਲਮ ਜਮਾਤ ਵਲੋਂ ਗ਼ਰੀਬਾਂ ਉਤੇ ਕੀਤੇ ਜਾ ਰਹੇ ਜ਼ੁਲਮ ਦੀ ਪਹਿਚਾਣ ਨਹੀਂ ਹੋਣ ਦਿੰਦੀ। ਇਹੀ ਵਿਚਾਰਧਾਰਾ ਸਾਂਸਕ੍ਰਿਤਿਕ ਕਲਾ ਰੂਪਾਂ, ਜਿਵੇਂ ਸਾਹਿੱਤ ਆਦਿ ਦੁਆਰਾ ਸੰਭਾਲੀ ਅਤੇ ਸੰਚਾਰਿਤ ਕੀਤੀ ਜਾਂਦੀ ਹੈ।

**14.3.5**ਪੂੰਜੀਵਾਦੀ ਅਰਥਚਾਰਾ ਆਪਣੀ ਅਸਲੀਅਤ ਦੇ ਬਾਰੇ ਵਿਚ ਬਹੁਤ ਭਰਮ-ਭੁਲੇਖੇ ਪੈਦਾ ਕਰੀ ਰੱਖਦਾ ਹੈ। ਕਾਮੇ ਇਸ ਭਰਮ ਵਿਚ ਜਿਉਂਦੇ ਰਹਿੰਦੇ ਹਨ ਕਿ ਉਹ ਸੁਤੰਤਰ ਹਨ ਅਤੇ ਉਨ੍ਹਾਂ ਉੱਪਰ ਕਿਸੇ ਪ੍ਰਕਾਰ ਦਾ ਸ਼ੋਸ਼ਣ ਨਹੀਂ ਹੋ ਰਿਹਾ। ਪੂੰਜੀਵਾਦੀਆਂ ਪਾਸ ਇਸ ਗੱਲ ਦਾ ਬੜਾ ਜਾਇਜ਼ ਅਧਿਕਾਰ ਹੈ ਕਿ ਉਨ੍ਹਾਂ ਪਾਸ ਲੋੜ ਤੋਂ ਵੱਧ ਪੈਸਾ ਆਵੇ ਅਤੇ ਵਸਤਾਂ, ਧਨ ਅਤੇ ਜਾਇਦਾਦ ਦੇ ਆਪਣੇ ਨਿੱਜੀ ਲੱਛਣ ਅਤੇ ਸ਼ਕਤੀਆਂ ਹਨ। ਇਹ ਇਕ ਪ੍ਰਕਾਰ ਦਾ ਪੁਰਾਤਨ ਅੰਧ-ਵਿਸ਼ਵਾਸ (fetishism) ਹੈ, ਜਿਥੇ ਵਸਤਾਂ ਨੂੰ ਵਿਸ਼ੇਸ਼ ਪ੍ਰਕਾਰ ਦੇ ਗੁਣ-ਲੱਛਣ ਪ੍ਰਦਾਨ ਕਰ ਦਿੱਤੇ ਜਾਂਦੇ ਹਨ।

**14.3.6**ਕਾਰਲ ਮਾਰਕਸ ਤੋਂ ਬਾਅਦ ਅਨਤੋਨੀਓ ਗ੍ਰਾਮਸ਼ੀ (Antonio Gramsci) ਨੇ ਵਿਚਾਰਧਾਰਾ (ideology) ਦੇ ਸੰਸਥਾਗਤ ਅਤੇ ਸਾਂਸਕ੍ਰਿਤਿਕ ਆਧਾਰਾਂ ਉਪਰ ਜ਼ੋਰ ਦਿੱਤਾ। ਵਿਚਾਰਧਾਰਾ ਦਾ ਕੋਈ ਵੀ ਰੂਪ ਹੋ ਸਕਦਾ ਹੈ : ਰਾਜਸੀ ਪ੍ਰਾਪੇਗੰਡਾ, ਧਾਰਮਿਕ ਪ੍ਰਵਚਨ, ਲੋਕ ਧਾਨ ਅਤੇ ਲੋਕਪ੍ਰਿਯ ਗੀਤਕਾਰੀ। ਗ੍ਰਾਮਸ਼ੀ ਅਨੁਸਾਰ ਵਿਚਾਰਧਾਰਾ ਆਪਣੇ ਆਪ ਵਿਚ ਕੂੜੀ ਚੇਤਨਾ ਨਹੀਂ ਹੈ ਕਿਉਂਕਿ ਲੋਕਪ੍ਰਿਅ ਗੀਤਕਾਰੀ ਅਤੇ ਵਹਿਮ-ਭਰਮ ਆਪਣੇ ਆਪ ਵਿਚ ਪਦਾਰਥਕ ਸ਼ਕਤੀਆਂ ਹਨ। ਉਹ ਵਿਚਾਰਧਾਰਾ ਦੀ ਕਾਰਜ-ਪ੍ਰਣਾਲੀ ਨੂੰ ਸਮਝਣ-ਸਮਝਾਉਣ ਵਾਸਤੇ 'ਹੈਜੇਮਨੀ' (Hegemony) ਦੇ ਸੰਕਲਪ ਨੂੰ ਵਿਕਸਿਤ ਕਰਦਾ ਹੈ। ਉਸ ਅਨੁਸਾਰ ਹੈਜੇਮਨੀ ਪਦਾਰਥਕ ਅਤੇ ਵਿਚਾਰਧਾਰਕ ਹਥਿਆਰਾਂ ਦਾ ਇਕ ਅਜਿਹਾ ਨਾਪਾਕ ਗਠਜੋੜ ਹੈ, ਜਿਸ ਦੁਆਰਾ ਸੱਤਾਧਾਰੀ ਜਮਾਤ ਆਪਣੀ ਸ਼ਕਤੀ ਨੂੰ ਟਿਕਾਈ ਅਤੇ ਬਣਾਈ ਰੱਖਦੀ ਹੈ। (Hegemony is the nexus of material and ideological instruments through which the dominant classes maintain their power.) ਇਸ ਤਰ੍ਹਾਂ ਹੈਜੇਮਨੀ ਸੱਤਾਧਾਰੀ ਵਰਗ ਅਤੇ ਉਨ੍ਹਾਂ ਦੀ ਪਰਜਾ ਦੇ ਦਰਮਿਆਨ ਇਕ ਪ੍ਰਕਾਰ ਦੀ ਵਿਚੋਲਗੀਰੀ ਕਰਦੀ ਹੈ। ਸੱਤਾਧਾਰੀ ਵਰਗ ਦਮਨ ਅਤੇ ਰਜ਼ਾਮੰਦੀ ਦੁਆਰਾ ਆਪਣੀ ਸ਼ਕਤੀ ਨੂੰ ਬਰਕਰਾਰ ਰੱਖਦਾ ਹੈ। ਕਿਸੇ ਵੀ ਸੱਭਯ ਸਮਾਜ ਵਿਚ ਸੱਤਾਧਾਰੀ ਵਰਗ ਦੇ ਵਿਚਾਰਾਂ ਨੂੰ ਇੰਨ-ਬਿੰਨ ਰੂਪ ਵਿਚ ਲਾਗੂ ਕਰਨ ਲਈ ਬਹੁਤ ਸਾਰੀਆਂ ਸੰਸਥਾਵਾਂ ਕਾਰਜਸ਼ੀਲ ਰਹਿੰਦੀਆਂ ਹਨ ਜਿਵੇਂ ਅਦਾਲਤਾਂ, ਨੌਕਰਸ਼ਾਹੀ, ਧਾਰਮਿਕ ਅਤੇ ਵਿਦਿਅਕ ਸੰਸਥਾਵਾਂ। ਕਿਸੇ ਸਟੇਟ ਪਾਸ ਦਮਨਕਾਰੀ ਸ਼ਕਤੀ ਲਈ ਫੌਜ ਅਤੇ ਪੁਲਸ ਹੁੰਦੀ ਹੈ। ਪਰਜਾ ਉਪਰ ਨਿਯੰਤ੍ਰਣ ਕਰਨ ਦਾ ਇਕ ਹੋਰ ਚਤੁਰ ਅਤੇ ਸੂਖਮ ਢੰਗ ਰਾਜ ਦੇ ਕਲਾਕਾਰਾਂ ਅਤੇ ਬੁੱਧੀਜੀਵੀਆਂ ਨੂੰ ਇਨਾਮ-ਸਨਮਾਨ ਦੇ ਕੇ ਖ਼ਰੀਦ ਲੈਣਾ ਹੈ। ਫਿਰ ਇਹ ਲੋਕ ਆਪਣੇ ਆਪ 'ਸਭ ਕੁਝ ਠੀਕ-ਠਾਕ ਹੈ' ਦਾ ਰਾਗ ਅਲਾਪਦੇ ਰਹਿੰਦੇ ਹਨ। ਇਉਂ ਸੱਤਾਧਾਰੀ ਵਰਗ ਅਣਚਾਹੇ ਵਿਰੋਧ ਤੋਂ ਬਚਿਆ ਰਹਿੰਦਾ ਹੈ।

**14.3.7**ਲੂਈ ਅਲਥਿਊਜ਼ਰ (Louis Althusser) ਅਨੁਸਾਰ ਵਿਚਾਰਧਾਰਾ ਵਿਅਕਤੀਆਂ ਨੂੰ ਸਿਸਟਮ ਦੇ ਪੁਰਜ਼ੇ ਬਣਾ ਦਿੰਦੀ ਹੈ। ਇਹ ਉਨ੍ਹਾਂ ਨੂੰ ਅਜਿਹੀ ਸ਼ਨਾਖ਼ਤ ਪ੍ਰਦਾਨ ਕਰ ਦਿੰਦੀ ਹੈ, ਜਿਸ ਦੁਆਰਾ ਕੋਈ ਸਿਸਟਮ ਠੀਕ ਢੰਗ ਨਾਲ ਚਲਦਾ ਰਹਿੰਦਾ ਹੈ। ਇਸ ਸਿਸਟਮ ਨੂੰ ਚਲਾਉਣ ਵਾਲੇ ਵਿਅਕਤੀ ਆਪਣੇ ਆਪ ਨੂੰ ਸੁਤੰਤਰ ਸਮਝਦੇ ਰਹਿੰਦੇ ਹਨ। ਸਟੇਟ ਦੀ ਸ਼ਕਤੀ ਪੁਲਸ, ਫੌਜ, ਅਦਾਲਤਾਂ ਅਤੇ ਜੇਲ੍ਹਾਂ ਆਦਿ ਦਮਨਕਾਰੀ ਪ੍ਰਣਾਲੀਆਂ (Repressive State Apparatuses) ਦੁਆਰਾ ਕਾਇਮ ਰੱਖੀ ਜਾਂਦੀ ਹੈ। ਪਰ ਇਹ ਸ਼ਕਤੀ ਆਮ ਲੋਕਾਂ ਦੀ ਸਕ੍ਰਿਅ ਸਵੀਕ੍ਰਿਤੀ ਦੁਆਰਾ ਵੀ ਕਾਇਮ ਰਹਿੰਦੀ ਹੈ। ਇਸ ਪ੍ਰਣਾਲੀ ਨੂੰ ਵਿਚਾਰਧਾਰਕ ਪ੍ਰਣਾਲੀ (Ideological State Apparatus) ਦਾ ਨਾਮ ਦਿੱਤਾ ਗਿਆ ਹੈ। ਰਾਜਨੀਤਕ ਸੰਗਠਨ, ਮੀਡੀਆਂ, ਵਿਦਿਅਕ ਪ੍ਰਣਾਲੀ, ਧਰਮ ਅਤੇ ਕਲਾ ਇਹ ਭੂਮਿਕਾ ਨਿਭਾਉਂਦੀਆਂ ਹਨ। ਇਸ ਤਰ੍ਹਾਂ ਅਲਥਿਊਜ਼ਰ ਸੱਭਿਆਚਾਰ ਨੂੰ ਵਰਗ-ਸੰਘਰਸ਼ ਅਤੇ ਸਮਾਜਿਕ ਰਿਸ਼ਤਿਆਂ ਦੀ ਇਕ ਅਜਿਹੀ ਅਭਿਵਿਅਕਤੀ ਦੇ ਰੂਪ ਵਿਚ ਵੇਖਦਾ ਹੈ। ਜੋ ਸੱਤਾ ਦੇ ਰਿਸ਼ਤਿਆਂ

(Power relations) ਦੁਆਰਾ ਬਣਦਾ-ਵਿਗੜਦਾ ਰਹਿੰਦਾ ਹੈ। ਸੱਭਿਆਚਾਰ ਅਕਸਰ ਇਕ ਅਜਿਹੀ ਪ੍ਰਣਾਲੀ ਦੀ ਭੂਮਿਕਾ ਨਿਭਾਉਂਦਾ ਹੈ, ਜਿਹੜੀ ਆਰਥਿਕ ਪਰਿਸਥਿਤੀਆਂ ਉਤੇ ਪਰਦਾ ਪਾ ਦਿੰਦੀ ਹੈ। ਜਿਥੇ ਬਿੰਬ ਅਤੇ ਅਕਸ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਉਂਦੇ ਰਹਿੰਦੇ ਹਨ ਕਿ ਉਨ੍ਹਾਂ ਦੀਆਂ ਪਰਿਸਥਿਤੀਆਂ ਕੁਦਰਤੀ ਜਾਂ ਦੈਵੀ ਹਨ। ਇਨ੍ਹਾਂ ਬਾਰੇ ਕੁਝ ਨਹੀਂ ਹੋ ਸਕਦਾ, ਭਾਣਾ ਮੰਨਣਾ ਹੀ ਉਚਿਤ ਹੈ।

**14.3.8**ਉੱਤਰ-ਆਧੁਨਿਕਤਾਵਾਦ (post-modernism) ਉਕਤ ਧਾਰਨਾ ਨੂੰ ਹੋਰ ਅੱਗੇ ਵਧਾਉਂਦਾ ਹੈ। ਇਸ ਅਨੁਸਾਰ ਸਾਰੇ ਸਮਾਜਿਕ ਸੱਚ, ਜੀਵਨ ਬਾਰੇ ਦ੍ਰਿਸ਼ਟੀਕੋਣ ਅਤੇ ਯਥਾਰਥ ਦੇ ਸੰਕਲਪ, ਸੱਤਾ ਦੇ ਰਿਸ਼ਤਿਆਂ ਵਿਚੋਂ ਉਪਜਦੇ ਹਨ। (Power relations structure all social truths, approaches and even conceptions of reality.) ਇਹ ਵਿਸ਼ੇਸ਼ ਅਤੇ ਜਨ ਸਾਧਾਰਣ ਸੱਭਿਆਚਾਰਾਂ ਵਿਚਲੀ ਭਿੰਨਤਾ ਨੂੰ ਮੇਟ ਦਿੰਦਾ ਹੈ। ਇਹ ਉਨ੍ਹਾਂ ਮਾਪਦੰਡਾਂ ਨੂੰ ਅਸਵੀਕਾਰ ਕਰ ਦਿੰਦਾ ਹੈ, ਜਿਨ੍ਹਾਂ ਦੁਆਰਾ ਕੁਝ ਰਚਨਾਵਾਂ ਨੂੰ ਉਚੇਰੇ ਸੁਹਜ-ਸੁਆਦ ਵਾਲੀਆਂ ਅਤੇ ਹੋਰਨਾਂ ਨੂੰ ਮਾਮੂਲੀ ਸਿੱਧ ਕੀਤਾ ਜਾਂਦਾ ਹੈ। ਉੱਤਰ ਆਧੁਨਿਕਤਾਵਾਦੀਆਂ ਅਨੁਸਾਰ ਵਿਸ਼ਵ-ਵਿਆਪੀ ਗੁਣ-ਲੱਛਣ ਕੋਈ ਨਹੀਂ ਹਨ। ਸਭ ਕੁਝ ਸਥਾਨਕ ਅਤੇ ਆਂਚਲਿਕ ਹੀ ਹੈ। ਅਜਿਹਾ ਕੋਈ ਦਰਸ਼ਨ ਨਹੀਂ ਹੈ, ਜੋ ਸਾਰੀ ਦੁਨੀਆਂ ਦੇ ਲੋਕਾਂ ਉਤੇ ਲਾਗੂ ਕੀਤਾ ਜਾ ਸਕੇ। ਇਹ ਕਿਸੇ ਵੀ ਵਿਸ਼ਵ-ਵਿਆਪੀ ਸਿੱਧਾਂਤ ਦੀ ਹੋਂਦ ਤੋਂ ਇਨਕਾਰੀ ਹੈ। ਇਸ ਅਨੁਸਾਰ ਨਾ ਤਾਂ ਮਾਰਕਸਵਾਦ ਸਮੁੱਚੀ ਮਨੁੱਖਤਾ ਦੇ ਮੁਕਤੀਦਾਤਾ ਹੋਣ ਦਾ ਦਾਅਵਾ ਕਰ ਸਕਦਾ ਹੈ ਅਤੇ ਨਾ ਵਿਗਿਆਨ ਬਾਰੇ ਲੋਕਾਂ ਲਈ ਕਿਸੇ ਸੱਚ ਦਾ ਨਿਰਮਾਣ ਕਰ ਸਕਦਾ ਹੈ। ਇਹ ਬਹੁਵਚਨੀਆਂ, ਵਿਭਿੰਨਤਾਵਾਂ ਅਤੇ ਅਪੂਰਨਤਾਵਾਂ ਨੂੰ ਪਸੰਦ ਕਰਦਾ ਹੈ। ਇਸ ਅਨੁਸਾਰ ਹਰ ਤਰ੍ਹਾਂ ਦੇ ਅਰਥ (meaning) ਅਸਥਾਈ, ਅਸਥਿਰ ਅਤੇ ਆਪਹੁਦਰੇ ਹਨ। ਕਿਸੇ ਰਚਨਾ ਦਾ ਕੋਈ ਮੁਕੰਮਲ ਅਤੇ ਸੰਪੂਰਨ ਅਰਥ ਨਹੀਂ ਬਣਦਾ। ਸਾਹਿੱਤਿਕ ਰਚਨਾਵਾਂ ਜਾਂ ਕੁਝ ਹੋਰ ਕਲਾਵਾਂ ਕਿਸੇ ਯਥਾਰਥ ਜਾਂ ਪਰਮ ਸਤਿ ਬਾਰੇ ਅੰਤਰ-ਦ੍ਰਿਸ਼ਟੀਆਂ ਨਹੀਂ ਦਿੰਦੀਆਂ ਬਲਕਿ ਇਹ ਸਿਰਫ਼ ਆਪਣੇ ਆਪ ਤਕ ਹੀ ਪਹੁੰਚਦੀਆਂ ਹਨ। ਇਸ ਲਈ ਕਿਸੇ ਵੀ ਰਚਨਾ ਪਾਸ ਆਪਣੇ ਤੋਂ ਪਾਰ ਜਾ ਕੇ ਜੀਵਨ ਦਾ ਕੋਈ ਡੂੰਘਾ ਰਹੱਸ ਜਾਂ ਯਥਾਰਥ ਪੇਸ਼ ਕਰਨ ਦੀ ਸ਼ਕਤੀ ਨਹੀਂ ਹੈ।

**14.3.9**ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਆਧੁਨਿਕ ਯੁੱਗ ਵਿਚ ਵਿਚਾਰਧਾਰਾ ਸਮੁੱਚੇ ਲੋਕਾਂ ਨੂੰ ਕੋਈ ਸੇਧ ਦੇਣ ਵਾਲੀ, ਉਨ੍ਹਾਂ ਦੇ ਕਲਿਆਣ ਵਾਸਤੇ ਮਾਰਗ ਤਲਾਸ਼ ਕਰਨ ਵਾਲੀ ਜਾਂ ਮਾਨਵਤਾ ਨੂੰ ਇਕ ਲੜੀ ਵਿਚ ਪਰੋਣ ਵਾਲੀ ਪ੍ਰਣਾਲੀ ਨਹੀਂ ਰਹੀ। ਵਿਚਾਰਧਾਰਾ ਵਰਗ-ਸੰਘਰਸ਼ ਵਿਚੋਂ ਉਪਜਦੀ ਹੈ ਅਤੇ ਸੱਤਾਧਾਰੀ ਧਿਰ ਦੀ ਵਿਚਾਰਧਾਰਾ ਹੀ ਆਮ ਲੋਕਾਂ ਵਿਚ ਪ੍ਰਵਾਨਿਤ ਹੁੰਦੀ ਹੈ। ਆਪਣੀ ਵਿਚਾਰਧਾਰਾ ਦੇ ਪ੍ਰਭਾਵ ਨੂੰ ਬਣਾਈ ਰੱਖਣ ਵਾਸਤੇ ਸੱਤਾ ਪਾਸ ਪੁਲਸ, ਫ਼ੌਜ, ਅਦਾਲਤਾਂ, ਮੀਡੀਆ, ਲੇਖਕ ਅਤੇ ਕਲਾਕਾਰ ਦੇ ਲਾਮ-ਲਸ਼ਕਰ ਸਦਾ ਤਿਆਰ-ਬਰ-ਤਿਆਰ ਮਿਲਦੇ ਹਨ। ਇਸ ਸੂਰਤ ਵਿਚ ਕਿਸੇ ਸੁਤੰਤਰ ਵਿਚਾਰਧਾਰਾ ਨੂੰ ਵਿਗਸਣ ਦਾ ਮੌਕਾ ਹੀ ਨਹੀਂ ਮਿਲਦਾ।

### 14.4.1 ਸਾਹਿੱਤ ਅਤੇ ਸਭਿਆਚਾਰ

ਸਾਹਿੱਤ, ਸਭਿਆਚਾਰ ਦਾ ਇਕ ਮੁੱਖ ਅੰਗ ਹੈ। ਕਿਸੇ ਸਭਿਆਚਾਰ ਦੀਆਂ ਵੱਖ-ਵੱਖ ਸੰਸਥਾਵਾਂ ਸਾਹਿੱਤ ਦੇ ਮਾਧਿਅਮ ਦੁਆਰਾ ਪ੍ਰਗਟ ਹੁੰਦੀਆਂ ਹਨ। ਸਮਾਜ ਦੀਆਂ ਇਨ੍ਹਾਂ ਸੰਸਥਾਵਾਂ ਵਿਚ ਰਾਜ-ਪ੍ਰਬੰਧ, ਕਾਨੂੰਨ, ਵਿਦਿਅਕ ਪ੍ਰਬੰਧ, ਜਨਮ, ਵਿਆਹ, ਮੌਤ, ਗਹਿਣੇ-ਗੱਟੇ, ਪਹਿਰਾਵਾਂ ਆਦਿ ਬਹੁਤ ਸਾਰੇ ਪੱਖ ਜੁੜੇ ਹੋਏ ਹਨ। ਸਾਹਿੱਤ ਵਿਚ ਸਮੇਂ-ਸਮੇਂ ਇਨ੍ਹਾਂ ਸਾਰੇ ਪੱਖਾਂ ਦਾ ਨਿਰੂਪਣ ਹੁੰਦਾ ਰਿਹਾ ਹੈ। ਸਭਿਆਚਾਰ ਵੱਖ-ਵੱਖ ਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਦੀ ਜੀਵਨ-ਸ਼ੈਲੀ ਦਾ ਨਾਮ ਹੀ ਹੈ। ਜਿਹੋ-ਜਿਹੇ ਭੂਗੋਲਿਕ ਖੇਤਰ ਵਿਚ ਕੋਈ ਵਿਅਕਤੀ ਰਹਿੰਦਾ ਹੈ, ਉਸ ਖੇਤਰ ਦੀਆਂ ਲੋੜਾਂ ਅਨੁਸਾਰ ਉਸ ਦਾ ਸਭਿਆਚਾਰ ਵੀ ਉਹੋ-ਜਿਹਾ ਸੁਰੂਪ ਧਾਰਨ ਕਰ ਲੈਂਦਾ ਹੈ। ਜਦੋਂ ਕੋਈ ਸਮਾਜ, ਜਾਤੀ ਜਾਂ ਵਰਗ ਆਪਣਾ ਭੂਗੋਲਿਕ ਖੇਤਰ ਬਦਲ ਲੈਂਦੇ ਹਨ ਤਾਂ ਉਥੋਂ ਦੀਆਂ ਲੋੜਾਂ ਅਨੁਸਾਰ ਉਨ੍ਹਾਂ ਦਾ ਸੱਭਿਆਚਾਰ ਵੀ ਤਬਦੀਲ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ

ਬਿਲਕੁਲ ਠੀਕ ਫੁਰਮਾਇਆ ਹੈ:

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ।।
ਦੇਵਤਾ ਅਦੇਵ ਜੱਛ ਗੰਧ੍ਰਭ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ।।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।
(ਅਕਾਲ ਉਸਤਤਿ)

**14.4.2**ਪੰਜਾਬੀ ਸਾਹਿੱਤ ਦੇ ਆਦਿ ਕਵੀ ਸ਼ੇਖ਼ ਫ਼ਰੀਦ ਜੀ ਦੀ ਬਾਣੀ ਵਿਚ ਬਾਰ੍ਹਵੀਂ-ਤੇਰ੍ਹਵੀਂ ਸਦੀ ਦੇ ਭਾਰਤੀ ਸਭਿਆਚਾਰ ਦੇ ਬਹੁਤ ਸਾਰੇ ਪ੍ਰਸੰਗ ਅਤੇ ਰੂੜ੍ਹੀਆਂ (motifs) ਰੂਪਮਾਨ ਹੋਏ ਹਨ। ਫ਼ਰੀਦ ਜੀ ਇਸਲਾਮ ਧਰਮ ਦੇ ਪ੍ਰਮੁੱਖ ਸੰਕਲਪਾਂ ਨੂੰ ਆਧਾਰ ਬਣਾ ਕੇ ਇਕ ਮਾਨਵਪੱਖੀ ਅਤੇ ਉਦਾਰ ਸੱਭਿਆਚਾਰ ਦੀ ਸਿਰਜਣਾ ਕਰਨਾ ਲੋਚਦੇ ਹਨ। ਆਪ ਅਨੁਸਾਰ ਵਿਅਕਤੀ ਨੂੰ ਪਦਾਰਥਵਾਦੀ ਲਾਲਸਾਵਾਂ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਚੰਗੇ ਗੁਣ ਧਾਰਨ ਕਰਨੇ ਚਾਹੀਦੇ ਹਨ ਅਤੇ ਔਗੁਣ ਤਿਆਗ ਦੇਣੇ ਚਾਹੀਦੇ ਹਨ। ਸਾਦਗੀ ਅਤੇ ਗ਼ਰੀਬੀ ਵਾਲਾ ਜੀਵਨ ਜਿਉਣਾ ਚਾਹੀਦਾ ਹੈ। ਆਪਸੀ ਰਿਸ਼ਤੇ ਲੋਭ-ਲਾਲਚ ਤੋਂ ਉਪਰ ਹੋਣੇ ਚਾਹੀਦੇ ਹਨ ਕਿਉਂਕਿ ਜਿੱਥੇ ਲੋਭ-ਲਾਲਚ ਆ ਜਾਵੇ, ਉਥੇ ਸਚਾ ਪ੍ਰੇਮ ਨਹੀਂ ਪੈਦਾ ਹੋ ਸਕਦਾ। ਹਾਰ-ਸ਼ਿੰਗਾਰ ਕਰਨ ਨਾਲ ਮਨ ਵਿਚ ਵਿਕਾਰ ਪੈਦਾ ਹੋਣ ਲੱਗਦੇ ਹਨ, ਇਸ ਲਈ ਇਨ੍ਹਾਂ ਤੋਂ ਬਚੋ। ਦੂਜਿਆਂ ਦੇ ਦੋਸ਼ ਕੱਢਣ ਦੀ ਬਜਾਇ ਆਪਣੀ ਅੰਤਰਾਤਮਾ ਵਿਚ ਝਾਤੀ ਮਾਰਦੇ ਰਹਿਣਾ ਚਾਹੀਦਾ ਹੈ। ਪਰਮਾਤਮਾ ਦੀ ਪ੍ਰਾਪਤੀ ਜੰਗਲਾਂ ਵਿਚ ਭਟਕਣ ਨਾਲ ਨਹੀਂ ਹੁੰਦੀ ਬਲਕਿ ਆਪਣੇ ਹਿਰਦੈ ਨੂੰ ਸ਼ੁੱਧ ਬਣਾਈ ਰੱਖਣ ਨਾਲ ਹੁੰਦੀ ਹੈ। ਮਨੁੱਖੀ ਸਮਾਜ ਦੀ ਬਣਤਰ ਐਸੀ ਹੈ ਕਿ ਇਸ ਵਿਚ ਵਿਅਕਤੀ ਜੋ ਬੀਜਦਾ ਹੈ, ਉਸ ਨੂੰ ਉਹੋ ਜਿਹਾ ਫਲ ਕੱਟਣਾ ਪੈਂਦਾ ਹੈ। ਬੁਰੇ ਕਰਮ ਕਰਨ ਵਾਲੇ ਵਿਅਕਤੀ ਨੂੰ ਕਦੇ ਵੀ ਚੰਗੇ ਫੁਲ ਦੀ ਆਸ ਨਹੀਂ ਰੱਖਣੀ ਚਾਹੀਦੀ ਹੈ। ਦੇਖੋ:

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ।।
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ।।੨੩।।

**14.4.3**ਨਾਮਦੇਵ ਜੀ, ਕਬੀਰ ਜੀ, ਰਵਿਦਾਸ ਜੀ ਅਤੇ ਹੋਰ ਸੰਤਾਂ ਭਗਤਾਂ ਦੀ ਬਾਣੀ ਵਿਚ ਵੀ ਭਾਰਤੀ ਸਭਿਆਚਾਰ ਦੇ ਬਹੁਤ ਸਾਰੇ ਅੰਗ ਅਤੇ ਪੱਖ ਪੇਸ਼ ਹੋਏ ਹਨ। ਨਾਮਦੇਵ ਜੀ ਭਾਰਤੀ ਸੱਭਿਆਚਾਰ ਦੇ ਬ੍ਰਾਹਮਣਵਾਦੀ ਸੁਰੂਪ ਉਪਰ ਵਿਅੰਗ ਕਸਦੇ ਹਨ। ਆਪ ਫੁਰਮਾਉਂਦੇ ਹਨ ਕਿ ਪੁਰਾਣਾਂ ਵਿਚ ਸ਼ਿਵ ਜੀ, ਰਾਮ ਚੰਦਰ ਅਤੇ ਹੋਰ ਅਵਤਾਰਾਂ ਆਦਿਕ ਬਾਰੇ ਜੋ ਕੁਝ ਲਿਖਿਆ ਹੈ, ਉਹ ਸਭ ਮਿਥਿਆ ਹੈ। ਗਿਆਨ ਕਿਸੇ ਧਰਮ ਵਿਸ਼ੇਸ਼ ਦੇ ਕਰਮ-ਕਾਂਡਾਂ ਵਿਚ ਮੌਜੂਦ ਨਹੀਂ ਹੁੰਦਾ ਬਲਕਿ ਸਰਬ-ਸਾਂਝੇ ਪਰਮਾਤਮਾ ਦੇ ਸਿਮਰਨ ਦੁਆਰਾ ਪ੍ਰਾਪਤ ਹੁੰਦਾ ਹੈ। ਕਬੀਰ ਜੀ ਨੇ ਵੀ ਆਪਣੇ ਸਮਕਾਲੀ ਯੁਗ ਵਿਚ ਪ੍ਰਚਲਿਤ ਬ੍ਰਾਹਮਣਵਾਦੀ ਕਰਮ-ਕਾਂਡਾਂ ਦੀ ਆਲੋਚਨਾ ਕੀਤੀ। ਆਪ ਅਨੁਸਾਰ ਭੇਖ ਧਾਰਨ ਕੀਤਿਆਂ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਬੀਰ ਜੀ ਹਿੰਦੂ ਸੱਭਿਆਚਾਰ ਦੀ ਇਕ ਹੋਰ ਪ੍ਰਣਾਲੀ ਜਾਤ-ਪਾਤ ਨੂੰ ਵੀ ਅਰਥਹੀਣ ਘੋਸ਼ਿਤ ਕਰਦੇ ਹਨ। ਕਿਸੇ ਜਾਤੀ ਵਿਸ਼ੇਸ਼ ਵਿਚ ਜਨਮ ਲੈਣ ਨਾਲ ਹੀ ਵਿਅਕਤੀ ਉੱਤਮ ਜਾਂ ਨਿਮਨ ਨਹੀਂ ਹੋ ਜਾਂਦਾ ਬਲਕਿ ਆਪਣੇ ਕਰਮਾਂ ਦੁਆਰਾ ਹੀ ਕਿਸੇ ਨੂੰ ਮਹਿਮਾ ਪ੍ਰਾਪਤ ਹੋ ਸਕਦੀ ਹੈ। ਆਪ ਨੇ ਸੰਪਰਦਾਇਕ ਸਦਭਾਵਨਾ ਦਾ ਉਪਦੇਸ਼ ਦੇ ਕੇ ਸੱਭਿਆਚਾਰ ਨੂੰ ਉਦਾਰ ਅਤੇ ਮਾਨਵਵਾਦੀ ਬਣਾਉਣ ਦੇ ਪ੍ਰਯਤਨ ਕੀਤੇ। ਰਵਿਦਾਸ ਜੀ ਨੇ ਇਕ ਆਦਰਸ਼ਕ ਸਮਾਜ ਅਤੇ ਸੱਭਿਆਚਾਰ ਦੀ ਕਲਪਣਾ ਕਰਦਿਆਂ ਹੋਇਆਂ ਬੇਗ਼ਮਪੁਰ ਦਾ ਸੰਕਲਪ ਪੇਸ਼ ਕੀਤਾ। ਇਸ ਆਦਰਸ਼ਕ ਸਟੇ

ਟ ਵਿਚ ਰਹਿਣ ਵਾਲੇ ਵਿਅਕਤੀ ਨੂੰ ਕੋਈ ਗ਼ਮ ਜਾਂ ਫ਼ਿਕਰ ਨਹੀਂ ਰਹੇਗਾ। ਸਾਰੇ ਮਨੁੱਖ ਇਕ-ਦੂਜੇ ਦੇ ਬਰਾਬਰ ਹੋਣਗੇ। ਕਿਸੇ ਨਾਲ ਦ੍ਵੈਤ ਭਾਵ ਨਹੀਂ ਰੱਖਿਆ ਜਾਵੇਗਾ। ਇਉਂ ਇਨ੍ਹਾਂ ਭਗਤਾਂ ਅਤੇ ਸੰਤਾਂ ਨੇ ਇਕ ਨਵੇਂ ਸੱਭਿਆਚਾਰ ਦੀ ਜ਼ਰੂਰਤ ਵੱਲ ਧਿਆਨ ਦਿਵਾਇਆ।

**14.4.4**ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਦੀਆਂ ਬਾਣੀਆਂ ਵਿਚ ਸੱਭਿਆਚਾਰਕ ਜੜ੍ਹਤਾ ਦੇ ਬੜੇ ਪ੍ਰਭਾਵਸ਼ਾਲੀ ਚਿੱਤਰ ਪੇਸ਼ ਕੀਤੇ ਗਏ ਹਨ। ਭਾਰਤੀ ਸੱਭਿਆਚਾਰ ਵਿਚ ਜੜ੍ਹਤਾ ਆ ਜਾਣ ਦੇ ਕਾਰਨ ਹੀ ਸਾਡਾ ਦੇਸ਼ ਅਨੇਕ ਵਰ੍ਹਿਆਂ ਤੱਕ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਰਿਹਾ। ਇਸੇ ਜੜ੍ਹਤਾ ਦੇ ਕਾਰਨ ਹੀ ਭਾਰਤਵਾਸੀਆਂ ਵਿਚ ਅਣਖ, ਸ੍ਵੈਮਾਨ, ਸੁਤੰਤਰਤਾ ਅਤੇ ਸਮਾਨਤਾ ਆਦਿਕ ਗੁਣ-ਲੱਛਣ ਮੌਜੂਦ ਨਹੀਂ ਸਨ ਰਹੇ। ਕਿਸੇ ਸੱਭਿਆਚਾਰ ਦਾ ਮੁੱਖ ਮੰਤਵ ਆਪਣੇ ਨਾਲ ਜੁੜੇ ਲੋਕਾਂ ਵਿਚ ਅਜਿਹੇ ਗੁਣ ਪੈਦਾ ਕਰਨਾ ਹੁੰਦਾ ਹੈ, ਜਿਸ ਨਾਲ ਉਹ ਇਕ ਜੁੱਟ ਹੋ ਕੇ ਰਹਿ ਸਕਣ, ਉਨ੍ਹਾਂ ਦਾ ਨਿਸ਼ਾਨਾ ਇਕ ਹੋਵੇ, ਸਭ ਤੋਂ ਰੋਜ਼ਗਾਰ ਦੇ ਮੌਕੇ ਪ੍ਰਾਪਤ ਹੋਣ ਅਤੇ ਹਰ ਇਕ ਦਾ ਜੀਵਨ ਖੁਸ਼ੀ-ਖੁਸ਼ੀ ਬਤੀਤ ਹੋਵੇ। ਪਰੰਤੂ ਭਾਰਤੀ ਸੱਭਿਆਚਾਰ ਵਿਚੋਂ ਇਹ ਗੁਣ ਉੱਡ ਗਏ ਸਨ। ਨਾਇਤਫ਼ਾਕੀ ਅਤੇ ਫੁੱਟ ਪ੍ਰਧਾਨ ਸੀ। ਸੱਭਿਆਚਾਰ ਸਰਬ-ਸਾਂਝਾ ਨਹੀਂ ਸੀ ਰਿਹਾ। ਹਰ ਜ਼ਾਤ ਅਤੇ ਸੰਪਰਦਾਇ ਦਾ ਆਪਣਾ-ਆਪਣਾ ਵੱਖਰਾ ਸੱਭਿਆਚਾਰ ਬਣ ਗਿਆ ਸੀ; ਹਰ ਇਕ ਦੇ ਦੇਵੀ-ਦੇਵਤੇ ਵੱਖਰੇ, ਪੂਜਾ-ਵਿਧੀਆਂ ਵੱਖਰੀਆਂ, ਵਿਆਹ-ਸ਼ਾਦੀਆਂ ਅਤੇ ਹੋਰ ਸੰਸਕਾਰ ਅਲੱਗ-ਅਲੱਗ। ਇਕ ਹੀ ਗੁਨਾਹ ਦੀਆਂ ਵੱਖ-ਵੱਖ ਸੱਭਿਆਚਾਰਾਂ ਨੂੰ ਮੰਨਣ ਵਾਲੇ ਲੋਕਾਂ ਲਈ ਸਜ਼ਾਵਾਂ ਵੀ ਵੱਖ-ਵੱਖ। ਇਸ ਸੂਰਤ ਵਿਚ ਭਾਰਤੀ ਸੱਭਿਆਚਾਰ ਦਾ ਕਾਇਆ-ਕਲਪ (transformation) ਕਰਨ ਦੀ ਜ਼ਰੂਰਤ ਸੀ ਅਤੇ ਸਿੱਖ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਦੇ ਮਾਧਿਅਮ ਦੁਆਰਾ ਇਸ ਜ਼ਰੂਰਤ ਨੂੰ ਕਾਫ਼ੀ ਹੱਦ ਤੱਕ ਪੂਰਾ ਵੀ ਕਰ ਦਿੱਤਾ। ਇਸ ਪ੍ਰਸੰਗ ਵਿਚ ਕੁਝ ਪ੍ਰਮਾਣ ਦੇਖੋ:

ਮਥੈ ਟਿਕਾ ਤੇੜਿ ਧੋਤੀ ਕਖਾਈ।। ਹਥਿ ਛੁਰੀ ਜਗਤ ਕਾਸਾਈ।।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ।। ਮਲੇਛ ਧਾਨੁ ਲੇ ਪੂਜਹਿ ਪੁਰਾਣੁ।।
ਅਭਾਖਿਆ ਕਾ ਕੁਠਾ ਬਕਰਾ ਖਾਣਾ।। ਚਉਕੇ ਉਪਰਿ ਕਿਸੈ ਨਾ ਜਾਣਾ।।
ਦੇ ਕੇ ਚਉਕਾ ਕਢੀ ਕਾਰ।। ਉਪਰਿ ਆਇ ਬੈਠੇ ਕੂੜਿਆਰ।।
ਮਤੁ ਭਿਟੈ ਵੇ ਮਤੁ ਭਿਟੈ।। ਇਹੁ ਅੰਨੁ ਅਸਾਡਾ ਫਿਟੈ।।
ਤਨਿ ਫਿਟੈ ਫੇੜ ਕਰੇਨਿ।। ਮਨਿ ਜੂਠੈ ਚੁਲੀ ਭਰੇਨਿ।।
ਕਹੁ ਨਾਨਕ ਸਚੁ ਧਿਆਈਐ।। ਸੁਚਿ ਹੋਵੈ ਤਾ ਸਚੁ ਪਾਈਐ।।
(ਆਸਾ ਮਹਲਾ ੧)

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰ ਮਾਨੁ ਅਪਮਾਨਾ।।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।।
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।।
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ।।
(ਰਾਗ ਗਉੜੀ ਮਹਲਾ ੯)

**14.4.5**ਪੰਜਾਬੀ ਸਾਹਿੱਤ ਦੇ ਹੋਰ ਰੂਪਾਂ ਨਾਲੋਂ ਕਿੱਸਾ ਕਾਵਿ ਵਿਚ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਵਧੇਰੇ ਵਿਸਤਾਰ ਨਾਲ ਹੋਈ ਹੈ। ਅਸਲ ਵਿਚ ਵਾਰਿਸ ਸ਼ਾਹ ਵਰਗੇ ਕਈ ਕਿੱਸਾ ਕਵੀਆਂ ਦੀਆਂ ਰਚਨਾਵਾਂ ਇਕ ਤਰ੍ਹਾਂ ਨਾਲ ਪੰਜਾਬੀ ਸੱਭਿਆਚਾਰ ਦੇ ਮਹਾਨ ਕੋਸ਼ ਹਨ। ਇਨ੍ਹਾਂ ਰਚਨਾਵਾਂ ਵਿਚ ਸਾਡੇ ਸੱਭਿਆਚਾਰ ਦਾ ਹਰ ਅੰਗ ਪੂਰਨ ਪ੍ਰਮਾਣਿਕਤਾ ਸਹਿਤ ਪੇਸ਼ ਹੋਇਆ ਹੈ। ਵਾਰਿਸ ਸ਼ਾਹ ਦੇ ਕਿੱਸੇ ਵਿਚ ਅਠਾਰ੍ਹਵੀਂ ਸਦੀ ਦੇ ਪੰਜਾਬ ਦਾ ਸੱਭਿਆਚਾਰ ਰੂਪਮਾਨ ਹੋਇਆ ਹੈ। ਉਸ ਨੇ ਇਸ ਕਾਲ ਵਿਚ ਰਹਿਣ ਵਾਲੇ ਪੰਜਾਬੀਆਂ ਦੇ ਦਿਲ-ਪਰਚਾਵਿਆਂ, ਕੰਮਾਂ-ਧੰਦਿਆਂ, ਵਿਆਹ-ਸ਼ਾਦੀਆਂ, ਰਹਿਣ-ਸਹਿਣ, ਲੜਾਈ-ਝਗੜਿਆਂ ਅਤੇ ਆਰਥਿਕਤਾ ਦਾ ਵਰਣਨ ਪੂਰੇ

ਵਿਸਤਾਰ ਨਾਲ ਕੀਤਾ ਹੈ। ਇਸ ਪ੍ਰਸੰਗ ਵਿਚ ਕੁਝ ਪ੍ਰਮਾਣ ਦੇਖੋ:

ਮੇਲ ਮੇਲ ਕੇ ਸਾਲੀਆਂ ਜੰਞ ਲਿਆਈਆਂ, ਦੇਣ ਮਿੱਠਣੀਆਂ ਸ਼ਗਨ ਕਰਾਵਣੇ ਨੂੰ।
ਘੱਤ ਸੁਰਮ-ਸਲਾਈਆਂ ਦੇਣ ਗਾਲੀਂ ਅਤੇ ਖੜਕਣੇ ਲਾਲ ਖਿਡਾਵਣੇ ਨੂੰ।
ਭਰੀ ਘੜੀ-ਘੜੋਲੀ ਤੇ ਕੁੜੀ ਨ੍ਹਾਤੀ, ਆਈਆਂ ਫੇਰ ਨਿਕਾਹ ਪੜ੍ਹਾਵਣੇ ਨੂੰ।
ਵਾਰਿਸ ਸ਼ਾਹ ਨੂੰ ਬੈਠ ਕੇ ਛੰਦ ਪੁੱਛਣ, ਦਿਲ ਆਇਆ ਹੈ ਉਹਨੂੰ ਸਤਾਵਣੇ ਨੂੰ।
(ਬੰਦ ਨੰ: 198)

ਯਾਰੋ ਠੱਗ ਸਿਆਲ ਤਹਿਕੀਕ ਜਾਣੋ, ਧੀਆਂ ਠੱਗਣੀਆਂ ਦਗ਼ਾ ਕਮਾਂਵਦੇ ਨੇ।
ਕੌਲ ਹਾਰ ਜ਼ਬਾਨ ਦਾ ਸਾਕ ਖੋਹਵਣ, ਪੈਵੰਦ ਹੋਰ ਦਾ ਹੋਰ ਥਾਂ ਲਾਂਵਦੇ ਨੇ।
ਦਾੜ੍ਹੀ ਸ਼ੇਖ਼ਾਂ ਦੀ ਛੁਰਾ ਕਸਾਈਆਂ ਦਾ, ਬਹਿ ਪਰ੍ਹੇ ਵਿਚ ਪੈਂਚ ਸਦਾਂਵਦੇ ਨੇ।
ਵਾਰਿਸ ਸ਼ਾਹ ਇਹ ਜੱਟ ਨੇ ਠੱਗ ਸਭੇ, ਵੱਡੇ ਠੱਗ ਪਰ ਜੱਟ ਝਨਾਂਵ ਦੇ ਨੇ।
(ਬੰਦ ਨੰ: 221)

**14.4.6**ਆਧੁਨਿਕ ਪੰਜਾਬੀ ਕਾਵਿ ਦੇ ਪਹਿਲੇ ਦੌਰ ਵਿਚ ਪ੍ਰੋ. ਪੂਰਨ ਸਿੰਘ ਅਤੇ ਲਾਲਾ ਧਨੀ ਰਾਮ ਚਾਤ੍ਰਿਕ ਨੇ ਪੰਜਾਬੀ ਸੱਭਿਆਚਾਰ ਦਾ ਚਿਤਰਣ ਕੀਤਾ ਹੈ। ਪ੍ਰੋ. ਪੂਰਨ ਸਿੰਘ ਨੂੰ ਪੁਰਾਣੇ ਪੰਜਾਬੀ ਸਭਿਆਚਾਰ ਬਾਰੇ ਇਕ ਹੇਰਵਾ ਸੀ। ਜਦੋਂ ਉਹ ਦੇਖਦਾ ਹੈ ਕਿ ਪੂੰਜੀਵਾਦ ਦੇ ਪ੍ਰਭਾਵ ਅਧੀਨ ਪੁਰਾਣੇ ਸਭਿਆਚਾਰ ਨੂੰ ਖੋਰਾ ਲੱਗ ਰਿਹਾ ਹੈ ਤਾਂ ਉਸ ਨੂੰ ਬੜੀ ਪੀੜ ਹੁੰਦੀ ਹੈ। ਉਹ 'ਠੀਕਰੀਆਂ ਦੀ ਪੂਜਾ' ਕਰਨ ਵਾਲੇ ਸਭਿਆਚਾਰ ਦੀ ਬਜਾਇ 'ਆਦਮੀ ਦੀ ਪੂਜਾ' ਕਰਨ ਵਾਲੇ ਸੱਭਿਆਚਾਰ ਦਾ ਮੁਤਲਾਸ਼ੀ ਸੀ। ਇਹੀ ਕਾਰਨ ਹੈ ਕਿ ਉਸ ਨੇ ਪੁਰਾਣੇ ਪੰਜਾਬ ਨੂੰ ਬੜੀ ਸ਼ਿੱਦਤ ਨਾਲ ਯਾਦ ਕੀਤਾ। 'ਜਵਾਨ ਪੰਜਾਬ ਦੇ', 'ਖੂਹ ਉਤੇ' 'ਪੰਜਾਬ ਦੀ ਅਹੀਰਣ ਇਕ ਗੋਹੇ ਥੱਪਦੀ' ਆਦਿਕ ਕਵਿਤਾਵਾਂ ਪੰਜਾਬੀ ਸੱਭਿਆਚਾਰ ਦੇ ਪ੍ਰਮਾਣਿਕ ਮੋਟਿਫ਼ ਸੰਭਾਲੀ ਬੈਠੀਆਂ ਹਨ। ਧਨੀ ਰਾਮ ਚਾਤ੍ਰਿਕ ਉਸ ਸਾਂਝੇ ਪੰਜਾਬੀ ਸੱਭਿਆਚਾਰ ਦਾ ਮੁਦਈ ਸੀ, ਜੋ ਵਕਤ ਦੀ ਰਫ਼ਤਾਰ ਵਿਚ ਗੁੰਮਦਾ-ਗੁਆਚਦਾ ਜਾ ਰਿਹਾ ਸੀ। ਉਸ ਨੇ ਪੰਜਾਬ ਦੇ ਲੋਕਾਂ, ਰੁੱਤਾਂ, ਫਸਲਾਂ, ਦਰਿਆਵਾਂ ਅਤੇ ਮੇਲਿਆਂ ਆਦਿਕ ਦਾ ਜ਼ਿਕਰ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਕੀਤਾ ਹੈ। ਉਸ ਦੀ ਇਕ ਲੰਬੀ ਕਵਿਤਾ 'ਪੰਜਾਬ', ਸਾਡੇ ਸੱਭਿਆਚਾਰਕ ਵਿਰਸੇ ਦਾ ਇਕ ਬਹੁਮੁੱਲਾ ਦਸਤਾਵੇਜ਼ ਹੈ। ਇਸ ਕਵਿਤਾ ਵਿਚ ਪੰਜਾਬੀ ਲੋਕਾਂ ਦੀਆਂ ਰਸਮਾਂ-ਰੀਤਾਂ, ਖੇਡਾਂ ਅਤੇ ਮਨ-ਪਰਚਾਵਿਆਂ ਦਾ ਜ਼ਿਕਰ ਕਰਦਾ ਹੋਇਆ ਉਹ ਲਿਖਦਾ ਹੈ:

ਕਿਆ ਚੂੜੇ ਬੀੜੇ ਫਬਦੇ ਨੇ, ਜੋਬਨ ਮੱਤੀਆਂ ਮੁਟਿਆਰਾਂ ਦੇ।
ਜਦ ਪਾਣ ਮਧਾਣੀ ਚਾਟੀ ਵਿਚ, ਤਦ ਸ਼ੋਰ ਉਠਣ ਘੁਮਕਾਰਾਂ ਦੇ।
ਕੋਈ ਤੁੰਬਦੀ ਹੈ, ਕੋਈ ਕੱਤਦੀ ਹੈ, ਕੋਈ ਪੀਂਹਦੀ ਹੈ ਕੋਈ ਛੜਦੀ ਹੈ।
ਕੋਈ ਸੀਊਂਦੀ ਹੈ ਕੋਈ ਪਰੋਂਦੀ ਹੈ, ਕੋਈ ਵੇਲਾਂ ਬੂਟੇ ਕੱਢਦੀ ਹੈ।
ਪਿੱਪਲਾਂ ਦੀ ਛਾਵੇਂ ਪੀਘਾਂ ਨੂੰ, ਕੁੱਦ ਕੁੱਦ ਕੇ ਮਸਤੀ ਚੜ੍ਹਦੀ ਹੈ।
ਟੁੰਬਦਾ ਹੈ ਜੋਸ਼ ਜਵਾਨੀ ਨੂੰ, ਇਕ ਛੱਡਦੀ ਹੈ ਇਕ ਫੜਦੀ ਹੈ।
ਜਦ ਰਾਤ ਚਾਨਣੀ ਖਿੜਦੀ ਹੈ, ਕੋਈ ਰਾਗ ਇਲਾਹੀ ਛਿੜਦਾ ਹੈ।
ਗਿੱਧੇ ਨੂੰ ਲੋਹੜਾ ਆਂਦਾ ਹੈ, ਜੋਬਨ ਤੇ ਬਿਰਹਾ ਭਿੜਦਾ ਹੈ।
(ਪੰਜਾਬ)

**14.4.7**ਆਧੁਨਿਕ ਪੰਜਾਬੀ ਕਾਵਿ ਦਾ ਦੂਜਾ ਦੌਰ ਅੰਮ੍ਰਿਤਾ-ਮੋਹਨ ਸਿੰਘ ਪਰੰਪਰਾ ਨਾਲ ਸ਼ੁਰੂ ਹੁੰਦਾ ਹੈ। ਇਸ ਧਾਰਾ ਵਿਚ ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਸੰਤੋਖ ਸਿੰਘ ਧੀਰ ਅਤੇ ਕੁਝ ਹੋਰ ਕਵੀ ਵੀ ਸ਼ਾਮਲ ਸਨ। ਇਹ ਕਵੀ ਸੱਭਿਆਚਾਰ ਦੇ ਉਲਾਰਾਂ-ਵਿਕਾਰਾਂ ਨਾਲ ਭਿੜਦੇ ਰਹੇ। ਪ੍ਰੋ. ਮੋਹਨ ਸਿੰਘ ਨੇ ਕਿਰਤੀਆਂ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਲਿਖਣ ਦੇ ਨਾਲ-ਨਾਲ, ਮੱਧ-ਸ਼੍ਰੇਣਿਕ ਪਿਆਰ ਬਾਰੇ ਵੀ ਖੁਲ੍ਹ ਕੇ ਲਿਖਿਆ। ਅੰਮ੍ਰਿਤਾ

ਪ੍ਰੀਤਮ ਨੇ ਮਰਦ ਪ੍ਰਧਾਨ ਸੱਭਿਆਚਾਰ ਵਿਚ ਇਸਤ੍ਰੀਆਂ ਨਾਲ ਹੋਣ ਵਾਲੀਆਂ ਵਧੀਕਿਆਂ ਦੀ ਦਾਸਤਾਨ ਨੂੰ ਕਲਮਬੰਦ ਕੀਤਾ। ਉਸ ਦੀ ਇਕ ਪ੍ਰਸਿੱਧ ਕਵਿਤਾ 'ਆਖਾਂ ਵਾਰਿਸ ਸ਼ਾਹ ਨੂੰ' ਸਾਂਝੇ ਪੰਜਾਬੀ ਸੱਭਿਆਚਾਰ ਵਿਚ ਆਈਆਂ ਤ੍ਰੇੜਾਂ ਦਾ ਹਿਰਦੇਵੇਧਕ ਬਿਆਨ ਪੇਸ਼ ਕਰਦੀ ਹੈ। ਇਸ ਕਾਲ ਦਾ ਇਕ ਹੋਰ ਪ੍ਰਮੁੱਖ ਕਵੀ ਸ਼ਿਵ ਕੁਮਾਰ ਸੀ, ਜਿਸਨੇ ਪੰਜਾਬੀ ਸੱਭਿਆਚਾਰ ਦੀਆਂ ਰੂੜ੍ਹੀਆਂ ਅਤੇ ਰਵਾਇਤਾਂ ਨੂੰ ਡਾਢ. ਨਿਪੁੰਨਤਾ ਨਾਲ ਚਿਤਰਿਆ ਹੈ। ਉਸਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਕਾਲੇ ਕਾਲੇ ਬਾਗ਼ਾਂ ਵਿਚੋਂ ਚੰਨਣ ਮੰਗਾਨੀ ਆ ਵੇ,
ਦੇਨੀ ਆਂ ਮੈਂ ਚੌਕੀਆਂ ਘੜਾ।
ਸੋਨੇ ਦਾ ਗੜਵਾ ਤੇ ਗੰਗਾ ਜਲ ਦੇਨੀ ਆਂ ਵੇ,
ਮਲ ਮਲ ਵਟਣਾ ਨਹਾ।
ਸੂਹਾ ਰੰਗ ਆਥਣਾਂ ਲਲਾਰਨਾਂ ਤੋਂ ਮੰਗ ਕੇ ਵੇ,
ਦੇਨੀ ਆਂ ਮੈਂ ਚੀਰਾ ਵੀ ਰੰਗਾ।
ਸ਼ੀਸ਼ਾ ਬਣ ਬਹਿਨੀ ਆਂ ਮੈਂ ਤੇਰੇ ਸਾਹਵੇਂ ਢੋਲਣਾ ਵੇ,
ਇਕ ਤੰਦ ਸੁਰਮੇ ਦੀ ਪਾ।

(ਗੀਤ, ਲਾਜਵੰਤੀ ਵਿਚੋਂ)

**14.4.8**ਸਮਕਾਲੀ ਕਵੀਆਂ ਵਿਚੋਂ ਸੁਰਜੀਤ ਪਾਤਰ, ਪੰਜਾਬੀ ਸਭਿਆਚਾਰ ਵਿਚ ਆ ਰਹੇ ਪਰਿਵਰਤਨਾਂ ਬਾਰੇ ਕਾਫ਼ੀ ਚੇਤੰਨ ਹੈ। ਉਸ ਨੂੰ ਪਰਿਵਰਤਨ ਦੀ ਪ੍ਰਕਿਰਿਆ ਦੁਆਰਾ ਹੋ ਰਹੇ ਸੱਭਿਆਚਾਰ ਰੂਪਾਂਤਰਣ ਬਾਰੇ ਵੀ ਡੂੰਘੀ ਸਮਝ ਹੈ। ਉਹ ਜਾਣਦਾ ਹੈ ਕਿ ਸਭਿਆਚਾਰ ਕੋਈ ਨਿਸ਼ਚਿਤ, ਸਥਿਰ ਅਤੇ ਜੜ੍ਹ ਸੰਸਥਾ ਨਹੀਂ ਹੁੰਦਾ। ਹਰ ਸੱਭਿਆਚਾਰ ਆਰਥਿਕ-ਪਦਾਰਥਕ ਦਬਾਵਾਂ ਦੇ ਕਾਰਨ ਨਿਰੰਤਰ ਬਦਲਦਾ ਰਹਿੰਦਾ ਹੈ। ਪੰਜਾਬੀ ਸੱਭਿਆਚਾਰ ਵਿਚ ਵੀ ਅਜਿਹੇ ਦਬਾਵਾਂ ਦੇ ਕਾਰਨ ਬਹੁਤ ਸਾਰੇ ਪਰਿਵਰਤਨ ਆ ਰਹੇ ਹਨ। ਰੋਜ਼ਗਾਰ ਦੀ ਤਲਾਸ਼ ਵਿਚ ਆਏ ਬਿਹਾਰ ਅਤੇ ਯੂ.ਪੀ. ਦੇ ਮਜ਼ਦੂਰਾਂ ਨੇ ਪੰਜਾਬੀ ਪੋਸ਼ਾਕ, ਦਿੱਖ (ਦਾੜ੍ਹੀ-ਕੇਸ) ਅਤੇ ਬੋਲੀ ਨੂੰ ਅਪਨਾ ਲਿਆ ਹੈ, ਜਦੋਂਕਿ ਪੰਜਾਬ ਦੇ ਮੂਲ ਵਾਸੀ ਵਿਦੇਸ਼ਾਂ ਵਿਚ ਜਾਣ ਦੀ ਲਾਲਸਾ ਕਾਰਨ ਪੰਜਾਬੀ ਬੋਲੀ ਅਤੇ ਆਚਾਰ-ਵਿਹਾਰ ਨੂੰ ਛੱਡ ਕੇ ਅੰਗਰੇਜ਼ੀ ਜਾਂ ਪੱਛਮੀ ਸੱਭਿਆਚਾਰ ਵਿਚ ਰੰਗੇ ਜਾ ਰਹੇ ਹਨ। ਇਸ ਪਰਿਵਰਤਨ ਵੱਲ ਸੰਕੇਤ ਕਰਦਾ ਹੋਇਆ ਸੁਰਜੀਤ ਪਾਤਰ ਆਪਣੀ ਇਕ ਕਵਿਤਾ ਵਿਚ ਲਿਖਦਾ ਹੈ:

ਪਿੱਛੇ ਪਿੱਛੇ ਰਿਜ਼ਕ ਦੇ, ਆਇਆ ਨੰਦ ਕਿਸ਼ੋਰ।
ਚੱਲ ਕੇ ਦੂਰ ਬਿਹਾਰ ਤੋਂ, ਗੱਡੀ ਬੈਠ ਸਿਆਲਦਾ,
ਨਾਲ ਬਥੇਰੇ ਹੋਰ।
ਰਾਮਕਲੀ ਵੀ ਨਾਲ ਸੀ, ਸੁਘੜ ਲੁਗਾਈ ਓਸ ਦੀ।
ਕਲ੍ਹ ਮੈਂ ਦੇਖੀ ਮਾਧੁਰੀ (ਬੇਟੀ ਨੰਦ ਕਿਸ਼ੋਰ ਦੀ)
ਓਸੇ ਪਿੰਡ ਸਕੂਲ ਵਿਚ, ਗੁੱਤਾਂ ਬੰਨ੍ਹ ਕੇ ਰਿਬਨ ਵਿਚ
ਸੁਹਣੀ ਪੱਟੀ ਪੋਚ ਕੇ, ਊੜਾ ਐੜਾ ਲਿਖ ਰਹੀ।
ਕਿੰਨਾ ਗੂੜ੍ਹਾ ਸਾਕ ਹੈ, ਅੱਖਰਾਂ ਤੇ ਰਿਜ਼ਕ ਦਾ।
ਏਸ ਪਿੰਡ ਦੇ ਲਾਡਲੇ, ਪੋਤੇ ਅੱਛਰ ਸਿੰਘ ਦੇ,
ਆਪਣੇ ਪਿਉ ਦੀ ਕਾਰ ਵਿਚ, ਬਹਿ ਲੁਧਿਆਣੇ ਆਂਵਦੇ
ਕੌਨਵੈਂਟ ਵਿੱਚ ਪੜ੍ਹ ਰਹੇ, ਏ.ਬੀ.ਸੀ.ਡੀ. ਸਿੱਖਦੇ।
ਏ.ਬੀ.ਸੀ.ਡੀ. ਸਿੱਖਦੇ, ਪੋਤੇ ਅੱਛਰ ਸਿੰਘ ਦੇ।
ਕਿੰਨਾ ਗੂੜ੍ਹਾ ਸਾਕ ਹੈ। ਅੱਖਰ ਅਤੇ ਅਕਾਂਖਿਆ।

(ਆਇਆ ਨੰਦ ਕਿਸ਼ੋਰ, ਲਫ਼ਜ਼ਾਂ ਦੀ ਦਰਗਾਹ)

**14.4.9**ਆਧੁਨਿਕ ਪੰਜਾਬੀ ਸਾਹਿੱਤ ਦੇ ਹੋਰ ਰੂਪਾਂ ਵਿਚ ਵੀ ਪੰਜਾਬੀ ਸੱਭਿਆਚਾਰ ਦੇ ਵੱਖ-ਵੱਖ ਅੰਗਾਂ ਦੀ ਭਰਪੂਰ ਪੇਸ਼ਕਾਰੀ ਹੋਈ ਹੈ। ਸ. ਨਾਨਕ ਸਿੰਘ ਨੇ ਅਛੂਤ ਉੱਧਾਰ, ਵਿਧਵਾ ਵਿਆਹ, ਸੰਪਰਦਾਇਕਤਾ, ਅਨਪੜ੍ਹਤਾ, ਬੇ ਰੋਜ਼ਗਾਰੀ ਆਦਿਕ ਵਿਸ਼ਿਆਂ ਨੂੰ ਆਧਾਰ ਬਣਾ ਕੇ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਸੁਧਾਰਾਂ ਦੀ ਜ਼ਰੂਰਤ ਵੱਲ ਸੰਕੇਤ ਕੀਤਾ। ਸ. ਜਸਵੰਤ ਸਿੰਘ ਕੰਵਲ ਨੇ ਪੰਜਾਬ ਦੀ ਕਿਸਾਨੀ ਨਾਲ ਜੁੜੇ ਸਰੋਕਾਰਾਂ ਨੂੰ ਸਭਿਆਚਾਰਕ ਕੈਨਵਸ ਦੀ ਪ੍ਰਿਸ਼ਟਭੂਮੀ ਵਿਚੋਂ ਉਭਾਰਿਆ ਹੈ। ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ ਆਦਿਕ ਇਸਤ੍ਰੀ ਗਲਪਕਾਰਾਂ ਨੇ ਭਾਰਤੀ ਇਸਤ੍ਰੀ ਦੀ ਸਮਾਨਤਾ ਅਤੇ ਸੁਤੰਤਰਤਾ ਉਪਰ ਲੱਗੀਆਂ ਸਭਿਆਚਾਰਕ ਮਨਾਹੀਆਂ ਅਤੇ ਪਾਬੰਦੀਆਂ ਦੀ ਪੇਸ਼ਕਾਰੀ ਕੀਤੀ ਹੈ। ਗੁਰਦਿਆਲ ਸਿੰਘ, ਨਰਿੰਜਨ ਤਸਨੀਮ, ਰਾਮ ਸਰੂਪ ਅਣਖੀ ਨੇ ਪੰਜਾਬੀ ਸਭਿਆਚਾਰ ਦੇ ਅੰਤਰ-ਵਿਰੋਧਾਂ ਅਤੇ ਮਾਨਵਦੋਖੀ ਸਰੋਕਾਰਾਂ ਬਾਰੇ ਨਾਵਲਾਂ ਦੀ ਸਿਰਜਣਾ ਕੀਤੀ ਹੈ। ਇਸੇ ਪ੍ਰਸੰਗ ਵਿਚ ਵਰਿਆਮ ਸਿੰਘ ਸੰਧੂ, ਮੋਹਨ ਭੰਡਾਰੀ ਅਤੇ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਨੇ ਵੀ ਸੁਚੱਜੀ ਭੂਮਿਕਾ ਦਾ ਨਿਰਵਾਹ ਕੀਤਾ ਹੈ। ਅੱਜ ਕਲ੍ਹ ਦਲਿਤ-ਲੇਖਣ ਨਾਲ ਜੁੜੇ ਕੁਝ ਕਹਾਣੀਕਾਰ ਅਤਰਜੀਤ, ਪ੍ਰੇਮ ਗੋਰਖੀ, ਭਗਵੰਤ ਸਿੰਘ ਰਸੂਲਪੁਰੀ, ਜਿੰਦਰ ਆਦਿਕ ਨੇ ਪੰਜਾਬੀ ਸਭਿਆਚਾਰ ਦੇ ਕੁਝ ਹੋਰ ਪ੍ਰਾਸੰਗਿਕ ਪੱਖਾਂ ਦੀ ਨਿਸ਼ਾਨਦੇਹੀ ਕੀਤੀ ਹੈ। ਨਾਟਕ ਦੇ ਖੇਤਰ ਵਿਚ ਬਲਵੰਤ ਗਾਰਗੀ ਸ. ਗੁਰਸ਼ਰਨ ਸਿੰਘ ਅਜਮੇਰ ਔਲਖ ਅਤੇ ਚਰਨ ਦਾਸ ਸਿੱਧੂ ਨੇ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪਸਾਰਾਂ ਨੂੰ ਛੋਂਹਦੀਆਂ ਹੋਇਆ, ਇਸ ਦੇ ਰੂਪਾਂਤਰਣ ਦੀ ਜ਼ਰੂਰਤ ਵੱਲ ਧਿਆਨ ਦਿਵਾਇਆ ਹੈ। ਇਨ੍ਹਾਂ ਨਾਟਕਕਾਰਾਂ ਅਨੁਸਾਰ ਜੀਵਨ ਉਪਰ ਦਬਾਉ ਬਹੁਤ ਵੱਧ ਗਏ ਹਨ ਅਤੇ ਪੰਜਾਬੀ ਸੱਭਿਆਚਾਰ ਇਨ੍ਹਾਂ ਦਬਾਵਾਂ ਨੂੰ ਘਟਾਉਣ ਦੀ ਬਜਾਇ ਵਧਾ ਰਿਹਾ ਹੈ। ਇਸ ਸੂਰਤ ਵਿਚ ਸਾਡੇ ਸਭਿਆਚਾਰ ਦੀ ਭੂਮਿਕਾ ਪ੍ਰਤੀਗਾਮੀ ਹੁੰਦੀ ਜਾ ਰਹੀ ਹੈ। ਅਸਲ ਵਿਚ ਸਭਿਅਤਾ (civilization) ਦਾ ਵਿਕਾਸ ਬਹੁਤ ਤੇ ਜ਼ੀ ਨਾਲ ਹੁੰਦਾ ਹੈ, ਜਦੋਂ ਕਿ ਸਭਿਆਚਾਰ ਹੌਲੀ-ਹੌਲੀ ਬਦਲਦਾ ਹੈ। ਜੇ ਸਭਿਆਚਾਰ ਵੀ ਸਭਿਅਤਾ ਦੀ ਗਤੀ ਨਾਲ ਬਦਲਣਾ ਸ਼ੁਰੂ ਕਰ ਦੇਵੇ ਤਾਂ ਵਿਸ਼ਵ ਦੇ ਅਨੇਕ ਸੱਭਿਆਚਾਰ ਖ਼ਤਮ ਹੋ ਜਾਣਗੇ। ਹਾਲਾਂ ਵੀ ਅਜਿਹਾ ਖ਼ਤਰਾ ਬਣਿਆ ਹੋਇਆ ਹੈ।

**14.5.1 ਨਿਸ਼ਕਰਸ਼**

ਸਾਹਿੱਤ ਅਤੇ ਵਿਚਾਰਧਾਰਾ ਇਕ-ਦੂਜੇ ਦੇ ਅਟੁੱਟ ਅੰਗ ਹਨ। ਬਹੁਤੀਆਂ ਭਾਸ਼ਾਵਾਂ ਅਤੇ ਦੇਸ਼ਾਂ ਵਿਚ ਸਾਹਿੱਤ ਨੂੰ ਵਿਚਾਰਧਾਰਾ ਦਾ ਸੰਚਾਰ ਕਰਨ ਵਾਲੀ ਇਕ ਸੰਰਚਨਾ ਦੇ ਰੂਪ ਵਿਚ ਹੀ ਦੇਖਿਆ-ਸਮਝਿਆ ਜਾਂਦਾ ਰਿਹਾ ਹੈ। ਪੰਜਾਬੀ ਸਾਹਿੱਤ ਦਾ ਮੁਲਾਂਕਣ ਅਜੇ ਤੱਕ ਵੀ ਇਸਦੇ ਵਿਚਾਰਧਾਰਕ ਪਰਿਪੇਖ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ। ਪਰੰਤੂ ਪਿਛਲੇ ਕੁਝ ਦਹਾਕਿਆਂ ਵਿਚ ਵਿਚਾਰਧਾਰਾ ਦੇ ਸੁਰੂਪ ਦੀ ਵਿਆਖਿਆ ਕਰਨ ਵਾਲੇ ਨਵੇਂ ਸਿੱਧਾਂਤ ਸਾਹਮਣੇ ਆਏ ਹਨ, ਜਿਨ੍ਹਾਂ ਅਨੁਸਾਰ ਵਿਚਾਰਧਾਰਾ ਇਕ ਅਜਿਹਾ ਹਥਿਆਰ ਹੈ, ਜਿਸਦੇ ਪ੍ਰਯੋਗ ਦੁਆਰਾ ਸੱਤਾਧਾਰੀ ਧਿਰਾਂ ਆਪਣੀ ਸੱਤਾ ਨੂੰ ਸਲਾਮਤ ਰੱਖਦੀਆਂ ਹਨ। ਵਿਚਾਰਧਾਰਾ ਨੂੰ 'ਝੂਠਾ ਵਿਸ਼ਵਾਸ' (bad faith / false consciousness) ਵੀ ਕਿਹਾ ਗਿਆ ਹੈ। ਸੋ ਜ਼ਰੂਰੀ ਨਹੀਂ ਹੈ ਕਿ ਕਿਸੇ ਰਚਨਾ ਵਿਚ ਪ੍ਰਗਟਾਈ ਜਾਣ ਵਾਲੀ ਵਿਚਾਰਧਾਰਾ, ਲੇਖਕ ਦੀ ਆਤਮਾ ਦੀ ਆਵਾਜ਼ ਹੋਵੇ। ਬਹੁਤੀ ਵਾਰ ਲੇਖਕ ਪ੍ਰਗਤੀਸ਼ੀਲ ਦਿਖਾਈ ਦੇਣ ਲਈ ਆਪਣੇ ਆਪ ਉਪਰ ਵਿਚਾਰਧਾਰਾ ਦਾ ਮੁਖੌਟਾ ਵੀ ਪਹਿਨ ਲੈਂਦਾ ਹੈ।

**14.5.2**ਸਭਿਆਚਾਰ ਅਤੇ ਸਾਹਿੱਤ ਅੰਤਰ-ਸੰਬੰਧਿਤ ਰਹਿੰਦੇ ਹਨ। ਸਾਹਿੱਤਕਾਰ ਲੋਕ ਆਪਣੇ ਰਚਨਾ-ਕਰਮ ਵਾਸਤੇ ਬਹੁਤੀ ਸਾਮੱਗਰੀ ਸਭਿਆਚਾਰ ਵਿਚੋਂ ਹੀ ਹਾਸਲ ਕਰਦੇ ਹਨ। ਸਾਹਿੱਤ, ਸਭਿਆਚਾਰ ਦੇ ਵੱਖ-ਵੱਖ ਅੰਗਾਂ ਅਤੇ ਪ੍ਰਣਾਲੀਆਂ ਦਾ ਸੰਚਾਰ ਕਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਪਰ ਜਦੋਂ ਕਿਸੇ ਸਭਿਆਚਾਰ ਦੀਆਂ ਕੁਝ ਸੰਸਥਾਵਾਂ ਮਨੁੱਖੀ ਜੀਵਨ ਤੋਂ ਪਿੱਛੇ ਰਹਿ ਜਾਣ ਕਾਰਨ ਅਰਥਹੀਣ ਹੋ ਜਾਂਦੀਆਂ ਹਨ ਜਾਂ ਮਨੁੱਖ ਦੇ ਵਿਕਾਸ ਵਿਚ ਰੁਕਾਵਟਾਂ ਪਾਉਣ ਲੱਗਦੀਆਂ ਹਨ ਤਾਂ ਸਾਹਿੱਤਕਾਰ ਲੋਕ ਇਨ੍ਹਾਂ ਸੰਸਥਾਵਾਂ ਦੀ ਆਲੋਚਨਾ ਵੀ ਕਰਦੇ ਹਨ। ਸੱਭਿਆਚਾਰ ਨੂੰ ਸੰਗਾਰਨ, ਸੁਧਾਰਣ ਅਤੇ ਇਸਦੇ ਰੂਪਾਂਤਰਣ ਵਿਚ ਸਾਹਿੱਤ ਦੀ ਭੂਮਿਕਾ ਬੜੀ ਉਲੇਖਯੋਗ ਰਹੀ ਹੈ।

**ਪ੍ਰਸ਼ਨ** : ਉਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

1. ਸਾਹਿੱਤ ਅਤੇ ਵਿਚਾਰਧਾਰਾ ਦੇ ਅੰਤਰ-ਸੰਬੰਧਾਂ ਨੂੰ ਸਪਸ਼ਟ ਕਰੋ। (ਅਪਰੈਲ 2004)
2. ਸਾਹਿੱਤ ਅਤੇ ਸਭਿਆਚਾਰ ਦੇ ਸੰਬੰਧਾਂ ਦਾ ਵਿਸ਼ਲੇਸ਼ਣ ਕਰੋ।
3. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਉਪਰ ਨੋਟ ਲਿਖੋ :
   (i) ਸਾਹਿਤ ਅਤੇ ਮਨੋਵਿਗਿਆਨ
   (ii) ਸਾਹਿਤ ਅਤੇ ਸ਼ਖ਼ਸੀਅਤ
   (iii) ਸਾਹਿਤ ਅਤੇ ਸਭਿਆਚਾਰ (ਅਪਰੈਲ 2014)
4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ 'ਤੇ ਨੋਟ ਲਿਖੋ :
   (i) ਆਲੋਚਨਾ ਦੀ ਪਰਿਭਾਸ਼ਾ ਦਿੰਦਿਆਂ ਇਸ ਦਾ ਪ੍ਰਯੋਜਨ ਦਰਸਾਓ।
   (ii) ਸਾਹਿਤ ਦੇ ਪ੍ਰਮੁੱਖ ਤੱਤਾਂ ਦਾ ਉਲੇਖ ਕਰੋ।
   (iii) ਸਾਹਿਤ ਅਤੇ ਰਾਜਨੀਤੀ ਦੇ ਪਰਸਪਰ ਸੰਬੰਧ ਦਰਸਾਓ। (ਅਪਰੈਲ 2016)

## ਕੁੱਝ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੇ ਲਿਖਾਈ ਦਾ ਕੰਮ ਕਿਸ ਨੇ ਕੀਤਾ ?
2. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਦੀ ਕਿੰਨੀ ਬਾਣੀ ਦਰਜ ਹੈ ?
3. ਪੰਜਾਬੀ ਦਾ ਪਹਿਲਾ ਕਿੱਸਾ ਕਿਹੜਾ ਸੀ ਤੇ ਇਸ ਦਾ ਲੇਖਕ ਕੌਣ ਸੀ ?
4. ਸ੍ਰੀ ਗੁਰੂ ਨਾਨਕ ਕਾਲ ਦੇ ਪੰਜਾਬੀ ਸੂਫ਼ੀਆਂ ਦੇ ਨਾਂ ਲਿਖੋ।
5. ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਪ੍ਰਸਿੱਧ ਬਾਣੀਆਂ ਦੇ ਨਾਂ ਲਿਖੋ।
6. ਗੁਰਬਾਣੀ ਦੀ ਕੁੰਜੀ ਕਿਸ ਦੀ ਰਚਨਾ ਨੂੰ ਕਿਹਾ ਜਾਂਦਾ ਹੈ ?
7. ਸਾਹਿਤ ਦੀ ਪਰਿਭਾਸ਼ਾ ਦਿਓ।
8. ਸਾਹਿਤ ਦੇ ਤੱਤ ਲਿਖੋ। (ਅਪਰੈਲ 2018)
9. ਪੰਜਾਬੀ ਵਿਚ ਕਿਹੜੇ ਨਾਥ-ਜੋਗੀਆਂ ਦੀ ਰਚਨਾ ਮਿਲਦੀ ਹੈ ? ਉਨ੍ਹਾਂ ਦੇ ਨਾਂ ਦੱਸੋ। (ਅਪਰੈਲ 2018)
10. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਬਾਬਾ ਸ਼ੇਖ਼ ਫ਼ਰੀਦ ਜੀ ਦੀ ਬਾਣੀ ਬਾਰੇ ਜਾਣਕਾਰੀ ਦਿਓ। (ਅਪਰੈਲ 2018)
11. ਪੀਲੂ ਨੇ ਕਿਹੜਾ ਕਿੱਸਾ ਲਿਖਿਆ ? (ਅਪਰੈਲ 2018)
12. ਕਿੱਸਾ ਕਾਵਿ ਦਾ ਪਿਤਾਮਾ ਕਿਸ ਨੂੰ ਕਿਹਾ ਜਾਂਦਾ ਹੈ ? (ਅਪਰੈਲ 2018)
13. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹੜੇ ਗੁਰੂ ਸਾਹਿਬਾਨ ਦੀ ਬਾਣੀ ਮਿਲਦੀ ਹੈ ? ਉਨ੍ਹਾਂ ਦੇ ਨਾਂ ਲਿਖੋ। (ਅਪਰੈਲ 2018)

## ਸਹਾਇਕ ਪੁਸਤਕ ਸੂਚੀ

1. ਸੰਤ ਸਿੰਘ ਸੇਖੋਂ, *ਸਾਹਿਤਿਆਰਥ,* ਲਾਹੌਰ ਬੁਕ ਸ਼ਾਪ, ਲੁਧਿਆਣਾ।
2. ਪ੍ਰੋ. ਕਿਸ਼ਨ ਸਿੰਘ, *ਸਾਹਿੱਤ ਦੀ ਸਮਝ,* ਪੰਜਾਬੀ ਸਾਹਿੱਤ ਪ੍ਰਕਾਸ਼ਨ, ਅੰਮ੍ਰਿਤਸਰ।
3. ਪ੍ਰੋ. ਕਿਸ਼ਨ ਸਿੰਘ, *ਸਾਹਿੱਤ ਦੇ ਸੋਮੇ,* ਪੰਜਾਬੀ ਸਾਹਿੱਤ ਪ੍ਰਕਾਸ਼ਨ, ਅੰਮ੍ਰਿਤਸਰ।
4. ਬ੍ਰਹਮਜਗਦੀਸ਼ ਸਿੰਘ, *ਪੱਛਮੀ ਆਲੋਚਨਾ : ਸਿਧਾਂਤ ਤੇ ਸੰਦਰਭ,* ਪੰ.ਰਾ.ਕੋ.ਸੋਸਾਇਟੀ, ਲੁਧਿਆਣਾ।
5. ਬ੍ਰਹਮਜਗਦੀਸ਼ ਸਿੰਘ, *ਸਮਾਲੋਚਨਾ ਅਤੇ ਪੰਜਾਬੀ ਸਮਾਲੋਚਨਾ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ।
6. ਹਰਿਭਜਨ ਸਿੰਘ ਭਾਟੀਆ, *ਪੰਜਾਬੀ ਆਲੋਚਨਾ : ਸਿਧਾਂਤ ਤੇ ਵਿਹਾਰ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਦਿੱਲੀ।

7. ਸੁਤਿੰਦਰ ਸਿੰਘ ਨੂਰ (ਸੰਪਾ.), *ਨਵੀਂ ਪੰਜਾਬੀ ਆਲੋਚਨਾ,* ਦਿੱਲੀ।
8. ਤੇਜਾ ਸਿੰਘ (ਪ੍ਰਿੰ.), *ਸਾਹਿੱਤ ਦਰਸ਼ਨ,* ਪ੍ਰਕਾਸ਼ ਪੁਸਤਕਾਲਾ, ਪਟਿਆਲਾ।
9. ਅਤਰ ਸਿੰਘ, *ਕਾਵਿ ਅਧਿਐਨ,* ਲਾਹੌਰ ਬੁਕ ਸ਼ਾਪ, ਲੁਧਿਆਣਾ।
10. ਸ਼ੈਰੀ ਸਿੰਘ, *ਵਿਹਾਰਕ ਸਮੀਖਿਆ : ਸਿਧਾਂਤ ਤੇ ਵਿਹਾਰ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ।
11. Wimsatt William K. and Brooks C., *Literary Criticism*, New Delhi.
12. Wellek, R. and Warren A., *Theory of Literature,* New York.
13. Althusser, L., *Essays of Ideology,* London.



**Type Setting :**

**Department of Distance Education, Punjabi University, Patiala.**